## Reo-Bankowned Properties
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
**Duabba Insurance Agency**
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com

Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ

## Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
**Serving all over California**

Sam Chahal
CA Lic. 01504071



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 30, July 23, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਸਿੱਧੂ ਜੋੜੇ ਵੱਲੋਂ ਭਾਜਪਾ ਨੂੰ ਝਟਕਾ

## ਅਸਤੀਫੇ ਨੇ ਮਚਾਈ ਪੰਜਾਬ ਦੀ ਸਿਆਸਤ ਵਿਚ ਹਲਚਲ

**ਚੰਡੀਗੜ੍ਹ:** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੇ ਭਾਜਪਾ ਅਤੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਕੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾ ਦਿਤੀ ਹੈ। ਸ. ਸਿੱਧੂ ਵੱਲੋਂ ਅਸਤੀਫੇ ਦੇ ਤੁਰਤ ਪਿਛੋਂ ਸੂਬਾ ਸਿਆਸਤ ਵਿਚ ਮੁੜ ਵਾਪਸੀ ਦੇ ਐਲਾਨ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲਈ ਹੋਰ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਭਾਜਪਾ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਵਿਧਾਇਕ ਪਤਨੀ ਨਵਜੋਤ ਕੌਰ ਸਿੱਧੂ ਵਲੋਂ ਭਾਵੇਂ ਕਾਫੀ ਲੰਬੇ ਸਮੇਂ ਤੋਂ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਉਤੇ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ ਬਗਾਵਤ ਦਾ ਝੰਡਾ ਚੁੱਕਿਆ ਹੋਇਆ ਸੀ, ਪਰ ਤਕਰੀਬਨ ਤਿੰਨ ਮਹੀਨੇ ਪਹਿਲਾਂ ਸ. ਸਿੱਧੂ ਨੂੰ ਰਾਜ ਸਭਾ ਦਾ ਮੈਂਬਰ ਬਣਾ ਕੇ ਉਸ ਦਾ ਗੁੱਸਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਹੁਣ ਤਾਜ਼ਾ ਫੈਸਲੇ ਨੇ ਭਾਜਪਾ ਤੇ ਅਕਾਲੀ ਦਲ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕਾ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਸਿੱਧੂ ਜੋੜਾ ਆਮ ਆਦਮੀ ਪਾਰਟੀ (ਆਪ) ਵਿਚ ਜਾਣ ਦੀ ਤਿਆਰੀ ਕਰ ਚੁੱਕਾ ਹੈ ਤੇ ਸਿਰਫ ਐਲਾਨ ਹੋਣਾ ਹੀ ਬਾਕੀ ਹੈ। ਇਹ ਵੀ ਚਰਚਾ ਹੈ ਕਿ ਆਪ ਵੱਲੋਂ ਸ. ਸਿੱਧੂ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਜਾ ਸਕਦਾ ਹੈ। ਇਸ ਸੂਰਤ ਵਿਚ ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਖੜ੍ਹੀ ਹੋ ਜਾਵੇਗੀ। ਪੰਜਾਬ ਵਿਚ 'ਆਪ' ਚੰਗੀ ਭੱਲ ਬਣਾ ਚੁੱਕੀ ਹੈ ਤੇ ਉਸ ਨੂੰ ਮੁੱਖ ਮੰਤਰੀ ਉਮੀਦਵਾਰ ਲਈ ਕਿਸੇ ਸਿੱਖ ਚਿਹਰੇ ਦੀ ਭਾਲ ਸੀ। ਇਹ ਵੀ ਚਰਚਾ ਹੈ ਸ. ਸਿੱਧੂ ਨੇ 'ਆਪ' ਦੇ ਮੁੱਖ ਮੰਤਰੀ ਦੀ ਉਮੀਦਵਾਰੀ ਲਈ ਹਰੀ ਝਮਡੀ ਮਿਲਣ 'ਤੇ ਹੀ ਭਾਜਪਾ ਤੋਂ ਨਾਤਾ ਤੋੜਿਆ ਹੈ।



### ਭਾਈਵਾਲਾਂ ਨੂੰ ਲੱਗਣਗੇ ਹੋਰ ਝਟਕੇ

**ਜਲੰਧਰ:** ਨਵਜੋਤ ਸਿੰਘ ਸਿੱਧੂ ਵੱਲੋਂ ਭਾਜਪਾ ਤੇ ਰਾਜ ਸਭਾ ਤੋਂ ਅਸਤੀਫਾ ਦੇਣ ਮਗਰੋਂ ਕੁਝ ਹੋਰ ਸੀਨੀਅਰ ਆਗੂ ਵੀ ਭਾਈਵਾਲ ਭਾਜਪਾ ਅਤੇ ਅਕਾਲੀ ਦਲ ਨੂੰ ਝਟਕੇ ਦੇਣ ਦੀ ਤਿਆਰੀ ਵਿਚ ਹਨ। ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਦੋ ਵਿਧਾਇਕਾਂ ਪਰਗਟ ਸਿੰਘ ਅਤੇ ਇੰਦਰਬੀਰ ਸਿੰਘ ਬੁਲਾਰੀਆ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਅਤੇ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਲਾਉਂਦਿਆਂ ਮੁਅੱਤਲ ਕਰ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਆਗੂਆਂ ਨੇ ਸ. ਸਿੱਧੂ ਦੇ ਅਸਤੀਫੇ ਪਿੱਛੋਂ ਉਨ੍ਹਾਂ ਨਾਲ ਸੰਪਰਕ ਬਣਾਇਆ ਹੋਇਆ ਸੀ। ਅਕਾਲੀ ਦਲ ਨੇ ਮੌਕਾ ਸਾਂਭਦੇ ਹੋਏ ਇਨ੍ਹਾਂ ਨੂੰ ਪਹਿਲਾਂ ਹੀ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨਾਲ ਨਾਰਾਜ਼ ਚਲੇ ਆ ਰਹੇ ਇਨ੍ਹਾਂ ਦੋਹਾਂ ਵਿਧਾਇਕਾਂ ਵਲੋਂ ਪਾਰਟੀ ਨੂੰ ਛੱਡਣ ਦੀਆਂ ਕਿਆਸਰਾਈਆਂ ਦਾ ਦੌਰ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ। ਰਾਜਸੀ ਹਲਕਿਆਂ 'ਚ ਚਰਚਾ ਹੈ ਕਿ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਪਰਗਟ ਸਿੰਘ 'ਆਪ' ਦਾ ਝਾੜੂ ਫੜ ਸਕਦੇ ਹਨ।

ਅਸਲ ਵਿਚ, ਲੋਕ ਸਭਾ ਚੋਣਾਂ ਵੇਲੇ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਦੀ ਸਿਆਸਤ ਵਿਚੋਂ ਬਾਹਰ ਧੱਕਣ ਪਿੱਛੋਂ ਸਿੱਧੂ ਜੋੜੇ ਦੀ ਭਾਜਪਾ ਦੇ ਅਕਾਲੀ ਦਲ ਨਾਲ ਕਾਫੀ ਵਿਗੜ ਗਈ ਸੀ। ਸ. ਸਿੱਧੂ ਨੇ ਵੀ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਪ੍ਰਚਾਰ ਕਰਨ ਦੀ ਥਾਂ ਦਿੱਲੀ ਡੇਰੇ ਲਾਈ ਰੱਖੇ ਸਨ। ਉਨ੍ਹਾਂ ਦਾ ਦੋਸ਼ ਹੈ ਕਿ ਲੋਕ ਸਭਾ ਚੋਣਾਂ ਵਿਚ ਨਵਜੋਤ ਸਿੱਧੂ ਨੂੰ ਲਾਂਭੇ ਕਰ ਕੇ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਚੋਣ ਲੜਾਉਣ ਪਿੱਛੋਂ ਸੁਖਬੀਰ

(ਬਾਕੀ ਸਫਾ 6 'ਤੇ)

# ਵਾਦੀ 'ਚ ਠੱਲ੍ਹਿਆ ਨਹੀਂ ਜਾ ਰਿਹਾ ਲੋਕਾਂ ਦਾ ਰੋਹ

**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਸੁਰੱਖਿਆ ਬਲਾਂ ਤੇ ਆਮ ਲੋਕਾਂ ਵਿਚ ਝੜਪਾਂ ਦਾ ਸਿਲਸਲਾ ਜਾਰੀ ਹੈ। ਝੜਪਾਂ ਵਿਚ ਹੁਣ ਤੱਕ 46 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪ੍ਰਸ਼ਾਸਨ ਨੇ ਮੀਡੀਆ 'ਤੇ ਵੀ ਸ਼ਿਕੰਜਾ ਕੱਸਿਆ ਹੈ। ਕਸ਼ਮੀਰ ਘਾਟੀ ਵਿਚ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ।

ਕੇਂਦਰ ਸਰਕਾਰ ਨੇ ਵਾਦੀ ਵਿਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਸੀ.ਆਰ.ਪੀ.ਐਫ. ਦੇ ਦੋ ਹਜ਼ਾਰ ਹੋਰ ਜਵਾਨ ਤਾਇਨਾਤ ਕੀਤੇ ਹਨ। ਯਾਦ ਰਹੇ ਕਿ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਬੁਰਹਾਨ ਮੁਜ਼ੱਫਰ ਵਾਨੀ ਦੀ ਦੋ ਸਾਥੀਆਂ ਸਮੇਤ ਮੁਕਾਬਲੇ ਵਿਚ ਮੌਤ ਪਿੱਛੋਂ ਰੋਹ ਭੜਕ ਗਿਆ ਸੀ। ਪੁਲਵਾਮਾ ਜ਼ਿਲ੍ਹੇ 'ਚ ਪਥਰਾਅ ਕਰ ਰਹੀ ਭੀੜ ਦੇ ਹਮਲੇ ਵਿਚ ਸੱਤਾਧਾਰੀ ਪੀ.ਡੀ.ਪੀ. ਦੇ ਵਿਧਾਇਕ ਮੁਹੰਮਦ ਖਲੀਲ ਬਾਂਦ ਜ਼ਖਮੀ ਹੋ ਗਏ। ਬਾਂਦ ਦੀ ਗੱਡੀ ਨੂੰ ਪਥਰਾਅ ਕਰ ਰਹੀ ਭੀੜ ਨੇ ਨਿਸ਼ਾਨਾ ਬਣਾਇਆ। ਵੱਖਵਾਦੀਆਂ ਵੱਲੋਂ ਦਿੱਤੇ ਬੰਦ ਦੇ ਸੱਦੇ ਦੇ ਮੱਦੇਨਜ਼ਰ ਕਰਫਿਊ ਜਾਰੀ ਹੈ। ਬਾਂਦੀਪੋਰਾ ਜ਼ਿਲ੍ਹੇ ਦੇ ਸਦਰਕੋਟ ਖੇਤਰ ਵਿਚ ਰਾਸ਼ਟਰੀ ਰਾਈਫਲਜ਼ ਦੇ ਕੈਂਪ 'ਤੇ ਭੀੜ ਨੇ ਹਮਲਾ ਕਰ ਦਿਤਾ ਜਿਸ ਦੌਰਾਨ ਜਵਾਨਾਂ ਨੂੰ ਗੋਲੀ ਚਲਾਉਣੀ ਪਈ, ਇਸ ਘਟਨਾ ਵਿਚ ਚਾਰ ਪ੍ਰਦਰਸ਼ਨਕਾਰੀ ਜ਼ਖਮੀ ਹੋ ਗਏ।

ਉਧਰ, ਭਾਰਤ ਨੇ ਖਾੜਕੂ ਬੁਰਹਾਨ ਵਾਨੀ ਦਾ ਮੁੱਦਾ ਸੰਯੁਕਤ ਰਾਸ਼ਟਰ (ਯੂ.ਐਨ.) ਸਾਹਮਣੇ ਲਿਜਾਣ ਨੂੰ ਲੈ ਕੇ ਪਾਕਿਸਤਾਨ ਨੂੰ ਫਟਕਾਰਿਆ ਹੈ। ਭਾਰਤ ਨੇ ਯੂ.ਐਨ. ਵਿਚ ਕਿਹਾ ਕਿ ਅਤਿਵਾਦ ਪਾਕਿਸਤਾਨ ਦੀ ਸਟੇਟ ਪਾਲਿਸੀ ਦਾ ਹਿੱਸਾ ਹੈ। ਪਾਕਿਸਤਾਨ ਨੂੰ ਕਰੜੇ ਹੱਥੀਂ ਲੈਂਦਿਆਂ ਭਾਰਤ ਨੇ ਕਿਹਾ ਕਿ ਪਾਕਿਸਤਾਨ ਦੂਸਰੇ ਦੇਸ਼ ਦੇ ਲੋਕਾਂ ਨੂੰ ਦੇਸ਼ ਖਿਲਾਫ ਭੜਕਾ ਰਿਹਾ ਹੈ। 193 ਮੈਂਬਰੀ ਯੂ.ਐਨ. ਜਨਰਲ ਅਸੈਂਬਲੀ 'ਚ ਮਨੁੱਖੀ ਅਧਿਕਾਰਾਂ 'ਤੇ ਬਹਿਸ ਦੌਰਾਨ ਪਾਕਿਸਤਾਨ ਨੇ ਕਸ਼ਮੀਰ ਦਾ ਮੁੱਦਾ ਚੁੱਕਿਆ ਸੀ। ਭਾਰਤ ਨੇ ਜਵਾਬੀ ਹਮਲੇ ਵਿਚ ਕਿਹਾ ਹੈ ਕਿ ਪਾਕਿਸਤਾਨ ਦਹਿਸ਼ਤਗਰਦਾਂ ਦੇ ਸੋਹਲੇ ਗਾਉਂਦਾ ਹੈ ਅਤੇ ਹੋਰਾਂ ਦੇ ਇਲਾਕਿਆਂ 'ਤੇ ਉਸ ਦੀਆਂ ਲਾਰਾਂ ਟਪਕਦੀਆਂ ਰਹਿੰਦੀਆਂ ਹਨ। ਉਧਰ, ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਨੂੰ ਵਧਦਿਆਂ ਦੇਖ ਕੇ ਅਮਰੀਕਾ ਅਤੇ ਸੰਯੁਕਤ ਰਾਸ਼ਟਰ ਨੇ ਦੋਹਾਂ ਮੁਲਕਾਂ ਨੂੰ ਸੰਜਮ ਵਰਤ ਕੇ ਦੁਵੱਲੇ ਮਸਲੇ ਸੁਲਝਾਉਣ 'ਤੇ ਜ਼ੋਰ ਦਿੱਤਾ ਹੈ।

### ਪਾਕਿ ਨੇ ਬੁਰਹਾਨ ਨੂੰ ਸ਼ਹੀਦ ਐਲਾਨਿਆ

**ਲਾਹੌਰ:** ਕਸ਼ਮੀਰ ਮਸਲੇ ਉਤੇ ਭਾਰਤ ਨੂੰ ਚੋਭਾਂ ਲਾਉਣੀਆਂ ਜਾਰੀ ਰੱਖਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਹਿਜ਼ਬੁਲ ਕਮਾਂਡਰ ਬੁਰਹਾਨ ਵਾਨੀ ਨੂੰ ਸ਼ਹੀਦ ਐਲਾਨ ਦਿੱਤਾ। ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਤੋਂ ਵੀ ਕਸ਼ਮੀਰ ਵਿਚ ਹਿਰਾਸਤੀ ਮੌਤਾਂ ਦੀ ਜਾਂਚ ਦੀ ਮੰਗ ਕੀਤੀ। ਕਸ਼ਮੀਰ ਦੇ ਹਾਲਾਤ ਬਾਰੇ ਚਰਚਾ ਲਈ ਸੱਦੀ ਕੈਬਨਿਟ ਦੀ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਰੀਫ਼ ਨੇ ਕਸ਼ਮੀਰੀਆਂ ਦੀ ਲਹਿਰ ਨੂੰ ਆਜ਼ਾਦੀ ਦੀ ਲਹਿਰ ਗਰਦਾਨਿਆ।


## We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

## Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-970-5611
Email: manpreet@gahralaw.com

# ਯੂਨਾਈਟਿਡ ਸਪੋਰਟਸ ਕਲੱਬ ਦਾ ਵਿਸ਼ਵ ਕਬੱਡੀ ਕੱਪ 18 ਸਤੰਬਰ ਨੂੰ

**ਯੂਨੀਅਨ ਸਿਟੀ (ਬਿਊਰੋ):** ਖੇਡ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਆਪਣਾ 12ਵਾਂ ਵਿਸ਼ਵ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਇਥੇ ਲੋਗਨ ਹਾਈ ਸਕੂਲ ਵਿਚ 18 ਸਤੰਬਰ, ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।



ਮੱਖਣ ਸਿੰਘ ਬੈਂਸ ਚੇਅਰਮੈਨ

ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ (ਰਾਜਾ ਸਵੀਟਸ) ਨੇ ਇਕ ਬਿਆਨ ਵਿਚ ਦਾਅਵਾ ਕੀਤਾ ਕਿ ਇਹ ਕਬੱਡੀ ਕੱਪ ਜਿੱਥੇ ਕਬੱਡੀ ਇਤਿਹਾਸ ਵਿਚ ਨਵੀਆਂ ਪੈੜ੍ਹਾਂ ਪਾਏਗਾ ਉਥੇ ਇਸ ਕਬੱਡੀ ਕੱਪ ਵਿਚ ਸ਼ਾਮਿਲ ਡਰੱਗ ਰਹਿਤ ਟੀਮਾਂ ਨੂੰ ਦਿਲਕਸ਼ ਨਕਦ ਇਨਾਮ ਦਿੱਤੇ ਜਾਣਗੇ।

ਇੱਥੇ ਰਾਜਾ ਸਵੀਟਸ ਵਿਚ ਕਲੱਬ ਦੀ ਇਕ ਅਹਿਮ ਮੀਟਿੰਗ ਵਿਚ ਬਲਵੀਰ ਸਿੰਘ ਭਾਟੀਆ, ਯੁਵਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਗੁਰਦਾਵਰ ਸਿੰਘ ਮਹੇੜੂ, ਸਾਧੂ ਸਿੰਘ, ਕੁਲਦੀਪ ਸਿੰਘ ਮਾਨ, ਪਰਮਜੀਤ ਸਿੰਘ ਸੰਧੂ ਤੇ ਬਿੰਦਰ ਸਿੰਘ ਪੱਡਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਪ੍ਰਸਿੱਧ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਕਲੱਬ ਦੇ ਤਕਨੀਕੀ ਪ੍ਰਬੰਧਾਂ ਦੀ ਦੇਖ-ਰੇਖ ਕਰਨਗੇ।

ਇਸ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ ਵਿਚ ਬੇ-ਏਰੀਆ ਸਪੋਰਟਸ ਕਲੱਬ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਕਲੱਬ ਫਰਿਜ਼ਨੋ ਅਤੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ, ਫਤਿਹ ਸਪੋਰਟਸ ਅਤੇ ਸੈਂਟਰਲ ਵੈਲੀ ਸਪੋਰਟਸ ਕਲੱਬ ਦੀਆਂ ਟੀਮਾਂ ਪ੍ਰਮੁੱਖ ਰੂਪ ਵਿਚ ਭਾਗ ਲੈਣਗੀਆਂ। ਕਬੱਡੀ ਫੈਡਰੇਸ਼ਨ ਦੇ ਮੁਖੀ ਸੁਰਿੰਦਰ ਸਿੰਘ ਅਟਵਾਲ ਅਨੁਸਾਰ ਪੰਜਾਬ ਵਿਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਤੋਂ ਐਨ ਪਹਿਲਾਂ ਹੋਣ ਵਾਲੇ ਇਸ ਟੂਰਨਾਮੈਂਟ ਦੀ ਆਪਣੀ ਵਿਸ਼ੇਸ਼ ਅਹਿਮੀਅਤ ਹੋਵੇਗੀ।

ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਮਰੀਕਾ ਦੀਆਂ ਨਾਮੀ ਕਬੱਡੀ ਕਲੱਬਾਂ ਇਸ ਵਿਸ਼ਵ ਕੱਪ ਦੀਆਂ ਹਿੱਸੇਦਾਰ ਬਣਨਗੀਆਂ ਅਤੇ ਅਮਰੀਕਾ ਦੇ ਬਹੁਤ ਸਾਰੇ ਖੇਡ ਪ੍ਰੋਮੋਟਰ ਇਸ ਦੇ ਭਾਈਵਾਲ ਬਣੇ ਰਹਿਣਗੇ। ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਇਸ ਕਬੱਡੀ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਸਾਰੇ ਯਤਨ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਗਾਖਲ ਭਰਾ ਯੂਨਾਈਟਿਡ ਸਪੋਰਟਸ ਕਲੱਬ ਰਾਹੀਂ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਇਕ ਲੰਮੇ ਅਰਸੇ ਤੋਂ ਯਤਨਸ਼ੀਲ ਹਨ ਅਤੇ ਅਮਰੀਕਾ ਵਿਚ ਇਸ ਨੂੰ ਲੋਕਪ੍ਰਿਅ ਬਣਾਉਣ ਲਈ ਕਾਫੀ ਹੱਦ ਤੱਕ ਸਫਲ ਵੀ ਹੋਏ ਹਨ।



ਇਕਬਾਲ ਸਿੰਘ ਗਾਖਲ ਉਪ ਚੇਅਰਮੈਨ



ਤੀਰਥ ਸਿੰਘ ਗਾਖਲ ਕਬੱਡੀ ਖਿਡਾਰੀ



ਸੁਰਿੰਦਰ ਸਿੰਘ ਅਟਵਾਲ ਸਾਬਕਾ ਕੌਮਾਂਤਰੀ ਕਬੱਡੀ ਖਿਡਾਰੀ

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

STATEN SOLAR
AFFORDABLE ENERGY FOR EVERYONE
Zero Down, Big Savings
Commercial and Utility Solar Solutions



Southern California



Simran Deol
Sales
661-412-4728
Best Quality & Price Guaranteed!
*Professional Installation, Monitoring & Free 20 Year Maintenance.
*20 Year Performance Guarantee & 25 Year Panel Warranty.
*Freedom From Increasing Utility Rates.
www.statensolar.com 844-4-STATEN
Northern California



Balwinder Garcha
Sales
510-468-9525

# ਸ਼ਹੀਦ ਊਧਮ ਸਿੰਘ ਸੁਨਾਮ ਨਮਿਤ ਸ਼ਹੀਦੀ ਸਮਾਗਮ ਸੈਨ ਫਰਾਂਸਿਸਕੋ 'ਚ 31 ਨੂੰ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ ਵਲੋਂ ਸ਼ਹੀਦ ਊਧਮ ਸਿੰਘ ਦੀ ਲਾਸਾਨੀ




ਕੁਰਬਾਨੀ ਦੇ 76ਵੇਂ ਸਾਲ ਦੀ ਯਾਦ ਵਿਚ ਇਕ ਸਮਾਗਮ ਆਉਂਦੀ 31 ਜੁਲਾਈ, ਐਤਵਾਰ ਨੂੰ ਦੁਪਹਿਰ 12 ਵਜੇ ਤੋਂ 4 ਵਜੇ ਤੱਕ ਸੈਨ ਫਰਾਂਸਿਸਕੋ ਦੇ ਗਦਰ ਮੈਮੋਰੀਅਲ ਹਾਲ ਵਿਚ ਰੱਖਿਆ ਗਿਆ ਹੈ ਜਿਸ ਵਿਚ ਉਘੇ ਵਿਦਵਾਨ ਸ਼ਹੀਦ ਦੀ ਕੁਰਬਾਨੀ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਬਾਰੇ ਆਪਣੇ ਵਿਚਾਰ ਰੱਖਣਗੇ।

ਸੰਸਥਾ ਦੇ ਬੁਲਾਰੇ ਚਰਨ ਸਿੰਘ ਜੱਜ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਉਨ੍ਹਾਂ ਸਭ ਦੇਸ਼ ਪ੍ਰੇਮੀਆਂ ਨੂੰ ਇਸ ਸਮਾਗਮ 'ਚ ਹਾਜ਼ਰੀ ਲੁਆਉਣ ਦੀ ਅਪੀਲ ਕੀਤੀ ਹੈ। ਸਮਾਗਮ ਮੌਕੇ ਚਾਹ-ਪਾਣੀ ਦਾ ਬੰਦੋਬਸਤ ਵੀ ਹੋਵੇਗਾ।

ਚੇਤੇ ਰਹੇ, ਸ਼ਹੀਦ ਊਧਮ ਸਿੰਘ ਸੁਨਾਮ ਨੇ ਜੱਲਿਆਂ ਵਾਲਾ ਬਾਗ ਦੇ ਸਾਕੇ ਲਈ ਜ਼ਿੰਮੇਵਾਰ ਜਨਰਲ ਓਡਵਾਇਰ ਨੂੰ ਉਸ ਦੇ ਕੀਤੇ ਦੀ ਸਜ਼ਾ ਵਜੋਂ 13 ਮਾਰਚ 1940 ਨੂੰ ਗੋਲੀ ਮਾਰ ਦਿੱਤੀ ਸੀ। ਸ਼ਹੀਦ ਊਧਮ ਸਿੰਘ 31 ਜੁਲਾਈ 1940 ਨੂੰ ਸਵੇਰੇ ਨੌਂ ਵਜੇ ਲੰਡਨ ਦੀ ਪੈਨਟਨ ਜੇਲ੍ਹ ਵਿਚ ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਅਤੇ ਦੁਨੀਆਂ ਭਰ ਦੇ ਦਬੇ-ਕੁਚਲੇ ਲੋਕੋ ਇਕ ਹੋ ਜਾਓ ਦੇ ਨਾਅਰੇ ਲਾਉਂਦਿਆਂ ਫਾਂਸੀ ਦਾ ਰੱਸਾ ਚੁੰਮ ਕੇ ਇਸ ਸੰਸਾਰ ਤੋਂ ਵਿਦਾ ਹੋ ਗਿਆ ਸੀ। ਅੰਗਰੇਜ਼ ਹਕੂਮਤ ਨੇ 11 ਵਜੇ ਪੋਸਟਮਾਰਟਮ ਕਰਵਾ ਕੇ ਜੇਲ੍ਹ ਦੇ ਅੰਦਰ ਹੀ ਕਬਰਸਤਾਨ ਵਿਚ ਮਦਨ ਲਾਲ ਢੀਂਗੜਾ (ਜਿਨ੍ਹਾਂ ਨੂੰ 1909 ਵਿਚ ਫਾਂਸੀ ਦਿੱਤੀ ਗਈ ਸੀ) ਦੀ ਕਬਰ ਦੇ ਨਾਲ ਹੀ ਉਸ ਦੀ ਲਾਸ਼ ਨੂੰ ਦਫਨ ਕਰ ਦਿੱਤਾ ਸੀ।

# ਟਰਨਬੁਲ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

**ਮੈਲਬਰਨ:** ਮੈਲਕਮ ਟਰਨਬੁੱਲ ਨੇ ਆਸਟਰੇਲੀਆ ਦੇ 29ਵੇਂ ਪ੍ਰਧਾਨ ਮੰਤਰੀ ਵਜੋਂ ਕੈਨਬਰਾ ਵਿਚ ਸਹੁੰ ਚੁੱਕ ਲਈ। ਗਵਰਨਰ ਹਾਊਸ ਵਿਚ ਹੋਏ ਸਮਾਗਮ ਦੌਰਾਨ ਮੰਤਰੀ ਮੰਡਲ ਨੇ ਵੀ ਅਹਿਦ ਲਿਆ ਜਿਸ ਵਿਚ ਜ਼ਿਆਦਾਤਰ ਪੁਰਾਣੇ ਚਿਹਰੇ ਸ਼ਾਮਲ ਸਨ। ਉਂਜ ਇਨ੍ਹਾਂ ਚਿਹਰਿਆਂ ਦੀਆਂ ਜ਼ਿੰਮੇਵਾਰੀਆਂ ਵਿਚ ਫੇਰਬਦਲ ਕੀਤਾ ਗਿਆ ਹੈ। ਕੁਲ 23 ਮੰਤਰੀ ਪ੍ਰਧਾਨ ਮੰਤਰੀ ਦੀ ਟੀਮ ਦਾ ਹਿੱਸਾ ਹਨ। 2 ਜੁਲਾਈ ਦੀਆਂ ਆਮ ਚੋਣਾਂ ਵਿਚ ਮੁੱਢਲੇ ਦੌਰ ਦੇ ਫ਼ਸਵੇਂ ਮੁਕਾਬਲਿਆਂ ਮਗਰੋਂ 150 ਸੀਟਾਂ ਵਾਲੀ ਸੰਸਦ ਵਿਚ ਲਿਬਰਲ ਪਾਰਟੀ ਵਾਲਾ ਗੱਠਜੋੜ ਲੋੜੀਂਦੀਆਂ 76 ਸੀਟਾਂ ਨਾਲ ਦੁਬਾਰਾ ਸੱਤਾ ਵਿਚ ਆਈ ਹੈ। ਸਹੁੰ ਚੁੱਕ ਸਮਾਗਮ ਮਗਰੋਂ ਪ੍ਰਧਾਨ ਮੰਤਰੀ ਟਰਨਬੁਲ ਨੇ ਕਿਹਾ ਕਿ ਉਹ ਅਗਲੇ ਤਿੰਨ ਸਾਲਾਂ ਲਈ ਮੁਲਕ ਨੂੰ ਸਥਿਰ ਸਰਕਾਰ ਦੇਣ ਲਈ ਵਚਨਬੱਧ ਹਨ। ਆਸਟਰੇਲੀਆ ਦੀ ਆਰਥਿਕ ਤਰੱਕੀ ਅਤੇ ਮਜ਼ਬੂਤ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇਗੀ।



*ਐਨ ਬੀ ਏ ਖਿਡਾਰੀ ਸਤਨਾਮ ਸਿੰਘ ਬੱਚਿਆਂ ਅਤੇ ਪ੍ਰਬੰਧਕਾਂ ਨਾਲ*

# ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 2 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ 'ਚ ਸਾਲਾਨਾ ਮੇਲਾ 2 ਅਕਤੂਬਰ, ਐਤਵਾਰ ਨੂੰ ਹੋਵੇਗਾ। ਮੇਲਾ ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ ਨੂੰ ਸਮਰਪਿਤ ਹੋਵੇਗਾ। ਜ਼ਿਕਰਯੋਗ ਹੈ ਕਿ ਇਹ ਸਾਲ ਉਨ੍ਹਾਂ ਮਹਾਨ ਸੂਰਮਿਆਂ ਦੀ ਸ਼ਹਾਦਤ ਦਾ ਸ਼ਤਾਬਦੀ ਵਰ੍ਹਾ ਵੀ ਹੈ।

ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਵਲੋਂ ਜਾਰੀ ਬਿਆਨ ਅਨੁਸਾਰ ਮੇਲਾ ਉਨ੍ਹਾਂ ਗਦਰੀ ਬਾਬਿਆਂ ਦੀ ਯਾਦ 'ਚ ਰੱਖਿਆ ਗਿਆ ਹੈ ਜਿਨ੍ਹਾਂ ਨੇ ਭਾਰਤੀ ਉਪ ਮਹਾਦੀਪ ਦੀ ਆਜ਼ਾਦੀ ਲਈ ਜਾਨਾਂ ਨਿਛਾਵਰ ਕੀਤੀਆਂ, ਫਾਂਸੀ ਦੇ ਰੱਸੇ ਹੱਸਦਿਆਂ ਗਲ ਵਿਚ ਪਾਏ ਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ। ਮੇਲਾ ਐਸ ਈ ਐਸ ਹਾਲ (10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੂਵ) ਵਿਚ ਹੋਵੇਗਾ। ਇਸ ਮੌਕੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ ਅਤੇ ਗਦਰੀ ਬਾਬਿਆਂ ਬਾਰੇ ਤਕਰੀਰਾਂ ਹੋਣਗੀਆਂ।


# ਸਿੱਖ ਸਪੋਰਟਸ ਐਸੋਸੀਏਸ਼ਨ ਦਾ ਦੋ ਰੋਜ਼ਾ ਖੇਡ ਮੇਲਾ 23 ਜੁਲਾਈ ਤੋਂ

**ਯੂਨੀਅਨ ਸਿਟੀ (ਬਿਊਰੋ):** ਬੇਏਰੀਏ ਦੀ ਖੇਡ ਸੰਸਥਾ ਸਿੱਖ ਸਪੋਰਟਸ ਐਸੋਸੀਏਸ਼ਨ (ਕੈਲੀਫੋਰਨੀਆ) ਦਾ 10ਵਾਂ ਸਾਲਾਨਾ ਖੇਡ ਮੇਲਾ ਆਉਂਦੀ 23 ਅਤੇ 24 ਜੁਲਾਈ ਨੂੰ ਇਥੇ ਜੇਮਜ਼ ਲੋਗਨ ਹਾਈ ਸਕੂਲ ਵਿਚ ਹੋ ਰਿਹਾ ਹੈ। ਇਸ ਮੇਲੇ ਵਿਚ ਅਮਰੀਕਾ ਤੇ ਭਾਰਤ ਦੀਆਂ ਟੀਮਾਂ ਵਿਚਾਲੇ ਕਬੱਡੀ ਕੱਪ ਮੈਚ ਹੋਵੇਗਾ। ਇਸ ਤੋਂ ਇਲਾਵਾ ਬਾਸਕਿਟਬਾਲ, ਵਾਲੀਬਾਲ, ਫਲੈਗ ਫੁਟਬਾਲ, ਸਾਕਰ, ਟੈਨਿਸ ਅਤੇ ਫੀਲਡ ਹਾਕੀ ਦੇ ਮੁਕਾਬਲੇ ਵੀ ਹੋਣਗੇ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਫੀਲਡ ਹਾਕੀ ਦੇ ਮੁਕਾਬਲੇ ਸ਼ੌਰਟੀ ਗਾਰਸ਼ੀਆ ਪਾਰਕ (33940 7ਵੀਂ ਸਟਰੀਟ) ਵਿਚ ਹੋਣਗੇ। ਬਿਆਨ ਅਨੁਸਾਰ ਐਸੋਸੀਏਸ਼ਨ ਦੇ ਸੱਦੇ ਉਤੇ ਨੈਸ਼ਨਲ ਬਾਸਕਿਟਬਾਲ ਐਸੋਸੀਏਸ਼ਨ (ਐਨ ਬੀ ਏ) ਦੇ ਉਘੇ ਖਿਡਾਰੀ ਸਤਨਾਮ ਸਿੰਘ ਬੇਏਰੀਏ ਵਿਚ ਪਹੁੰਚ ਚੁਕੇ ਹਨ। 23 ਅਤੇ 24 ਜੁਲਾਈ ਨੂੰ ਹੋ ਰਹੀਆਂ ਇਨ੍ਹਾਂ ਖੇਡਾਂ ਦੌਰਾਨ ਉਹ ਬੱਚਿਆਂ ਨੂੰ ਮਿਲਣਗੇ ਅਤੇ ਉਨ੍ਹਾਂ ਨਾਲ ਇਕ ਗਰੀਬ ਪਰਿਵਾਰ ਤੋਂ ਉਠ ਕੇ ਐਨ ਬੀ ਏ ਤੱਕ ਪਹੁੰਚਣ ਦਾ ਆਪਣਾ ਸਫਰ ਸਾਂਝਾ ਕਰਨਗੇ। ਉਹ ਬੱਚਿਆਂ ਨੂੰ ਚੰਗੀ ਸੇਧ ਦੇਣਗੇ ਅਤੇ ਨਸ਼ਿਆਂ ਤੋਂ ਦੂਰ ਰਹਿਣ ਤੇ ਖੇਡਾਂ ਨਾਲ ਪਿਆਰ ਕਰਨ ਦੀ ਪ੍ਰੇਰਣਾ ਕਰਨਗੇ। ਹੋਰ ਜਾਣਕਾਰੀ ਲਈ ਫੋਨ 866-499-0032 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਮੂਲ ਦੇ ਵੈਟਰਨਰੀ ਡਾਕਟਰ ਨੂੰ ਇਨਾਮ

**ਸਿਡਨੀ:** ਵੈਟਰਨਰੀ ਮੈਡੀਸਨ ਦੇ ਡਾ. ਸੁਰਿੰਦਰ ਸਿੰਘ ਨੂੰ ਯੂਨੀਵਰਸਿਟੀ ਆਫ਼ ਸਿਡਨੀ ਵਿਚ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਯੂਨੀਵਰਸਿਟੀ ਦੇ ਸਿਖਿਅਕ ਪ੍ਰੋਗਰਾਮ ਦੇ ਡਾਇਰੈਕਟਰ ਡਾ. ਪੀਟਰ ਹਿਗਿੰਨਜ਼ ਵੱਲੋਂ ਵੈਟਰਨਰੀ ਸਾਇੰਸ ਕਾਨਫਰੰਸ ਦੌਰਾਨ ਦਿਤਾ ਗਿਆ। ਕਿਸੇ ਦਸਤਾਰਧਾਰੀ ਸਿੱਖ ਨੂੰ ਪਹਿਲੀ ਵਾਰ ਇਹ ਐਵਾਰਡ ਮਿਲਿਆ ਹੈ। ਉਹ ਗੁਰਦੁਆਰਾ ਪਾਰਕਲੀ ਸਾਹਿਬ ਦੇ ਬੋਰਡ ਆਫ਼ ਟਰਸਟੀਜ਼ ਦੇ ਚੇਅਰਮੈਨ ਵੀ ਹਨ। ਉਹ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਹਨ ਅਤੇ 2003 ਵਿਚ ਆਸਟਰੇਲੀਆ ਮਾਈਗ੍ਰੇਟ ਹੋਏ ਸਨ।






# ਕਾਂਗਰਸ ਟਿਕਟਾਂ ਦੇ ਦਾਅਵੇਦਾਰਾਂ ਦੀ ਲਵੇਗੀ ਅਗਨ ਪ੍ਰੀਖਿਆ

**ਚੰਡੀਗੜ੍ਹ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਸੂਬੇ ਦੇ 117 ਵਿਧਾਨ ਸਭਾ ਹਲਕਿਆਂ 'ਚ ਉਮੀਦਵਾਰਾਂ ਦੀ ਚੋਣ ਲਈ ਦਰਖਾਸਤਾਂ ਲੈਣ ਦੀ ਸ਼ੁਰੂ ਕੀਤੀ ਗਈ ਪ੍ਰਕਿਰਿਆ ਨੇ ਜਿਥੇ ਕਾਂਗਰਸੀ ਖੇਮਿਆਂ ਦੀ ਸਿਆਸਤ ਨੂੰ ਹੋਰ ਵੀ ਗਰਮਾ ਦਿੱਤਾ ਹੈ, ਉਥੇ ਇਸ ਵਾਰ ਟਿਕਟ ਅਪਲਾਈ ਕਰਨ ਲਈ ਕਾਂਗਰਸ ਵੱਲੋਂ ਰੱਖੀਆਂ ਗਈਆਂ ਕੁਝ ਸਖਤ ਸ਼ਰਤਾਂ ਕਾਰਨ 'ਬਰਸਾਤੀ ਡੱਡੂਆਂ' ਵਾਂਗ ਇਕਦਮ ਨਿਕਲੇ ਟਿਕਟਾਂ ਦੇ ਦਾਅਵੇਦਾਰਾਂ ਦੇ ਸੁਪਨੇ ਹੁਣ ਤੋਂ ਹੀ ਟੁੱਟਦੇ ਵਿਖਾਈ ਦੇ ਰਹੇ ਹਨ। ਖਾਸ ਤੌਰ ਉਤੇ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਵੱਲੋਂ ਟਿਕਟ ਅਪਲਾਈ ਕਰਨ ਲਈ ਬਣਾਏ ਪ੍ਰੋਫਾਰਮੇ ਦੇ 15 ਨੰਬਰ ਕਾਲਮ ਕਾਰਨ ਜਨਤਕ ਆਧਾਰ ਤੋਂ ਸੱਖਣੇ ਟਿਕਟਾਂ ਦੇ ਦਾਅਵੇਦਾਰ ਇਕ ਤਰ੍ਹਾਂ ਨਾਲ ਆਪਣੇ ਆਪ ਹੀ ਇਸ ਦੌੜ ਤੋਂ ਬਾਹਰ ਹੋ ਗਏ ਹਨ।

### ਜਨਤਕ ਆਧਾਰ ਤੋਂ ਸੱਖਣੇ ਦਾਅਵੇਦਾਰ ਦੌੜ 'ਚੋਂ ਬਾਹਰ



ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ ਇਸ ਮੌਕੇ 42 ਹਲਕਿਆਂ ਵਿਚ ਕਾਂਗਰਸ ਦੇ ਵਿਧਾਇਕ ਹਨ ਜਦੋਂ ਕਿ 35 ਤੋਂ 40 ਹੋਰ ਹਲਕਿਆਂ ਵਿਚ ਵੀ ਕਾਂਗਰਸੀ ਆਗੂਆਂ ਦੀਆਂ ਟਿਕਟਾਂ ਲਗਭਗ ਪੱਕੀਆਂ ਹਨ, ਪਰ 36 ਦੇ ਕਰੀਬ ਹਲਕੇ ਅਜਿਹੇ ਜਿਨ੍ਹਾਂ ਵਿਚ ਪਿਛਲੀਆਂ ਚੋਣਾਂ ਦੌਰਾਨ ਵੀ ਇਕ ਅਨਾਰ ਸੌ ਬਿਮਾਰ ਵਾਲੀ ਸਥਿਤੀ ਬਣਨ ਕਾਰਨ ਕਾਂਗਰਸ ਨੂੰ ਵੱਡੀ ਅੰਦਰੂਨੀ ਫੁੱਟ ਦਾ ਸਾਹਮਣਾ ਕਰਨਾ ਪਿਆ ਸੀ ਤੇ ਇਨ੍ਹਾਂ ਆਗੂਆਂ ਦੀ ਆਪਸੀ ਖਿੱਚੋਤਾਣ ਦੇ ਚੱਲਦਿਆਂ ਹੀ ਕਾਂਗਰਸ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਮੀਦਵਾਰਾਂ ਦਾ ਐਲਾਨ ਕਰਨ ਵਿਚ ਪਛੜ ਗਈ ਸੀ।

ਸਿਆਸੀ ਮਾਹਰਾਂ ਅਨੁਸਾਰ ਲਗਾਤਾਰ ਦੂਸਰੀ ਵਾਰ ਕਾਂਗਰਸ ਦੇ ਸੱਤਾ 'ਚੋਂ ਬਾਹਰ ਰਹਿਣ ਲਈ ਅਜਿਹੇ ਹਲਕੇ ਜ਼ਿੰਮੇਵਾਰ ਸਨ, ਜਿਨ੍ਹਾਂ ਵਿਚ ਟਿਕਟਾਂ ਦੀ ਲੜਾਈ ਬਣੀ ਹੋਈ ਸੀ। ਇਸ ਵਾਰ ਵੀ ਅਜਿਹੇ ਸਾਰੇ ਹਲਕਿਆਂ ਦੇ ਨਾਲ-ਨਾਲ ਅੱਧੀ ਦਰਜਨ ਦੇ ਕਰੀਬ ਹਲਕੇ ਹੋਰ ਵੀ ਸ਼ਾਮਲ ਹੋ ਗਏ ਹਨ, ਜਿਨ੍ਹਾਂ ਵਿਚ ਮੌਜੂਦਾ ਵਿਧਾਇਕਾਂ/ਹਲਕਾ ਇੰਚਾਰਜਾਂ ਦੀਆਂ ਟਿਕਟਾਂ ਕੱਟ ਕੇ ਕੁਝ ਨਵੇਂ ਆਗੂ ਟਿਕਟਾਂ ਦੀ ਮੰਗ ਕਰ ਰਹੇ ਹਨ।

ਇਸ ਮਾਮਲੇ ਵਿਚ ਸਭ ਤੋਂ ਹਾਸੋਹੀਣੀ ਗੱਲ ਇਹ ਹੈ ਕਿ ਟਿਕਟਾਂ ਮਿਲਣ ਦਾ ਸੁਪਨਾ ਦੇਖ ਰਹੇ ਅਨੇਕਾਂ ਆਗੂ ਅਜਿਹੇ ਵੀ ਹਨ, ਜਿਨ੍ਹਾਂ ਨੇ ਪਿਛਲੇ ਤਕਰੀਬਨ ਸਾਢੇ ਚਾਰ ਸਾਲ ਨਾ ਤਾਂ ਆਪਣੇ ਹਲਕਿਆਂ 'ਚ ਕੋਈ ਸਰਗਰਮੀ ਕੀਤੀ ਅਤੇ ਨਾ ਹੀ ਉਨ੍ਹਾਂ ਦਾ ਪਾਰਟੀ ਵਰਕਰਾਂ ਦੇ ਹੱਕਾਂ 'ਤੇ ਪਹਿਰਾ ਦੇਣ ਵਿਚ ਕੋਈ ਯੋਗਦਾਨ ਰਿਹਾ ਹੈ। ਇਥੋਂ ਤੱਕ ਕਿ ਟਿਕਟ ਪੱਕੀ ਹੋਣ ਦਾ ਸਭ ਤੋਂ ਜ਼ਿਆਦਾ ਦਾਅਵਾ ਕਰਨ ਵਾਲੇ ਕੁਝ ਆਗੂ ਅਜਿਹੇ ਵੀ ਹਨ ਜਿਨ੍ਹਾਂ ਦਾ ਕੋਈ ਵੀ ਜਨਤਕ ਆਧਾਰ ਨਹੀਂ ਹੈ ਤੇ ਉਨ੍ਹਾਂ ਦੇ ਪਿੰਡਾਂ/ਵਾਰਡਾਂ ਅਤੇ ਮੁਹੱਲਿਆਂ ਵਿਚ ਵੀ ਉਨ੍ਹਾਂ ਨੂੰ ਲੋਕਾਂ ਵੱਲੋਂ ਪੂਰਨ ਸਮਰਥਨ ਨਹੀਂ ਹੈ।

ਅਜਿਹੇ ਆਗੂਆਂ ਨੂੰ ਇਸ ਦੌੜ ਵਿਚੋਂ ਬਾਹਰ ਕਰਨ ਲਈ ਬੇਸ਼ੱਕ ਕਾਂਗਰਸ ਵੱਲੋਂ ਕਈ ਸਰਵੇ ਕਰਵਾਏ ਜਾ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਵੀ ਪਾਰਟੀ ਵੱਲੋਂ ਪੂਰੀ ਘੋਖ ਕਰਨ ਉਪਰੰਤ ਹੀ ਟਿਕਟਾਂ ਵੰਡੀਆਂ ਜਾਣੀਆਂ ਹਨ, ਪਰ ਇਸ ਪ੍ਰਕਿਰਿਆ ਦੇ ਪਹਿਲੇ ਪੜਾਅ ਵਿਚ ਹੀ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਵੱਲੋਂ ਟਿਕਟ ਅਪਲਾਈ ਕਰਨ ਲਈ ਜਾਰੀ ਕੀਤਾ ਗਿਆ 15 ਕਾਲਮਾਂ ਵਾਲਾ ਪ੍ਰੋਫਾਰਮਾ ਕਈ ਆਗੂਆਂ ਲਈ ਸਿਰਦਰਦੀ ਬਣਿਆ ਹੋਇਆ ਹੈ।

ਇਸ ਪ੍ਰੋਫਾਰਮੇ ਦੇ 15 ਨੰਬਰ ਕਾਲਮ ਵਿਚ ਉਮੀਦਵਾਰ ਨੂੰ ਆਪਣੇ ਹਲਕੇ ਦੇ ਹਰੇਕ ਪੋਲਿੰਗ ਬੂਥ ਤੋਂ ਘੱਟੋ-ਘੱਟ 2-2 ਵੋਟਰਾਂ ਦੇ ਨਾਂ, ਪਤੇ, ਵੋਟਰ ਆਈ.ਡੀ. ਕਾਰਡ, ਟੈਲੀਫੋਨ ਨੰਬਰ ਆਦਿ ਦੇਣੇ ਪੈਣਗੇ ਜਿਸ ਦੇ ਚੱਲਦਿਆਂ ਹਰੇਕ ਹਲਕੇ ਵਿਚ ਔਸਤਨ 180 ਬੂਥ ਹੋਣ ਕਾਰਨ ਇਨ੍ਹਾਂ ਉਮੀਦਵਾਰਾਂ ਨੂੰ ਆਪਣੇ ਹੱਕ ਵਿਚ 360 ਵੋਟਰਾਂ ਦੀ ਸਹਿਮਤੀ ਦੇਣੀ ਪਵੇਗੀ। ਅਜਿਹੀ ਸਥਿਤੀ 'ਚ ਜਿਹੜੇ ਆਗੂ ਟਿਕਟ ਲੈਣ ਲਈ ਪਹਿਲਾਂ ਦਿੱਲੀ ਜਾਂ ਚੰਡੀਗੜ੍ਹ ਬੈਠੇ ਸੀਨੀਅਰ ਆਗੂਆਂ ਦੇ ਘਰਾਂ ਅਤੇ ਦਫਤਰਾਂ ਦੇ ਗੇੜੇ ਕੱਟ ਕੇ ਟਿਕਟਾਂ ਦਾ ਸੁਪਨਾ ਦੇਖ ਰਹੇ ਸਨ, ਉਨ੍ਹਾਂ ਵੱਲੋਂ ਹੁਣ ਬੂਥਾਂ ਦੀਆਂ ਲਿਸਟਾਂ ਲੱਭ ਕੇ ਉਥੇ 2-2 ਵੋਟਰਾਂ ਦੀ ਭਾਲ ਕੀਤੀ ਜਾ ਰਹੀ ਹੈ। ਦੂਜੇ ਪਾਸੇ ਜਿਹੜੇ ਆਗੂ ਪਿਛਲੇ ਸਮੇਂ ਦੌਰਾਨ ਇਨ੍ਹਾਂ ਬੂਥਾਂ 'ਤੇ ਲਗਾਤਾਰ ਵਿਚਰਦੇ ਰਹੇ ਹਨ, ਉਹ ਇਸ ਪ੍ਰੋਫਾਰਮੇ ਨੂੰ ਲੈ ਕੇ ਬਾਗੋਬਾਗ ਦਿਖਾਈ ਦੇ ਰਹੇ ਹਨ।

### ਕਾਂਗਰਸ ਨੇ ਹੁਣ ਸ਼ੀਲਾ 'ਤੇ ਖੇਡਿਆ ਦਾਅ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਫਤਿਹ ਕਰਨ ਲਈ ਕਾਂਗਰਸ ਨੇ ਕਮਰ ਕੱਸ ਲਈ ਹੈ। ਪਾਰਟੀ ਨੇ ਰਾਜ ਬੱਬਰ ਨੂੰ ਪ੍ਰਦੇਸ਼ ਦਾ ਨਵਾਂ ਪ੍ਰਧਾਨ ਬਣਾਉਣ ਪਿੱਛੋਂ ਹੁਣ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੂੰ ਉਤਰ ਪ੍ਰਦੇਸ਼ ਵਿਚ ਮੁੱਖ ਮੰਤਰੀ ਦੀ ਉਮੀਦਵਾਰ ਐਲਾਨ ਦਿੱਤਾ ਹੈ। ਇਸ ਦੇ ਨਾਲ ਗਾਂਧੀ ਪਰਿਵਾਰ ਦੀ ਬੇਟੀ ਪ੍ਰਿਅੰਕਾ ਗਾਂਧੀ ਦੇ ਨਾਂ ਬਾਰੇ ਚਰਚਾ 'ਤੇ ਰੋਕ ਲੱਗ ਗਈ ਹੈ। ਹੁਣ ਤੱਕ ਇਹ ਅਟਕਲਾਂ ਸਨ ਕਿ ਪ੍ਰਿਅੰਕਾ ਗਾਂਧੀ ਵੀ ਸੂਬੇ ਵਿਚ ਕਾਂਗਰਸ ਦਾ ਚਿਹਰਾ ਹੋ ਸਕਦੀ ਹੈ। ਕਾਬਲੇਗੌਰ ਹੈ ਕਿ ਕਾਂਗਰਸ ਉਤਰ ਪ੍ਰਦੇਸ਼ ਦੀ ਸੱਤਾ ਤੋਂ 26 ਸਾਲਾਂ ਤੋਂ ਦੂਰ ਹੈ।

ਸੂਬੇ ਵਿਚ 1989 ਵਿਚ ਕਾਂਗਰਸ ਦੇ ਆਖਰੀ ਮੁੱਖ ਮੰਤਰੀ ਐਨ.ਡੀ. ਤਿਵਾੜੀ ਸਨ। ਕਾਂਗਰਸ ਨੂੰ ਲੱਗਦਾ ਹੈ ਕਿ ਸ਼ੀਲਾ ਦੀ ਬੇਦਾਗ ਸ਼ਖਸੀਅਤ ਤੇ ਬ੍ਰਾਹਮਣ ਚਿਹਰਾ ਉਤਰ ਪ੍ਰਦੇਸ਼ ਵਿਚ ਕੰਮ ਕਰੇਗਾ। ਉਤਰ ਪ੍ਰਦੇਸ਼ ਵਿਚ ਅਗਲੇ ਸਾਲ ਚੋਣਾਂ ਹੋ ਰਹੀਆਂ ਹਨ। 2012 ਵਿਚ ਕਾਂਗਰਸ 403 ਸੀਟਾਂ ਵਾਲੀ ਵਿਧਾਨ ਸਭਾ ਵਿਚ 28 ਸੀਟਾਂ ਉਤੇ ਹੀ ਸਿਮਟ ਗਈ ਸੀ।

# ਕੇਜਰੀਵਾਲ ਨੂੰ ਘੇਰਨ ਦੇ ਯਤਨ



**ਅੰਮ੍ਰਿਤਸਰ:** ਇੰਡੀਆ ਟੂਡੇ ਮੈਗਜ਼ੀਨ ਦੇ ਕਵਰ ਪੇਜ 'ਤੇ ਅਰਵਿੰਦ ਕੇਜਰੀਵਾਲ ਦੀ ਨਿਹੰਗ ਬਾਣੇ ਵਾਲੀ ਤਸਵੀਰ ਦੇ ਵਿਰੋਧ ਵਿਚ ਕਈ ਨਿਹੰਗ ਸਿੰਘ ਜਥੇਬੰਦੀਆਂ ਅੰਮ੍ਰਿਤਸਰ ਦੀਆਂ ਸੜਕਾਂ ਉਤੇ ਵਿਰੋਧ ਕਰਦੀਆਂ ਨਜ਼ਰ ਆਈਆਂ। ਨਿਹੰਗ ਸਿੰਘਾਂ ਨੇ ਕੇਜਰੀਵਾਲ ਤੇ ਸੁੱਚਾ ਸਿੰਘ ਛੋਟੇਪੁਰ ਦਾ ਪੁਤਲਾ ਵੀ ਫੂਕਿਆ।

ਨਿਹੰਗ ਜਥੇਬੰਦੀਆਂ ਦੇ ਆਗੂਆਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਖਿਲਾਫ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨ ਕਰ ਰਹੇ ਨਿਹੰਗ ਸਿੰਘਾਂ ਨੇ ਕਿਹਾ ਕਿ ਕੇਜਰੀਵਾਲ ਦੀ ਜੋ ਤਸਵੀਰ ਕਵਰ ਪੇਜ 'ਤੇ ਲਾਈ ਗਈ ਹੈ, ਉਹ ਬਹੁਤ ਗਲਤ ਹੈ। ਇਸ ਤੋਂ ਬਾਅਦ ਛੋਟੇਪੁਰ ਵੱਲੋਂ ਇਹ ਕਿਹਾ ਜਾਣਾ ਕਿ ਇਹ ਤਸਵੀਰ ਲਾ ਕੇ ਕੇਜਰੀਵਾਲ ਦਾ ਅਪਮਾਨ ਕੀਤਾ ਗਿਆ ਹੈ, ਇਹ ਬਹੁਤ ਹੀ ਗਲਤ ਗੱਲ ਹੈ। ਨਿਹੰਗ ਜਥੇਬੰਦੀਆਂ ਦੇ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਆਮ ਆਦਮੀ ਪਾਰਟੀ ਦੇ ਲੀਡਰ ਅਜਿਹੀ ਬਿਆਨਬਾਜ਼ੀ ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਬੰਦ ਕਰਨ ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਿਹੰਗ ਸਿੰਘਾਂ ਨੇ ਮੰਗ ਕੀਤੀ ਕਿ ਦੋਹਾਂ ਲੀਡਰਾਂ ਖਿਲਾਫ ਵੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਜਾਵੇ।

# ਕਤਲੇਆਮ 84: ਐਸ.ਆਈ.ਟੀ. ਚੇਅਰਮੈਨ ਦਾ ਤਬਾਦਲਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਲਈ ਬਣਾਈ ਗਈ ਐਸ.ਆਈ.ਟੀ. ਦੇ ਚੇਅਰਮੈਨ ਸੀਨੀਅਰ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾ ਦਾ ਅਚਾਨਕ ਤਬਾਦਲਾ ਕਰ ਦਿੱਤਾ ਤੇ ਉਨ੍ਹਾਂ ਦੀ ਥਾਂ ਨਵਾਂ ਚੇਅਰਮੈਨ ਲਾਇਆ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਸੈੱਲ ਦੇ ਅਹੁਦੇਦਾਰ ਜਤਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਤ੍ਰਿਪੁਰਾ ਤੋਂ ਆਈ.ਜੀ. ਅਨੁਰਾਗ ਇਸ ਐਸ.ਆਈ.ਟੀ. ਦੇ ਨਵੇਂ ਮੁਖੀ ਹੋਣਗੇ। ਉਹ ਇੰਸਪੈਕਟਰ ਜਨਰਲ ਆਫ ਪੁਲਿਸ ਵਜੋਂ ਸੇਵਾਵਾਂ ਦੇ ਰਹੇ ਸਨ। ਕੇਂਦਰ ਵੱਲੋਂ ਇਹ ਐਸ.ਆਈ.ਟੀ. 12 ਫਰਵਰੀ 2015 ਨੂੰ ਬਣਾਈ ਗਈ ਸੀ ਜਿਸ ਨੇ ਛੇ ਮਹੀਨੇ ਵਿਚ ਰਿਪੋਰਟ ਦੇਣੀ ਸੀ, ਪਰ ਇਸ ਦੇ ਕਾਰਜਕਾਲ ਵਿਚ ਦੋ ਵਾਰ ਵਾਧਾ ਕੀਤਾ ਗਿਆ ਤੇ ਪਿਛਲੇ ਮਹੀਨਿਆਂ ਦੌਰਾਨ ਦਿੱਲੀ ਕਮੇਟੀ ਵੱਲੋਂ ਦਿੱਤੇ ਗਏ 112 ਮਾਮਲਿਆਂ ਸਮੇਤ ਐਸ.ਆਈ.ਟੀ. ਨੇ ਹੁਣ ਤੱਕ ਕੁੱਲ 186 ਮਾਮਲਿਆਂ ਨੂੰ ਹੱਥ ਪਾਇਆ ਸੀ। ਸ੍ਰੀ ਅਸਥਾਨਾ ਦੀ ਅਗਵਾਈ ਹੇਠ 22 ਮਾਮਲੇ ਮੁੜ ਖੋਲ੍ਹੇ ਗਏ ਸਨ।ਅਚਾਨਕ ਕੀਤੇ ਗਏ ਤਬਾਦਲੇ ਨਾਲ ਐਸ.ਆਈ.ਟੀ. ਦੀ ਜਾਂਚ ਪ੍ਰਭਾਵਿਤ ਹੋਣ ਦੇ ਆਸਾਰ ਬਣ ਗਏ ਹਨ। 32 ਸਾਲਾਂ ਬਾਅਦ ਵੀ ਪੀੜਤ ਸਿੱਖਾਂ ਨੂੰ ਇਨਸਾਫ ਮਿਲਣ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਤਿਲਕ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਐਸ.ਆਈ.ਟੀ. ਦੇ ਚੇਅਰਮੈਨ ਦਾ ਅਚਾਨਕ ਕੀਤਾ ਗਿਆ ਤਬਾਦਲਾ ਇਸ ਜਾਂਚ ਨੂੰ ਲੀਹੋਂ ਲਾਹੁਣ ਲਈ ਕੀਤਾ ਗਿਆ ਹੈ।

# ਫਰਾਂਸ ਵਿਚ ਅਤਿਵਾਦੀ ਵੱਲੋਂ ਵਹਿਸ਼ੀਪੁਣੇ ਦੀਆਂ ਹੱਦਾਂ ਪਾਰ

**ਨੀਸ:** ਫਰਾਂਸ ਵਿਚ ਇਕ ਵਾਰ ਫਿਰ ਹੋਏ ਭਿਆਨਕ ਅਤਿਵਾਦੀ ਹਮਲੇ ਨੇ ਦਹਿਸ਼ਤਵਾਦ ਨੂੰ ਨੱਥ ਪਾਉਣ ਲਈ ਕੀਤੇ ਜਾ ਰਹੇ ਯਤਨਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਫਰਾਂਸ ਦੇ ਨੀਸ ਸ਼ਹਿਰ ਵਿਚ ਆਪਣਾ ਕੌਮੀ ਦਿਵਸ ਮਨਾ ਰਹੇ ਲੋਕਾਂ ਉਤੇ ਇਕ ਗੋਲੀ-ਬਾਰੂਦ ਨਾਲ ਭਰਿਆ ਟਰੱਕ ਚਾੜ੍ਹ ਦਿੱਤਾ ਗਿਆ। ਟਰੱਕ ਲੋਕਾਂ ਨੂੰ ਦੋ ਕਿਲੋਮੀਟਰ ਦੂਰ ਤੱਕ ਕੁਚਲਦਾ ਚਲਿਆ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਟਰੱਕ ਦਾ ਡਰਾਈਵਰ ਲੋਕਾਂ ਨੂੰ ਕੁਚਲਣ ਤੋਂ ਇਲਾਵਾ ਇਕ ਤਾਕੀ ਖੋਲ੍ਹ ਕੇ ਗੋਲੀਆਂ ਵੀ ਚਲਾਉਂਦਾ ਰਿਹਾ। ਇਸ ਘਟਨਾਕ੍ਰਮ ਵਿਚ 84 ਲੋਕਾਂ ਦੇ ਮਰਨ ਅਤੇ ਦਰਜਨਾਂ ਹੋਰ ਜ਼ਖ਼ਮੀ ਹੋਣ ਦੀ ਪੁਸ਼ਟੀ ਹੋਈ ਹੈ। ਟਰੱਕ ਚਾਲਕ ਨੂੰ ਪੁਲਿਸ ਵੱਲੋਂ ਗੋਲੀ ਮਾਰ ਕੇ ਹਲਾਕ ਕਰ ਦੇਣ ਨਾਲ ਇਹ ਕੋਹਰਾਮ ਰੁਕਿਆ। ਫਰਾਂਸੀਸੀ ਅਧਿਕਾਰੀਆਂ ਅਨੁਸਾਰ ਟਰੱਕ ਵਿਚ ਸਿਰਫ ਡਰਾਈਵਰ ਹੀ ਸਵਾਰ ਸੀ। ਟਰੱਕ ਵਿਚੋਂ ਇਕ ਅਣਚੱਲਿਆ ਗ੍ਰੇਨੇਡ ਅਤੇ ਕੁਝ ਹਥਿਆਰ ਬਰਾਮਦ ਹੋਏ।ਟਰੱਕ ਡਰਾਈਵਰ ਟਿਊਨੀਸ਼ੀਅਨ ਮੂਲ ਦਾ ਫਰਾਂਸੀਸੀ ਨਾਗਰਿਕ ਸੀ। ਉਸ ਦੇ ਕੱਟੜ ਇਸਲਾਮਪ੍ਰਸਤ ਹੋਣ ਦੀ ਚਰਚਾ ਵੀ ਸੀ। ਉਸ ਉਪਰ ਫਰਾਂਸੀਸੀ ਖੁਫੀਆ ਏਜੰਸੀਆਂ ਦੀ ਨਜ਼ਰ ਵੀ ਸੀ, ਪਰ ਕਿਸੇ ਵੀ ਅਪਰਾਧ ਵਿਚ ਉਹ ਪਹਿਲਾਂ ਕਦੇ ਨਾਮਜ਼ਦ ਨਹੀਂ ਸੀ ਕੀਤਾ ਗਿਆ।

### ਕੌਮੀ ਦਿਵਸ ਮਨਾ ਰਹੇ 84 ਲੋਕਾਂ ਨੂੰ ਟਰੱਕ ਥੱਲੇ ਦਰੜਿਆ



ਬੈਸਟੀਲ ਦਿਵਸ ਨੂੰ ਫਰਾਂਸ ਦੇ ਕੌਮੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸ਼ਾਂਪਸ ਲਿਜ਼ੀ ਐਵੇਨਿਊ ਵਿਚ ਫ਼ੌਜੀ ਪਰੇਡ ਹੁੰਦੀ ਹੈ। ਰਾਸ਼ਟਰਪਤੀ ਵੱਲੋਂ ਵੀ ਇਸ ਵਿਚ ਹਾਜ਼ਰੀ ਭਰੀ ਜਾਂਦੀ ਹੈ। ਇਹ ਸਮਾਗਮ ਭਾਰਤ ਦੀ ਗਣਤੰਤਰ ਦਿਵਸ ਪਰੇਡ ਵਰਗਾ ਹੀ ਹੁੰਦਾ ਹੈ। ਜਿਵੇਂ ਕਿ ਫਰਾਂਸੀਸੀ ਰਾਸ਼ਟਰਪਤੀ ਫਰਾਂਸਵਾ ਔਲਾਂਦ ਨੇ ਇਸ ਹਮਲੇ ਤੋਂ ਬਾਅਦ ਰਾਸ਼ਟਰ ਦੇ ਨਾਂ ਸੰਦੇਸ਼ ਵਿਚ ਕਿਹਾ, 'ਫਰਾਂਸ ਉਪਰ ਇਸ ਦੇ ਕੌਮੀ ਦਿਹਾੜੇ ਦੌਰਾਨ ਕੀਤਾ ਹਮਲਾ ਸਾਰੇ ਫਰਾਂਸ ਵਾਸੀਆਂ ਲਈ ਇਕਮੁੱਠ ਹੋਣ ਅਤੇ ਦਹਿਸ਼ਤਗਰਦੀ ਦਾ ਪੂਰੀ ਦ੍ਰਿੜ੍ਹਤਾ ਨਾਲ ਟਾਕਰਾ ਕਰਨ ਦੀ ਚੁਣੌਤੀ ਪੇਸ਼ ਕਰਦਾ ਹੈ।''

ਪਿਛਲੇ 18 ਮਹੀਨਿਆਂ ਦੌਰਾਨ ਫਰਾਂਸੀਸੀ ਸਰਜ਼ਮੀਂ ਉਤੇ ਇਹ ਤੀਜਾ ਵੱਡਾ ਦਹਿਸ਼ਤੀ ਹਮਲਾ ਹੈ। ਪਹਿਲਾਂ ਪਿਛਲੇ ਸਾਲ ਪੈਰਿਸ ਵਿਚ ਹਾਸ-ਵਿਅੰਗ ਨਾਲ ਜੁੜੀ ਪੱਤ੍ਰਿਕਾ 'ਸ਼ਰਲੀ ਐਬਦੋ' ਦੇ ਦਫਤਰ ਉਪਰ ਹਮਲਾ ਹੋਇਆ ਸੀ ਅਤੇ ਫਿਰ ਪੈਰਿਸ ਅੰਦਰ ਕੁਝ ਸੈਰਗਾਹਾਂ ਤੇ ਮਨੋਰੰਜਨ ਘਰਾਂ ਉਪਰ ਹਮਲਿਆਂ ਵਿਚ 130 ਬੰਦਿਆਂ ਨੂੰ ਮਾਰ ਦਿੱਤਾ ਗਿਆ ਸੀ। ਫਰਾਂਸੀਸੀ ਅਧਿਕਾਰੀਆਂ ਨੇ ਪਿਛਲੇ ਦੋਵੇਂ ਕੇਸ ਸੁਲਝਾ ਲੈਣ ਅਤੇ ਹਮਲਾਵਰਾਂ ਦਾ ਖੁਰਾ ਨੱਪ ਲੈਣ ਦਾ ਦਾਅਵਾ ਕੀਤਾ ਸੀ, ਪਰ ਨਾਲ ਹੀ ਹੋਰ ਹਮਲਿਆਂ ਦੇ ਖਤਰੇ ਦੀਆਂ ਸੰਭਾਵਨਾਵਾਂ ਦਰਕਿਨਾਰ ਨਹੀਂ ਸੀ ਕੀਤੀਆਂ। ਇਸ ਦੀ ਇਕ ਵਜ੍ਹਾ ਇਹ ਹੈ ਕਿ ਇਸ ਮੁਲਕ ਵਿਚ ਇਸ ਦੀਆਂ ਸਾਬਕਾ ਉਤਰ ਅਫਰੀਕੀ ਬਸਤੀਆਂ ਨਾਲ ਸਬੰਧਤ ਲੋਕ ਵੱਡੀ ਗਿਣਤੀ ਵਿਚ ਵਸੇ ਹੋਏ ਹਨ। ਇਨ੍ਹਾਂ ਵਿਚੋਂ ਬਹੁਤੇ ਇਸਲਾਮ ਦੇ ਧਾਰਨੀ ਹਨ। ਇਸਲਾਮੀ ਰੈਡੀਕਲਾਈਜੇਸ਼ਨ ਦਾ ਅਸਰ ਇਨ੍ਹਾਂ ਦੀ ਨਵੀਂ ਪੀੜ੍ਹੀ 'ਤੇ ਕਾਫ਼ੀ ਜ਼ਿਆਦਾ ਹੈ। ਪਹਿਲੇ ਹਮਲਿਆਂ ਦੇ ਤਾਰ ਵੀ ਇਸੇ ਵਰਗ ਨਾਲ ਜੁੜੇ ਸਨ।

### ਛੋਟਾ ਮੋਟਾ ਅਪਰਾਧੀ ਸੀ ਹਮਲਾਵਰ

**ਨੀਸ:** ਫਰਾਂਸ ਦੇ ਨੀਸ ਸ਼ਹਿਰ ਵਿਚ ਲੋਕਾਂ ਨੂੰ ਟਰੱਕ ਹੇਠ ਦਰੜਨ ਵਾਲਾ ਹਮਲਾਵਰ ਛੋਟਾ ਜਿਹਾ ਅਪਰਾਧੀ ਸੀ, ਪਰ ਹਮਲੇ ਤੋਂ ਪਹਿਲਾਂ ਉਹ ਕਦੇ ਵੀ ਫਰਾਂਸ ਦੀ ਖੁਫ਼ੀਆ ਸੇਵਾਵਾਂ ਦੀ ਜਾਂਚ ਹੇਠ ਨਹੀਂ ਰਿਹਾ। ਟਿਊਨਿਸ਼ੀਆ ਦੇ ਸਕੇਨ ਕਸਬੇ ਵਿਚ ਪੈਦਾ ਹੋਇਆ ਮੁਹੰਮਦ ਲਹੌਏਜ ਬੋਹਲੇਲ ਕੁਝ ਸਾਲ ਪਹਿਲਾਂ ਫਰਾਂਸ ਗਿਆ ਸੀ ਅਤੇ ਉਥੇ ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਉਸ ਦੇ ਗੁਆਂਢੀਆਂ ਨੇ ਉਸ ਨੂੰ ਚੰਚਲ ਸੁਭਾਅ ਦਾ ਵਿਅਕਤੀ ਦੱਸਿਆ ਜਿਹੜਾ ਅਕਸਰ ਸ਼ਰਾਬ ਪੀਣ ਦਾ ਆਦੀ ਸੀ, ਜ਼ਿਆਦਾ ਔਰਤਾਂ ਨਾਲ ਸਬੰਧ ਰੱਖਣ ਦਾ ਸ਼ੌਕੀਨ ਸੀ ਅਤੇ ਆਪਣੀ ਪਤਨੀ ਨਾਲ ਉਸ ਦਾ ਤਲਾਕ ਦਾ ਕੇਸ ਚਲ ਰਿਹਾ ਸੀ।

### ਹਮਲਾ ਬੇਹਦ ਭਿਆਨਕ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਫਰਾਂਸ ਦੇ ਨੀਸ ਸ਼ਹਿਰ ਦੇ ਰਿਜ਼ਾਰਟ ਵਿਚ ਹੋਇਆ ਹਮਲਾ ਭਿਆਨਕ ਅਤਿਵਾਦੀ ਹਮਲਾ ਹੈ। ਓਬਾਮਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਅਧਿਕਾਰੀਆਂ ਨੂੰ ਫਰਾਂਸ ਦੇ ਅਧਿਕਾਰੀਆਂ ਨਾਲ ਸੰਪਰਕ ਵਿਚ ਰਹਿਣ ਦੇ ਨਿਰਦੇਸ਼ ਦਿੱਤੇ। 'ਅਸੀਂ ਇਸ ਹਮਲੇ ਦੀ ਜਾਂਚ ਲਈ ਅਤੇ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਘੇਰੇ ਵਿਚ ਲਿਆਉਣ ਲਈ ਹਰ ਸੰਭਵ ਮਦਦ ਦੀ ਪੇਸ਼ਕਸ਼ ਕੀਤੀ ਹੈ।'

# ਅਰਵਿੰਦ ਕੇਜਰੀਵਾਲ ਨੇ ਹਰਿਮੰਦਰ ਸਾਹਿਬ ਵਿਚ ਬਖਸ਼ਾਈ ਭੁੱਲ

## ਮੈਨੀਫੈਸਟੋ 'ਤੇ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣ ਦੀ ਗਲਤੀ ਮੰਨੀ



**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਿਆ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਭਾਂਡਿਆਂ ਦੀ ਸੇਵਾ ਕਰ ਕੇ ਪਾਰਟੀ ਕੋਲੋਂ 'ਯੂਥ ਮੈਨੀਫੈਸਟੋ' ਜਾਰੀ ਕਰਨ ਸਮੇਂ ਹੋਈ ਗਲਤੀ ਦੀ ਖਿਮਾ ਯਾਚਨਾ ਕੀਤੀ। ਉਨ੍ਹਾਂ ਨਾਲ ਪਾਰਟੀ ਦੇ ਸੀਨੀਅਰ ਆਗੂ ਤੇ ਮੈਨੀਫੈਸਟੋ ਤਿਆਰ ਕਰਨ ਵਾਲੀ ਟੀਮ ਦੇ ਮੈਂਬਰ ਵੀ ਸਨ। ਸ੍ਰੀ ਕੇਜਰੀਵਾਲ ਤਕਰੀਬਨ ਦੋ ਘੰਟੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਰਹੇ ਅਤੇ ਤਕਰੀਬਨ 8 ਵਜੇ ਵਾਪਸ ਦਿੱਲੀ ਪਰਤ ਗਏ।

ਗਲਤੀ ਲਈ ਪਸ਼ਚਾਤਾਪ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ, 'ਯੂਥ ਮੈਨੀਫੈਸਟੋ ਜਾਰੀ ਕਰਨ ਸਮੇਂ ਪਾਰਟੀ ਕੋਲੋਂ ਗਲਤੀ ਹੋ ਗਈ ਸੀ। ਇਥੇ ਗੁਰੂ ਘਰ ਵਿਚ ਸੇਵਾ ਕਰ ਕੇ ਉਸ ਦੀ ਖਿਮਾ ਯਾਚਨਾ ਕੀਤੀ ਗਈ ਹੈ। ਦਰਬਾਰ ਸਾਹਿਬ ਵਿਚ ਬੈਠ ਕੇ ਕੀਰਤਨ ਸਰਵਣ ਕੀਤਾ, ਜਿਸ ਨਾਲ ਮਨ ਨੂੰ ਸਕੂਨ ਤੇ ਸ਼ਾਂਤੀ ਮਿਲੀ ਹੈ।' ਉਨ੍ਹਾਂ ਇਥੇ ਖੁੱਲ੍ਹੇ ਮਨ ਨਾਲ ਸਵੀਕਾਰ ਕੀਤਾ ਕਿ ਪਾਰਟੀ ਕੋਲੋਂ ਗਲਤੀ ਹੋਈ ਸੀ ਅਤੇ ਇਸ ਵਾਸਤੇ ਸਾਰੀ ਪਾਰਟੀ ਨੇ ਸੇਵਾ ਕਰਕੇ ਭੁੱਲ ਬਖਸ਼ਾਈ ਹੈ ਜਦੋਂ ਕਿ ਇਸ ਤੋਂ ਪਹਿਲਾਂ 'ਆਪ' ਆਗੂ ਇਸ ਗੱਲ ਉਤੇ ਜ਼ੋਰ ਦੇ ਰਹੇ ਸਨ ਕਿ ਸ੍ਰੀ ਕੇਜਰੀਵਾਲ ਮੁਆਫੀ ਨਹੀਂ ਮੰਗਣਗੇ ਕਿਉਂਕਿ ਉਨ੍ਹਾਂ ਕੋਈ ਗਲਤੀ ਨਹੀਂ ਕੀਤੀ ਹੈ। ਮੱਥਾ ਟੇਕਣ ਤੋਂ ਪਹਿਲਾਂ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਗਏ, ਜਿਥੇ ਉਨ੍ਹਾਂ ਨੇ ਆਮ ਸ਼ਰਧਾਲੂਆਂ ਵਾਂਗ ਤਕਰੀਬਨ 30 ਮਿੰਟ ਬਰਤਨਾਂ ਦੀ ਸੇਵਾ ਕੀਤੀ। 'ਆਪ' ਦੇ ਬਾਕੀ ਆਗੂਆਂ ਨੇ ਵੀ ਸੇਵਾ ਕੀਤੀ। ਇਸ ਬਾਅਦ ਉਹ ਮੱਥਾ ਟੇਕਣ ਗਏ। ਉਨ੍ਹਾਂ ਅੰਦਰ ਕੜਾਹ ਪ੍ਰਸ਼ਾਦ ਦੀ ਦੇਗ ਵੀ ਭੇਟ ਕੀਤੀ।

ਉਨ੍ਹਾਂ ਸਿਰ 'ਤੇ ਚਿੱਟਾ ਰੁਮਾਲ ਬੰਨ੍ਹਿਆ ਹੋਇਆ ਸੀ। ਉਹ ਅਰਦਾਸ ਵਿਚ ਵੀ ਸ਼ਾਮਲ ਹੋਏ। ਇਸ ਮੌਕੇ ਸਚਖੰਡ ਵਿਖੇ ਡਿਊਟੀ ਦੇ ਰਹੇ ਅਰਦਾਸੀਏ ਸਿੰਘ ਨੇ ਉਨ੍ਹਾਂ ਨੂੰ ਪਤਾਸਿਆਂ ਦਾ ਪ੍ਰਸ਼ਾਦ ਵੀ ਦਿੱਤਾ। ਉਨ੍ਹਾਂ ਨਾਲ 'ਆਪ' ਦੇ ਦਿੱਲੀ ਡਾਇਲਾਗ ਕਮਿਸ਼ਨ ਦੇ ਮੁਖੀ ਆਸ਼ੀਸ਼ ਖੇਤਾਨ ਵੀ ਹਾਜ਼ਰ ਸਨ, ਜਿਨ੍ਹਾਂ ਖਿਲਾਫ਼ ਇਥੇ ਸਿਵਲ ਲਾਈਨ ਥਾਣੇ ਵਿਚ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ ਕੇਸ ਦਰਜ ਹੈ। ਸ੍ਰੀ ਕੇਜਰੀਵਾਲ 15 ਦਿਨਾਂ ਵਿਚ ਦੋ ਵਾਰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਚੁੱਕੇ ਹਨ। ਇਸ ਤੋਂ ਪਹਿਲਾਂ ਉਹ ਤਿੰਨ ਜੁਲਾਈ ਨੂੰ ਪਾਰਟੀ ਵੱਲੋਂ ਨੌਜਵਾਨਾਂ ਵਾਸਤੇ ਤਿਆਰ ਕੀਤੇ ਚੋਣ ਮਨੋਰਥ ਪੱਤਰ ਨੂੰ ਜਾਰੀ ਕਰਨ ਸਮੇਂ ਆਏ ਸਨ।

ਮੈਨੀਫੈਸਟੋ ਜਾਰੀ ਕਰਨ ਸਮੇਂ ਇਸ ਦੀ ਤੁਲਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਧਾਰਮਿਕ ਗ੍ਰੰਥਾਂ ਨਾਲ ਕੀਤੀ ਗਈ ਸੀ। ਇਸ ਤੋਂ ਇਲਾਵਾ ਮੈਨੀਫੈਸਟੋ ਦੇ ਮੁੱਖ ਪੰਨੇ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਨਾਲ ਪਾਰਟੀ ਦਾ ਚੋਣ ਨਿਸ਼ਾਨ ਝਾੜੂ ਦਿਖਾਇਆ ਗਿਆ ਸੀ। ਇਸ ਉਤੇ ਸਿੱਖ ਸੰਗਤ ਨੇ ਇਤਰਾਜ਼ ਕੀਤਾ ਸੀ। ਸ੍ਰੀ ਖੇਤਾਨ ਨੇ ਤੁਰਤ ਮੁਆਫੀ ਮੰਗ ਲਈ ਸੀ ਅਤੇ ਐਡਵੋਕੇਟ ਐਚ.ਐਸ. ਫੂਲਕਾ ਨੇ ਇਥੇ ਬਰਤਨਾਂ ਤੇ ਜੋੜਿਆਂ ਦੀ ਸੇਵਾ ਕਰ ਕੇ ਪਸ਼ਚਾਤਾਪ ਕੀਤਾ ਸੀ, ਪਰ ਇਸ ਦੇ ਬਾਵਜੂਦ ਸਿੱਖ ਭਾਈਚਾਰਾ ਮੰਗ ਕਰ ਰਿਹਾ ਸੀ ਕਿ 'ਆਪ' ਦਾ ਮੁਖੀ ਹੋਣ ਨਾਤੇ ਕੇਜਰੀਵਾਲ ਖੁਦ ਮੁਆਫੀ ਮੰਗਣ।

## ਕੇਜਰੀਵਾਲ ਨੇ ਕੀਤੀ ਡਰਾਮੇਬਾਜ਼ੀ: ਸੁਖਬੀਰ

**ਬਰਨਾਲਾ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੀ ਗਈ ਲੰਗਰ ਸੇਵਾ ਦੌਰਾਨ ਸਾਫ ਭਾਂਡੇ ਮਾਂਜ ਕੇ ਡਰਾਮੇਬਾਜ਼ੀ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅਸਲ ਵਿਚ 'ਆਪ' ਦੇ ਆਗੂਆਂ ਨੂੰ ਸਿੱਖ ਮਰਿਆਦਾ ਦਾ ਕੁਝ ਪਤਾ ਨਹੀਂ ਹੈ ਅਤੇ ਇਹ ਨਾਸਤਿਕ ਆਗੂਆਂ ਦਾ ਅਜਿਹਾ ਟੋਲਾ ਹੈ, ਜੋ ਕਿਸੇ ਧਰਮ ਦਾ ਸਤਿਕਾਰ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਡਰਾਮੇਬਾਜ਼ੀ ਨਾਲ ਲੋਕਾਂ ਨੂੰ ਗੁੰਮਰਾਹ ਕਰ ਕੇ ਸੱਤਾ ਪ੍ਰਾਪਤੀ ਦੇ ਸੁਪਨੇ ਵੇਖ ਰਿਹਾ ਹੈ।

## ਅਕਾਲ ਤਖਤ ਦੇ ਜਥੇਦਾਰ ਵਲੋਂ ਕੇਜਰੀਵਾਲ ਨੂੰ ਚਿਤਾਵਨੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਉਹ ਆਪਣੀ ਰਾਜਨੀਤੀ ਨੂੰ ਚਮਕਾਉਣ ਲਈ ਧਰਮ ਜਾਂ ਧਾਰਮਿਕ ਅਸਥਾਨ ਦਾ ਇਸਤੇਮਾਲ ਨਾ ਕਰਨ। ਉਨ੍ਹਾਂ ਕਿਹਾ ਕਿ ਆਦਮੀ ਪਾਰਟੀ ਵੱਲੋਂ ਜਾਰੀ ਕੀਤਾ ਗਿਆ ਮੈਨੀਫੈਸਟੋ ਝੂਠ ਦਾ ਪੁਲੰਦਾ ਹੈ। ਕਿਸੇ ਵੀ ਅਜਿਹੇ ਝੂਠੇ ਦਸਤਾਵੇਜ਼ 'ਤੇ ਸੱਚਖੰਡ ਹਰਿਮੰਦਰ ਸਾਹਿਬ ਦੀ ਤਸਵੀਰ ਲਾਉਣਾ ਬਹੁਤ ਹੀ ਗਲਤ ਗੱਲ ਹੈ। ਰਾਜਨੀਤਕ ਪਾਰਟੀਆਂ ਲੋਕਾਂ ਨੂੰ ਧਰਮ ਦੇ ਨਾਂ 'ਤੇ ਗੁੰਮਰਾਹ ਕਰ ਰਹੀਆਂ ਹਨ। ਉਨ੍ਹਾਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਧਰਮ ਨੂੰ ਰਾਜਨੀਤੀ ਲਈ ਇਸਤਮਾਲ ਨਾ ਕਰਨ।

## 'ਆਪ' ਬਦਲੇਗੀ ਚੋਣ ਮਨੋਰਥ ਪੱਤਰ ਦਾ ਬਾਹਰਲਾ ਪੰਨਾ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਕ ਰਸਾਲੇ ਵੱਲੋਂ ਨਿਹੰਗ ਬਾਣੇ ਵਿਚ ਦਿਖਾਉਣ ਦੇ ਮੁੱਦੇ 'ਤੇ ਪਾਰਟੀ ਵਿਚ ਰਸਾਲੇ ਖਿਲਾਫ਼ ਰੋਸ ਹੈ। ਇਹ ਗੱਲ 'ਆਪ' ਦੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਆਖੀ। ਪਾਰਟੀ ਦੇ ਚੋਣ ਮਨੋਰਥ ਪੱਤਰ ਜਾਰੀ ਕਰਨ ਸਮੇਂ ਹੋਈ ਗਲਤੀ ਬਾਰੇ ਉਨ੍ਹਾਂ ਆਖਿਆ ਕਿ ਇਸ ਸਬੰਧੀ ਆਮ ਆਦਮੀ ਪਾਰਟੀ ਵੱਲੋਂ ਗੁਰੂ ਸਾਹਿਬ ਅਤੇ ਸੰਗਤ ਕੋਲੋਂ ਮੁਆਫੀ ਮੰਗ ਲਈ ਗਈ ਹੈ ਤੇ ਚੋਣ ਮਨੋਰਥ ਪੱਤਰ ਦਾ ਬਾਹਰਲਾ ਪੰਨਾ ਬਦਲਿਆ ਜਾਵੇਗਾ। ਉਨ੍ਹਾਂ ਮੰਨਿਆ ਕਿ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨਾਲ ਪਾਰਟੀ ਦਾ ਨਿਸ਼ਾਨ 'ਝਾੜੂ' ਲਾਉਣਾ ਗਲਤੀ ਹੈ, ਪਰ ਅਜਿਹਾ ਅਣਜਾਣੇ ਵਿਚ ਹੋਇਆ।

## ਆਪ ਵਲੋਂ ਪੰਚਾਇਤਾਂ ਦੀ ਲੜਾਈ ਲੜਨ ਦਾ ਐਲਾਨ

**ਚੰਡੀਗੜ੍ਹ:** ਪੰਚਾਇਤਾਂ ਨੂੰ ਅਧਿਕਾਰ ਦਵਾਉਣ ਲਈ ਆਮ ਆਦਮੀ ਪਾਰਟੀ ਹਾਈ ਕੋਰਟ ਜਾਵੇਗੀ। ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਇਹ ਗੱਲ ਕਹਿ ਕੇ ਇਕ ਵਾਰ ਫਿਰ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਇਸ ਮਸਲੇ 'ਤੇ ਬੇਹੱਦ ਗੰਭੀਰ ਹੈ ਤੇ ਹਰ ਲੜਾਈ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਹੱਥ ਕੁਝ ਅਜਿਹੇ ਦਸਤਾਵੇਜ਼ ਲੱਗੇ ਹਨ, ਜਿਨ੍ਹਾਂ 'ਚ ਪਿੰਡਾਂ ਦੀਆਂ ਪੰਚਾਇਤਾਂ ਨਾਲ ਧੱਕਾ ਹੁੰਦਾ ਸਾਫ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ, ਇਨ੍ਹਾਂ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਹੀ ਅਗਲੀ ਲੜਾਈ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤਾਂ ਤੇ ਪੰਜਾਬ ਸਰਕਾਰ ਦਾ ਪੂਰੀ ਤਰ੍ਹਾਂ ਦਬਦਬਾ ਹੈ ਤੇ ਪੰਚ/ਸਰਪੰਚ ਸਰਕਾਰ ਦੀ ਕਠਪੁਤਲੀ ਹਨ, ਜੋ ਸਿਰਫ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ। ਛੋਟੇਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਨੂੰ ਦਬਾਉਣ ਲਈ ਬਹੁਤ ਹੱਥਕੰਡੇ ਅਪਣਾ ਰਹੀ ਹੈ, ਪਰ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ। ਇਸ ਲਈ ਪਾਰਟੀ ਨੂੰ ਕੋਈ ਫਰਕ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ। ਸਰਕਾਰ ਜਿੰਨਾ ਆਮ ਆਦਮੀ ਪਾਰਟੀ ਨੂੰ ਤੰਗ ਕਰੇਗੀ ਤੇ ਪਾਰਟੀ ਨੂੰ ਉਨਾ ਹੀ ਆਮ ਲੋਕਾਂ ਦਾ ਸਮਰਥਨ ਮਿਲੇਗਾ।

## ਜੰਗੀ ਅਪਰਾਧ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ

**ਢਾਕਾ:** ਬੰਗਲਾਦੇਸ਼ ਦੇ ਵਿਸ਼ੇਸ਼ ਟ੍ਰਿਬਿਊਨਲ ਨੇ 1971 'ਚ ਪਾਕਿਸਤਾਨ ਦੇ ਨਾਲ ਹੋਏ ਮੁਕਤੀ ਸੰਗਰਾਮ ਦੌਰਾਨ ਮਾਨਵਤਾ ਵਿਰੋਧੀ ਅਪਰਾਧ ਦੇ ਦੋਸ਼ੀ ਇਸਲਾਮਿਕ ਆਗੂਆਂ 'ਚੋਂ 3 ਨੂੰ ਮੌਤ ਦੀ ਸਜ਼ਾ ਸੁਣਾਈ ਹੈ, ਜਦਕਿ 5 ਨੂੰ ਮੌਤ ਤੱਕ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਪੱਖ ਨੇ ਸਾਰੇ 8 ਦੋਸ਼ੀਆਂ 'ਤੇ ਸਮੂਹਿਕ ਹੱਤਿਆ, ਅਗਵਾ, ਸ਼ੋਸ਼ਣ ਤੇ ਲੁੱਟ ਦੇ ਦੋਸ਼ ਲਗਾਏ ਸਨ।

## ਦਿੱਲੀ ਨੂੰ ਪੂਰਨ ਰਾਜ ਦੇ ਦਰਜੇ ਬਾਰੇ ਲੋਕ ਰਾਇ ਲਵਾਂਗੇ: ਕੇਜਰੀਵਾਲ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੌਮੀ ਰਾਜਧਾਨੀ ਲਈ ਪੂਰਨ ਰਾਜ ਦੇ ਦਰਜੇ ਅਤੇ ਪੁਲਿਸ ਤੇ ਜ਼ਮੀਨ ਵਰਗੇ ਵਿਸ਼ਿਆਂ ਨੂੰ ਰਾਜ ਸਰਕਾਰ ਅਧੀਨ ਕਰਨ ਦੇ ਮੁੱਦੇ ਉਤੇ ਦਿੱਲੀ ਸਰਕਾਰ 'ਰਾਇਸ਼ੁਮਾਰੀ' ਦੀ ਥਾਂ ਲੋਕ ਰਾਇ ਲਵੇਗੀ।

ਇਸ ਮੁੱਦੇ ਉਤੇ ਪਹਿਲਾਂ ਰਾਇਸ਼ੁਮਾਰੀ ਦੀ ਮੰਗ ਕਰ ਚੁੱਕੇ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਸੰਵਿਧਾਨ ਵਿਚ ਅਜਿਹੀ ਵੋਟਿੰਗ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਇਹ ਟਿੱਪਣੀਆਂ ਦੋ ਘੰਟੇ ਤੱਕ ਚੱਲੇ 'ਟਾਕ ਟੂ ਏਕੇ' ਵਿਚਾਰ ਵਟਾਂਦਰਾ ਸੈਸ਼ਨ ਦੌਰਾਨ ਕੀਤੀਆਂ। ਇਸ ਦੌਰਾਨ ਉਨ੍ਹਾਂ ਮੁਫ਼ਤ ਵਾਈ-ਫਾਈ ਤੇ ਟਾਂਕ-ਜਿਸਤ ਸਣੇ 'ਆਪ' ਸਰਕਾਰ ਵੱਲੋਂ ਸ਼ੁਰੂ ਕੀਤੀਆਂ ਕਈ ਸਕੀਮਾਂ ਗਿਣਾਈਆਂ।

ਮੁੱਖ ਮੰਤਰੀ ਨੇ ਕਿਹਾ ਕਿ ਲੋਕ ਰਾਇ ਲੈਣਾ ਚੰਗਾ ਵਿਚਾਰ ਹੈ ਅਤੇ ਸਰਕਾਰ ਇਸ ਬਾਰੇ ਚਰਚਾ ਕਰ ਰਹੀ ਹੈ। ਕਈ ਲੋਕ ਇਸ ਨੂੰ ਰਾਇਸ਼ੁਮਾਰੀ ਦਾ ਨਾਂ ਦਿੰਦੇ ਹਨ, ਪਰ ਸੰਵਿਧਾਨ ਵਿਚ ਇਸ ਲਈ ਕੋਈ ਤਜਵੀਜ਼ ਨਹੀਂ ਹੈ। ਕੇਂਦਰ ਸਰਕਾਰ ਨਾਲ ਤਲਖ ਹੋਈ ਲੜਾਈ ਬਾਰੇ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਦਿੱਲੀ ਸਰਕਾਰ ਨਾਲ ਆਪਣੇ ਰਿਸ਼ਤਿਆਂ ਨੂੰ ਭਾਰਤ-ਪਾਕਿ ਸਬੰਧਾਂ ਵਾਂਗ ਬਣਾ ਦਿੱਤਾ ਹੈ।

# ਆਮ ਆਦਮੀ ਪਾਰਟੀ ਨੇ ਮਘਾਇਆ ਪੰਜਾਬ ਦਾ ਸਿਆਸੀ ਪਿੜ

### ਉਮੀਦਵਾਰਾਂ ਦੇ ਐਲਾਨ ਦੀਆਂ ਤਿਆਰੀਆਂ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਕਰਨ ਦਾ ਫੈਸਲਾ ਲੈਂਦਿਆਂ ਇਕ ਹਫਤੇ ਵਿਚ ਉਮੀਦਵਾਰਾਂ ਦੀ ਪਹਿਲੀ ਸੂਚੀ ਵੀ ਜਾਰੀ ਕਰਨ ਦੀ ਰਣਨੀਤੀ ਤਿਆਰ ਕੀਤੀ ਹੈ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਦਿੱਲੀ ਵਿਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੀਟਿੰਗ ਤੋਂ ਬਾਅਦ ਕਿਹਾ ਸੀ ਕਿ ਪਾਰਟੀ ਦੇ ਮੁੱਖ ਮੰਤਰੀ ਦੀ ਚੋਣ ਚੁਣੇ ਵਿਧਾਇਕ ਹੀ ਕਰਨਗੇ। ਪੰਜਾਬ ਦੀ ਪ੍ਰਚਾਰ ਕਮੇਟੀ ਦੇ ਮੁਖੀ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪਾਰਟੀ ਦੀ ਨਵੀਂ ਰਣਨੀਤੀ ਦਾ ਐਲਾਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਦੇ ਉਮੀਦਵਾਰ ਦਾ ਖੁਲਾਸਾ ਚੋਣ ਪ੍ਰਕਿਰਿਆ ਦੌਰਾਨ ਹੀ ਢੁਕਵੇਂ ਸਮੇਂ ਉਤੇ ਕਰ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ (ਆਪ) ਵੱਲੋਂ ਪਹਿਲੇ ਪੜਾਅ ਵਿਚ ਵਿਧਾਨ ਸਭਾ ਚੋਣਾਂ ਲਈ 25 ਉਮੀਦਵਾਰਾਂ ਦਾ ਐਲਾਨ ਕਰਨ ਦੀ ਤਿਆਰੀ ਕਰ ਲਈ ਗਈ ਹੈ। ਪਹਿਲੀ ਸੂਚੀ ਵਿਚ ਪ੍ਰਮੁੱਖ ਖਿਡਾਰੀ, ਪੁਲਿਸ ਤੇ ਸਿਵਲ ਅਧਿਕਾਰੀ, ਕਲਾਕਾਰ ਅਤੇ ਕੁਝ ਹੋਰ ਪਾਰਟੀਆਂ ਤੋਂ ਆਏ ਆਗੂ ਸ਼ਾਮਲ ਹੋ ਸਕਦੇ ਹਨ।

ਭਰੋਸੇਯੋਗ ਸੂਤਰਾਂ ਅਨੁਸਾਰ 'ਆਪ' ਦੀ ਚੰਡੀਗੜ੍ਹ ਹੋਈ ਮੀਟਿੰਗ ਵਿਚ ਜਿਥੇ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਵੱਲੋਂ ਪਾਰਟੀ ਨੂੰ ਧਾਰਮਿਕ ਮੁੱਦਿਆਂ ਵਿਚ ਉਲਝਾਉਣ ਦੀ ਰਣਨੀਤੀ ਦਾ ਡਟਵਾਂ ਮੁਕਾਬਲਾ ਕਰਨ ਉਤੇ ਚਰਚਾ ਕੀਤੀ ਗਈ, ਉਥੇ ਹਰੇਕ ਫਰੰਟ 'ਤੇ ਪੰਜਾਬ ਦੀ ਲੀਡਰਸ਼ਿਪ ਨੂੰ ਹੋਰ ਵਿਆਪਕ ਪੱਧਰ ਉਤੇ ਉਭਾਰਨ ਦੀ ਰਣਨੀਤੀ ਬਣਾਈ ਗਈ ਹੈ। ਇਸ ਤਹਿਤ ਸੰਸਦ ਮੈਂਬਰ ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਪ੍ਰਚਾਰ ਕਮੇਟੀ ਵਿਚਲੇ ਪੰਜਾਬੀ ਆਗੂਆਂ ਨੂੰ ਹੋਰ ਸਰਗਰਮ ਕੀਤਾ ਜਾ ਸਕਦਾ ਹੈ। ਸੂਤਰਾਂ ਅਨੁਸਾਰ ਪਾਰਟੀ ਜਲਦੀ ਹੀ ਉਮੀਦਵਾਰਾਂ ਦਾ ਐਲਾਨ ਕਰ ਕੇ ਉਨ੍ਹਾਂ ਰਾਹੀਂ ਰਾਜ ਦੀ ਸਿਆਸਤ ਵਿਚ ਪੰਜਾਬੀ ਚਿਹਰੇ ਉਭਾਰਨ ਦੇ ਰਾਹ ਪੈ ਰਹੀ ਹੈ।

ਪਹਿਲੇ ਪੜਾਅ ਵਿਚ 25 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਪਾਰਟੀ ਇਸ ਸੂਚੀ ਵਿਚ ਹਰੇਕ ਵਰਗ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼ਾਮਲ ਕਰਨ ਦੇ ਰੌਅ ਵਿਚ ਹੈ। ਦਰਅਸਲ 'ਆਪ' ਦੀ ਲੀਡਰਸ਼ਿਪ ਦੀ ਧਾਰਨਾ ਹੈ ਕਿ ਰਾਜ ਦੇ ਲੋਕ ਰਵਾਇਤੀ ਸਿਆਸੀ ਆਗੂਆਂ ਦੀ ਥਾਂ ਨਵੇਂ ਚਿਹਰਿਆਂ ਨੂੰ ਪਸੰਦ ਕਰਦੇ ਹਨ। ਇਸੇ ਆਧਾਰ ਉਤੇ ਹੀ ਪਾਰਟੀ ਵੱਲੋਂ ਸਮਾਜ ਦੇ ਵੱਖ-ਵੱਖ ਵਰਗਾਂ ਵਿਚਲੇ ਨਾਮੀ ਵਿਅਕਤੀਆਂ ਨੂੰ ਚੋਣਾਂ ਵਿਚ ਉਤਾਰਨ ਦੀ ਤਰਜੀਹ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਅਕਸਰ 'ਆਪ' ਉਤੇ ਬਾਹਰੀ ਆਗੂਆਂ ਦੇ ਭਾਰੂ ਹੋਣ ਦੇ ਸਿਆਸੀ ਦੋਸ਼ ਲਾਏ ਜਾ ਰਹੇ ਹਨ। ਇਸੇ ਤਰ੍ਹਾਂ ਪਾਰਟੀ ਦੇ ਅੰਦਰ ਵੀ ਕਿਸੇ ਨਾ ਕਿਸੇ ਰੂਪ ਵਿਚ ਇਕ ਧਿਰ ਪੰਜਾਬੀਆਂ ਅਤੇ ਦਿੱਲੀ ਵਾਲਿਆਂ ਦਾ ਮੁੱਦਾ ਉਛਾਲਦੀ ਆ ਰਹੀ ਹੈ।

ਸਿਖਰਲੀ ਲੀਡਰਸ਼ਿਪ ਨੇ ਜਲਦੀ ਉਮੀਦਵਾਰਾਂ ਦਾ ਐਲਾਨ ਕਰ ਕੇ ਪੰਜਾਬ ਦੀ ਸਿਆਸਤ ਵਿਚ ਵੱਧ ਤੋਂ ਵੱਧ ਪੰਜਾਬੀ ਚਿਹਰੇ ਲਿਆ ਕੇ ਇਨ੍ਹਾਂ ਦੂਸ਼ਣਾਂ ਦਾ ਜਵਾਬ ਦੇਣ ਦੀ ਤਿਆਰੀ ਕਰ ਲਈ ਹੈ। ਸੂਤਰਾਂ ਅਨੁਸਾਰ 'ਆਪ' ਪਹਿਲਾਂ ਹੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨ ਦੇ ਰੌਅ ਵਿਚ ਸੀ, ਪਰ ਯੂਥ ਮੈਨੀਫੈਸਟੋ ਦੇ ਮੁੱਖ ਪੰਨੇ ਦੇ ਵਿਵਾਦ ਅਤੇ ਪੰਜਾਬ ਪੁਲਿਸ ਵੱਲੋਂ ਮਾਲੇਰਕੋਟਲਾ ਕਾਂਡ ਵਿਚ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਦਾ ਨਾਂ ਸ਼ਾਮਲ ਕਰਨ ਕਾਰਨ ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਦਾ ਪ੍ਰੋਗਰਾਮ ਰੋਕਣਾ ਪਿਆ ਹੈ।

## ਕੇਜਰੀਵਾਲ ਦੀ ਪਤਨੀ ਵੀ ਸਿਆਸਤ ਵਿਚ!

**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਨੇ ਭਾਰਤੀ ਮਾਲ ਸੇਵਾਵਾਂ ਤੋਂ ਵਾਲੰਟੀਅਰੀ ਰਿਟਾਇਰਮੈਂਟ (ਵੀ.ਆਰ.ਐਸ.) ਲਈ ਹੈ। ਉਨ੍ਹਾਂ ਨੇ ਆਮਦਨ ਕਰ ਵਿਭਾਗ ਵਿਚ ਤਕਰੀਬਨ 22 ਸਾਲ ਨੌਕਰੀ ਕਰਨ ਤੋਂ ਬਾਅਦ ਫੈਸਲਾ ਕੀਤਾ ਹੈ। ਉਹ ਦਿੱਲੀ ਦੇ ਆਮਦਨ ਕਰ ਐਪੀਲੇਟ ਟ੍ਰਿਬਿਊਨਲ ਵਿਚ ਕਮਿਸ਼ਨਰ ਆਫ ਇਨਕਮ ਟੈਕਸ ਦੀ ਪੋਸਟ 'ਤੇ ਤਾਇਨਾਤ ਸੀ। ਅਫਸਰਾਂ ਨੇ ਦੱਸਿਆ ਕਿ ਸੁਨੀਤਾ ਨੇ ਇਸ ਸਾਲ ਦੀ ਸ਼ੁਰੂਆਤ 'ਤੇ ਹੀ ਵੀ.ਆਰ.ਐਸ. ਦੀ ਮੰਗ ਕੀਤੀ ਸੀ। ਇਸ ਉਤੇ ਸੈਂਟਰ ਬੋਰਡ ਆਫ ਡਾਇਰੈਕਟ ਟੈਕਸ ਨੇ ਹੁਣ ਹੁਕਮ ਜਾਰੀ ਕੀਤੇ ਹਨ। ਸੁਨੀਤਾ ਦੀ ਵੀ.ਆਰ.ਐਸ. 15 ਜੁਲਾਈ ਤੋਂ ਹੋਵੇਗੀ।

## 'ਆਪ' ਵਲੋਂ ਬਾਦਲ ਵਿਰੁਧ ਕੇਸ ਦਾਇਰ

**ਹੁਸ਼ਿਆਰਪੁਰ:** ਆਮ ਆਦਮੀ ਪਾਰਟੀ ਦੇ ਚੱਬੇਵਾਲ ਤੋਂ ਸੈਕਟਰ ਮੀਡੀਆ ਇੰਚਾਰਜ ਡਾ. ਕੁਲਵੰਤ ਸਿੰਘ ਨੇ ਇਥੋਂ ਦੀ ਅਦਾਲਤ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਾਇਰ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਪੰਜ ਅਗਸਤ ਨੂੰ ਰੱਖੀ ਹੈ। ਡਾ. ਕੁਲਵੰਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਮਾਈ ਭਾਗੋ ਸਕੀਮ ਤਹਿਤ ਜਿਹੜੇ ਸਾਈਕਲ ਵਿਦਿਆਰਥਣਾਂ ਨੂੰ ਦਿੱਤੇ ਗਏ, ਉਨ੍ਹਾਂ ਦੀ ਟੋਕਰੀ 'ਤੇ ਸ.ਬਾਦਲ ਨੇ ਆਪਣੀ ਫੋਟੋ ਲਵਾਈ ਹੋਈ ਹੈ ਤੇ ਮਾਈ ਭਾਗੋ ਦਾ ਨਾਂ ਚੇਨ ਕਵਰ 'ਤੇ ਲਿਖਵਾਇਆ ਹੈ। ਅਜਿਹਾ ਕਰ ਕੇ ਸ. ਬਾਦਲ ਨੇ ਸਾਰੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਪਹਿਲਾਂ ਹੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਮਾਤਾ ਚਿੰਤਪੁਰਨੀ ਦੀ ਫੋਟੋ ਆਪਣੇ ਬੱਸ ਚਾਲਕ ਦੇ ਪੈਰਾਂ ਕੋਲ ਲਗਵਾਉਣ ਸਬੰਧੀ ਸ਼ਿਕਾਇਤ ਜ਼ਿਲ੍ਹਾ ਪੁਲਿਸ ਮੁਖੀ (ਹੁਸ਼ਿਆਰਪੁਰ) ਨੂੰ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇ ਪੁਲਿਸ ਨੇ ਕਾਰਵਾਈ ਨਾ ਕੀਤੀ ਤਾਂ ਉਹ ਇਸ ਮਾਮਲੇ ਨੂੰ ਵੀ ਅਦਾਲਤ ਵਿਚ ਲੈ ਕੇ ਜਾਣਗੇ।

**Punjab Times**
**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਸ਼ਮੀਰੀਆਂ ਲਈ ਕੀ ਹਨ ਆਜ਼ਾਦੀ ਦੇ ਮਾਇਨੇ?



ਕਸ਼ਮੀਰ ਦੇ ਅਵਾਮ ਨੇ ਇਕ ਵਾਰ ਫਿਰ ਸਪਸ਼ਟ ਕਰ ਦਿਤਾ ਕਿ ਜਿਵੇਂ ਉਹ ਸਾਲ-ਦਰ-ਸਾਲ, ਦਹਾਕਾ-ਦਰ-ਦਹਾਕਾ, ਕਬਰ-ਦਰ-ਕਬਰ ਸਪਸ਼ਟ ਕਰਦੇ ਆਏ ਹਨ, ਕਿ ਉਹ ਜੋ ਚਾਹੁੰਦੇ ਹਨ, ਉਹ ਹੈ ਆਜ਼ਾਦੀ। ਦਰਅਸਲ 'ਅਵਾਮ' ਤੋਂ ਮੁਰਾਦ ਉਨ੍ਹਾਂ ਲੋਕਾਂ ਤੋਂ ਨਹੀਂ ਜਿਨ੍ਹਾਂ ਨੇ ਫ਼ੌਜ ਦੀਆਂ ਬੰਦੂਕਾਂ ਦੇ ਸਾਏ ਹੇਠ ਚੋਣਾਂ ਵਿਚ ਜਿੱਤ ਦਰਜ ਕੀਤੀ। ਇਸ ਤੋਂ ਮੁਰਾਦ ਉਨ੍ਹਾਂ ਆਗੂਆਂ ਤੋਂ ਵੀ ਨਹੀਂ ਜੋ ਆਪਣੇ ਘਰਾਂ ਵਿਚ ਲੁਕ ਜਾਂਦੇ ਹਨ ਅਤੇ ਅੱਜ ਵਰਗੇ ਜੋਖ਼ਮ ਵਾਲੇ ਸਮਿਆਂ ਵਿਚ ਘਰੋਂ ਬਾਹਰ ਨਹੀਂ ਨਿਕਲਦੇ।

ਜਦੋਂ ਅਸੀਂ ਸੁਰੱਖਿਆ ਬਲਾਂ ਵਲੋਂ ਨਿਹੱਥੇ ਪ੍ਰਦਰਸ਼ਨਕਾਰੀਆਂ ਉਪਰ ਬੰਦੂਕਾਂ ਸੇਧਣ, ਪੁਲਿਸ ਵਾਲਿਆਂ ਵਲੋਂ ਐਂਬੂਲੈਂਸਾਂ ਤੇ ਹਸਪਤਾਲਾਂ ਉਪਰ ਹਮਲੇ ਕਰਨ ਅਤੇ ਪੈਲੇਟ ਗੰਨਾਂ ਨਾਲ ਬੱਚਿਆਂ ਨੂੰ ਅੰਨ੍ਹੇ ਕਰਨ ਦੀ ਨਿਖੇਧੀ ਕਰਦੇ ਹਾਂ (ਤੇ ਸਾਨੂੰ ਕਰਨੀ ਵੀ ਚਾਹੀਦੀ ਹੈ) ਤਾਂ ਸਾਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਸਲੀ ਬਹਿਸ ਮਹਿਜ਼ ਕਸ਼ਮੀਰ ਘਾਟੀ ਵਿਚ ਹਿੰਦੁਸਤਾਨੀ ਸੁਰੱਖਿਆ ਬਲਾਂ ਵਲੋਂ ਮਨੁੱਖੀ ਹੱਕਾਂ ਦੇ ਉਲੰਘਣ ਤਕ ਮਹਿਦੂਦ ਨਹੀਂ ਹੋ ਸਕਦੀ। ਸੁਣਨ ਵਿਚ ਭਾਵੇਂ ਇਹ ਬਹੁਤ ਭਿਆਨਕ ਲੱਗੇ, ਲੇਕਿਨ ਇਹ ਹਿੰਸਾ ਤਾਂ ਆਜ਼ਾਦੀ ਦੇ ਸੰਘਰਸ਼ ਦੇ ਫ਼ੌਜੀ ਦਮਨ ਦਾ ਨਤੀਜਾ ਹੈ। ਲਾਜ਼ਮੀ ਅਤੇ ਅਟੱਲ ਨਤੀਜਾ। ਉਹ ਕਸ਼ਮੀਰੀ ਕਾਨੂੰਨ ਦਾ ਰਾਜ ਸਥਾਪਤ ਕਰਨ ਜਾਂ ਮਨੁੱਖੀ ਹੱਕਾਂ ਦੇ ਉਲੰਘਣ ਨੂੰ ਖ਼ਤਮ ਕਰਨ ਲਈ ਨਹੀਂ ਲੜ ਰਹੇ, ਉਹ ਆਜ਼ਾਦੀ ਲਈ ਲੜ ਰਹੇ ਹਨ ਅਤੇ ਇਸ ਦੇ ਲਈ ਲਈ ਉਹ ਗੋਲੀ ਦਾ ਮੁਕਾਬਲਾ ਪੱਥਰਾਂ ਨਾਲ ਕਰਨ ਲਈ ਤਿਆਰ ਹਨ। ਇਸ ਦੇ ਲਈ ਉਹ ਆਜ਼ਾਦੀ ਲਈ ਜਾਨਾਂ ਵਾਰਨ ਲਈ ਤਿਆਰ ਹਨ। ਇਸ ਦੇ ਲਈ ਉਹ ਨਾਫ਼ਰਮਾਨੀ ਦਾ ਖੁੱਲ੍ਹਾ ਮੁਜ਼ਾਹਰਾ ਕਰਨ ਲਈ ਤਿਆਰ ਹਨ ਜੋ ਦੁਨੀਆ ਦੇ ਇਸ ਸਭ ਤੋਂ ਸੰਘਣੇ ਫ਼ੌਜੀ ਖੇਤਰ ਵਿਚ ਉਨ੍ਹਾਂ ਦੀ ਮੌਤ ਜਾਂ ਜੇਲ੍ਹਾਂ ਵਿਚ ਡੱਕੇ ਜਾਣ ਦਾ ਕਾਰਨ ਬਣ ਸਕਦਾ ਹੈ। ਇਸ ਦੇ ਲਈ ਉਹ ਹਥਿਆਰ ਚੁੱਕਣ ਅਤੇ ਇਹ ਭਲੀਭਾਂਤ ਜਾਣਦੇ ਹੋਏ ਵੀ, ਕਿ ਉਹ ਭਰ ਜਵਾਨੀ ਵਿਚ ਮਾਰੇ ਜਾਣਗੇ, ਮੌਤ ਤਕ ਸੰਘਰਸ਼ ਕਰਨ ਲਈ ਤਿਆਰ ਹਨ। ਉਹ ਇਹ ਸਾਬਤ ਵੀ ਕਰ ਚੁੱਕੇ ਹਨ। ਜੇ ਉਹ ਇਸ ਨੂੰ ਜਾਰੀ ਨਹੀਂ ਰੱਖਣਗੇ ਤਾਂ ਕੁਝ ਵੀ ਨਹੀਂ ਹੋਣਗੇ।

ਐਸਾ ਢੌਂਗ ਕਰਨ ਦਾ ਕੋਈ ਫ਼ਾਇਦਾ ਨਹੀਂ ਜਿਵੇਂ ਹਿੰਦੁਸਤਾਨ ਸਰਕਾਰ ਕਰ ਰਹੀ ਹੈ ਕਿ ਇਹ ਅਮਨ-ਕਾਨੂੰਨ ਦਾ ਮਾਮੂਲੀ ਮਾਮਲਾ ਹੈ ਜਿਸ ਨੂੰ ਕੁਝ ਚੰਚਲ ਸੁਭਾਅ ਅਤੇ ਡੋਲਣ ਵਾਲੇ ਲੋਕ ਸਮੇਂ-ਸਮੇਂ 'ਤੇ ਵਿਗਾੜਦੇ ਰਹਿੰਦੇ ਹਨ। ਜੋ ਕੁਝ ਹੋ ਰਿਹਾ ਹੈ, ਉਹ ਇਕ ਐਸੇ ਖੇਤਰ ਵਿਚ ਬਹੁਤ ਭਿਆਨਕ ਅਤੇ ਬੇਕਾਬੂ ਹੁੰਦੇ ਜਾ ਰਹੇ ਹਾਲਾਤ ਦਾ ਪੇਚੀਦਾ ਸੰਕਟ ਹੈ ਜੋ ਪਰਮਾਣੂ ਤਾਕਤ ਪ੍ਰਾਪਤ ਦੋ ਵਿਰੋਧੀਆਂ ਦਰਮਿਆਨ ਪਿਸ ਰਿਹਾ ਹੈ, ਤੇ ਮਹਿਜ਼ ਇਸੇ ਇਕ ਵਜ੍ਹਾ ਨਾਲ ਕੁਲ ਆਲਮ ਨੂੰ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ।

ਜੇ ਅਸੀਂ ਸੱਚੀ ਹੀ ਇਸ ਸੰਕਟ ਤੋਂ ਨਿਜਾਤ ਪਾਉਣਾ ਚਾਹੁੰਦੇ ਹਾਂ, ਜੇ ਅਸੀਂ ਹਤਿਆਵਾਂ ਤੇ ਮੌਤਾਂ ਦੇ ਇਸ ਅੰਤਹੀਣ ਗੇੜ ਨੂੰ ਰੋਕਣਾ ਚਾਹੁੰਦੇ ਹਾਂ, ਜੇ ਅਸੀਂ ਖ਼ੂਨ-ਖ਼ਰਾਬੇ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਪਹਿਲਾ ਕਦਮ ਹੋਵੇਗਾ ਕਿ ਇਮਾਨਦਾਰੀ ਨਾਲ ਥੋੜ੍ਹੀ ਰਿਆਇਤ ਦਿਤੀ ਜਾਵੇ। ਸਾਨੂੰ ਦਿਆਨਤਦਾਰੀ ਨਾਲ ਸੰਵਾਦ ਚਲਾਉਣਾ ਹੋਵੇਗਾ। ਫਿਰ ਭਾਵੇਂ ਕਿੰਨੇ ਵੀ ਵੱਖਰੇ ਖ਼ਿਆਲ ਹੋਣ, ਭਾਵੇਂ ਇਕ ਦੂਜੇ ਤੋਂ ਕਿੰਨੇ ਵੀ ਵਿਰੋਧੀ ਖ਼ਿਆਲ ਹੋਣ! ਇਸ ਗੱਲਬਾਤ ਦਾ ਮੁੱਦਾ ਆਜ਼ਾਦੀ ਹੋਣਾ ਚਾਹੀਦਾ ਹੈ। ਕਸ਼ਮੀਰੀ ਲਈ ਆਜ਼ਾਦੀ ਦੇ ਸਹੀ ਮਾਅਨੇ ਕੀ ਹਨ? ਇਸ ਉਪਰ ਚਰਚਾ ਕਿਉਂ ਨਹੀਂ ਹੋ ਸਕਦੀ? ਨਕਸ਼ੇ ਕਦੋਂ ਤੋਂ ਪਵਿੱਤਰ ਹੋ ਗਏ? ਕੀ ਅਵਾਮ ਦੇ ਸਵੈਨਿਰਣੇ ਦੇ ਹੱਕ ਨੂੰ ਕਿਸੇ ਵੀ ਕੀਮਤ 'ਤੇ ਖ਼ਾਰਜ ਕੀਤਾ ਜਾ ਸਕਦਾ ਹੈ? ਕੀ ਹਿੰਦੁਸਤਾਨ ਦਾ ਅਵਾਮ ਆਪਣੀ ਜ਼ਮੀਰ ਦੀ ਆਵਾਜ਼ ਉਪਰ ਹਜ਼ਾਰਾਂ ਆਮ ਲੋਕਾਂ ਦਾ ਖ਼ੂਨ ਵਹਾਉਣ ਲਈ ਤਿਆਰ ਹੈ? ਕਿਸ ਇਖ਼ਲਾਕੀ ਹੱਕ ਨਾਲ ਅਸੀਂ ਆਪਣੇ ਸਾਹਮਣੇ ਵਾਪਰ ਰਹੀਆਂ ਭਿਆਨਕ ਘਟਨਾਵਾਂ ਉਪਰ ਗੱਲ ਕਰ ਸਕਦੇ ਹਾਂ, ਜੇ ਅਸੀਂ ਇਸ ਭਿਆਨਕਤਾ ਨੂੰ ਨਿਗਲ ਜਾਣ ਲਈ ਤਿਆਰ ਹਾਂ? ਕੀ ਕਸ਼ਮੀਰ ਬਾਬਤ ਹਿੰਦੁਸਤਾਨ ਦੀ ਇਹ ਕਾਲਪਨਿਕ 'ਆਮ ਸਹਿਮਤੀ' ਅਸਲੀ ਹੈ ਜਾਂ ਇਸ ਨੂੰ ਘੜਿਆ ਗਿਆ ਹੈ? ਕੀ ਇਸ ਨਾਲ ਕੋਈ ਫ਼ਰਕ ਪੈਂਦਾ ਹੈ? ਸਚਾਈ ਤਾਂ ਇਹ ਹੈ ਕਿ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ। ਫ਼ਰਕ ਇਸ ਨਾਲ ਪੈਂਦਾ ਹੈ ਕਿ ਕਸ਼ਮੀਰੀ ਕੀ ਚਾਹੁੰਦੇ ਹਨ, ਤੇ ਕਿਵੇਂ ਅਮਨਪੂਰਨ ਅਤੇ ਜਮਹੂਰੀ ਤਰੀਕਿਆਂ ਨਾਲ ਆਮ ਸਹਿਮਤੀ 'ਤੇ ਅੱਪੜਨਾ ਸੰਭਵ ਹੋਵੇਗਾ।

ਜੇ ਇਸ ਖ਼ੌਫ਼ਨਾਕ ਅਤੇ ਅੰਤਹੀਣ ਨਜ਼ਰ ਆ ਰਹੀ ਤ੍ਰਾਸਦੀ ਦਾ ਕੋਈ ਹੱਲ ਹੈ ਤਾਂ ਉਹ ਇਹੀ ਹੈ ਕਿ ਸਾਨੂੰ ਸਪਸ਼ਟਤਾ ਨਾਲ ਸੋਚਣ, ਬੇਬਾਕੀ ਨਾਲ ਬੋਲਣ ਅਤੇ ਉਨ੍ਹਾਂ ਗੱਲਾਂ ਨੂੰ ਬੇਖ਼ੌਫ਼ ਹੋ ਕੇ ਸੁਣਨ ਦੇ ਸਮਰੱਥ ਹੋਣਾ ਹੋਵੇਗਾ ਜਿਨ੍ਹਾਂ ਨੂੰ ਸ਼ਾਇਦ ਅਸੀਂ ਸੁਣਨਾ ਨਹੀਂ ਚਾਹੁੰਦੇ। ਸਾਨੂੰ ਨਵੀਂ ਕਲਪਨਾ ਦੀ ਤਲਾਸ਼ ਕਰਨੀ ਹੋਵੇਗੀ। ਇਹ ਝਗੜੇ ਨਾਲ ਜੁੜੀ ਹਰ ਧਿਰ ਉਪਰ ਲਾਗੂ ਹੁੰਦਾ ਹੈ। ਇਸ ਨਾਲ ਅਸੀਂ ਕੁਝ ਖ਼ੂਬਸੂਰਤ ਹਾਸਲ ਕਰ ਸਕਦੇ ਹਾਂ। ਕਿਉਂ ਨਹੀਂ? ਆਖ਼ਿਰ ਕਦੋਂ ਤਕ ਨਹੀਂ?

***-ਅਰੁੰਧਤੀ ਰਾਏ***
***ਅਨੁਵਾਦ: ਬੂਟਾ ਸਿੰਘ***

## ਹੈਦਰਾਬਾਦ 'ਵਰਸਿਟੀ ਵਿਚ ਪੰਜਾਬੀ ਵਿਦਿਆਰਥੀ ਕੁੱਟਿਆ

**ਹੈਦਰਾਬਾਦ:** ਹੈਦਰਾਬਾਦ ਯੂਨੀਵਰਸਿਟੀ 'ਚ ਪੰਜਾਬੀ ਖੋਜ ਵਿਦਿਆਰਥੀ ਨੂੰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਮੈਂਬਰਾਂ ਨੇ ਕਸ਼ਮੀਰੀ ਸਮਝ ਕੇ ਮਾਰਕੁੱਟ ਕੀਤੀ। ਇਕ ਅੰਗਰੇਜ਼ੀ ਵੈਬਸਾਈਟ ਦੀ ਰਿਪੋਰਟ ਮੁਤਾਬਕ ਪ੍ਰੀਤ ਅਮੋਲ ਸਿੰਘ (25) ਪਟਿਆਲੇ ਦੇ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ ਤੇ ਜਦੋਂ ਉਹ ਕਸ਼ਮੀਰ ਮੁੱਦੇ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰਨ ਤੋਂ ਬਾਅਦ ਆਪਣੇ ਹੋਸਟਲ ਨੂੰ ਜਾ ਰਿਹਾ ਸੀ ਤਾਂ ਏ.ਬੀ.ਵੀ.ਪੀ. ਦੇ 20-25 ਮੈਂਬਰਾਂ ਨੇ ਉਸ 'ਤੇ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਸ ਨੇ ਦੱਸਿਆ ਕਿ ਸ਼ਾਇਦ ਰੂਪ-ਰੰਗ ਤੋਂ ਉਸ ਨੂੰ ਇਨ੍ਹਾਂ ਲੋਕਾਂ ਨੇ ਬਿਲਾਲ ਸਮਝ ਲਿਆ ਹੋਵੇ, ਬਿਲਾਲ ਇਕ ਕਸ਼ਮੀਰੀ ਵਿਦਿਆਰਥੀ ਸੀ ਜੋ ਯੂਨੀਵਰਸਿਟੀ ਤੋਂ ਪੀ.ਐਚ.ਡੀ. ਪਾਸ ਕਰ ਕੇ ਜਾ ਚੁੱਕਾ ਹੈ।

## ਆਪ ਵਿਧਾਇਕ 'ਤੇ ਸ਼ਿਕੰਜਾ ਕੱਸਿਆ

**ਨਵੀਂ ਦਿੱਲੀ:** ਕੋਂਡਲੀ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨੋਜ ਕੁਮਾਰ ਇਕ ਵਾਰ ਫਿਰ ਤੋਂ ਕਾਨੂੰਨੀ ਸ਼ਿਕੰਜੇ 'ਚ ਫਸਦੇ ਨਜ਼ਰ ਆ ਰਹੇ ਹਨ। ਵਿਧਾਇਕ ਦੀ ਪਤਨੀ ਨੇ ਉਨ੍ਹਾਂ ਖਿਲਾਫ ਘਰੇਲੂ ਹਿੰਸਾ ਦਾ ਮਾਮਲਾ ਦਰਜ ਕਰਵਾਇਆ ਅਤੇ ਹੁਣ ਦਿੱਲੀ ਮਹਿਲਾ ਕਮਿਸ਼ਨ ਵੱਲੋਂ ਸੰਮਨ ਭੇਜਿਆ ਗਿਆ ਹੈ।

ਇਸ ਤੋਂ ਪਹਿਲਾਂ ਮਹਿਲਾ ਨੇ ਵਿਧਾਇਕ ਦੇ ਖਿਲਾਫ ਛੇੜਛਾੜ ਤੇ ਕੁੱਟਮਾਰ ਦਾ ਕੇਸ ਦਰਜ ਕਰਵਾਇਆ ਸੀ ਅਤੇ ਇਸ ਮਾਮਲੇ 'ਚ ਵਿਧਾਇਕ ਦੀ ਗ੍ਰਿਫਤਾਰੀ ਵੀ ਹੋਈ ਸੀ।

# ਸਿੱਧੂ ਜੋੜੇ ਵੱਲੋਂ ਭਾਜਪਾ ਨੂੰ ਝਟਕਾ

***(ਸਫਾ ਇਕ ਦੀ ਬਾਕੀ)***

ਸਿੰਘ ਬਾਦਲ ਨੇ ਅਹਿਮ ਭੂਮਿਕਾ ਨਿਭਾਈ ਸੀ। ਜੇਤਲੀ ਦੀ ਨਮੋਸ਼ੀਪੂਰਨ ਹਾਰ ਅਤੇ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਵੱਲੋਂ ਬਾਦਲਾਂ ਵਿਰੁੱਧ ਖੋਲ੍ਹੇ ਮੋਰਚੇ ਨੇ ਦੋਵਾਂ ਪਾਰਟੀਆਂ ਦੇ ਗੱਠਜੋੜ ਨੂੰ ਕਈ ਵਾਰ ਚੁਣੌਤੀ ਪੇਸ਼ ਕੀਤੀ।

ਬੀਬੀ ਸਿੱਧੂ ਉਸ ਦੇ ਹਲਕੇ ਨਾਲ ਵਿਕਾਸ ਕਾਰਜਾਂ ਵਿਚ ਵਿਤਕਰੇ ਸਬੰਧੀ ਵੀ ਬਾਦਲਾਂ ਤੋਂ ਖਾਸੀ ਨਾਰਾਜ਼ ਸੀ ਤੇ ਵਿਧਾਨ ਸਭਾ ਚੋਣਾਂ ਅਕਾਲੀ ਦਲ ਨਾਲ ਰਲ ਕੇ ਨਾ ਲੜਨ ਦਾ ਐਲਾਨ ਕੀਤਾ ਹੋਇਆ ਹੈ। ਯਾਦ ਰਹੇ ਕਿ ਇਸੇ ਸਾਲ ਪਹਿਲੀ ਅਪਰੈਲ ਨੂੰ ਬੀਬੀ ਸਿੱਧੂ ਨੇ ਵੀ ਸੋਸ਼ਲ ਮੀਡੀਆ 'ਤੇ ਅਸਤੀਫੇ ਦਾ ਐਲਾਨ ਕਰ ਦਿੱਤਾ ਸੀ, ਪਰ ਪਿੱਛੋਂ ਕੁਝ ਸੀਨੀਅਰ ਆਗੂਆਂ ਦੇ ਸਮਝਾਉਣ ਕਾਰਨ ਇਸ ਐਲਾਨ ਨੂੰ 'ਐਪਰਲ ਫੂਲ' ਦਾ ਨਾਂ ਦੇ ਦਿਤਾ ਗਿਆ ਸੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਹਮੇਸ਼ਾ ਇਹ ਗੱਲ ਕਹਿੰਦੇ ਰਹੇ ਹਨ ਕਿ ਦੋਵਾਂ ਪਾਰਟੀਆਂ ਦਰਮਿਆਨ ਸਬੰਧ ਚੱਟਾਨ ਵਾਂਗੂ ਮਜ਼ਬੂਤ ਹਨ, ਪਰ ਆਪਸੀ ਕੁਤੱਤਣ ਜੱਗ-ਜ਼ਾਹਿਰ ਹੈ। ਪੰਜਾਬ ਭਾਜਪਾ ਦੇ ਵੱਡੀ ਗਿਣਤੀ ਆਗੂ ਅਕਾਲੀਆਂ ਨਾਲ ਭਾਈਵਾਲੀ ਖਤਮ ਕਰਨ ਲਈ ਦਿੱਲੀ ਹਾਈਕਮਾਨ ਕੋਲ ਪਹੁੰਚ ਕਰ ਚੁੱਕੇ ਹਨ। ਉਧਰ, ਅਕਾਲੀ ਦਲ ਵੀ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਪੰਜਾਬ ਨਾਲ ਕੀਤੇ ਵਿਤਕਰੇ ਕਾਰਨ ਭਾਜਪਾ ਤੋਂ ਨਾਰਾਜ਼ ਹੈ। ਨੀਤੀ ਆਯੋਗ ਦੀ ਸਥਾਪਨਾ, ਕੇਂਦਰ-ਰਾਜ ਸਬੰਧਾਂ ਦੇ ਮੁੱਦੇ, ਫਸਲ ਬੀਮਾ ਤੇ ਹੜ੍ਹ-ਸੋਕੇ ਜਿਹੀਆਂ ਰਾਹਤ ਯੋਜਨਾਵਾਂ ਦੀਆਂ ਸ਼ਰਤਾਂ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਨਾ ਕਰਨਾ, ਪੰਜਾਬ ਦੇ ਕਰਜ਼ੇ ਦੀ ਮੁਆਫੀ, ਗੁਆਂਢੀ ਪਹਾੜੀ ਰਾਜਾਂ ਨੂੰ ਰਿਆਇਤਾਂ ਜਾਰੀ ਰੱਖਣ ਅਤੇ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਨਾ ਦੇਣ ਜਿਹੇ ਕਈ ਮੁੱਦਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਇਤਰਾਜ਼ ਪ੍ਰਗਟ ਕਰਦਾ ਰਿਹਾ ਹੈ।

ਦੂਜੇ ਪਾਸੇ ਭਾਜਪਾ ਦੀ ਸੂਬਾਈ ਲੀਡਰਸ਼ਿਪ ਵੀ ਸ਼੍ਰੋਮਣੀ ਅਕਾਲੀ ਦਲ ਉਤੇ ਭਾਜਪਾ ਦੇ ਹਿਤਾਂ, ਇਸ ਦੇ ਸੂਬਾਈ ਆਗੂਆਂ, ਵਰਕਰਾਂ ਅਤੇ ਇਸ ਦੇ ਵੋਟ ਬੈਂਕ ਸ਼ਹਿਰਾਂ ਦੇ ਵਿਕਾਸ ਨੂੰ ਨਜ਼ਰ ਅੰਦਾਜ਼ ਕਰਨ ਦੇ ਦੋਸ਼ ਲਾਉਂਦੀ ਆ ਰਹੀ ਹੈ। ਉਸ ਦੇ ਬਾਵਜੂਦ ਦੋਵੇਂ ਧਿਰਾਂ ਅਣਸਰਦੀ ਦਾ ਗੱਠਜੋੜ ਨਿਭਾਉਣ ਲਈ ਮਜਬੂਰ ਹਨ।

# ਉਘੀ ਗਾਇਕਾ ਮੁਬਾਰਕ ਬੇਗਮ ਦਾ ਦੇਹਾਂਤ



**ਮੁੰਬਈ:** ਸਾਲ 1961 ਦੀ ਰੋਮਾਂਟਿਕ ਫਿਲਮ 'ਹਮਾਰੀ ਯਾਦ ਆਏਗੀ' ਦੇ ਟਾਈਟਲ ਗੀਤ ਨੂੰ ਸੁਰੀਲੀ ਆਵਾਜ਼ ਨਾਲ ਯਾਦਗਾਰ ਬਣਾਉਣ ਵਾਲੀ ਉਘੀ ਗਾਇਕਾ ਮੁਬਾਰਕ ਬੇਗਮ ਦਾ ਇਥੇ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਹ 80 ਸਾਲਾਂ ਦੀ ਸੀ।

1950 ਤੋਂ ਲੈ ਕੇ 1970 ਦੇ ਦਹਾਕਿਆਂ ਦੌਰਾਨ ਹਿੰਦੀ ਫਿਲਮਾਂ ਦੇ ਕਈ ਗੀਤਾਂ ਅਤੇ ਗ਼ਜ਼ਲਾਂ ਵਿਚ ਆਪਣੀ ਆਵਾਜ਼ ਦਾ ਜਾਦੂ ਬਿਖੇਰਨ ਵਾਲੀ ਮੁਬਾਰਕ ਬੇਗਮ ਦੀ ਸਿਹਤ ਪਿਛਲੇ ਕੁਝ ਸਮੇਂ ਤੋਂ ਠੀਕ ਨਹੀਂ ਸੀ। ਉਨ੍ਹਾਂ ਨੇ 1949 ਵਿਚ ਰਿਲੀਜ਼ ਹੋਈ ਫਿਲਮ 'ਆਈਏ' ਨਾਲ ਗਾਇਨ ਵਿਚ ਆਪਣੇ ਕਰੀਅਰ ਦਾ ਆਗਾਜ਼ ਕੀਤਾ ਸੀ ਜਿਸ ਵਿਚ ਉਨ੍ਹਾਂ ਸੋਲੋ ਗੀਤ 'ਮੋਹੇ ਆਨੇ ਲਗੀ ਅੰਗੜਾਈ ਆ ਜਾ ਆ ਜਾ' ਅਤੇ ਲਤਾ ਮੰਗੇਸ਼ਕਰ ਨਾਲ 'ਆਓ ਚਲੇਂ ਸਖੀ ਵਹਾਂ' ਗੀਤ ਗਾਏ ਸਨ। ਬੇਗਮ ਨੇ 1950 ਤੋਂ 1960 ਦੇ ਦਹਾਕੇ ਵਿਚ ਫਿਲਮ ਜਗਤ ਦੇ ਸਰਵੋਤਮ ਸੰਗੀਤ ਨਿਰਦੇਸ਼ਕਾਂ ਐਸ.ਡੀ. ਬਰਮਨ, ਸ਼ੰਕਰ ਜੈਕਿਸ਼ਨ ਅਤੇ ਖੱਯਾਮ ਨਾਲ ਸੁਨੀਲ ਦੱਤ, ਨਰਗਿਸ ਅਤੇ ਰਾਜੇਂਦਰ ਕੁਮਾਰ ਵਰਗੇ ਸਿਤਾਰਿਆਂ ਦੀਆਂ ਫਿਲਮਾਂ ਵਿਚ ਕੰਮ ਕੀਤਾ। ਮੁਬਾਰਕ ਬੇਗਮ ਨੇ ਬਿਮਲ ਰਾਏ ਦੀ ਫਿਲਮ 'ਦੇਵਦਾਸ' ਵਿਚ 'ਵੋ ਨਾ ਆਏਂਗੇ ਪਲਟ ਕਰ' ਗੀਤ ਗਾਇਆ ਜਿਸ ਦੇ ਸੰਗੀਤਕਾਰ ਐਸ.ਡੀ. ਬਰਮਨ ਸਨ। ਰਾਏ ਦੀ ਫਿਲਮ 'ਮਧੂਮਤੀ' ਵਿਚ ਵੀ ਉਨ੍ਹਾਂ ਯਾਦਗਾਰੀ 'ਹਮ ਹਾਲ-ਏ-ਦਿਲ ਸੁਨਾਏਂਗੇ' ਗੀਤ ਗਾਇਆ। ਤਨੂਜਾ ਦੇ ਅਭਿਨੈ ਵਾਲੀ ਫਿਲਮ 'ਹਮਾਰੀ ਯਾਦ ਆਏਗੀ' ਦਾ ਟਾਈਟਲ ਗੀਤ 'ਕਭੀ ਤਨਹਾਈਓਂ ਮੇਂ ਹਮਾਰੀ ਯਾਦ ਆਏਗੀ' ਮੁਬਾਰਕ ਬੇਗਮ ਦੇ ਸਭ ਤੋਂ ਯਾਦਗਾਰੀ ਗੀਤਾਂ ਵਿਚੋਂ ਇਕ ਹੈ। 1980 ਵਿਚ ਰਿਲੀਜ਼ ਹੋਈ ਕਾਮੇਡੀ ਫਿਲਮ 'ਰਾਮੂ ਤੋ ਦੀਵਾਨਾ ਹੈ' ਵਿਚ ਉਨ੍ਹਾਂ 'ਸਾਂਵਰੀਆ ਤੇਰੀ ਯਾਦ ਮੇਂ' ਗੀਤ ਗਾਇਆ ਜੋ ਉਨ੍ਹਾਂ ਦੇ ਕਰੀਅਰ ਦੇ ਆਖ਼ਰੀ ਗੀਤਾਂ ਵਿਚੋਂ ਇਕ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਹੁਗਿਣਤੀ ਦੇ ਕੌਮਵਾਦ ਕਾਰਨ ਕਸ਼ਮੀਰ ਅੱਜ ਤੱਕ ਸੜ ਰਿਹਾ ਹੈ-ਬੀਰਦਵਿੰਦਰ

**ਚੰਡੀਗੜ੍ਹ (ਬਿਊਰੋ):** ਪ੍ਰਸਿੱਧ ਰਾਜਨੀਤਕ ਚਿੰਤਕ ਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਮੁਲਕ ਦੀ ਬਹੁਗਿਣਤੀ ਦੇ ਅਖੌਤੀ ਕੌਮਵਾਦ ਕਾਰਨ ਕਸ਼ਮੀਰ ਪਿਛਲੇ 78 ਸਾਲਾਂ ਤੋਂ ਲਗਾਤਾਰ ਸੜ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਗਿਣਤੀ ਦੇ ਕੌਮਵਾਦ ਵਿਚ ਘੱਟ ਗਿਣਤੀਆਂ ਦੀਆਂ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਉਮੰਗਾਂ ਲਈ ਕੋਈ ਥਾਂ ਨਹੀਂ ਹੈ ਅਤੇ ਇਹੀ ਰੁਝਾਨ ਮੁਲਕ ਲਈ ਸਭ ਤੋਂ ਵੱਡਾ ਖਤਰਾ ਹੈ।

ਬੀਰ ਦਵਿੰਦਰ ਸਿੰਘ ਪਿਛਲੇ ਦਿਨੀਂ ਇਥੋਂ ਦੇ ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵਿਮੈਨ ਵਿਚ ਸਿੱਖ ਐਜੂਕੇਸ਼ਨਲ ਸੁਸਾਇਟੀ ਵਲੋਂ ਕਰਵਾਏ ਗਏ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸਮਾਗਮ ਵਿਚ ਬੋਲ ਰਹੇ ਸਨ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨੇ ਕਿਹਾ ਕਿ ਭਾਰਤੀ ਸਟੇਟ ਦੀ ਸਮੱਸਿਆ ਇਹ ਹੈ ਕਿ ਇਥੇ ਘੱਟ ਗਿਣਤੀਆਂ ਦੀਆਂ ਰੀਝਾਂ ਤੇ ਅਕਾਂਖਿਆਵਾਂ ਨੂੰ ਫਿਰਕਾਪ੍ਰਸਤੀ ਗਰਦਾਨਿਆ ਜਾਂਦਾ ਹੈ ਜਦੋਂ ਕਿ ਬਹੁਗਿਣਤੀ ਦੀਆਂ ਇਛਾਵਾਂ ਨੂੰ ਕੌਮਪ੍ਰਸਤੀ ਦਾ ਨਾਂ ਦਿੱਤਾ ਜਾਂਦਾ ਹੈ। ਇਸੇ ਗਲਤ ਧਾਰਨਾ ਕਰ ਕੇ ਮੁਲਕ ਵਿਚ ਪਿਛਲੇ ਸਮੇਂ ਦੌਰਾਨ ਉਠੀਆਂ ਘੱਟ ਗਿਣਤੀਆਂ ਦੀਆਂ ਹੱਕੀ ਲਹਿਰਾਂ ਨੂੰ ਵੀ ਕੁਚਲਿਆ ਜਾਂਦਾ ਰਿਹਾ ਹੈ। ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ ਕਿ ਆਜ਼ਾਦੀ ਤੋਂ ਫੌਰਨ ਬਾਅਦ ਭਾਰਤੀ ਸੰਵਿਧਾਨ ਦੇ ਰਚਨਹਾਰੇ ਡਾ. ਬੀ.ਆਰ. ਅੰਬੇਦਕਰ ਨੂੰ ਵੀ ਅਹਿਸਾਸ ਹੋ ਗਿਆ ਸੀ ਕਿ ਭਾਰਤੀ ਸਟੇਟ ਦਾ ਸਰੂਪ ਬਹੁਗਿਣਤੀ ਸਟੇਟ ਵਾਲਾ ਬਣ ਗਿਆ ਹੈ ਅਤੇ ਘੱਟ ਗਿਣਤੀਆਂ ਨੂੰ ਇਸ ਵਿਚ ਬਹੁਗਿਣਤੀ ਦੇ ਦਾਬੇ ਥੱਲੇ ਹੀ ਰਹਿਣਾ ਪਵੇਗਾ।

ਸਿੱਖ ਭਾਈਚਾਰੇ ਦੀ ਗੱਲ ਕਰਦਿਆਂ, ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਮੁਲਕ ਦੀਆਂ ਬਾਕੀ ਘੱਟ ਗਿਣਤੀਆਂ ਨੂੰ ਤਾਂ ਸਿਰਫ ਆਰਥਿਕ, ਸਮਾਜਿਕ ਜਾਂ ਰਾਜਨੀਤਕ ਵਿਤਕਰੇ ਜਾਂ ਸੁਰੱਖਿਆ ਨੂੰ ਲੈ ਕੇ ਮੁਸ਼ਕਲਾਂ ਹਨ, ਪਰ ਸਿੱਖਾਂ ਨੂੰ ਸਭ ਤੋਂ ਵੱਡਾ ਡਰ ਬਹੁਗਿਣਤੀ ਵਲੋਂ ਇਸ ਦੀ ਵਿਲੱਖਣ ਪਛਾਣ ਤੇ ਹਸਤੀ ਨੂੰ ਨਿਗਲ ਜਾਣ ਦਾ ਹੈ ਅਤੇ ਇਸ ਦੀ ਵਜ੍ਹਾ ਸਿੱਖ ਲੀਡਰਸ਼ਿਪ ਵਲੋਂ ਮੁਲਕ ਦੀ ਆਜ਼ਾਦੀ ਸਮੇਂ ਕਾਂਗਰਸੀ ਆਗੂਆਂ ਉਤੇ ਕੀਤਾ ਗਿਆ ਅੰਨ੍ਹਾਂ ਵਿਸ਼ਵਾਸ਼ ਹੈ ਜੋ ਸਿੱਖ ਭਾਈਚਾਰੇ ਲਈ ਸਰਾਪ ਬਣਿਆ ਹੋਇਆ ਹੈ। ਭਾਰਤੀ ਸਟੇਟ ਨੇ ਸਿੱਖਾਂ ਨੂੰ ਦਬਾਅ ਕੇ ਰੱਖਣ ਲਈ ਹਰ ਦਮਨ ਤੇ ਹਰਬਾ ਵਰਤਿਆ ਹੈ।



ਬੀਰ ਦਵਿੰਦਰ ਸਿੰਘ ਨੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਬਾਰੇ ਬਹੁਤ ਹੀ ਭਾਵਕ ਸੁਰ ਵਿਚ ਗੱਲ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਸਾਧਾਰਣ ਤੋਂ ਸਾਧਾਰਣ ਵਰਕਰ ਦਾ ਵੀ ਬਹੁਤ ਜ਼ਿਆਦਾ ਖ਼ਿਆਲ ਰੱਖਦੇ ਸਨ। ਉਹ ਆਖਰੀ ਅਕਾਲੀ ਆਗੂ ਸਨ ਜਿਨ੍ਹਾਂ ਦਾ ਇੱਕੋ ਇੱਕ ਮਕਸਦ ਸਿੱਖ ਪੰਥ ਦੀ ਸੇਵਾ ਕਰਨਾ ਸੀ।

ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਮੁਖੀ ਡਾ. ਕੇਹਰ ਸਿੰਘ ਨੇ ਸੈਮੀਨਾਰ ਵਿਚ ਆਪਣਾ ਪਰਚਾ 'ਸਿੱਖਾਂ ਦੀ ਆਜ਼ਾਦੀ ਦੀ ਤਾਂਘ ਦੇ ਵੱਖ ਵੱਖ ਪਹਿਲੂ' ਪੇਸ਼ ਕਰਦਿਆਂ ਕਿਹਾ ਕਿ ਸਿੱਖਾਂ ਵਲੋਂ ਵੱਖਰੀ ਸਟੇਟ ਦੀ ਮੰਗ ਸਭ ਤੋਂ ਪਹਿਲਾਂ ਪਾਕਿਸਤਾਨ ਦੀ ਮੰਗ ਦੇ ਪ੍ਰਤੀਕਰਮ ਵਜੋਂ ਕੀਤੀ ਗਈ ਸੀ। ਆਜ਼ਾਦੀ ਤੋਂ ਬਾਅਦ ਖਾਲਿਸਤਾਨ ਦੀ ਮੰਗ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੇ ਪ੍ਰਤੀਕਰਮ ਕਾਰਨ ਉਠੀ ਸੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵਿਚ ਸਮੇਂ ਸਮੇਂ ਉਠਦੀ ਰਹੀ ਖ਼ਾਲਿਸਤਾਨ ਜਾਂ ਵੱਖਰੀ ਸਿੱਖ ਸਟੇਟ ਦੀ ਮੰਗ ਦਾ ਆਧਾਰ ਸਿਧਾਂਤਕ ਜਾਂ ਵਿਚਾਰਧਾਰਕ ਹੋਣ ਦੀ ਥਾਂ ਗੁੱਸੇ ਤੇ ਬੇਗਾਨਗੀ ਦਾ ਅਹਿਸਾਸ ਰਿਹਾ ਹੈ। ਡਾ. ਕੇਹਰ ਸਿੰਘ ਨੇ ਕਿਹਾ ਕਿ ਮੁਲਕ ਦੇ ਹੁਕਮਰਾਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੱਖਾਂ ਵਰਗੀ ਅਣਖੀਲੀ ਤੇ ਸਵੈਮਾਣੀ ਘੱਟ ਗਿਣਤੀ ਨੂੰ ਦਬਾਅ ਕੇ ਰੱਖਣ ਨਾਲ ਕੋਈ ਕੌਮੀ ਮਕਸਦ ਪੂਰਾ ਨਹੀਂ ਹੋਣਾ।

ਭਾਰਤੀ ਸੰਵਿਧਾਨ ਵਿਚ ਬਹੁਭਾਂਤੀ ਸਭਿਆਚਾਰਾਂ ਨੂੰ ਮੁਲਕ ਵਿਚ ਪ੍ਰਫੁੱਲਤ ਹੋਣ ਦੇ ਅਤੇ ਫੈਡਰਲ ਢਾਂਚੇ ਨੂੰ ਅਪਨਾਉਣ ਦੀਆਂ ਅਸੀਮ ਸੰਭਾਵਨਾਵਾਂ ਉਤੇ ਜ਼ੋਰ ਦਿੰਦਿਆਂ ਡਾ. ਕੇਹਰ ਸਿੰਘ ਨੇ ਕਿਹਾ ਕਿ ਲੋੜ ਮੁਲਕ ਨੂੰ ਚਲਾਉਣ ਵਾਲੇ ਵਿਅਕਤੀਆਂ ਦੇ ਅਖੌਤੀ ਰਾਸ਼ਟਰਵਾਦ ਦੀ ਕੈਦ ਵਿਚੋਂ ਬਾਹਰ ਆਉਣ ਦੀ ਹੈ। ਭਾਰਤ ਵਰਗੇ ਵਿਸ਼ਾਲ ਮੁਲਕ ਦੇ ਹੁਕਮਰਾਨਾਂ ਦੇ ਹਿਰਦੇ ਵੀ ਵਿਸ਼ਾਲ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਸਾਹਮਣੇ ਸਿਰਫ ਚੋਣਾਂ ਜਿੱਤਣ ਦਾ ਨਿਸ਼ਾਨਾ ਹੀ ਨਹੀਂ ਹੋਣਾ ਚਾਹੀਦਾ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਭਾਰਤੀ ਸੰਵਿਧਾਨ ਅੰਦਰ ਸਿੱਖਾਂ, ਬੋਧੀਆਂ ਅਤੇ ਜੈਨੀਆਂ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਘੱਟ ਗਿਣਤੀਆਂ ਦੀ ਆਪਣੀ ਵੱਖਰੀ ਪਛਾਣ ਬਾਰੇ ਫਿਕਰਮੰਦ ਹੋਣਾ ਕੁਦਰਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੀ ਵੱਧ ਸੰਵਿਧਾਨਕ ਮਾਨਤਾਵਾਂ ਦੀ ਬਹੁਗਿਣਤੀਵਾਦ ਹੀ ਅਕਸਰ ਉਲੰਘਣਾ ਕਰਦਾ ਆ ਰਿਹਾ ਹੈ।

ਸੈਮੀਨਾਰ ਦਾ ਪਿੜ੍ਹ ਬੰਨਦਿਆਂ ਗੁਦਰਸ਼ਨ ਸਿੰਘ ਬਾਹੀਆ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀਆਂ ਲਿਖਤਾਂ ਵਿਚੋਂ ਹਵਾਲੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਸਿਆਸਤ ਦਾ ਕੇਂਦਰੀ ਧੁਰਾ ਸਿੱਖਾਂ ਦੀ ਵੱਖਰੀ ਹੋਂਦ ਹਸਤੀ ਕਾਇਮ ਰੱਖਣ ਤੇ ਸਿੱਖ ਭਾਈਚਾਰੇ ਦੀ ਖੁਸ਼ਹਾਲੀ ਸੀ। ਉਨ੍ਹਾਂ ਇਸ ਸਬੰਧ ਵਿਚ ਜਥੇਦਾਰ ਟੌਹੜਾ ਵਲੋਂ 1978 ਦੀ ਅਕਾਲੀ ਕਾਨਫਰੰਸ ਵਿਚ ਦਿੱਤੇ ਭਾਸ਼ਣ 'ਭਾਰਤ ਵਿਚ ਫੈਡਰਲ ਢਾਂਚੇ ਦੀ ਲੋੜ ਕਿਉਂ?', ਅਟਲ ਬਿਹਾਰੀ ਵਾਜਪਾਈ ਸਰਕਾਰ ਸਮੇਂ ਬਣੇ ਸੰਵਿਧਾਨਕ ਪੁਨਰ ਵਿਚਾਰ ਕਮਿਸ਼ਨ ਨੂੰ ਦਿੱਤੇ ਯਾਦ ਪੱਤਰ ਅਤੇ ਕਨਫੈਡਰੇਸ਼ਨ ਦੀ ਮੰਗ ਕਰਨ ਵਾਲੇ 'ਅੰਮ੍ਰਿਤਸਰ ਐਲਾਨਨਾਮੇ' ਦਾ ਜ਼ਿਕਰ ਕੀਤਾ।



ਸਿੱਖ ਐਜੂਕੇਸ਼ਨਲ ਸੁਸਾਇਟੀ ਨੇ ਇਸ ਮੌਕੇ ਕਾਰ ਸੇਵਾ ਵਾਲੇ ਬਾਬਾ ਲਾਭ ਸਿੰਘ ਨੂੰ ਧਾਰਮਿਕ, ਵਿਦਿਅਕ ਅਤੇ ਸਮਾਜਿਕ ਸੇਵਾ ਦੇ ਖੇਤਰ ਵਿਚ ਪਾਏ ਜਾ ਰਹੇ ਉਘੇ ਯੋਗਦਾਨ ਬਦਲੇ ਅਤੇ ਜਲੰਧਰ ਦੇ ਅਦਾਰੇ 'ਪੰਜਾਬ ਜਾਗ੍ਰਿਤੀ ਮੰਚ' ਨੂੰ ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਕੀਤੇ ਜਾ ਰਹੇ ਜ਼ਿਕਰਯੋਗ ਯਤਨਾਂ ਬਦਲੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਪੁਰਸਕਾਰ ਦੇ ਕੇ ਸਨਮਾਨਤ ਕੀਤਾ।

ਇਸ ਤੋਂ ਪਹਿਲਾਂ ਹੋਏ ਸੈਸ਼ਨ ਵਿਚ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਨੇ ਸੁਸਾਇਟੀ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਦੀ ਪੁਸਤਕ 'ਧੀਆਂ ਦੇ ਗੀਤ' ਜਾਰੀ ਕਰਦਿਆਂ ਕਿਹਾ ਕਿ ਇਹ ਪੁਸਤਕ ਪੰਜਾਬੀ ਸਾਹਿਤ ਵਿਚ ਪਹਿਲੀ ਪੁਸਤਕ ਹੈ ਜਿਹੜੀ ਨਿਰੋਲ ਧੀਆਂ ਦੇ ਬੜੇ ਕੋਮਲ ਰਿਸ਼ਤੇ ਦੀ ਗੱਲ ਕਰਦੀ ਹੈ।

ਇਸ ਮੌਕੇ ਗੁਰਬਾਣੀ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕਰਨ ਵਾਲੇ ਪ੍ਰੋ. ਪੰਡਤ ਰਾਓ, ਪੰਜਾਬੀ ਲੇਖਕ ਪ੍ਰੋ. ਚਮਨ ਲਾਲ ਧਮੀਜਾ ਅਤੇ ਸਿੱਖ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਡਾ. ਸਿੰਘ ਅਜ਼ੀਜ਼ ਦਾ ਵੀ ਸਨਮਾਨ ਕੀਤਾ ਗਿਆ। ਹਾਜ਼ਰੀਨ ਦਾ ਧੰਨਵਾਦ ਕਰਦਿਆਂ, ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਬਰਾੜ ਨੇ ਕਿਹਾ ਕਿ ਸੁਸਾਇਟੀ ਭਵਿੱਖ ਵਿਚ ਵੀ ਅਜਿਹੇ ਸਾਹਿਤਕ ਤੇ ਸਮਾਜਿਕ ਕਾਰਜ ਕਰਦੀ ਰਹੇਗੀ।


**Golden State Realty**

9912 Kapalua Ln., Elk Grove, CA 95624

*Please Contact For*

**Commercial**

**or**

**Residential**

**Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

**Ph: 916-612-5773**

**email:** samchahal@hotmail.com

***Serving all over California***



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Now we have 3 locations:**

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

Call today for your FREE, no-obligation quote: **1-408-771-2438**

satwant@satwantins.com

# ਤੁਰਕੀ ਵਿਚ ਤਖਤਾ ਪਲਟਣ ਦੀ ਕੋਸ਼ਿਸ਼ ਨਾਕਾਮ, 265 ਮੌਤਾਂ

**ਅੰਕਾਰਾ:** ਤੁਰਕੀ ਵਿਚ ਬਾਗੀ ਫੌਜੀਆਂ ਦੇ ਇਕ ਧੜੇ ਵੱਲੋਂ ਕੀਤੀ ਗਈ ਤਖਤਾ ਪਲਟ ਦੀ ਕੋਸ਼ਿਸ਼ ਨੂੰ ਸਰਕਾਰ ਨੇ ਨਾਕਾਮ ਕਰ ਦਿੱਤਾ। ਕਈ ਘੰਟਿਆਂ ਦੀ ਅਫਰਾ-ਤਫਰੀ ਅਤੇ ਹਿੰਸਾ ਦਰਮਿਆਨ 265 ਜਣੇ ਮਾਰੇ ਗਏ। ਰਾਸ਼ਟਰਪਤੀ ਰੈਕੱਪ ਤਾਇਪ ਅਰਦੋਜਨ ਨੇ ਫੌਜ ਦੇ ਵਫਾਦਾਰ ਸੈਨਿਕਾਂ ਅਤੇ ਲੋਕਾਂ ਦੀ ਸਹਾਇਤਾ ਨਾਲ ਬਾਗੀਆਂ ਦੇ ਹਮਲੇ ਨੂੰ ਠੱਲ੍ਹ ਦਿੱਤਾ। ਤਕਰੀਬਨ 8 ਕਰੋੜ ਦੀ ਆਬਾਦੀ ਵਾਲੇ ਰਣਨੀਤਕ ਤੌਰ 'ਤੇ ਅਹਿਮ ਨਾਟੋ ਮੈਂਬਰ ਮੁਲਕ ਵਿਚ 2839 ਜਵਾਨਾਂ ਨੂੰ ਤਖਤਾ ਪਲਟੇ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਹਿਰਾਸਤ ਵਿਚ ਲੈ ਲਿਆ ਗਿਆ ਹੈ। ਅਧਿਕਾਰੀਆਂ ਨੇ ਅਰਦੋਜਨ ਨੂੰ ਸੱਤਾ ਤੋਂ ਹਟਾਉਣ ਲਈ ਅਮਰੀਕਾ ਆਧਾਰਤ ਧਾਰਮਿਕ ਮੁਸਲਿਮ ਆਗੂ ਫ਼ਤਿਹਉੱਲ੍ਹਾ ਗੁਲੇਨ ਨੂੰ ਦੋਸ਼ੀ ਠਹਿਰਾਇਆ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਹੋਰ ਪੱਛਮੀ ਮੁਲਕਾਂ ਅਤੇ ਨਾਟੋ ਦੇ ਮੁਖੀ ਜੇਨਸ ਸਟੋਲਟਨਬਰਗ ਨੇ ਤੁਰਕੀ ਸਰਕਾਰ ਨੂੰ ਹਮਾਇਤ ਦਿੰਦਿਆਂ ਉਥੇ ਸ਼ਾਂਤੀ ਦੀ ਅਪੀਲ ਕੀਤੀ ਹੈ। ਤੁਰਕੀ ਦੇ ਹਾਲਾਤ ਕਾਰਨ ਮੱਧ ਪੂਰਬੀ ਖਿੱਤੇ ਵਿਚ ਅਸਥਿਰਤਾ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ ਕਿਉਂਕਿ ਸੀਰੀਆ ਸੰਘਰਸ਼ ਵਿਚ ਤੁਰਕੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਧਰ, ਭਾਰਤ ਨੇ ਕਿਹਾ ਹੈ ਕਿ ਤੁਰਕੀ 'ਚ ਸਾਰੇ ਭਾਰਤੀ ਸੁਰੱਖਿਅਤ ਹਨ ਅਤੇ ਹਾਈ ਕਮਿਸ਼ਨ ਉਨ੍ਹਾਂ ਦੇ ਸੰਪਰਕ ਵਿਚ ਹੈ। ਤਖ਼ਤਾ ਪਲਟੇ ਦੀ ਕੋਸ਼ਿਸ਼ ਦੌਰਾਨ ਰਾਸ਼ਟਰਪਤੀ ਦੇ ਟਿਕਾਣੇ ਦਾ ਕਿਸੇ ਨੂੰ ਕੁਝ ਵੀ ਨਹੀਂ ਪਤਾ ਸੀ, ਪਰ ਉਹ ਅਚਾਨਕ ਇਸਤੰਬੂਲ ਹਵਾਈ ਅੱਡੇ 'ਤੇ ਪਹੁੰਚ ਗਏ ਜਿਥੇ ਸੈਂਕੜੇ ਸਮਰਥਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ।



### ਬਾਗੀਆਂ ਨੂੰ ਕੀਮਤ ਚੁਕਾਉਣੀ ਪਵੇਗੀ: ਰਾਸ਼ਟਰਪਤੀ

**ਅੰਕਾਰਾ:** ਰਾਸ਼ਟਰਪਤੀ ਏਰਦੋਗਨ ਨੇ ਤਖਤਾ ਪਲਟਣ ਦੀ ਕੋਸ਼ਿਸ਼ ਦੀ ਨਿਖੇਧੀ ਕਰਦਿਆਂ ਇਸ ਨੂੰ ਵਿਸ਼ਵਾਸਘਾਤ ਦੱਸਿਆ। ਉਨ੍ਹਾਂ ਕਿਹਾ ਕਿ ਜੋ ਵੀ ਸਾਜ਼ਿਸ਼ ਰਚੀ ਜਾ ਰਹੀ ਹੈ, ਉਗ ਦੇਸ਼ ਧ੍ਰੋਹ ਤੇ ਬਗਾਵਤ ਹੈ। ਅਜਿਹਾ ਕਰਨ ਵਾਲਿਆਂ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਉਹ ਆਪਣਾ ਕੰਮ ਕਰ ਰਹੇ ਹਨ ਤੇ ਅਖੀਰ ਤੱਕ ਕਰਦੇ ਰਹਿਣਗੇ। ਫੌਜ ਵਿਚ ਅਰਾਜਕਤਾ ਫੈਲਾਉਣ ਵਾਲਿਆਂ ਖਿਲਾਫ਼ ਮੁਹਿੰਮ ਆਰੰਭ ਕਰ ਦਿੱਤੀ ਹੈ।

### ਤੁਰਕੀ ਦੀ ਬਦਕਿਸਮਤੀ ਦੀ ਕਹਾਣੀ...

ਤੁਰਕੀ 7,84,000 ਵਰਗ ਕਿਲੋਮੀਟਰ ਖੇਤਰਫਲ ਵਾਲਾ ਦੇਸ਼ ਹੈ ਤੇ ਇਸ ਦੀਆਂ ਸਰਹੱਦਾਂ ਸੀਰੀਆ, ਈਰਾਨ, ਇਰਾਕ, ਗਰੀਸ ਅਤੇ ਬੁਲਗਾਰੀਆ ਆਦਿ ਦੇਸ਼ਾਂ ਨਾਲ ਲਗਦੀਆਂ ਹਨ ਅਤੇ ਇਸ ਦੀ ਆਬਾਦੀ 78 ਮਿਲੀਅਨ ਹੈ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਆਟੋਮਨ ਸਾਮਰਾਜ ਦੇ ਪਤਨ ਪਿੱਛੋਂ 1923 ਵਿਚ ਇਹ ਦੇਸ਼ ਹੋਂਦ ਵਿਚ ਆਇਆ ਸੀ। ਇਸ ਦੇ ਬਾਨੀ ਮੁਸਤਫਾ ਕਮਾਲ ਅਤਾਤੁਰਕ ਨੇ ਇਸ ਦੀ ਫੌਜ ਨੂੰ ਜਮਹੂਰੀਅਤ ਅਤੇ ਧਰਮ-ਨਿਰਪੱਖਤਾ ਦੇ ਸਿਧਾਂਤ ਦਿੱਤੇ ਸਨ ਅਤੇ ਇਨ੍ਹਾਂ ਸਿਧਾਂਤਾਂ ਦੀ ਉਲੰਘਣਾ ਕਰਨ ਵਾਲੇ ਸ਼ਾਸਕਾਂ ਨੂੰ ਸਮੇਂ-ਸਮੇਂ ਫ਼ੌਜ ਦਖਲ ਦੇ ਕੇ ਗੱਦੀ ਤੋਂ ਵੀ ਉਤਾਰਦੀ ਰਹੀ ਹੈ। 1960, 1971 ਅਤੇ 1980 ਵਿਚ ਫੌਜ ਨੇ ਅਜਿਹੀ ਦਖ਼ਲ-ਅੰਦਾਜ਼ੀ ਕੀਤੀ ਸੀ। ਮੌਜੂਦਾ ਰਾਸ਼ਟਰਪਤੀ ਰਿਸੇਪ ਤਾਇਪ ਇਰਦੋਗਨ 2003 ਵਿਚ ਪ੍ਰਧਾਨ ਮੰਤਰੀ ਬਣੇ ਸਨ ਅਤੇ 2014 ਵਿਚ ਉਨ੍ਹਾਂ ਨੇ ਰਾਸ਼ਟਰਪਤੀ ਦੇ ਤੌਰ 'ਤੇ ਦੇਸ਼ ਦੀ ਵਾਗਡੋਰ ਸੰਭਾਲੀ ਸੀ। ਉਨ੍ਹਾਂ 'ਤੇ ਦੇਸ਼ ਦੀ ਰਾਜਨੀਤੀ ਨੂੰ ਇਸਲਾਮ ਪੱਖੀ ਬਣਾਉਣ ਅਤੇ ਵੱਧ ਤੋਂ ਵੱਧ ਤਾਕਤਾਂ ਆਪਣੇ ਹੱਥਾਂ 'ਚ ਕੇਂਦਰਤ ਕਰਨ ਦਾ ਦੋਸ਼ ਲਗਦਾ ਹੈ ਅਤੇ ਇਸ ਕਾਰਨ ਉਨ੍ਹਾਂ ਦੇ ਫੌਜ ਨਾਲ ਤਿੱਖੇ ਮਤਭੇਦ ਵੀ ਚਲੇ ਆ ਰਹੇ ਸਨ। ਦੇਸ਼ ਵਿਚ ਭਾਵੇਂ ਲੰਮੇ ਸਮੇਂ ਤੋਂ ਰਾਜਨੀਤਕ ਸਥਿਰਤਾ ਅਤੇ ਆਰਥਿਕ ਮਜ਼ਬੂਤੀ ਰਹੀ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਸੀਰੀਆ ਵਿਚ ਜੰਗ ਛਿੜਨ ਅਤੇ ਇਸ ਕਾਰਨ ਤੁਰਕੀ ਦਾ ਬਾਗੀ ਕੁਰਦਾਂ ਅਤੇ ਇਸਲਾਮਿਕ ਕੱਟੜਪੰਥੀਆਂ ਨਾਲ ਟਕਰਾਅ ਵਧਣ ਕਾਰਨ 2015 ਅਤੇ ਇਸ ਸਾਲ 2016 ਵਿਚ ਵੱਡੇ ਅਤਿਵਾਦੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਆਈ.ਐਸ. ਨੇ ਸੀਰੀਆ ਤੇ ਇਰਾਕ ਦੇ ਕਈ ਇਲਾਕਿਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਤੁਰਕੀ ਨਾਟੋ ਦਾ ਮੈਂਬਰ ਹੈ ਅਤੇ ਅਮਰੀਕਾ ਦੀ ਅਗਵਾਈ ਵਿਚ ਆਈ.ਐਸ. ਵਿਰੁੱਧ ਜੰਗ ਵਿਚ ਸ਼ਾਮਲ ਹੈ। ਭਾਵੇਂ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਤਖਤ ਪਲਟੇ ਲਈ ਇਸਲਾਮਿਕ ਕੱਟੜਪੰਥੀਆਂ ਦੇ ਆਗੂ ਫਤਹਿਉਲਾ ਗੁਲੇਨ ਅਤੇ ਉਸ ਦੇ ਸਮਰਥਕਾਂ ਨੂੰ ਜ਼ਿੰਮੇਵਾਰ ਦੱਸਿਆ ਹੈ, ਪਰ ਫੌਜ ਨੇ ਸੱਤਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦੌਰਾਨ ਜੋ ਬਿਆਨ ਜਾਰੀ ਕੀਤਾ ਗਿਆ ਹੈ, ਉਸ ਤੋਂ ਅਜਿਹਾ ਲਗਦਾ ਹੈ ਕਿ ਤਖਤਾ ਪਲਟਣ ਦੀ ਕੋਸ਼ਿਸ਼ ਫੌਜ ਅੰਦਰਲੇ ਧਰਮ ਨਿਰਪੱਖ ਅਨਸਰਾਂ ਵੱਲੋਂ ਕੀਤੀ ਗਈ ਹੈ।

## ਗੋਧਰਾ ਕਾਂਡ ਦਾ ਮੁੱਖ ਦੋਸ਼ੀ 14 ਸਾਲਾ ਪਿਛੋਂ ਗ੍ਰਿਫਤਾਰ

**ਅਹਿਮਦਾਬਾਦ:** ਸਥਾਨਕ ਪੁਲਿਸ ਦੀ ਕ੍ਰਾਈਮ ਬ੍ਰਾਂਚ ਦੀ ਇਕ ਟੀਮ ਨੇ ਗੋਧਰਾ ਕਾਂਡ ਦੇ ਮਾਮਲੇ 'ਚ ਇਕ ਮੁੱਖ ਦੋਸ਼ੀ ਅਹਿਮਦ ਬਾਟੁਕ ਨੂੰ 14 ਸਾਲਾਂ ਬਾਅਦ ਮਹਾਰਾਸ਼ਟਰ ਦੇ ਮਾਲੇਗਾਓਂ ਤੋਂ ਗ੍ਰਿਫਤਾਰ ਕੀਤਾ ਹੈ।

ਦੱਸਣਯੋਗ ਹੈ ਕਿ 27 ਫਰਵਰੀ 2002 ਨੂੰ ਭੜਕੀ ਭੀੜ ਨੇ ਗੋਧਰਾ ਸਟੇਸ਼ਨ 'ਤੇ ਸਾਬਰਮਤੀ ਐਕਸਪ੍ਰੈੱਸ ਦੇ ਇਕ ਡੱਬੇ ਨੂੰ ਅੱਗ ਲਗਾ ਦਿੱਤੀ ਸੀ, ਜਿਸ ਵਿਚ 59 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ 'ਚੋਂ ਜ਼ਿਆਦਾਤਰ ਅਯੁੱਧਿਆ ਤੋਂ ਵਾਪਸ ਆ ਰਹੇ ਕਾਰ ਸੇਵਕ ਸਨ। ਇਸ ਘਟਨਾ ਤੋਂ ਬਾਅਦ ਸੂਬੇ ਵਿਚ ਫਿਰਕੂ ਹਿੰਸਾ ਦੀਆਂ ਕਈ ਘਟਨਾਵਾਂ ਹੋਈਆਂ ਸਨ।

ਪੁਲਿਸ ਅਨੁਸਾਰ ਅਹਿਮਦ ਬਾਟੂਕ ਗੋਧਰਾ ਵਿਚ ਮੁਸਲਿਮਾਂ ਦੇ ਮੁਹੱਲੇ ਵਿਚ ਰਹਿੰਦਾ ਸੀ, ਅਤੇ ਉਹ ਗੋਧਰਾ ਕਤਲੇਆਮ ਦੇ ਮਾਮਲੇ ਵਿਚ ਇਕ ਮੁਖ ਦੋਸ਼ੀ ਹੈ। ਰੇਲ ਗੱਡੀ ਦੇ ਐਸ-6 ਡੱਬੇ ਨੂੰ ਬਾਹਰ ਤੋਂ ਅੱਗ ਲਗਾਉਣ ਤੋਂ ਪਹਿਲਾਂ ਉਹ ਹੋਰਨਾਂ ਦੋਸ਼ੀਆਂ ਦੇ ਨਾਲ ਰੇਲ ਦੇ ਡੱਬੇ ਵਿਚ ਪੈਟਰੋਲ ਛਿੜਕਣ ਗਿਆ ਸੀ। ਕ੍ਰਾਇਮ ਬ੍ਰਾਂਚ ਦੇ ਜੁਆਇੰਟ ਪੁਲਿਸ ਕਮਿਸ਼ਨਰ ਜੇ.ਕੇ. ਭੱਟ ਨੇ ਦੱਸਿਆ ਕਿ ਕ੍ਰਾਈਮ ਬ੍ਰਾਂਚ ਦੀ ਇਕ ਟੀਮ ਨੇ 37 ਸਾਲਾ ਅਹਿਮਦ ਬਾਟੂਕ ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਤੋਂ ਫੜਿਆ, ਜੋ 14 ਸਾਲਾਂ ਤੋਂ ਫਰਾਰ ਸੀ। ਉਨ੍ਹਾਂ ਦੱਸਿਆ ਕਿ ਪੂਰਨ ਯੋਜਨਾਬੱਧ ਸਾਜ਼ਿਸ਼ ਦੇ ਹਿੱਸੇ ਤਹਿਤ ਚੇਨ ਖਿੱਚ ਕੇ ਗੋਧਰਾ ਸਟੇਸ਼ਨ 'ਤੇ ਰੇਲ ਗੱਡੀ ਰੋਕੀ ਗਈ, ਫਿਰ ਅਹਿਮਦ ਬਾਟੂਕ ਅਤੇ ਕੁਝ ਹੋਰ ਦੋਸ਼ੀਆਂ ਜਿਨ੍ਹਾਂ ਕੋਲ 160 ਲੀਟਰ ਪੈਟਰੋਲ ਸੀ, ਨੇ ਦੋਵਾਂ ਡੱਬਿਆਂ ਨੂੰ ਵੱਖ ਕੀਤਾ ਅਤੇ ਫਿਰ ਐਸ-6 ਡੱਬੇ ਵਿਚ ਦਾਖਲ ਹੋ ਕੇ ਉਥੇ ਪੈਟਰੋਲ ਛਿੜਕਿਆ। ਇਸ ਤੋਂ ਬਾਅਦ ਹੋਰਨਾਂ ਦੋਸ਼ੀਆਂ ਨੇ ਦਰਵਾਜ਼ਿਆਂ ਨੂੰ ਲਾਕ ਕਰ ਕੇ ਬਾਹਰੋਂ ਡੱਬੇ ਨੂੰ ਅੱਗ ਲਗਾ ਦਿੱਤੀ। ਇਸ ਤੋਂ ਬਾਅਦ ਅਹਿਮਦ ਬਾਟੂਕ ਮਹਾਰਾਸ਼ਟਰ ਦੇ ਧੂਲੀਆ ਨੂੰ ਫਰਾਰ ਹੋ ਗਿਆ ਅਤੇ ਉਥੇ ਵਿਆਹ ਕਰਵਾ ਲਿਆ। ਮਾਲੇਗਾਓਂ ਆਉਣ ਤੋਂ ਪਹਿਲਾਂ ਉਹ ਉਥੇ 6 ਸਾਲ ਰਿਹਾ। ਗੋਧਰਾ ਵਿਚ ਉਸ ਨੂੰ ਇਮਰਾਨ ਸ਼ੇਰੂ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

## ਪਾਕਿਸਤਾਨ 'ਚ 12 ਅਤਿਵਾਦੀਆਂ ਦੀ ਸਜ਼ਾ-ਏ-ਮੌਤ ਉਤੇ ਮੋਹਰ

**ਇਸਲਾਮਾਬਾਦ:** ਪਾਕਿਸਤਾਨ ਦੇ ਸੈਨਾ ਮੁਖੀ ਜਨਰਲ ਰਾਹੀਲ ਸ਼ਰੀਫ ਵੱਲੋਂ ਗੰਭੀਰ ਅਪਰਾਧ ਦੇ ਦੋਸ਼ੀ 12 ਕੱਟੜ ਅਤਿਵਾਦੀਆਂ ਨੂੰ ਸੁਣਾਈ ਗਈ ਸਜ਼ਾ-ਏ-ਮੌਤ ਉਤੇ ਮੋਹਰ ਲਗਾ ਦਿੱਤੀ ਗਈ ਹੈ।

ਸੈਨਾ ਨੇ ਇਕ ਬਿਆਨ ਵਿਚ ਇਨ੍ਹਾਂ ਅਤਿਵਾਦੀਆਂ ਨੂੰ ਨਾਗਰਿਕਾਂ ਦੀ ਹੱਤਿਆ, ਪਾਕਿਸਤਾਨੀ ਸ਼ਸਤਰ ਬਲਾਂ ਅਤੇ ਕਾਨੂੰਨ ਤਬਦੀਲ ਏਜੰਸੀਆਂ 'ਤੇ ਹਮਲਾ, ਸਕੂਲਾਂ ਅਤੇ ਸੰਚਾਰ ਦੇ ਬੁਨਿਆਦੀ ਢਾਂਚਿਆਂ ਨੂੰ ਨਸ਼ਟ ਕਰਨ ਦਾ ਦੋਸ਼ੀ ਪਾਇਆ ਸੀ।

ਸੈਨਾ ਦੇ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਇਕ ਬਿਆਨ ਵਿਚ ਕਿਹਾ ਕਿ ਇਨ੍ਹਾਂ ਦੋਸ਼ੀਆਂ 'ਤੇ ਸੈਨਿਕ ਅਦਾਲਤਾਂ ਵਿਚ ਮੁਕੱਦਮਾ ਚਲਾਇਆ ਗਿਆ ਸੀ। ਸੈਨਾ ਨੇ ਕਿਹਾ ਕਿ ਮੈਜਿਸਟ੍ਰੇਟਾਂ ਅਤੇ ਹੇਠਲੀ ਅਦਾਲਤ 'ਚ ਮਾਮਲਾ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਸੀ। ਇਨ੍ਹਾਂ 'ਚ 11 ਦੋਸ਼ੀ ਤਹਿਰੀਕ-ਏ-ਤਾਲੀਬਾਨ ਪਾਕਿਸਤਾਨ ਅਤੇ ਇਕ ਦੋਸ਼ੀ ਲਸ਼ਕਰ ਏ ਝਾਂਗਵੀ ਦਾ ਹੈ।

ਪਾਕਿਸਤਾਨ ਵਿਚ ਦਸੰਬਰ 2014 'ਚ ਇਕ ਸੈਨਿਕ ਸਕੂਲ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਅਤਿਵਾਦ ਸਬੰਧੀ ਮਾਮਲਿਆਂ ਵਿਚ ਸੁਣਵਾਈ ਲਈ ਸੈਨਿਕ ਅਦਾਲਤਾਂ ਸਥਾਪਤ ਕੀਤੀਆਂ ਗਈਆਂ ਸਨ। ਕਾਨੂੰਨ ਮਾਹਿਰਾਂ ਅਨੁਸਾਰ, ਦੋਸ਼ੀਆਂ ਕੋਲ ਕਾਨੂੰਨ ਤਹਿਤ ਰਾਸ਼ਟਰਪਤੀ ਤੋਂ ਅਪੀਲ ਦਾ ਅਧਿਕਾਰ ਹੈ, ਹਾਲਾਂਕਿ ਇਸ ਤੋਂ ਪਹਿਲਾਂ ਰਾਸ਼ਟਰਪਤੀ, ਅਤਿਵਾਦ ਨਾਲ ਸਬੰਧਤ ਸਾਰੇ ਮਾਮਲਿਆਂ 'ਚ ਰਹਿਮ ਅਰਜ਼ੀ ਖਾਰਜ ਕਰ ਚੁੱਕੇ ਹਨ।

## ਅਮਰੀਕਾ ਵਿਚ ਅੱਠ ਪੁਲਿਸ ਮੁਲਾਜ਼ਮ ਹਲਾਕ

**ਲੁਈਸਿਆਨਾ:** ਅਮਰੀਕਾ ਵਿਚ ਇਕ ਵਾਰ ਫਿਰ ਫਾਇਰਿੰਗ ਕਰ ਕੇ ਪੁਲਿਸ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਘਟਨਾ ਲੁਈਸਿਆਨਾ ਦੇ ਇੱਕ ਸ਼ਾਪਿੰਗ ਮਾਲ ਵਿਚ ਵਾਪਰੀ ਜਿਥੇ ਕਾਲੇ ਕੱਪੜੇ ਪਹਿਨੀ ਨਕਾਬਪੋਸ਼ਾਂ ਨੇ 8 ਪੁਲਿਸ ਵਾਲਿਆਂ ਨੂੰ ਗੋਲੀ ਮਾਰ ਦਿਤੀ।

ਪੁਲਿਸ ਨੇ ਜਵਾਬੀ ਕਾਰਵਾਈ ਕਰਦਿਆਂ ਇੱਕ ਹਮਲਾਵਰ ਨੂੰ ਮਾਰ ਮੁਕਾਇਆ ਜਦਕਿ 2 ਫਰਾਰ ਹੋ ਗਏ। ਇਸ ਤੋਂ ਪਹਿਲਾਂ 7 ਜੁਲਾਈ ਨੂੰ ਡਲਾਸ ਵਿਚ ਸਨਾਈਪਰਾਂ ਨੇ ਪ੍ਰਦਰਸ਼ਨਕਾਰੀਆਂ ਦੀ ਆੜ ਵਿਚ 5 ਪੁਲਿਸ ਵਾਲਿਆਂ ਦਾ ਕਤਲ ਕਰ ਦਿਤਾ ਸੀ।

ਯਾਦ ਰਹੇ ਕਿ ਪਿਛਲੇ ਦਿਨੀਂ 2 ਸ਼ਵੇਤਾਂ ਦੀ ਪੁਲਿਸ ਗੋਲੀ ਨਾਲ ਮੌਤ ਹੋਣ ਮਗਰੋਂ ਵਿਵਾਦ ਸ਼ੁਰੂ ਹੋ ਗਿਆ ਸੀ। 4 ਜੁਲਾਈ ਨੂੰ ਬੈਟਨ ਰੂਜ ਵਿਚ ਗੈਰ-ਕਾਨੂੰਨੀ ਸੀ.ਡੀ. ਵੇਚ ਰਹੇ ਏਲਟਨ ਸਟਲਿਰਗ ਕਾਲੇ ਅਮਰੀਕਨ ਦੀ ਮੌਤ ਹੋਣ ਦੇ ਮਾਮਲੇ 'ਚ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਸ ਕੋਲ ਹਥਿਆਰ ਸੀ, ਤੇ ਪੁਲਿਸ 'ਤੇ ਗੋਲੀ ਚਲਾਉਣ ਵਾਲਾ ਸੀ। ਹਾਲਾਂਕਿ ਬਾਅਦ 'ਚ ਇਹ ਖੁਲਾਸਾ ਹੋਇਆ ਕਿ ਏਲਟਨ 5 ਬੱਚਿਆਂ ਦਾ ਪਿਤਾ ਸੀ ਤੇ ਸੀ.ਡੀ. ਵੇਚ ਕੇ ਘਰ ਚਲਾਉਂਦਾ ਸੀ। ਉਸ ਦੇ ਖਿਲਾਫ ਕਿਸੇ ਕਿਸਮ ਦਾ ਵੀ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਸੀ।

ਦੂਸਰਾ ਮਾਮਲਾ 6 ਜੁਲਾਈ ਨੂੰ ਹੋਇਆ ਸੀ। ਮਿਨੇਸੋਟਾ ਵਿਚ ਫਿਲਾਨਡੋ ਕੇਸਿਟਲੇ ਆਪਣੀ ਸਹੇਲੀ ਨਾਲ ਕਾਰ ਵਿਚ ਸੀ। ਪੁਲਿਸ ਨੇ ਉਸ ਨੂੰ ਡਰਾਇਵਿੰਗ ਲਾਈਸੈਂਸ ਦਿਖਾਉਣ ਲਈ ਕਿਹਾ, ਪਰ ਇਸੇ ਦੌਰਾਨ ਪੁਲਿਸ ਨੂੰ ਲੱਗਾ ਕਿ ਉਹ ਗੰਨ ਕੱਢਣ ਲੱਗਾ ਹੈ। ਇਸ ਲਈ ਉਸ ਨੂੰ ਗੋਲੀ ਮਾਰ ਦਿਤੀ ਗਈ। ਇਸ ਤੋਂ ਬਾਅਦ ਉਸ ਦੀ ਸਹੇਲੀ ਨੇ ਵੀਡੀਓ ਸ਼ੂਟ ਕਰ ਲਿਆ ਜੋ ਵਾਇਰਲ ਹੋ ਗਿਆ। ਇਨ੍ਹਾਂ ਦੋਨਾਂ ਘਟਨਾਵਾਂ ਤੋਂ ਬਾਅਦ ਸ਼ਵੇਤਾਂ ਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿਤੇ ਸਨ।


## ਦੱਖਣੀ ਸਾਗਰ ਬਾਰੇ ਦਾਅਵੇ 'ਤੇ ਅੜਿਆ ਚੀਨ

**ਐਮਸਟਰਡਮ:** ਦੱਖਣੀ ਚੀਨ ਸਾਗਰ ਦਾ ਮੁੱਦਾ ਪੇਚੀਦਾ ਬਣਦਾ ਜਾ ਰਿਹਾ ਹੈ। ਦਿ ਹੇਗ (ਨੈਦਰਲੈਂਡਜ਼) ਸਥਿਤ ਕੌਮਾਂਤਰੀ ਟ੍ਰਿਬਿਊਨਲ ਵੱਲੋਂ ਦੱਖਣੀ ਚੀਨ ਸਾਗਰ ਦੇ ਪਾਣੀਆਂ ਦੇ ਵੱਡੇ ਹਿੱਸੇ ਉਪਰ ਚੀਨ ਦਾ ਦਾਅਵਾ ਰੱਦ ਕੀਤੇ ਜਾਣ ਤੋਂ ਬਾਅਦ ਚੀਨ ਸਰਕਾਰ ਨੇ ਸਿੱਧੇ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਇਸ ਫੈਸਲੇ ਨੂੰ ਮਾਨਤਾ ਨਹੀਂ ਦਿੰਦੀ। ਉਸ ਨੇ ਇਹ ਧਮਕੀ ਵੀ ਦਿੱਤੀ ਹੈ ਕਿ ਉਹ ਦੱਖਣੀ ਚੀਨ ਸਾਗਰ ਵਿਚ ਆਪਣੀ ਸਰਗਰਮੀ ਜਾਰੀ ਰੱਖਣ ਤੋਂ ਇਲਾਵਾ ਉਸ ਦੇ ਪਾਣੀਆਂ ਦੀ ਉਲੰਘਣਾ ਕਰਨ ਵਾਲੇ ਹੋਰਨਾਂ ਦੇਸ਼ਾਂ ਦੇ ਖਿਲਾਫ਼ ਕਾਰਵਾਈ ਵੀ ਕਰੇਗੀ।

ਇਸ ਮੁੱਦੇ 'ਤੇ ਫਿਲਪਾਈਨ ਨੇ ਚੀਨ ਖਿਲਾਫ ਪਟੀਸ਼ਨ ਦਾਇਰ ਕੀਤੀ ਸੀ। ਫਿਲਪਾਈਨ ਦਾ ਇਲਜ਼ਾਮ ਹੈ ਕਿ ਰਣਨੀਤੀ ਪੱਖੋਂ ਮਹੱਤਵਪੂਰਨ ਮੰਨੇ ਜਾਂਦੇ ਇਸ ਇਲਾਕੇ ਵਿਚ ਚੀਨ ਨੇ ਸ੍ਰੋਤਾਂ ਦੀ ਲੋੜ ਤੋਂ ਵੱਧ ਵਰਤੋਂ ਕੀਤੀ ਹੈ। ਦਰਅਸਲ, ਚੀਨ ਨੇ ਹੌਲੀ-ਹੌਲੀ ਸਾਊਥ ਚਾਈਨਾ ਸਮੁੰਦਰ 'ਤੇ ਕਬਜ਼ਾ ਕਰ ਲਿਆ ਹੈ। ਉਸ ਨੇ ਉਥੇ ਆਰਟੀਫੀਸ਼ਲ ਆਈਲੈਂਡ ਬਣਾ ਕੇ ਫੌਜ ਦੀ ਤਾਇਨਾਤੀ ਕਰ ਦਿੱਤੀ ਹੈ। ਇਥੇ ਹਵਾਈ ਪੱਟੀ ਵੀ ਬਣਾ ਲਈ ਗਈ ਹੈ।

ਚੀਨ ਦੇ ਇਸ ਕਦਮ ਦਾ ਅਮਰੀਕਾ ਵੀ ਲਗਾਤਾਰ ਵਿਰੋਧ ਕਰਦਾ ਰਿਹਾ ਹੈ। ਚੀਨ ਤੇ ਅਮਰੀਕਾ ਦੋਵੇਂ ਹੀ ਸਾਊਥ ਚਾਈਨਾ ਵਿਚ ਲਗਾਤਾਰ ਅਭਿਆਸ ਕਰਦੇ ਰਹਿੰਦੇ ਹਨ। ਫਿਲਪਾਈਨ ਨੇ 2013 ਵਿਚ ਇੰਟਰਨੈਸ਼ਨਲ ਕੋਰਟ ਵਿਚ ਚੀਨ ਖਿਲਾਫ ਕੇਸ ਦਾਇਰ ਕੀਤਾ ਸੀ। ਫਿਲਪਾਈਨ ਨੇ ਆਪਣੇ 15 ਦਾਅਵਿਆਂ ਨਾਲ ਚੀਨ ਦੇ ਸਾਊਥ ਚਾਈਨਾ ਸਮੁੰਦਰ 'ਚ ਸਟੇਟਸ ਉਤੇ ਸਵਾਲ ਚੁੱਕੇ ਹਨ। ਚੀਨ, ਸਾਊਥ ਚਾਈਨਾ ਸਮੁੰਦਰ ਵਿਚ ਆਪਣੇ ਕਬਜ਼ੇ ਨੂੰ 'ਨਾਈਨ-ਡੈਸ਼' ਲਾਈਨ ਦੱਸਦਾ ਹੈ। ਫਿਲਪਾਈਨ ਦਾ ਦਾਅਵਾ ਹੈ ਕਿ ਪਿਛਲੇ 69 ਸਾਲ ਦੌਰਾਨ ਚੀਨ ਦਾ ਸਾਊਥ ਸਮੁੰਦਰ ਦੇ 85 ਪ੍ਰਤੀਸ਼ਤ ਹਿੱਸੇ 'ਤੇ ਕਬਜ਼ਾ ਹੋ ਚੁੱਕਾ ਹੈ। ਚੀਨ ਦਾ ਦਾਅਵਾ ਹੈ ਕਿ ਰਣਨੀਤਕ ਲਿਹਾਜ਼ ਨਾਲ ਅਹਿਮ ਇਹ ਖੇਤਰ ਦੋ ਹਜ਼ਾਰ ਸਾਲਾਂ ਤੋਂ ਉਸ ਦਾ ਹੈ। ਫਿਲਪੀਨਜ਼ ਨੇ ਚੀਨ ਦੇ ਇਸ ਇਲਾਕੇ 'ਤੇ ਜਬਰੀ ਕਬਜ਼ਾ ਕੀਤਾ ਹੋਇਆ ਸੀ। ਫਿਲਪੀਨਜ਼ ਦਾ ਇਤਿਹਾਸ ਜਾਂ ਕੌਮਾਂਤਰੀ ਕਾਨੂੰਨਾਂ ਮੁਤਾਬਕ ਇਸ ਖੇਤਰ 'ਤੇ ਦਾਅਵਾ ਆਧਾਰਹੀਣ ਹੈ। ਸਾਗਰ ਬਾਰੇ ਕੌਮਾਂਤਰੀ ਕਾਨੂੰਨ ਤਹਿਤ ਚੀਨ ਅਤੇ ਫਿਲਪੀਨਜ਼ ਦਰਮਿਆਨ ਹੱਦਬੰਦੀ ਦਾ ਵਿਵਾਦ ਵੀ ਖੜ੍ਹਾ ਹੋਇਆ ਸੀ।

### ਕੌਮਾਂਤਰੀ ਟ੍ਰਿਬਿਊਨਲ ਦਾ ਫੈਸਲਾ ਮੰਨਣ ਤੋਂ ਨਾਂਹ




### ਦੱਖਣੀ ਸਾਗਰ ਵਿਚ ਫੌਜੀ ਮਸ਼ਕਾਂ ਸ਼ੁਰੂ

**ਪੇਈਚਿੰਗ:** ਦੱਖਣੀ ਚੀਨ ਸਾਗਰ (ਐਸ.ਸੀ.ਐਸ.) ਵਿਚ ਜਾਰੀ ਤਣਾਅ ਵਿਚਾਲੇ ਚੀਨ ਵੱਲੋਂ ਵਿਸ਼ਵ ਦੀ ਸਭ ਤੋਂ ਵੱਡੀ ਫੌਜ ਪੀਪਲਜ਼ ਲਿਬਰੇਸ਼ਨ ਆਰਮੀ(ਪੀ.ਐਲ.ਏ.) ਦੀਆਂ ਪੰਜ ਟੁਕੜੀਆਂ ਭੇਜ ਕੇ ਫੌਜੀ ਮਸ਼ਕਾਂ ਸ਼ੁਰੂ ਕੀਤੇ ਜਾਣ ਨਾਲ ਉਥੇ ਜੰਗ ਵਾਲੇ ਹਾਲਾਤ ਬਣ ਗਏ ਹਨ। ਖਬਰ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਫੌਜੀ ਮਸ਼ਕਾਂ ਸਤੰਬਰ ਤੱਕ ਜਾਰੀ ਰਹਿਣਗੀਆਂ ਤੇ ਇਨ੍ਹਾਂ ਮਸ਼ਕਾਂ ਦਾ ਮੁੱਖ ਮੰਤਵ ਫ਼ੌਜ ਦੀਆਂ ਖੇਤਰੀ ਸਮਰਥਾਵਾਂ ਨੂੰ ਵਧਾਉਣਾ ਹੈ।

## ਬ੍ਰਿਟੇਨ: ਕਮਾਨ ਮਹਿਲਾ ਆਗੂ ਦੇ ਹੱਥ



**ਲੰਡਨ:** ਕੰਜਰਵੇਟਿਵ ਪਾਰਟੀ ਦੀ ਥੈਰੇਸਾ ਮੇ ਬ੍ਰਿਟੇਨ ਦੀ ਅਗਲੀ ਪ੍ਰਧਾਨ ਮੰਤਰੀ ਹੋਵੇਗੀ। ਡੇਵਿਡ ਕੈਮਰੌਨ ਵੱਲੋਂ ਅਹੁਦੇ ਤੋਂ ਅਸਤੀਫਾ ਦੇਣ ਦੇ ਫੈਸਲੇ ਤੋਂ ਬਾਅਦ ਥੈਰੇਸਾ ਤੇ ਐਂਡਰੀਆ ਲੀਡਸਮ ਪੀ.ਐਮ. ਅਹੁਦੇ ਦੀ ਦੌੜ ਵਿਚ ਸਨ, ਪਰ ਇਸ ਦੌਰਾਨ ਲੀਡਸਨ ਨੇ ਅਚਾਨਕ ਆਪਣਾ ਨਾਮ ਵਾਪਸ ਲੈ ਲਿਆ। 26 ਸਾਲ ਬਾਅਦ ਕੋਈ ਔਰਤ ਦੇਸ਼ ਦੀ ਪੀ.ਐਮ. ਬਣਨ ਜਾ ਰਹੀ ਹੈ।ਥੈਰੇਸਾ ਤੇ ਲੀਡਸਮ ਦੋਵਾਂ ਵਿਚੋਂ ਕੌਣ ਪੀ.ਐਮ. ਹੋਏਗਾ, ਇਸ ਲਈ ਡੇਢ ਲੱਖ ਕੰਜਰਵੇਟਿਵ ਮੈਂਬਰਾਂ ਦਰਮਿਆਨ ਵੋਟਿੰਗ ਕਰਵਾਈ ਗਈ ਸੀ। ਨੌਂ ਸਤੰਬਰ ਨੂੰ ਇਸ ਦੇ ਫੈਸਲੇ ਦਾ ਐਲਾਨ ਹੋਣਾ ਸੀ, ਪਰ ਇਸ ਤੋਂ ਕਾਫੀ ਪਹਿਲਾਂ ਹੀ ਹੈਰਾਨ ਕਰਦੇ ਹੋਏ ਲੀਡਸਮ ਨੇ ਆਪਣਾ ਨਾਮ ਵਾਪਸ ਲੈ ਲਿਆ। ਲੀਡਸਮ ਕੋਲ ਬ੍ਰਿਟੇਨ ਦੀ ਐਨਰਜੀ ਮਨਿਸਟਰੀ ਸੀ। ਲੀਡਸਮ ਨੇ ਬ੍ਰੈਗਿਜਟ ਮੂਵਮੈਂਟ ਵਿਚ ਬ੍ਰਿਟੇਨ ਦੇ ਬਾਹਰ ਰਹਿਣ ਦਾ ਸਮਰਥਨ ਕੀਤਾ ਸੀ। ਇਸ ਦੇ ਚੱਲਦੇ ਉਹ ਚਰਚਾ ਵਿਚ ਆਏ ਸਨ। 59 ਸਾਲਾ ਥੈਰੇਸਾ ਬੀਤੇ ਛੇ ਸਾਲ ਤੋਂ ਬ੍ਰਿਟੇਨ ਦੀ ਗ੍ਰਹਿ ਮੰਤਰੀ ਰਹੇ ਹਨ।

# ਪਾਣੀਆਂ ਦੇ ਮਸਲੇ 'ਤੇ ਸਿਆਸੀ ਭਵਿੱਖ ਚਮਕਾਉਣ ਲਈ ਜ਼ੋਰ ਅਜ਼ਮਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਪਾਣੀਆਂ ਦੀ ਰਾਖੀ ਦੇ ਨਾਂ ਉਤੇ ਭਾਵੇਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਖਾਵੇ ਤੇ ਪੰਚਾਇਤਾਂ ਤੋਂ ਮਤੇ ਪਾਸ ਕਰਵਾਉਣ ਦਾ ਸਿਲਸਿਲਾ ਜਾਰੀ ਹੈ, ਪਰ ਪੰਜਾਬ ਦਾ ਤਕਰੀਬਨ 400 ਕਿਊਬਿਕ ਮੀਟਰ ਵਾਧੂ ਨਹਿਰੀ ਪਾਣੀ ਹਰ ਸੈਕਿੰਡ ਬਾਅਦ ਹਰਿਆਣਾ ਨੂੰ ਜਾਣ ਦਾ ਮਾਮਲਾ ਵਿਵਾਦਾਂ ਵਿਚ ਘਿਰ ਗਿਆ ਹੈ। ਬੇਸ਼ੱਕ ਸਰਕਾਰ ਨੇ ਨਹਿਰੀ ਪਾਣੀ ਬਚਾਉਣ ਲਈ ਕਿਸਾਨਾਂ 'ਤੇ ਜਲ ਸੈੱਸ ਲਾ ਰੱਖਿਆ ਹੈ, ਪਰ ਇਸ ਦੇ ਬਾਵਜੂਦ ਨਹਿਰਾਂ ਦੀ ਸੰਭਾਲ ਨਾ ਹੋਣ ਕਾਰਨ ਅਜਿਹਾ ਪਾਣੀ ਦੂਜੇ ਸੂਬਿਆਂ ਦੇ ਖੇਤਾਂ ਵੱਲ ਲਗਾਤਾਰ ਜਾ ਰਿਹਾ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਾਲੇ ਪਾਸਿਉਂ ਭਾਖੜਾ ਮੇਨ ਲਾਈਨ (ਬੀ.ਐਮ.ਐਲ.) ਤੇ ਨਰਵਾਣਾ ਬ੍ਰਾਂਚ ਨਾਂ ਦੀਆਂ ਦੋ ਵੱਡੀਆਂ ਨਹਿਰਾਂ ਹਰਿਆਣਾ ਵਿਚ ਦਾਖਲ ਹੁੰਦੀਆਂ ਹਨ ਤੇ ਇਨ੍ਹਾਂ ਰਾਹੀਂ ਹੀ ਪਹਿਲਾਂ ਹੋਏ ਸਮਝੌਤਿਆਂ ਮੁਤਾਬਕ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਤੈਅਸ਼ੁਦਾ ਪਾਣੀ ਪਹੁੰਚਦਾ ਹੈ। ਇਨ੍ਹਾਂ ਨਹਿਰਾਂ ਦੇ ਹਰਿਆਣਾ ਵਿਚ ਦਾਖਲ ਹੋਣ ਤੋਂ ਪਹਿਲਾਂ ਪੰਜਾਬ ਦੇ ਖੇਤਰ ਵਿਚ ਨਰਵਾਣਾ ਬਰਾਂਚ ਵਿਚੋਂ ਕੁੱਲ 422 ਕਿਊਬਿਕ ਸਮਰੱਥਾ ਦੇ ਪੰਜ ਅਤੇ ਬੀ.ਐਮ.ਐਲ. ਵਿਚੋਂ ਕੁਲ 860 ਕਿਊਜ਼ਿਕ ਸਮਰੱਥਾ ਵਾਲੇ 10 ਸੂਏ ਨਿਕਲਦੇ ਹਨ, ਜੋ ਮੁੱਖ ਤੌਰ 'ਤੇ ਫਤਹਿਗੜ੍ਹ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਅਤੇ ਸੰਗਰੂਰ ਦੇ ਕੁਝ ਇਲਾਕੇ ਨੂੰ ਨਹਿਰੀ ਪਾਣੀ ਦਿੰਦੇ ਹਨ। ਬੀਤੇ ਕਾਫੀ ਅਰਸੇ ਤੋਂ ਇਨ੍ਹਾਂ ਸੂਇਆਂ ਦੀ ਸਹੀ ਢੰਗ ਨਾਲ ਸਾਂਭ ਸੰਭਾਲ ਅਤੇ ਸਫਾਈ ਨਾ ਹੋਣ ਕਾਰਨ ਇਹ ਆਪਣੀ ਪੂਰੀ ਸਮਰੱਥਾ ਦਾ ਮੁਸ਼ਕਲ ਨਾਲ 65 ਤੋਂ 70 ਪ੍ਰਤੀਸ਼ਤ ਪਾਣੀ ਹੀ ਲੈ ਰਹੇ ਹਨ। ਸੀ.ਪੀ.ਆਈ (ਐਮ.ਐਲ.) ਲਿਬਰੇਸ਼ਨ ਦੇ ਸੂਬਾ ਸਕੱਤਰੇਤ ਮੈਂਬਰ ਕਾ. ਸੁਖਦਰਸ਼ਨ ਸਿੰਘ ਨੱਤ, ਜੋ ਖੁਦ ਸੇਵਾਮੁਕਤ ਇੰਜੀਨੀਅਰ ਹਨ, ਨੇ ਦੱਸਿਆ ਕਿ ਪੰਜਾਬ ਦਾ ਕਰੀਬ 400 ਕਿਊਜ਼ਿਕ ਨਹਿਰੀ ਪਾਣੀ ਬਿਨਾਂ ਕਿਸੇ ਗਿਣਤੀ ਮਿਣਤੀ ਦੇ ਹੀ 24 ਘੰਟੇ ਹਰਿਆਣਾ ਨੂੰ ਜਾ ਰਿਹਾ ਹੈ।

ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਉਹ ਹਰਿਆਣਾ ਸਮੇਤ ਕਿਸੇ ਵੀ ਗੁਆਂਢੀ ਸੂਬੇ ਦੇ ਖਿਲਾਫ ਨਹੀਂ ਹਨ, ਪਰ ਪੰਜਾਬ ਦਾ ਬਣਦੇ ਹੱਕ ਹਾਸਲ ਕਰਨੇ ਅਤੇ ਬੇਸ਼ਕੀਮਤੀ ਦਰਿਆਈ ਪਾਣੀ ਸਮੇਤ ਆਪਣੇ ਹਿੱਸੇ ਆਉਂਦੇ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਤੇ ਸੰਭਾਲ ਹਰੇਕ ਜ਼ਿੰਮੇਵਾਰ ਧਿਰ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦਾ ਰਿਕਾਰਡ ਅਤੇ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਵੱਲ ਵਾਧੂ ਵਗ ਰਹੇ ਇਸ ਨਹਿਰੀ ਪਾਣੀ ਦੀ ਯੋਗ ਵਰਤੋਂ ਲਈ ਫੌਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

## ਪਾਣੀਆਂ 'ਤੇ ਡਰਾਮਾ ਕਰ ਰਹੇ ਨੇ ਅਕਾਲੀ: ਭੱਠਲ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਵੱਲੋਂ ਪੰਚਾਇਤਾਂ ਨਾਲ ਮਿਲ ਕੇ ਐਸ.ਵਾਈ.ਐਲ. ਦੇ ਮੁੱਦੇ 'ਤੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਦੇਣ ਸਬੰਧੀ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਅਕਾਲੀ ਦਲ ਐਸ.ਵਾਈ.ਐਲ. ਦੇ ਮੁੱਦੇ 'ਤੇ ਡਰਾਮਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਭਾਜਪਾ ਸਰਕਾਰ ਹੈ ਅਤੇ ਹਰਿਆਣਾ ਵਿਚ ਵੀ ਭਾਜਪਾ ਸਰਕਾਰ ਹੈ, ਫਿਰ ਵੀ ਕੋਈ ਹੱਲ ਨਹੀਂ ਹੋ ਰਿਹਾ।

## ਸਿਆਸੀ ਰੋਟੀਆਂ ਨਾ ਸੇਕੇ ਕਾਂਗਰਸ: ਬਾਦਲ

**ਹੁਸ਼ਿਆਰਪੁਰ:** ਕਾਂਗਰਸ ਨੂੰ ਸਤਲੁਜ-ਯਮੁਨਾ ਲਿੰਕ ਨਹਿਰ 'ਤੇ ਬੇਲੋੜੀ ਬਿਆਨਬਾਜ਼ੀ ਬੰਦ ਕਰਨ ਦੀ ਸਲਾਹ ਦਿੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਪਾਣੀ ਦੀ ਲੜਾਈ ਸੂਬੇ ਲਈ ਲੜ ਰਹੀ ਹੈ ਨਾ ਕਿ ਸ਼੍ਰੋਮਣੀ ਅਕਾਲੀ ਦਲ ਲਈ। ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਦਾ ਮਾਮਲਾ ਸੁਪਰੀਮ ਕੋਰਟ ਵਿਚ ਹੈ, ਇਸ ਦੇ ਬਾਵਜੂਦ ਕਾਂਗਰਸ ਇਸ 'ਤੇ ਸਿਆਸੀ ਰੋਟੀਆਂ ਸੇਕ ਰਹੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਅਗਲੀ ਰਣਨੀਤੀ 'ਤੇ ਵਿਚਾਰ ਕੀਤਾ ਜਾਵੇਗਾ।

# ਰੇਡੀਓ ਇੰਡੀਆ ਦੇ ਮਨਿੰਦਰ ਗਿੱਲ ਨੂੰ ਚਾਰ ਸਾਲ ਦੀ ਕੈਦ

**ਵੈਨਕੂਵਰ:** ਸਰੀ ਗੁਰਦੁਆਰਾ ਗੋਲੀ ਕਾਂਡ ਮਾਮਲੇ ਵਿਚ ਬੀ.ਸੀ. ਸੁਪਰੀਮ ਕੋਰਟ ਨੇ ਰੇਡੀਓ ਇੰਡੀਆ ਵਾਲੇ ਮਨਿੰਦਰ ਸਿੰਘ ਗਿੱਲ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ।

ਅਦਾਲਤ ਨੇ ਉਸ ਨੂੰ ਚਾਰ ਮਹੀਨੇ ਪਹਿਲਾਂ ਦੋਸ਼ੀ ਕਰਾਰ ਦਿੱਤਾ ਸੀ। ਜ਼ਿਕਰਯੋਗ ਹੈ ਕਿ 28 ਅਗਸਤ 2010 ਨੂੰ ਕਿਸੇ ਵਿਆਹ ਵਿਚ ਸ਼ਾਮਲ ਹੋਣ ਆਏ ਮਨਿੰਦਰ ਗਿੱਲ ਤੇ ਹਰਜੀਤ ਸਿੰਘ ਅਟਵਾਲ ਸਰੀ ਗੁਰਦੁਆਰੇ ਦੀ ਪਾਰਕਿੰਗ ਵਿਚ ਆਹਮੋ ਸਾਹਮਣੇ ਹੋ ਗਏ ਅਤੇ ਕਿਸੇ ਗੱਲੋਂ ਤਕਰਾਰ ਹੋ ਗਿਆ। ਇਸਤਗਾਸਾ ਪੱਖ ਅਨੁਸਾਰ ਮਨਿੰਦਰ ਗਿੱਲ ਨੇ ਹਰਜੀਤ ਅਟਵਾਲ ਦੀਆਂ ਲੱਤਾਂ ਵਿਚ ਗੋਲੀਆਂ ਮਾਰੀਆਂ। ਜ਼ਖ਼ਮੀ ਅਟਵਾਲ ਨੂੰ ਛੱਡ ਕੇ ਗਿੱਲ ਮੌਕੇ ਤੋਂ ਫਰਾਰ ਹੋ ਗਿਆ। ਬੀ.ਸੀ. ਸੁਪਰੀਮ ਕੋਰਟ ਦੇ ਜੱਜ ਜਸਟਿਸ ਕੈਨੇਥ ਬਲ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀਆਂ ਸਜ਼ਾ ਬਾਰੇ ਦਲੀਲਾਂ ਸੁਣ ਕੇ ਮਨਿੰਦਰ ਗਿੱਲ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ। ਉਸ ਵੱਲੋਂ ਬੰਦੀ ਅਧੀਨ ਕੱਟਿਆ ਗਿਆ ਸਮਾਂ ਇਸ ਵਿਚੋਂ ਘਟਾ ਲਿਆ ਜਾਏਗਾ।

# 9/11: ਸਾਊਦੀ ਅਰਬ ਅਫਸਰਾਂ ਸੀ ਦੀ ਮਿਲੀਭੁਗਤ

**ਵਾਸ਼ਿੰਗਟਨ:** ਸਾਲ 2001 ਵਿਚ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਉਤੇ ਹੋਏ ਅਤਿਵਾਦੀ ਹਮਲੇ ਦੀ ਜਾਂਚ ਰਿਪੋਰਟ ਅਮਰੀਕਾ ਵੱਲੋਂ ਜਨਤਕ ਕਰ ਦਿੱਤੀ ਗਈ ਜਿਸ ਵਿਚ ਹਮਲਾਵਰਾਂ ਨਾਲ ਸਾਊਦੀ ਅਰਬ ਦੇ ਅਧਿਕਾਰੀਆਂ ਦੀ ਮਿਲੀਭੁਗਤ ਦਾ ਖੁਲਾਸਾ ਹੋਇਆ ਹੈ।

ਅਮਰੀਕੀ ਖੁਫੀਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਾਂਚ ਰਿਪੋਰਟ ਦੇ 28 ਪੰਨੇ ਜਨਤਕ ਕੀਤੇ ਗਏ ਜਿਨ੍ਹਾਂ ਵਿਚ ਜਹਾਜ਼ ਅਗਵਾ ਕਰਨ ਵਾਲੇ 19 ਅਗਵਾਕਾਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

ਰਿਪੋਰਟ ਮੁਤਾਬਕ 19 ਵਿਚ 15 ਸਾਊਦੀ ਅਰਬ ਦੇ ਨਾਗਰਿਕ ਸਨ ਅਤੇ ਇਨ੍ਹਾਂ ਨੂੰ ਸਾਊਦੀ ਅਰਬ ਦੇ ਅਧਿਕਾਰੀਆਂ ਨੇ ਅਮਰੀਕੀ ਫਲਾਈਟ ਸਕੂਲ ਵਿਚ ਦਾਖਲਾ ਲੈਣ, ਉਥੇ ਰਹਿਣ ਦਾ ਪ੍ਰਬੰਧ ਕਰਨ ਆਦਿ ਵਿਚ ਮਦਦ ਕੀਤੀ ਸੀ। ਕਿਹਾ ਜਾ ਰਿਹਾ ਹੈ ਕਿ ਰਿਪੋਰਟ ਵਿਚ ਇਸ ਗੱਲ ਦੇ ਸਬੂਤ ਹਨ ਕਿ ਸਾਊਦੀ ਅਰਬ ਦੀ ਸਰਕਾਰ ਨੇ ਜਹਾਜ਼ ਅਗਵਾਕਾਰਾਂ ਨੂੰ ਸਮਰਥਨ ਦਿੱਤਾ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਫ.ਬੀ.ਆਈ. ਦੇ ਦਸਤਾਵੇਜ਼ਾਂ ਅਤੇ ਸੀ.ਆਈ.ਏ. ਦੇ ਇਕ ਮੈਮੋਰੰਡਮ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਅਤਿਵਾਦੀਆਂ ਵਿਚੋਂ ਕੁਝ ਇਕ ਸਾਊਦੀ ਅਰਬ ਸਰਕਾਰ ਨਾਲ ਸਬੰਧਤ ਵਿਅਕਤੀਆਂ ਦੇ ਸੰਪਰਕ ਵਿਚ ਸੀ ਹਾਲਾਂਕਿ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਵਾਕਾਰਾਂ ਅਤੇ ਸਾਊਦੀ ਸਰਕਾਰ ਦੇ ਸਬੰਧਾਂ ਦੀ ਜਾਂਚ ਨਹੀਂ ਕੀਤੀ ਗਈ ਕਿਉਂਕਿ ਇਸ ਨਾਲ ਬਾਕੀ ਜਾਂਚ ਉਲਝ ਸਕਦੀ ਹੈ ਪਰ ਐਫ.ਬੀ.ਆਈ. ਅਤੇ ਸੀ.ਆਈ.ਏ. ਨੂੰ ਅਗਵਾਕਾਰਾਂ ਅਤੇ ਸਾਊਦੀ ਸਰਕਾਰ ਦੇ ਸਬੰਧਾਂ ਬਾਰੇ ਸੂਚਿਤ ਕਰਦਿਆਂ ਅਗਲੇਰੀ ਜਾਂਚ ਕਰਨ ਲਈ ਕਿਹਾ ਗਿਆ ਹੈ।

ਇਸੇ ਦੌਰਾਨ ਅਮਰੀਕਾ ਵਿਚ ਸਾਊਦੀ ਅਰਬ ਦੇ ਰਾਜਦੂਤ ਅਬਦੁਲਾ ਅਲ ਸਾਊਦ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਉਨ੍ਹਾਂ ਨੇ ਜਨਤਕ ਕੀਤੀ ਰਿਪੋਰਟ ਦੀ ਘੋਖ ਕੀਤੀ ਹੈ ਅਤੇ ਰਿਪੋਰਟ ਵਿਚ ਅਗਵਾਕਾਰਾਂ ਨਾਲ ਸਾਊਦੀ ਸਰਕਾਰ ਜਾਂ ਇਸ ਦੇ ਸੀਨੀਅਰ ਅਧਿਕਾਰੀਆਂ ਦੇ ਸਬੰਧਾਂ ਦੀ ਪੁਸ਼ਟੀ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਰਿਪੋਰਟ ਵਿਚ ਇਸ ਗੱਲ ਦੀ ਵੀ ਪੁਸ਼ਟੀ ਨਹੀਂ ਹੁੰਦੀ ਕਿ ਸਾਊਦੀ ਅਰਬ ਦੀ ਸਰਕਾਰ ਨੇ ਅਗਵਾਕਾਰਾਂ ਨੂੰ ਉਤਸ਼ਾਹਤ ਕੀਤਾ ਜਾਂ ਕੋਈ ਆਰਥਕ ਮਦਦ ਕੀਤੀ। ਉਨ੍ਹਾਂ ਕਿਹਾ ਕਿ ਸਾਊਦੀ ਅਰਬ ਅਮਰੀਕਾ ਦਾ ਨਜ਼ਦੀਕੀ ਸਹਿਯੋਗੀ ਹੈ ਅਤੇ ਅਤਿਵਾਦ ਖਿਲਾਫ ਲੜਾਈ ਵਿਚ ਹਮੇਸ਼ਾ ਉਸ ਦਾ ਸਾਥ ਦਿੰਦਾ ਰਹੇਗਾ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

Email:
Homeomedicine@yahoo.com

**7021 Village Park Way, Dublin, CA 94568**



# Hiring Class A Drivers Owner Operators

* 0 Down Lease To Own Tractors Trailers Available.
* Company Fuel Card And Dispatching .
* Required 2 Year Old Class A Driver License.
* Clean Driving Record, Must Pass Drug Screening

ਕਲਾਸ 'ਏ' ਡਰਾਈਵਰਾਂ/ਓਨਰ ਆਪਰੇਟਰਾਂ ਦੀ ਲੋੜ ਹੈ
*ਟਰੈਕਟਰ ਟਰੇਲਰ ਖਰੀਦਣ ਲਈ 0 ਡਾਊਨ ਲੀਜ਼ ਉਪਲਬਧ
*ਕੰਪਨੀ ਫਿਊਲ ਕਾਰਡ ਅਤੇ ਡਿਸਪੈਚਿੰਗ
*ਦੋ ਸਾਲ ਪੁਰਾਣਾ ਕਲਾਸ 'ਏ' ਡਰਾਈਵਰ ਲਾਇਸੈਂਸ ਜ਼ਰੂਰੀ
*ਸਾਫ-ਸੁਥਰਾ ਡਰਾਈਵਿੰਗ ਰਿਕਾਰਡ ਹੋਵੇ, ਡਰੱਗ ਸਕਰੀਨਿੰਗ ਲਾਜ਼ਮੀ



**Want To Earn Like Owner Operator**

**Call @ 916-833-5022**



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ: 850-510-3466

# ਵਿਕਾਸ ਦੀ ਭੇਟ ਚੜ੍ਹੀ ਪੰਜਾਬ ਦੀ ਹਰਿਆਲੀ

**ਪੰਜ ਸਾਲਾਂ ਦੌਰਾਨ ਨੌਂ ਲੱਖ ਦਰਖਤਾਂ 'ਤੇ ਸਰਕਾਰੀ ਕੁਹਾੜਾ**



**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਨੌਂ ਲੱਖ ਦਰਖਤਾਂ ਉਤੇ ਸਰਕਾਰੀ ਕੁਹਾੜਾ ਚੱਲਿਆ ਹੈ। ਇਹ ਦਾਅਵਾ ਪੰਜਾਬ ਦੇ ਜੰਗਲਾਤ ਵਿਭਾਗ ਨੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਕੋਲ ਦਰਜ ਕੀਤੇ ਹਲਫੀਆ ਬਿਆਨ ਵਿਚ ਕੀਤਾ ਹੈ। ਇਹ ਅੰਕੜੇ ਪਿਛਲੇ ਪੰਜ ਸਾਲਾਂ 2011-12 ਤੋਂ 2015-16 ਨਾਲ ਸਬੰਧਤ ਹਨ। ਸਰਕਾਰ ਨੇ ਇਹ ਹਲਫਨਾਮਾ ਸੰਗਰੂਰ ਆਧਾਰਤ ਡਾਕਟਰ ਅਮਨਦੀਪ ਅਗਰਵਾਲ ਦੀ ਸ਼ਿਕਾਇਤ ਉਤੇ ਟ੍ਰਿਬਿਊਨਲ ਵੱਲੋਂ ਪੰਜਾਬ ਸਰਕਾਰ ਵਿਰੁੱਧ ਦਰਜ ਕੀਤੇ ਕੇਸ ਵਿਚ ਦਾਇਰ ਕੀਤਾ ਹੈ। ਡਾ. ਅਮਨਦੀਪ ਨੇ ਟ੍ਰਿਬਿਊਨਲ ਕੋਲ ਕੀਤੀ ਸ਼ਿਕਾਇਤ ਵਿਚ ਪੰਜਾਬ ਸਰਕਾਰ ਦੇ ਉਸ ਫੈਸਲੇ 'ਤੇ ਇਤਰਾਜ਼ ਜਤਾਇਆ ਸੀ ਜਿਸ ਵਿਚ ਸਰਕਾਰ ਨੇ ਜ਼ੀਰਕਪੁਰ-ਬਠਿੰਡਾ ਹਾਈਵੇਅ (ਕੌਮੀ ਸ਼ਾਹਰਾਹ 64) ਨੂੰ ਚੌੜਾ ਕਰਨ ਲਈ 96,000 ਦਰਖ਼ਤਾਂ 'ਤੇ ਕੁਹਾੜਾ ਚਲਾਉਣ ਦਾ ਫੈਸਲਾ ਕੀਤਾ ਸੀ।

ਪੰਜਾਬ ਦੇ ਜੰਗਲਾਤ ਹੇਠ ਰਕਬੇ ਨੂੰ ਕੁੱਲ ਮਿਲਾ ਕੇ ਪੰਜ ਜ਼ੋਨਾਂ ਵਿਚ ਵੰਡਿਆ ਗਿਆ ਹੈ ਜਿਸ ਵਿਚ ਦੱਖਣੀ ਸਰਕਲ, ਉਤਰੀ ਸਰਕਲ, ਸ਼ਿਵਾਲਿਕ ਸਰਕਲ, ਫ਼ਿਰੋਜ਼ਪੁਰ ਸਰਕਲ ਤੇ ਬਿਸਤ ਸਰਕਲ ਸ਼ਾਮਲ ਹਨ। ਟ੍ਰਿਬਿਊਨਲ ਕੋਲ ਦਾਇਰ ਹਲਫਨਾਮੇ ਮੁਤਾਬਕ ਉਪਰੋਕਤ ਪੰਜਾਂ ਜ਼ੋਨਾਂ ਵਿਚੋਂ ਸਭ ਤੋਂ ਵੱਧ ਦਰਖਤ ਦੱਖਣੀ ਜ਼ੋਨ ਵਿਚ ਵੱਢੇ ਗਏ ਹਨ। ਪਿਛਲੇ ਪੰਜ ਸਾਲਾਂ ਵਿਚ ਇਸ ਜ਼ੋਨ ਵਿਚ 2.48 ਲੱਖ ਦਰਖਤਾਂ ਉਤੇ ਸਰਕਾਰੀ ਕੁਹਾੜਾ ਚੱਲਿਆ। ਇਸ ਤੋਂ ਬਾਅਦ 2.07 ਲੱਖ ਨਾਲ ਸ਼ਿਵਾਲਿਕ, 1.7 ਲੱਖ ਉਤਰੀ ਸਰਕਲ, 1.59 ਲੱਖ ਫ਼ਿਰੋਜ਼ਪੁਰ ਸਰਕਲ ਤੇ 80511 ਦਰਖ਼ਤਾਂ ਨਾਲ ਬਿਸਤ ਸਰਕਲ ਦਾ ਨੰਬਰ ਆਉਂਦਾ ਹੈ।

ਡਾ. ਅਗਰਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਦਾਇਰ ਹਲਫਨਾਮੇ ਤੋਂ ਸਪਸ਼ਟ ਹੈ ਕਿ ਰਾਜ ਵਿਚ ਕਿਸ ਤਰ੍ਹਾਂ ਦਾ ਵਿਕਾਸ ਹੋ ਰਿਹਾ ਹੈ ਤੇ ਕਿਸ ਕੀਮਤ ਉਤੇ ਹੋ ਰਿਹਾ ਹੈ। 9 ਲੱਖ ਦਰਖ਼ਤਾਂ ਨੂੰ ਵੱਢਣਾ ਛੋਟੀ ਮੋਟੀ ਗਿਣਤੀ ਨਹੀਂ ਤੇ ਇਹ ਤਾਂ ਇਕ ਤਰ੍ਹਾਂ ਨਾਲ ਵਾਤਾਵਰਣ ਨੂੰ ਤਹਿਸ ਨਹਿਸ ਕਰਨ ਦੇ ਤੁਲ ਹੈ। ਦਿਲਚਸਪ ਤੱਥ ਇਹ ਹੈ ਕਿ ਲੰਘੀ ਅਪਰੈਲ ਤੋਂ ਹੁਣ ਤੱਕ ਵਿਕਾਸ ਕਾਰਜਾਂ ਦੇ ਨਾਂ ਉਤੇ ਪਿਛਲੇ ਤਿੰਨ ਮਹੀਨਿਆਂ ਵਿਚ 13,000 ਦਰਖਤਾਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ ਤੇ ਇਹ ਅਮਲ ਰਾਜ ਦੇ ਹੋਰਨਾਂ ਹਿੱਸਿਆਂ ਵਿਚ ਬੇਰੋਕ ਜਾਰੀ ਹੈ। ਯਾਦ ਰਹੇ ਕਿ ਇਸ ਸਾਲ ਮਈ ਵਿਚ ਕੌਮੀ ਗ੍ਰੀਨ ਟ੍ਰਿਬਿਊਨਲ ਨੇ ਦਰਖਤਾਂ ਦੀ ਕਟਾਈ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਸਨ, ਜਿਸ ਉਤੇ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਾ ਦਿੱਤੀ ਸੀ ਤੇ ਫਿਲਹਾਲ ਮਾਮਲਾ ਕੋਰਟ ਦੇ ਵਿਚਾਰ ਅਧੀਨ ਹੈ।

# ਮੋਦੀ ਦਾ 15 ਲੱਖ ਖਾਤੇ ਵਾਲਾ ਵਾਅਦਾ ਪਿਆ ਖੂਹ-ਖਾਤੇ

**ਚੰਡੀਗੜ੍ਹ:** ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਾਅਦਾ ਕੀਤਾ ਸੀ ਕਿ ਜੇਕਰ ਭਾਜਪਾ ਦੀ ਸਰਕਾਰ ਸੱਤਾ ਵਿਚ ਆਉਂਦੀ ਹੈ ਤਾਂ ਵਿਦੇਸ਼ੀ ਬੈਂਕਾਂ 'ਚ ਪਏ ਕਾਲੇ ਧਨ ਨੂੰ ਵਾਪਸ ਲਿਆ ਕੇ ਹਰ ਭਾਰਤੀ ਦੇ ਖਾਤੇ ਵਿਚ 15 ਲੱਖ ਰੁਪਏ ਜਮ੍ਹਾਂ ਕਰਵਾਏ ਜਾਣਗੇ। ਇਸ ਵਾਅਦੇ ਨਾਲ ਭਾਜਪਾ ਨੇ ਚੰਗੀਆਂ ਵੋਟਾਂ ਹਾਸਲ ਕੀਤੀਆਂ ਤੇ ਸਰਕਾਰ ਬਣਾ ਲਈ।



ਸਰਕਾਰ ਬਣਨ ਤੋਂ ਬਾਅਦ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਦੇ ਇਸ ਵਾਅਦੇ ਨੂੰ ਮਹਿਜ਼ ਇਕ ਸਿਆਸੀ ਜੁਮਲਾ ਕਰਾਰ ਦਿੱਤਾ ਸੀ, ਪਰ ਹੁਣ ਪ੍ਰਧਾਨ ਮੰਤਰੀ ਦਫਤਰ ਤੇ ਵਿੱਤ ਮੰਤਰਾਲੇ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਜਾਣਕਾਰੀ ਨੇ ਦਫਤਰੀ ਤੌਰ 'ਤੇ ਵੀ ਸਾਬਤ ਕਰ ਦਿੱਤਾ ਹੈ ਕਿ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਵਲੋਂ ਕੀਤਾ ਗਿਆ ਵਾਅਦਾ ਮਹਿਜ਼ ਇਕ ਸਿਆਸੀ ਜੁਮਲਾ ਹੀ ਸੀ ਤੇ ਰਿਕਾਰਡ ਅਨੁਸਾਰ ਅਜਿਹੀ ਕੋਈ ਯੋਜਨਾ ਹੀ ਨਹੀਂ ਸੀ।

ਪ੍ਰਧਾਨ ਮੰਤਰੀ ਦਫਤਰ ਤੇ ਵਿੱਤ ਮੰਤਰਾਲੇ ਨੂੰ ਦਾਇਰ ਕੀਤੀਆਂ ਦੋ ਵੱਖ-ਵੱਖ ਸੂਚਨਾ ਅਧਿਕਾਰ ਕਾਨੂੰਨ ਦੀਆਂ ਅਰਜ਼ੀਆਂ ਸਬੰਧੀ ਦੱਸਦੇ ਹੋਏ ਆਮ ਆਦਮੀ ਪਾਰਟੀ ਆਰ.ਟੀ.ਆਈ. ਵਿੰਗ ਦੇ ਕੋ-ਕਨਵੀਨਰ ਐਡਵੋਕੇਟ ਦਿਨੇਸ਼ ਚੱਢਾ ਨੇ ਕਿਹਾ ਕਿ ਆਰ.ਟੀ.ਆਈ. ਵਿਚ ਪੁੱਛਿਆ ਗਿਆ ਸੀ ਕਿ ਉਨ੍ਹਾਂ ਖਾਤਿਆਂ ਤੇ ਵਿਅਕਤੀਆਂ ਦੀ ਸੂਚੀ ਦਿੱਤੀ ਜਾਵੇ ਜਿਨ੍ਹਾਂ ਦੇ ਖਾਤਿਆਂ ਵਿਚ ਕਾਲੇ ਧਨ ਦੀ ਵਾਪਸ ਲਿਆਂਦੀ ਰਕਮ ਵਿਚੋਂ 15-15 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਹਨ। ਦੂਜਾ ਸਵਾਲ ਪੁੱਛਿਆ ਗਿਆ ਕਿ ਜੇਕਰ ਅਜੇ ਤੱਕ ਇਹ 15-15 ਲੱਖ ਰੁਪਏ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਤਾਂ ਸਰਕਾਰ ਦੀ ਇਹ ਰਕਮ ਜਮ੍ਹਾਂ ਕਰਵਾਉਣ ਸਬੰਧੀ ਯੋਜਨਾ ਦੀ ਕਾਪੀ ਦੇਵੇ ਤੇ ਜਿਨ੍ਹਾਂ ਖਾਤਿਆਂ 'ਚ 15 ਲੱਖ ਰੁਪਏ ਜਮ੍ਹਾਂ ਕਰਵਾਉਣ ਦੀ ਯੋਜਨਾ ਹੈ, ਉਨ੍ਹਾਂ ਖਾਤਾ ਧਾਰਕਾਂ ਦੇ ਨਾਂ ਅਤੇ ਨੰਬਰ, ਜੋ ਸਰਕਾਰ ਵੱਲੋਂ ਇਸ ਕੰਮ ਲਈ ਚੁਣੇ ਤੇ ਮੰਗੇ ਗਏ ਸਨ।

# ਚੰਡੀਗੜ੍ਹ ਦੇ ਕੈਪੀਟਲ ਕੰਪਲੈਕਸ ਨੂੰ ਵਿਸ਼ਵ ਵਿਰਾਸਤੀ ਦਰਜਾ

**ਚੰਡੀਗੜ੍ਹ:** ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਕ ਦਹਾਕਾ ਪਹਿਲਾ ਵਿੱਢੇ ਗਏ ਯਤਨ ਨੂੰ ਬੂਰ ਪੈ ਗਿਆ ਹੈ। ਸ਼ਹਿਰ ਦੇ 'ਕੈਪੀਟਲ ਕੰਪਲੈਕਸ' ਨੂੰ ਵਿਸ਼ਵ ਵਿਰਾਸਤ ਦਾ ਰੁਤਬਾ ਮਿਲ ਗਿਆ ਹੈ। ਇਹ ਐਲਾਨ ਇਸਤੰਬੁਲ ਵਿਚ ਹੋਈ ਯੂਨੈਸਕੋ ਦੀ ਹੈਰੀਟੇਜ ਕਮੇਟੀ ਵੱਲੋਂ ਕੀਤਾ ਗਿਆ ਹੈ। ਇਸ ਕਮੇਟੀ ਦੀ ਬੈਠਕ ਵਿਚ ਲੀ ਕਾਰਬੂਜੀਏ ਦੇ ਸੱਤ ਦੇਸ਼ਾਂ ਵਿਚ ਕੀਤੇ ਗਏ ਕੰਮਾਂ ਨੂੰ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।



ਚੰਡੀਗੜ੍ਹ ਦੀ ਆਰਕੀਟੈਕਚੁਅਲ ਵਿਰਾਸਤ ਹੀ ਯੂਨੈਸਕੋ ਕਮੇਟੀ ਸਾਹਮਣੇ ਆਧੁਨਿਕ ਆਰਕੀਟੈਕਟ ਸਬੰਧਤ ਨਮੂਨੇ ਦੀ ਇਕ ਹੀ ਤਜਵੀਜ਼ ਸੀ, ਜਿਸ ਵਿਚ ਚੰਡੀਗੜ੍ਹ ਦੇ ਕੈਪੀਟਲ ਕੰਪਲੈਕਸ ਦਾ 14ਵਾਂ ਸਥਾਨ ਹੈ। ਕੈਪੀਟਲ ਕੰਪਲੈਕਸ ਵਿਚ ਓਪਨ ਹਾਡ ਮੂਵਮੈਂਟ, ਹਾਈ ਕੋਰਟ, ਟਾਵਰ ਆਫ ਸ਼ੈਡੋ ਅਤੇ ਸਕੱਤਰੇਤ ਸ਼ਾਮਲ ਹਨ। ਚੰਡੀਗੜ੍ਹ ਪ੍ਰਸ਼ਾਸਨ ਨੇ ਲੀ ਕਾਰਬੂਜੀਏ ਦੇ ਆਰਕੀਟੈਕਟ ਨੂੰ ਵਿਸ਼ਵ ਵਿਰਾਸਤ ਵਿਚ ਸ਼ਾਮਲ ਕਰਵਾਉਣ ਲਈ ਇਕ ਦਹਾਕਾ ਪਹਿਲਾਂ ਯਤਨ ਸ਼ੁਰੂ ਕੀਤੇ ਸਨ। ਇਸ ਵਾਰ ਸੀਟਾਂ ਦੀ ਗਿਣਤੀ 22 ਤੋਂ ਘਟਾ ਕੇ 19 ਕਰ ਦਿੱਤੀ ਗਈ ਸੀ। ਪਹਿਲੀ ਵਾਰ ਭਾਰਤ ਵਿਚ ਲੀ ਕਾਰਬੂਜੀਏ ਦੇ ਕੀਤੇ ਆਰਕੀਟੈਕਚੁਅਲ ਕੰਮ ਨੂੰ ਡੋਜ਼ੀਅਰ ਵਿਚ ਸ਼ਾਮਲ ਕੀਤਾ ਗਿਆ ਹੈ। ਬੀਤੇ ਸਾਲ ਯੂਨੈਸਕੋ ਦੀ ਇਕ ਟੀਮ ਨੇ ਚੰਡੀਗੜ੍ਹ ਆ ਕੇ ਲੀ ਕਾਰਬੂਜੀਏ ਦੇ ਆਰਕੀਟੈਕਚਰ ਦੀਆਂ ਵਿਸ਼ੇਸ਼ਤਾਵਾਂ ਨੂੰ ਘੋਖਿਆ ਵੀ ਸੀ। ਇਸ ਆਰਕੀਟੈਕਚੁਅਲ ਵਿਰਾਸਤ ਨੂੰ ਯੂਨੈਸਕੋ ਦੀ ਟੀਮ ਨੇ ਪੂਰੇ ਤਿੰਨ ਦਿਨ ਕੈਪੀਟਲ ਕੰਪਲੈਕਸ ਦੀ ਇਮਾਰਤਸਾਜ਼ੀ ਦਾ ਹਰ ਪੱਖ ਨੂੰ ਬਰੀਕੀ ਨਾਲ ਨਿਰੀਖਣ ਕੀਤਾ। ਟੀਮ ਦੇ ਅਹਿਮ ਮੈਂਬਰ ਮਿਸ਼ੇਲ ਰਿਚਰਡ ਅਤੇ ਡਾਮੀਨੀਕ ਨੇ ਮੰਨਿਆ ਕਿ ਚੰਡੀਗੜ੍ਹ ਵਿਚ ਕਾਰਬੂਜੀਏ ਦਾ ਆਰਕੀਟੈਕਚੁਅਲ ਕੰਮ ਜ਼ਿੰਦਾ ਵਿਰਾਸਤ ਕਹੀਏ ਤਾਂ ਅੱਤਕਥਨੀ ਨਹੀਂ ਹੋਵੇਗੀ।

# ਸਿੱਖ ਵਿਰੁਧ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਕੇਸ ਰੱਦ

**ਟੋਰਾਂਟੋ:** ਕੈਨੇਡਾ ਦੀ ਇਕ ਅਦਾਲਤ ਨੇ ਸਿੱਖ ਵਿਰੁੱਧ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਦੋਸ਼ ਰੱਦ ਕਰ ਦਿੱਤਾ ਕਿਉਂਕਿ ਪੁਲਿਸ ਅਫਸਰਾਂ ਨੇ ਉਸ ਦੀ ਗ੍ਰਿਫਤਾਰੀ ਵੇਲੇ ਡਿੱਗੀ ਦਸਤਾਰ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਨਹੀਂ ਮੋੜੀ ਸੀ।


ਸਰਦੂਲ ਸਿੰਘ ਵਿਰੁੱਧ ਖੂਨ ਵਿਚ ਵੱਧ ਅਲਕੋਹਲ ਤੇ ਉਸ 'ਤੇ ਲੱਗੇ ਹੋਰ ਦੋਸ਼ ਰੱਦ ਕਰ ਦਿੱਤੇ ਗਏ ਕਿਉਂਕਿ ਪੀਲ ਰਿਜਨਲ ਪੁਲਿਸ ਅਫਸਰਾਂ ਨੇ ਦੱਖਣੀ ਓਂਟਾਰੀਓ ਵਿਚ ਉਸ ਨੂੰ ਪੁਲਿਸ ਗੱਡੀ ਵਿਚ ਬਿਠਾਉਣ ਦੌਰਾਨ ਡਿੱਗੀ ਦਸਤਾਰ ਨਹੀਂ ਮੋੜੀ ਸੀ। ਪਿਛਲੇ ਮਹੀਨੇ ਜਾਰੀ ਫੈਸਲੇ ਵਿਚ ਓਂਟਾਰੀਓ ਕੋਰਟ ਜਸਟਿਸ ਜਿਲ ਕੋਪਲੈਂਡ ਨੇ ਲਿਖਿਆ ਕਿ ਸਰਦੂਲ ਸਿੰਘ ਨੂੰ ਹਿਰਾਸਤ ਦੌਰਾਨ ਦਸਤਾਰ ਨਾ ਮੋੜਨਾ ਚਾਰਟਰ ਦੀ ਉਲੰਘਣਾ ਹੈ।

ਕੋਪਲੈਂਡ ਨੇ ਫੈਸਲਾ ਸੁਣਾਇਆ ਕਿ ਮੁੱਦਈ ਦੇ ਧਰਮ ਦੀ ਆਜ਼ਾਦੀ ਦੇ ਅਧਿਕਾਰ ਦੀ ਪੁਲਿਸ ਵੱਲੋਂ ਕੀਤੀ ਉਲੰਘਣਾ ਕਾਫੀ ਗੰਭੀਰ ਹੈ ਅਤੇ ਸਰਦੂਲ ਸਿੰਘ ਦੇ ਸਾਹ ਦੇ ਨਮੂਨੇ ਨੂੰ ਛੱਡ ਦੇਣਾ ਚਾਹੀਦਾ ਹੈ। ਜੇ ਇਸ ਨੂੰ ਸਬੂਤ ਵਜੋਂ ਮੰਨਿਆ ਜਾਂਦਾ ਹੈ ਤਾਂ ਇਸ ਨਾਲ ਨਿਆਂ ਪ੍ਰਬੰਧ ਦੀ ਬਦਨਾਮੀ ਹੋਵੇਗੀ।

# ਸੋਨੀਆ, ਰਾਜਨਾਥ ਤੇ ਮਾਇਆਵਤੀ ਨੂੰ ਸੂਚਨਾ ਕਮਿਸ਼ਨ ਦਾ ਨੋਟਿਸ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ ਨੇ ਛੇ ਰਾਸ਼ਟਰੀ ਪਾਰਟੀਆਂ ਦੇ ਨੇਤਾਵਾਂ ਸੋਨੀਆ ਗਾਂਧੀ, ਰਾਜਨਾਥ, ਮਾਇਆਵਤੀ, ਪਰਕਾਸ਼ ਕਾਰਤ, ਸ਼ਰਦ ਪਵਾਰ ਤੇ ਸੁਧਾਕਰ ਰੈਡੀ ਨੂੰ ਸੂਚਨਾ ਦਾ ਅਧਿਕਾਰ ਤਹਿਤ ਪੁੱਛੇ ਗਏ ਸਵਾਲਾਂ ਦਾ ਜਵਾਬ ਨਾ ਦੇਣ ਦੇ ਮਾਮਲੇ 'ਚ ਨੋਟਿਸ ਜਾਰੀ ਕਰਦਿਆਂ 22 ਜੁਲਾਈ ਨੂੰ ਕਮਿਸ਼ਨ ਦੀ ਪੂਰਨ ਬੈਂਚ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਸ਼ਿਕਾਇਤਕਰਤਾ ਆਰ.ਕੇ. ਜੈਨ ਨੇ ਦੋਸ਼ ਲਾਇਆ ਹੈ ਕਿ ਉਸ ਨੇ ਸੂਚਨਾ ਦੇ ਅਧਿਕਾਰ ਤਹਿਤ ਛੇ ਰਾਸ਼ਟਰੀ ਪਾਰਟੀਆਂ ਭਾਜਪਾ, ਕਾਂਗਰਸ, ਬਸਪਾ, ਐਨ.ਸੀ.ਪੀ., ਸੀ.ਪੀ.-ਐਮ ਤੇ ਸੀ.ਪੀ.-ਆਈ. ਤੋਂ ਜਾਣਕਾਰੀ ਮੰਗੀ ਸੀ, ਪਰ ਕਮਿਸ਼ਨ ਦੇ ਰਜਿਸਟਰਾਰ ਨੇ ਦੂਹਰਾ ਮਾਪਦੰਡ ਅਪਣਾਉਂਦਿਆਂ ਸਿਰਫ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਉਨ੍ਹਾਂ ਦੇ ਨਾਂ 'ਤੇ ਨੋਟਿਸ ਭੇਜਿਆ ਤੇ ਬਾਕੀ ਪਾਰਟੀਆਂ ਦੇ ਪ੍ਰਧਾਨਾਂ/ ਜਨਰਲ ਸਕੱਤਰਾਂ ਦੇ ਨਾਂ ਨੋਟਿਸ ਭੇਜੇ ਹਨ। ਜ਼ਿਕਰਯੋਗ ਹੈ ਕਿ ਕੇਂਦਰੀ ਸੂਚਨਾ ਕਮਿਸ਼ਨ ਨੇ ਇਨ੍ਹਾਂ ਛੇ ਰਾਜਨੀਤਕ ਪਾਰਟੀਆਂ ਨੂੰ ਸੂਚਨਾ ਦੇ ਅਧਿਕਾਰ ਦੇ ਦਾਇਰੇ





'ਚ ਹੋਣ ਕਰ ਕੇ ਕਾਨੂੰਨੀ ਤੌਰ 'ਤੇ ਜਵਾਬਦੇਹ ਮੰਨਿਆ ਸੀ, ਜਿਸ ਦੇ ਚਲਦਿਆਂ ਜੈਨ ਨੇ ਫਰਵਰੀ 2014 ਵਿਚ ਅਰਜ਼ੀ ਲਿਖ ਕੇ ਇਨ੍ਹਾਂ ਪਾਰਟੀਆਂ ਤੋਂ ਉਨ੍ਹਾਂ ਨੂੰ ਮਿਲਣ ਵਾਲੇ ਚੰਦੇ, ਅੰਦਰੂਨੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਮੰਗੀ ਸੀ ਤੇ ਜਵਾਬ ਨਾ ਮਿਲਣ ਉਤੇ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਸੀ।

# ਆਪ ਆਗੂ ਸੰਧੂ ਵਿਰੁੱਧ ਗੈਰ ਜ਼ਮਾਨਤੀ ਵਾਰੰਟ

**ਲੁਧਿਆਣਾ:** ਪੱਤਰਕਾਰ ਤੋਂ ਸਿਆਸਤ ਵਿਚ ਆਏ ਕੰਵਰ ਸੰਧੂ ਖਿਲਾਫ ਫਾਸਟਵੇਅ ਕੰਪਨੀ ਵੱਲੋਂ ਦਾਇਰ ਕੀਤੇ ਕੇਸ ਵਿਚ ਇਥੋਂ ਦੀ ਅਦਾਲਤ ਨੇ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਫਾਸਟਵੇਅ ਨੇ ਇਹ ਕੇਸ ਸ. ਸੰਧੂ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਦਾਇਰ ਕੀਤਾ ਸੀ। ਅਦਾਲਤ ਨੇ ਉਨ੍ਹਾਂ ਨੂੰ 12 ਜੁਲਾਈ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਸਨ, ਪਰ ਉਹ ਪੇਸ਼ ਨਹੀਂ ਹੋਏ ਸਨ। ਇਸ ਬਾਅਦ 13 ਜੁਲਾਈ ਨੂੰ ਮੁੜ ਪੇਸ਼ ਹੋਣ ਲਈ ਕਿਹਾ ਗਿਆ, ਪਰ ਉਹ ਪੇਸ਼ ਨਹੀਂ ਹੋਏ। ਇਸ 'ਤੇ ਅਦਾਲਤ ਨੇ ਕੰਵਰ ਸੰਧੂ ਖਿਲਾਫ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਸ. ਸੰਧੂ ਨੇ ਫਾਸਟਵੇਅ ਨੂੰ ਕੇਬਲ ਮਾਫੀਆ ਕਿਹਾ ਸੀ ਅਤੇ ਇਸ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਿੱਸੇਦਾਰੀ ਹੋਣ ਦੇ ਦੋਸ਼ ਲਾਏ ਸਨ। ਇਸ ਉਤੇ ਕੇਬਲ ਕੰਪਨੀ ਨੇ ਲੁਧਿਆਣਾ ਦੀ ਅਦਾਲਤ 'ਚ ਉਨ੍ਹਾਂ ਖਿਲਾਫ ਕੇਸ ਦਾਇਰ ਕੀਤਾ ਸੀ।

# ਭਾਰਤ ਦੇ ਢਾਈ ਕਰੋੜ ਅੰਗਹੀਣਾਂ 'ਚੋਂ 76 ਫੀਸਦੀ 10 ਰਾਜਾਂ ਵਿਚ

**ਲੁਧਿਆਣਾ:** ਦੇਸ਼ ਦੇ ਢਾਈ ਕਰੋੜ ਤੋਂ ਵੱਧ ਅੰਗਹੀਣ ਲੋਕਾਂ ਵਿਚੋਂ ਤਕਰੀਬਨ 76 ਫੀਸਦੀ ਮੁਲਕ ਦੇ ਸਿਰਫ 10 ਸੂਬਿਆਂ ਵਿਚ ਰਹਿੰਦੇ ਹਨ। ਮੱਧ ਪ੍ਰਦੇਸ਼, ਉੜੀਸਾ ਅਤੇ ਬਿਹਾਰ ਤਿੰਨ ਅਜਿਹੇ ਸੂਬੇ ਹਨ, ਜਿਥੇ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪੇਂਡੂ ਖੇਤਰ ਵਿਚ ਅੰਗਹੀਣਾਂ ਦੀ ਗਿਣਤੀ ਤਿੰਨ ਤੋਂ ਛੇ ਗੁਣਾ ਵੱਧ ਹੈ ਜਦਕਿ ਬਾਕੀ ਸੂਬਿਆਂ 'ਚ ਪੇਂਡੂ ਤੇ ਸ਼ਹਿਰੀ ਅਨੁਪਾਤ ਵਿਚਾਲੇ ਇੰਨਾ ਵੱਡਾ ਫਰਕ ਨਹੀਂ ਹੈ।



ਦੇਸ਼ ਦੇ ਰਜਿਸਟਰਾਰ ਜਨਰਲ ਵੱਲੋਂ ਜਾਰੀ ਕੀਤੇ ਗਏ 2011 ਦੀ ਮਰਦਮਸ਼ੁਮਾਰੀ ਦੇ ਤਾਜ਼ਾ ਅੰਕੜਿਆਂ ਮੁਤਾਬਕ ਦੇਸ਼ ਭਰ 'ਚ ਕੁੱਲ 2 ਕਰੋੜ 68 ਲੱਖ 14 ਹਜ਼ਾਰ 994 ਅੰਗਹੀਣਾਂ ਦੀ ਗਿਣਤੀ ਦਰਜ ਕੀਤੀ ਗਈ ਹੈ। ਇਨ੍ਹਾਂ ਵਿਚੋਂ ਇਕ ਕਰੋੜ 86 ਲੱਖ 36 ਹਜ਼ਾਰ 358 ਪੇਂਡੂ ਖੇਤਰਾਂ ਵਿਚ ਜਦਕਿ 81 ਲੱਖ 78 ਹਜ਼ਾਰ 636 ਸ਼ਹਿਰੀ ਖੇਤਰਾਂ ਵਿਚ ਰਹਿੰਦੇ ਹਨ। ਦੇਸ਼ ਦੇ ਕੁੱਲ ਅੰਗਹੀਣਾਂ ਵਿਚੋਂ 76 ਫੀਸਦੀ ਲੋਕ ਸਿਰਫ 10 ਸੂਬਿਆਂ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਉੜੀਸਾ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ ਤੇ ਗੁਜਰਾਤ ਵਿਚ ਰਹਿੰਦੇ ਹਨ। ਮੱਧ ਪ੍ਰਦੇਸ਼ ਦੇ ਕੁੱਲ 15,51,931 ਵਿਚੋਂ 11 ਲੱਖ ਤੋਂ ਵੱਧ, ਕਰੀਬ 71 ਫੀਸਦੀ, ਉੜੀਸਾ ਦੇ ਕੁੱਲ 12,44,402 ਵਿਚੋਂ 10,67,739 ਭਾਵ 85 ਫੀਸਦੀ ਜਦਕਿ ਬਿਹਾਰ ਵਿਚ ਕੁੱਲ 23,31,009 ਵਿਚੋਂ 20,46,351 ਭਾਵ 87.7 ਫੀਸਦੀ ਅੰਗਹੀਣ ਲੋਕ ਪੇਂਡੂ ਖੇਤਰਾਂ ਵਿਚ ਹਨ। ਸ਼ਹਿਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਵਿਚ ਅੰਗਹੀਣਾਂ ਦੀ ਗਿਣਤੀ ਵਿਚ ਸਭ ਤੋਂ ਘੱਟ ਸਿਰਫ 4 ਫੀਸਦੀ ਦਾ ਮਾਮੂਲੀ ਫਰਕ ਗੁਜਰਾਤ ਵਿਚ ਹੈ। ਇਸ ਸੂਬੇ ਦੇ ਅੰਗਹੀਣਾਂ ਦੀ ਕੁੱਲ ਗਿਣਤੀ ਦਾ 52 ਫੀਸਦੀ ਹਿੱਸਾ ਪੇਂਡੂ ਅਤੇ 48 ਫੀਸਦੀ ਸ਼ਹਿਰੀ ਖੇਤਰਾਂ ਵਿਚ ਹੈ।


ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਮੁਤਾਬਕ 2001 ਤੋਂ ਬਾਅਦ 10 ਸਾਲਾਂ ਦੌਰਾਨ ਅੰਗਹੀਣਾਂ ਦੀ ਪੜ੍ਹਾਈ ਦਰ ਵਿਚ 3 ਤੋਂ 6 ਫੀਸਦੀ ਵਾਧਾ ਹੋਇਆ ਹੈ। ਪੜ੍ਹਾਈ ਦੇ ਮਾਮਲੇ ਵਿਚ ਮਹਾਰਾਸ਼ਟਰ ਦੇ ਅੰਗਹੀਣ ਲੋਕ ਦੇਸ਼ ਭਰ ਵਿਚ ਸਭ ਤੋਂ ਮੋਹਰੀ ਹੈ। ਮਹਾਰਾਸ਼ਟਰ ਦੇ ਕੁੱਲ 29,63,392 ਅੰਗਹੀਣਾਂ ਵਿਚੋਂ 67 ਫੀਸਦੀ ਦੇ ਕਰੀਬ ਅੰਗਹੀਣ ਪੜ੍ਹੇ ਲਿਖੇ ਹਨ। ਇਸ ਮਾਮਲੇ ਵਿਚ ਸਾਡਾ ਗੁਆਂਢੀ ਸੂਬਾ ਰਾਜਸਥਾਨ ਸਭ ਤੋਂ ਫਾਡੀ ਹੈ, ਜਿਥੇ ਕੁੱਲ 15 ਲੱਖ 63 ਹਜ਼ਾਰ 694 ਵਿਚੋਂ 60 ਫੀਸਦੀ ਅੰਗਹੀਣ ਲੋਕ ਕੋਰੇ ਅਨਪੜ੍ਹ ਹਨ।

# ਯੁਵਰਾਜ ਸਿੰਘ ਉਰਫ 'ਤੂਫਾਨ ਸਿੰਘ' ਬਾਰੇ ਫਿਲਮ ਉਸ ਦੇ ਨਾਜਾਇਜ਼ ਕਤਲ ਕੀਤੇ ਪੀੜਤ ਪਰਿਵਾਰਾਂ ਦੇ ਜ਼ਖਮਾਂ 'ਤੇ ਲੂਣ ਬਰਾਬਰ

ਹਾਲ ਹੀ ਵਿਚ ਕੁਝ ਪੰਜਾਬੀ ਅਖਬਾਰਾਂ ਵਿਚ ਇਕ ਪੰਜਾਬੀ ਮੇਲੇ ਵਿਚ ਖਾੜਕੂ ਆਗੂ ਯੁਵਰਾਜ ਸਿੰਘ ਉਰਫ 'ਤੁਫਾਨ ਸਿੰਘ' ਦੀ ਜੀਵਨੀ 'ਤੇ ਆਧਾਰਤ ਫਿਲਮ 'ਤੁਫਾਨ ਸਿੰਘ' ਦਾ ਪੋਸਟਰ ਜੱਸੀ ਬੰਗਾ ਦੀ ਅਗਵਾਈ ਹੇਠ ਰਿਲੀਜ਼ ਕੀਤੇ ਜਾਣ ਦੀ ਖਬਰ ਪੜ੍ਹੀ। ਖਬਰ ਵਿਚ ਦੱਸਿਆ ਗਿਆ ਸੀ ਕਿ ਯੁਵਰਾਜ ਸਿੰਘ ਬਿਲਕੁਲ ਨਿਰਦੋਸ਼ ਸੀ। ਪ੍ਰੰਤੂ ਜਿਨ੍ਹਾਂ ਨਾਲ ਬੀਤੀ ਹੈ, ਉਨ੍ਹਾਂ ਤੋਂ ਪੁੱਛੋ ਤਾਂ ਇਹ ਗੱਲ ਬਿਲਕੁਲ ਗਲਤ ਹੈ।

ਸਭ ਤੋਂ ਪਹਿਲਾਂ ਯੁਵਰਾਜ ਸਿੰਘ ਨੇ 29 ਜਨਵਰੀ 1990 ਨੂੰ ਰਾਤ ਦੇ 9 ਵਜੇ ਡੇਰਾ ਬਾਬਾ ਨਾਨਕ ਨਜ਼ਦੀਕ ਪਿੰਡ ਸਰਵਾਲੀ ਵਿਚ ਬੀ ਐਸ ਐਫ ਦੀ 132 ਬਟਾਲੀਅਨ ਦੀ ਗਸ਼ਤੀ ਮੈਟਾਡੋਰ 'ਤੇ ਹਮਲਾ ਕਰ ਕੇ 12 ਨੌਜਵਾਨ ਜ਼ਖਮੀ ਕੀਤੇ। ਜੇ ਜਾਣੀਏ ਤਾਂ ਉਹ ਵੀ ਕਿਸੇ ਦੇ ਭਰਾ, ਪੁੱਤਰ ਜਾਂ ਬਾਪ ਸਨ। ਯੁਵਰਾਜ ਸਿੰਘ ਦੇ ਨਾਲ ਖਾੜਕੂ ਆਗੂ ਗੁਰਜੰਟ ਸਿੰਘ ਬੁੱਧ ਸਿੰਘਵਾਲਾ, ਪਰਮਜੀਤ ਸਿੰਘ ਪੰਜਵੜ ਤੇ ਕਈ ਹੋਰ ਵੀ ਸਨ।

14 ਫਰਵਰੀ 1990 ਨੂੰ ਯੁਵਰਾਜ ਸਿੰਘ ਉਰਫ ਤੁਫਾਨ ਸਿੰਘ ਟੋਡਰਮੱਲ ਕਾਦੀਆਂ ਰੋਡ 'ਤੇ ਪਿੰਡ ਖਾਰਾ ਦੇ ਨਜ਼ਦੀਕ ਸੜਕ 'ਤੇ ਪਾਕਿਸਤਾਨ ਦੀ ਸਪਲਾਈ ਨਾਲ ਸ਼ਕਤੀਸ਼ਾਲੀ ਬੰਬ ਲਾ ਕੇ ਆਪ ਕਮਾਦ ਵਿਚ ਲੁਕ ਕੇ ਬੈਠ ਗਿਆ। ਬਦਕਿਸਮਤੀ ਨਾਲ ਮੇਰੇ ਵੱਡੇ ਵੀਰ ਕਮਾਡੈਂਟ ਦਵਿੰਦਰ ਸਿੰਘ ਦੀ ਅਗਵਾਈ ਹੇਠ ਬੀ ਐਸ ਐਫ ਦੀ ਮਾਰੂਤੀ ਜੀਪ ਰੁਟੀਨ ਗਸ਼ਤ 'ਤੇ ਜਾ ਰਹੀ ਸੀ। ਬੰਬ ਫਟਣ ਨਾਲ ਮੇਰੇ ਵੀਰ ਦੇ ਕਈ ਟੁਕੜੇ ਹੋ ਗਏ ਅਤੇ ਇਕ ਸਿਪਾਹੀ ਜਵਾਹਰ ਲਾਲ ਮੌਕੇ 'ਤੇ ਹੀ ਦਮ ਤੋੜ ਗਿਆ ਤੇ ਡਿਪਟੀ ਲਛਮਣ ਦਾਸ, ਜੋ ਬਲਾਚੌਰ ਦਾ ਰਹਿਣ ਵਾਲਾ ਸੀ, ਉਸ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਸਭ ਤੋਂ ਉਚੇ ਰੈਂਕ ਵਾਲਾ ਅਫਸਰ ਮਾਰਨ 'ਤੇ 'ਤੁਫਾਨ ਸਿੰਘ' ਨੂੰ ਬਹੁਤ ਵੱਡਾ ਸਨਮਾਨ ਮਿਲਿਆ ਜਿਸ ਕਰਕੇ ਇਹ ਲੋਕ ਉਸ ਦੀ ਫਿਲਮ ਬਣਾ ਰਹੇ ਹਨ।




*ਯੁਵਰਾਜ ਸਿੰਘ ਬਾਰੇ ਬਣੀ ਫਿਲਮ 'ਤੁਫਾਨ ਸਿੰਘ' ਦਾ ਪੋਸਟਰ*

ਸਿੱਖ ਕੌਮ ਦੇ ਹਰ ਘਰ ਵਿਚੋਂ ਕੋਈ ਨਾ ਕੋਈ ਫੌਜ ਜਾਂ ਪੁਲਿਸ ਵਿਚ ਭਰਤੀ ਹੁੰਦਾ ਸੀ, ਅੱਜ ਦੀ ਤਰ੍ਹਾਂ ਨਹੀਂ ਸੀ ਕਿ ਹਰ ਪੰਜਾਬੀ ਸੂਟਕੇਸ ਤਿਆਰ ਕਰ ਕੇ ਬਾਹਰਲੇ ਮੁਲਕ ਨੂੰ ਜਾਣ ਲਈ ਤਿਆਰ ਰਹੇ। ਮੇਰੇ ਵੀਰ ਦਵਿੰਦਰ ਸਿੰਘ ਪਹਿਲਾਂ ਫੌਜ ਵਿਚ ਕੈਪਟਨ ਹੋਣ ਕਰ ਕੇ 1965 ਦੀ ਪਾਕਿਸਤਾਨ ਨਾਲ ਲੜਾਈ ਵਿਚ ਸ਼ਾਮਲ ਹੋਏ ਸਨ ਤੇ ਫਿਰ ਬੀ ਐਸ ਐਫ ਵਿਚ ਜਾ ਕੇ 1971 ਦੀ ਰਾਜਸਥਾਨ ਦੀ ਸਰਹੱਦ 'ਤੇ ਪਾਕਿਸਤਾਨੀ ਫੌਜ ਨਾਲ ਲੜੇ। ਪੰਜਾਬ ਵਿਚ ਅਤਿਵਾਦ ਦੇ ਦੌਰ ਸਮੇਂ 1990 ਵਿਚ ਮੈਂ ਕੈਨੇਡਾ ਵਿਚ ਸਾਂ ਅਤੇ ਮੇਰੇ ਨਾਲ ਗੱਲਬਾਤ ਦੌਰਾਨ ਉਹ ਦੱਸਦੇ ਕਿ ਮੈਂ ਅਤਿਵਾਦੀਆਂ ਨੂੰ ਨਜ਼ਰ-ਅੰਦਾਜ਼ ਕਰਦਾ ਰਿਹਾ ਹਾਂ ਤੇ ਕਦੇ ਵੀ ਉਨ੍ਹਾਂ 'ਤੇ ਕੋਈ ਤਸ਼ੱਦਦ ਨਹੀਂ ਕੀਤਾ।

ਮੈਂ ਕੈਨੇਡਾ ਤੋਂ ਪੰਜਾਬ ਜਾ ਕੇ ਪੂਰੀ ਜਾਣਕਾਰੀ ਲਈ ਤੇ ਉਸ ਵੇਲੇ ਦੇ ਬੀ ਐਸ ਐਫ ਦੇ ਡਾਇਰੈਕਟਰ ਜਨਰਲ ਪ੍ਰਕਾਸ਼ ਸਿੰਘ ਮੇਰੇ ਵੀਰ ਦਵਿੰਦਰ ਸਿੰਘ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਇਸ ਸਾਜਿਸ਼ ਪਿਛੇ ਪੂਰਾ ਹੱਥ ਯੁਵਰਾਜ ਸਿੰਘ ਉਰਫ ਤੁਫਾਨ ਸਿੰਘ ਦਾ ਹੈ। ਘਰ ਦਾ ਇਕਲੌਤਾ ਬੇਟਾ ਹੈ ਤੇ ਗਰੀਬ ਘਰ ਤੋਂ ਹੈ ਤੇ ਘਰ ਬਿਜਲੀ ਵੀ ਨਹੀਂ ਹੈ। ਜੋ ਮਾਇਆ ਪਰਵਾਸੀ ਸਿੱਖ ਖਾਲਿਸਤਾਨ ਦੇ ਨਾਂ 'ਤੇ ਭੇਜਦੇ ਹਨ ਤੇ ਜੋ ਪਾਕਿਸਤਾਨ ਤੋਂ ਮਾਇਆ ਮਿਲਦੀ ਹੈ, ਆਪ ਰੱਖਣ ਦੀ ਬਜਾਏ ਉਹ ਗਰੀਬਾਂ ਵਿਚ ਵੰਡ ਦਿੰਦਾ ਹੈ। ਇਸੇ ਕਰਕੇ ਲੋਕ ਉਸ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਮੈਨੂੰ ਯਕੀਨ ਦਿਵਾਇਆ ਕਿ ਇਸ ਖੂਨ ਦੇ ਬਦਲੇ ਤੁਫਾਨ ਨੂੰ ਨਸ਼ਟ ਕੀਤਾ ਜਾਵੇਗਾ। ਚਾਰ ਹਫਤੇ ਬਾਅਦ ਮੈਨੂੰ ਕੈਨੇਡਾ ਫੋਨ ਆਇਆ ਕਿ 'ਤੁਫਾਨ ਸਿੰਘ' ਕਮਾਦ ਵਿਚ ਲੁਕਿਆ ਸੀ ਅਤੇ ਟਰੈਕਟਰ 'ਤੇ ਚੜ੍ਹ ਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਬੀ ਐਸ ਐਫ ਦੇ ਜਵਾਨਾਂ ਨੇ ਗੋਲੀਆਂ ਦੀ ਬੁਛਾੜ ਨਾਲ ਉਸ ਨੂੰ ਨਸ਼ਟ ਕਰ ਦਿੱਤਾ।

ਮੇਰੇ ਪਿਤਾ ਜੀ ਸਵਰਗੀ ਮਾਸਟਰ ਗੁਰਦਿੱਤ ਸਿੰਘ (1894-1987) ਦਸਵੀਂ ਪਾਤਸ਼ਾਹੀ ਦੇ ਵਕਤ ਬਣੇ ਸਿੱਖ ਰਾਜਪੂਤਾਂ ਦੇ ਪਿੰਡ ਜਲਵੇੜ੍ਹਾ, ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਸਨ ਪਰ ਜ਼ਿੰਦਗੀ ਦਾ ਬਹੁਤ ਹਿੱਸਾ ਜ਼ਿਲਾ ਅੰਮ੍ਰਿਤਸਰ ਵਿਚ ਅਧਿਆਪਕ ਦੇ ਤੌਰ 'ਤੇ ਸੇਵਾ ਕੀਤੀ। 1919 ਵਿਚ ਜਲਿਆਂਵਾਲੇ ਬਾਗ ਵਿਚੋਂ ਬਚ ਨਿਕਲੇ ਤੇ 1921 ਵਿਚ ਲਛਮਣ ਸਿੰਘ ਧਾਰੋਵਾਲ ਦੀ ਨਨਕਾਣਾ ਸਾਹਿਬ ਵਿਚ ਸ਼ਹੀਦੀ ਤੋਂ ਬਾਅਦ ਕਾਬਜ਼ ਧੜੇ ਵਿਚ ਸ਼ਾਮਲ ਹੋ ਗਏ।

ਡਾ. ਗੁਰਸ਼ਰਨ ਸਿੰਘ ਦੀ ਪੁਸਤਕ 'ਜੈਤੋਂ ਦਾ ਮੋਰਚਾ' ਮੁਤਾਬਿਕ 1924 ਵਿਚ ਨੌਵੇਂ ਸ਼ਹੀਦੀ ਜਥੇ ਦੇ ਸਕੱਤਰ ਮਾਸਟਰ ਗੁਰਦਿੱਤ ਸਿੰਘ ਸਨ, ਉਨ੍ਹਾਂ ਦੇ ਜਥੇ 'ਤੇ ਅੰਗਰੇਜ਼ ਹਕੂਮਤ ਨੇ ਬਹੁਤ ਜ਼ੁਲਮ ਕੀਤਾ। ਅਤਿ ਦੀ ਗਰਮੀ ਵਿਚ ਬੇਹੋਸ਼ ਹੋਏ ਸਿੰਘਾਂ ਨੂੰ ਗੱਡੀ ਵਿਚ ਬੰਦ ਰੱਖਿਆ ਤੇ ਰਾਤ ਨੂੰ ਗ੍ਰਿਫਤਾਰ ਕੀਤਾ।

ਪਿਤਾ ਜੀ ਨੇ ਸਰਹਾਲੀ ਕਲਾਂ ਸਕੂਲ ਵਿਚ ਅਧਿਆਪਕ ਹੁੰਦਿਆਂ ਪ੍ਰਤਾਪ ਸਿੰਘ ਕੈਰੋਂ ਨੂੰ ਅੱਠਵੀਂ ਕਲਾਸ ਵਿਚ ਪੜ੍ਹਾਇਆ। ਬਾਕੀ ਜ਼ਿੰਦਗੀ ਡੇਰਾ ਬਾਬਾ ਜਾਮਾਰਾਏ ਸਕੂਲ ਵਿਚ ਗੁਜ਼ਾਰੀ। ਸ਼ਹੀਦ ਹਰਬੰਸ ਸਿੰਘ ਸਰਹਾਲਾ, ਜ਼ਿਲਾ ਹੁਸ਼ਿਆਰਪੁਰ ਦੇ ਸਾਥੀ ਗਦਰੀ ਬਾਬਿਆਂ ਨੂੰ ਪਨਾਹ ਦੇਣ 'ਤੇ ਆਪ ਗ੍ਰਿਫਤਾਰ ਹੋਏ ਅਤੇ ਵਾਪਸ ਦੁਆਬੇ ਆ ਗਏ। ਸਿੱਖ ਇਤਿਹਾਸ ਵਿਚ ਆਪ ਦਾ ਨਾਂ ਹੈ। ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ 'ਸ਼੍ਰੋਮਣੀ ਕਮੇਟੀ ਦਾ ਇਤਿਹਾਸ' ਮੁਤਾਬਕ ਆਪ ਅੰਤਰਿੰਗ ਕਮੇਟੀ ਦੇ ਮੈਂਬਰ ਸਨ। ਸਾਡੇ ਪਿਤਾ ਜੀ ਦੀ ਸਾਰੀ ਜ਼ਿੰਦਗੀ ਪੰਥ ਦੀ ਸੇਵਾ ਵਿਚ ਗੁਜ਼ਰੀ ਜਿਸ ਦਾ ਫਲ ਬੱਬਰ ਖਾਲਸਾ ਨੇ ਉਨ੍ਹਾਂ ਦੇ ਸਪੁੱਤਰ ਦੀ ਹੱਤਿਆ ਕਰ ਕੇ ਦਿੱਤਾ। ਜੋ ਅਤਿਵਾਦੀ ਪਾਕਿਸਤਾਨ ਤੋਂ ਸਹਾਇਤਾ ਲੈਂਦੇ ਸਨ, ਉਹ ਇਤਿਹਾਸ ਤੋਂ ਜਾਣੂ ਨਹੀਂ ਹਨ। ਜਦ ਪਾਕਿਸਤਾਨ 1947 ਵਿਚ ਹੋਂਦ ਵਿਚ ਆਇਆ ਤਾਂ ਕਿਤਨੇ ਸਿੱਖ ਮੌਤ ਦੇ ਘਾਟ ਉਤਾਰੇ ਗਏ। ਸਵਾਲ ਪੁੱਛਣਾ ਬਣਦਾ ਹੈ ਕਿ ਅਤਿਵਾਦੀ ਉਸ ਵੱਲ ਦੋਸਤੀ ਦਾ ਹੱਥ ਕਿਉਂ ਵਧਾ ਰਹੇ ਸਨ? ਦੁਸ਼ਮਣ ਨੂੰ ਦੂਸਰੇ ਦੁਸ਼ਮਣ ਦੇ ਘਰ ਨੂੰ ਅੱਗ ਲਾ ਕੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

ਖਾੜਕੂ ਲਹਿਰ ਦਾ ਹੀ ਨਤੀਜਾ ਸੀ ਕਿ ਕੇਂਦਰ ਸਰਕਾਰ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਉਪਰ ਹਮਲਾ ਕਰਨ ਦਾ ਮੌਕਾ ਮਿਲ ਗਿਆ ਅਤੇ ਹਜ਼ਾਰਾਂ ਸਿੱਖਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ। ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਦਾ ਸਿੱਟਾ ਇਹ ਨਿਕਲਿਆ ਕਿ ਹਜ਼ਾਰਾਂ ਮਾਸੂਮ ਪਗੜੀਧਾਰੀ ਸਿੱਖ ਦਿੱਲੀ ਅਤੇ ਦੂਸਰੇ ਸੂਬਿਆਂ ਵਿਚ ਮਾਰੇ ਗਏ। ਪਹਿਲਾਂ ਸਿੱਖਾਂ ਦੀ ਕਦਰ ਹੁੰਦੀ ਸੀ, ਹੁਣ ਦੂਸਰੇ ਸੂਬਿਆਂ ਵਿਚ ਸਿੱਖਾਂ ਨੂੰ ਨਫਰਤ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ।

ਸਿੱਖ ਕੌਮ ਮਹਾਨ ਕੌਮ ਹੈ। ਦੁਨੀਆਂ ਦੇ ਹਰ ਹਿੱਸੇ ਵਿਚ ਪੁੱਜ ਕੇ ਕੌਮ ਦਾ ਨਾਮ ਰੋਸ਼ਨ ਕੀਤਾ ਹੈ। ਇਸ ਦੇ ਨਾਲ ਹੀ ਸ਼ਰਾਰਤੀ ਅਨਸਰਾਂ ਨੇ ਵਿਦੇਸ਼ਾਂ ਵਿਚ ਗੁਰਦੁਆਰਿਆਂ ਵਿਚ ਇਕ ਦੂਜੇ ਦੀ ਪਗੜੀ ਲਾਹ ਕੇ ਸਿੱਖ ਕੌਮ ਦੀ ਬਦਨਾਮੀ ਕੀਤੀ ਹੈ ਜੋ ਕਿ ਟੈਲੀਵਿਜ਼ਨ 'ਤੇ ਵਾਰ ਵਾਰ ਦਿਖਾਇਆ ਜਾਂਦਾ ਰਿਹਾ ਹੈ। ਇਨ੍ਹਾਂ ਸ਼ਰਾਰਤੀ ਅਨਸਰਾਂ ਨੇ ਅਤਿਵਾਦੀਆਂ ਦੀ ਮਾਲੀ ਮਦਦ ਕਰ ਕੇ ਪੰਜਾਬ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਤੋਂ ਡਰਦੇ ਨੌਜਵਾਨ ਪੰਜਾਬ ਛੱਡ ਕੇ ਬਾਹਰਲੇ ਮੁਲਕਾਂ ਵਿਚ ਚਲੇ ਗਏ। ਪੰਜਾਬੀ ਜ਼ਬਾਨ ਨੂੰ ਧੱਕਾ ਵੱਜਾ ਹੈ। ਸਾਰੇ ਨੌਜਵਾਨ ਪੰਜਾਬੀ ਨਹੀਂ ਪੜ੍ਹ ਸਕਦੇ। ਕਹਿੰਦੇ, ਅਸੀਂ ਅੰਗਰੇਜ਼ੀ ਸਕੂਲ ਵਿਚ ਪੜ੍ਹੇ ਹਾਂ। ਨਕਸਲਵਾਦੀ ਜਦ ਜਨਤਾ 'ਤੇ ਨਾਜਾਇਜ਼ ਜ਼ੁਲਮ ਕਰਨ ਲੱਗ ਪਏ ਤਾਂ ਨਕਸਲਵਾਦੀ ਲਹਿਰ ਮਰ ਗਈ ਸੀ। ਖਾਲਿਸਤਾਨ ਦਾ ਫੈਸਲਾ ਸਿੱਖ ਜਨਤਾ ਕਰੇਗੀ। ਬੱਬਰ ਖਾਲਸਾ ਜਾਂ ਕੋਈ ਹੋਰ ਅਤਿਵਾਦੀ ਜਥੇਬੰਦੀ ਨਹੀਂ ਕਰ ਸਕਦੀ। ਹੋ ਸਕਦਾ ਹੈ ਕਿ ਹੋਰ ਪੰਜਾਹ ਸਾਲ ਨੂੰ ਭੱਈਏ ਪੰਜਾਬ ਵਿਚ ਹਕੂਮਤ ਕਰਨ!

ਇਨ੍ਹਾਂ 'ਤੁਫਾਨ ਸਿੰਘ' ਵਰਗੇ ਕਥਿਤ ਕਾਤਲਾਂ ਬਾਰੇ ਫਿਲਮ 'ਤੇ ਵਕਤ ਅਤੇ ਪੈਸੇ ਖਰਚਣ ਦੀ ਬਜਾਏ ਸਾਨੂੰ ਪੰਜਾਬ ਵਿਚ ਗੁਰਮਤਿ ਪ੍ਰਚਾਰ ਦੇ ਕੈਂਪ ਅਤੇ ਪੰਜਾਬੀ ਜ਼ੁਬਾਨ ਦੀ ਪ੍ਰਫੁਲਤਾ ਤੇ ਨੌਜਵਾਨਾਂ ਦੀ ਬਿਹਤਰੀ ਲਈ ਖਰਚਣੇ ਚਾਹੀਦੇ ਹਨ। ਮੈਂ ਆਪਣੇ ਪਿੰਡ ਜਲਵੇੜ੍ਹਾ, ਜ਼ਿਲਾ ਹੁਸ਼ਿਆਰਪੁਰ ਵਿਚ 22 ਲੱਖ ਰੁਪਏ ਦੀ ਲਾਗਤ ਨਾਲ ਦੋ ਏਕੜ ਜ਼ਮੀਨ ਵਿਚ ਸਟੇਡੀਅਮ ਬਣਾਇਆ ਹੈ ਤਾਂ ਕਿ ਨੌਜਵਾਨ ਨਸ਼ਿਆਂ ਤੋਂ ਪਰਹੇਜ਼ ਕਰਨ ਅਤੇ ਅਤਿਵਾਦੀਆਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ।

**ਅਵਤਾਰ ਸਿੰਘ ਡੌਡ, ਸੈਕਟਾਮੈਂਟੋ (ਕੈਲੀਫੋਰਨੀਆ), ਫੋਨ: 916-442-8353**

*This is a paid advt. and the advertiser is responsible for the content and not Punjab Times.*

ਪੰਜਾਬ ਟਾਈਮਜ਼

*ਸਨਿਚਰਵਾਰ, 23 ਜੁਲਾਈ 2016*

## ਪੰਜਾਬ ਦੀ ਸੱਤਾ ਤੇ ਸਿਆਸਤ ਦੀ ਸੁਰ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਜ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਅਚਾਨਕ ਅਸਤੀਫੇ ਨੇ ਪੰਜਾਬ ਦੀ ਸਿਆਸਤ ਵਿਚ ਇਕਦਮ ਉਬਾਲ ਲੈ ਆਂਦਾ ਹੈ। ਜਦੋਂ ਉਹ ਕ੍ਰਿਕਟ ਦੇ ਮੈਦਾਨ ਵਿਚ ਬੱਲਾ ਲੈ ਕੇ ਪੁੱਜਦਾ ਸੀ ਤਾਂ ਅਕਸਰ ਚੌਕੇ-ਛੱਕੇ ਮਾਰ ਕੇ ਇਸੇ ਤਰ੍ਹਾਂ ਹੈਰਾਨ ਕਰਦਾ ਹੁੰਦਾ ਸੀ। ਮਗਰੋਂ ਕਾਮਯਾਬ ਤੇ ਵਿਲੱਖਣ ਕਿਸਮ ਦਾ ਕ੍ਰਿਕਟ ਕੁਮੈਂਟੇਟਰ ਬਣ ਕੇ ਵੀ ਉਹਨੇ ਸਭ ਨੂੰ ਹੈਰਾਨ ਕੀਤਾ। ਫਿਰ ਟੈਲੀਵਿਜ਼ਨ ਦੀ ਦੁਨੀਆਂ ਅਤੇ ਸਿਆਸਤ ਦੇ ਪਿੜ ਵਿਚ ਉਸ ਵੱਲੋਂ ਵਿਛਾਈ ਬਿਸਾਤ ਵੀ ਕੋਈ ਘੱਟ ਦਿਲਚਸਪ ਨਹੀਂ ਸੀ। ਉਹਦੀ ਨੇੜਤਾ ਭਾਵੇਂ ਕਾਂਗਰਸੀਆਂ ਨਾਲ ਸੀ, ਪਰ ਉਹਨੇ ਚੋਣ ਭਾਜਪਾ ਵੱਲੋਂ ਲੜੀ ਸੀ। ਉਸ ਦੀ ਸਿਆਸਤ ਵੀ ਨਿਰਾਲੀ ਨਿਕਲੀ। ਸੰਜੀਦਾ ਬੰਦਿਆਂ ਨੂੰ ਉਸ ਦੀ ਸਿਆਸਤ, 'ਮਸਖਰਾ ਸਿਆਸਤ' ਤੋਂ ਘੱਟ ਨਹੀਂ ਸੀ ਜਾਪਦੀ, ਪਰ ਆਪਣੀ ਸ਼ਖਸੀਅਤ ਦੇ ਕੁਝ ਖਾਸ ਗੁਣਾਂ ਅਤੇ ਲੋਕਪ੍ਰਿਯਤਾ ਸਦਕਾ ਉਹ ਸਿਆਸਤ ਵਿਚ ਵੀ ਸਭ ਨੂੰ ਪਛਾੜਦਾ ਪਹਿਲੀ ਕਤਾਰ ਵਿਚ ਆਣ ਖੜ੍ਹਾ ਹੋਇਆ। ਪਾਰਟੀ ਅੰਦਰ ਹਰ ਕਿਸ ਦੇ ਵਿਰੋਧ ਦੇ ਬਾਵਜੂਦ ਉਸ ਦਾ ਨਾਂ ਪੰਜਾਬ ਭਾਜਪਾ ਦੇ ਪ੍ਰਧਾਨ ਦੇ ਅਹੁਦੇ ਲਈ ਵੀ ਬੋਲਦਾ ਰਿਹਾ। ਅੰਮ੍ਰਿਤਸਰ ਤੋਂ ਲੋਕ ਸਭਾ ਦਾ ਮੈਂਬਰ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ, ਖਾਸ ਕਰ ਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਉਸ ਦਾ ਸਿੱਧਾ ਪੇਚਾ ਪਿਆ ਰਿਹਾ। 2014 ਵਿਚ ਲੋਕ ਸਭਾ ਚੋਣਾਂ ਦੌਰਾਨ ਉਸ ਨੂੰ ਪਿਛਾਂਹ ਸੁੱਟਣ ਦੇ ਰੋਸੇ ਵਜੋਂ ਉਹ ਹੌਲੀ-ਹੌਲੀ ਪਾਰਟੀ ਸਰਗਰਮੀਆਂ ਤੋਂ ਦੂਰ ਹੁੰਦਾ ਗਿਆ। ਫਿਰ ਉਹ ਦੌਰ ਵੀ ਆਇਆ ਜਦੋਂ ਉਸ ਅਤੇ ਉਸ ਦੀ ਵਿਧਾਇਕ ਪਤਨੀ ਨਵਜੋਤ ਕੌਰ ਸਿੱਧੂ ਦੇ 'ਆਪ' ਵੱਲ ਜਾਣ ਦੀਆਂ ਕਨਸੋਆਂ ਪੈਣ ਲੱਗੀਆਂ। ਸਿੱਧੂ ਜੋੜੀ ਦੇ ਅਕਾਲੀ ਦਲ ਨਾਲ ਤਿੱਖੇ ਭੇੜ ਨੇ ਇਨ੍ਹਾਂ ਕਨਸੋਆਂ ਨੂੰ ਲੋੜੀਂਦੀ ਹਵਾ ਵੀ ਦਿੱਤੀ। ਨਵਜੋਤ ਕੌਰ ਸਿੱਧੂ ਦਾ ਐਲਾਨ ਸੀ ਕਿ ਭਾਜਪਾ ਜੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕਾਇਮ ਰੱਖਦੀ ਹੈ ਤਾਂ ਉਹ ਦੋਵੇਂ ਪਿਛਾਂਹ ਹਟਣ ਨੂੰ ਤਰਜੀਹ ਦੇਣਗੇ। ਸ਼ਾਇਦ ਇਸੇ ਕਰ ਕੇ ਭਾਜਪਾ ਨੇ ਇਸ ਜੋੜੀ ਨੂੰ ਮਨਾਉਣ ਦੇ ਇਰਾਦੇ ਨਾਲ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਦੀ ਪੰਜਾਬ ਕਮੇਟੀ ਵਿਚ ਖਾਸ ਜਗ੍ਹਾ ਦਿੱਤੀ ਅਤੇ ਰਾਜ ਸਭਾ ਲਈ ਨਾਮਜ਼ਦ ਵੀ ਕੀਤਾ, ਪਰ ਗੱਲ ਬਣੀ ਨਹੀਂ ਅਤੇ ਸਿੱਧੂ ਜੋੜੀ ਦੇ ਬਗਾਵਤ ਨੇ ਪਾਰਟੀ ਨੂੰ ਇਕ ਤਰ੍ਹਾਂ ਨਾਲ ਹਿਲਾ ਕੇ ਰੱਖ ਦਿੱਤਾ। ਇਹੀ ਨਹੀਂ ਪਾਰਟੀ ਦੇ ਮੁਅੱਤਲ ਲੋਕ ਸਭਾ ਮੈਂਬਰ ਕੀਰਤੀ ਆਜ਼ਾਦ ਜਿਸ ਦਾ ਦਿੱਲੀ ਕ੍ਰਿਕਟ ਐਸੋਸੀਏਸ਼ਨ ਦੇ ਮਾਮਲੇ ਵਿਚ ਸਿੱਧਾ ਟਕਰਾਅ ਸੀਨੀਅਰ ਆਗੂ ਅਰੁਣ ਜੇਤਲੀ ਨਾਲ ਹੋਇਆ ਸੀ, ਦੀ ਪਤਨੀ ਪੂਨਮ ਆਜ਼ਾਦ ਨੇ 'ਆਪ' ਦਾ ਝੰਡਾ ਚੁੱਕਣ ਦਾ ਐਲਾਨ ਕਰ ਦਿੱਤਾ ਹੈ। ਮੀਡੀਆ ਵਿਚ ਚੱਲ ਰਹੀ ਚਰਚਾ ਮੁਤਾਬਕ, ਨਵਜੋਤ ਸਿੰਘ ਸਿੱਧੂ ਵੀ ਹੁਣ 'ਆਪ' ਦਾ ਹੀ ਝੰਡਾ ਚੁੱਕਣਗੇ।

ਅਸਲ ਵਿਚ ਅੱਜ ਪੰਜਾਬ ਦੀ ਸਮੁੱਚੀ ਸਿਆਸਤ ਸਿਰਫ ਇਕ ਧਿਰ 'ਤੇ ਕੇਂਦਰਤ ਹੋ ਗਈ ਜਾਪਦੀ ਹੈ ਅਤੇ ਇਹ ਧਿਰ ਆਮ ਆਦਮੀ ਪਾਰਟੀ (ਆਪ) ਹੈ ਜਿਸ ਨੇ ਸਿਆਸਤ ਦੇ ਪਿੜ ਵਿਚ ਆਪਣਾ ਆਗਾਜ਼ ਅਜੇ ਕੁਝ ਅਰਸਾ ਪਹਿਲਾਂ ਹੀ ਕੀਤਾ ਹੈ। ਕਾਂਗਰਸ ਅਤੇ ਭਾਜਪਾ ਦੀ ਨਾਕਸ ਸਿਆਸਤ ਕਾਰਨ ਇਸ ਪਾਰਟੀ ਨੇ ਪਹਿਲਾਂ ਦਿੱਲੀ ਫਤਿਹ ਕੀਤੀ ਸੀ, ਹੁਣ ਇਸ ਨੇ ਪੰਜਾਬ ਦੀ ਰਵਾਇਤੀ ਸਿਆਸਤ ਵਿਚ ਵੀ ਪਾਰਟੀ ਨੇ ਵਾਹਵਾ ਉਥਲ-ਪੁਥਲ ਕਰ ਦਿੱਤੀ ਹੈ। ਇਹ ਸੂਬੇ ਵਿਚ ਜਿਸ ਢੰਗ ਨਾਲ ਤੀਜੀ ਮਜ਼ਬੂਤ ਧਿਰ ਵਜੋਂ ਸਾਹਮਣੇ ਆਈ ਹੈ, ਉਸ ਨੇ ਰਵਾਇਤੀ ਸਿਆਸਤ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ ਜਾਂ ਤਿੱਖੀ ਤਬਦੀਲੀ ਵਾਲੇ ਰਾਹ ਪਾ ਦਿੱਤਾ ਹੈ। ਫਿਲਹਾਲ ਇਹ ਪਾਰਟੀ ਭਾਵੇਂ ਪੁਖਤਾ ਜਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਲੀਡਰਸ਼ਿਪ ਦੇ ਮਾਮਲਿਆਂ ਵਿਚ ਅੰਦਰੂਨੀ ਖਿੱਚੋਤਾਣ ਵਿਚੋਂ ਲੰਘ ਰਹੀ ਹੈ, ਪਰ ਪੰਜਾਬ ਦੇ ਲੋਕਾਂ ਨੇ ਜਿਸ ਤਰ੍ਹਾਂ ਅਕਾਲੀ ਦਲ ਅਤੇ ਕਾਂਗਰਸ ਦੀ ਰਵਾਇਤੀ ਸਿਆਸਤ ਨੂੰ ਇਕ ਪਾਸੇ ਰੱਖ ਕੇ ਇਸ ਪਾਰਟੀ ਲਈ ਹੁੰਗਾਰਾ ਭਰਿਆ ਹੈ, ਉਹ ਗੌਲਣ ਵਾਲਾ ਹੈ। ਸਿਆਸੀ ਵਿਸ਼ਲੇਸ਼ਕ ਤਾਂ ਸਿੱਧੂ ਜੋੜੀ ਦੀ ਸਿਆਸਤ ਨੂੰ ਵੀ 'ਆਪ' ਵਾਲੇ ਵਰਤਾਰੇ ਨਾਲ ਜੋੜ ਕੇ ਦੇਖ ਰਹੇ ਹਨ। ਇਹ ਗੱਲ ਵੱਖਰੀ ਹੈ ਕਿ 'ਆਪ' ਉਸ ਸਿਆਸਤ ਤੋਂ ਤਾਂ ਹੁਣ ਲਾਂਭੇ ਨਿਕਲ ਗਈ ਲਗਦੀ ਹੈ ਜਿਸ ਦਾ ਵਾਅਦਾ ਇਸ ਨੇ ਸ਼ੁਰੂ ਵਿਚ ਕੀਤਾ ਸੀ। ਉਂਜ, ਇਕ ਗੱਲ ਹੁਣ ਤੈਅ ਹੈ ਕਿ ਇਸ ਨੇ ਘੱਟੋ-ਘੱਟ ਪੰਜਾਬ ਦੀ ਸਿਆਸੀ ਤਬਦੀਲੀ ਦਾ ਮੁੱਢ ਤਾਂ ਬੰਨ੍ਹ ਹੀ ਦੇਣਾ ਹੈ। ਇਸ ਵਾਰ ਅਕਾਲੀ ਦਲ ਤੀਜੀ ਵਾਰ ਜਿੱਤ ਦੀ ਆਸ ਲਾਈ ਬੈਠਾ ਹੈ ਅਤੇ ਸੁਖਬੀਰ ਸਿੰਘ ਬਾਦਲ ਲਈ ਇਹ ਚੋਣਾਂ ਬੜੀਆਂ ਅਹਿਮ ਹਨ, ਪਰ ਹਾਲਾਤ ਦਲ ਦੇ ਖਿਲਾਫ ਜਾ ਰਹੇ ਦਿਸਦੇ ਹਨ। ਕਾਂਗਰਸ ਲਈ ਵੀ ਪੰਜਾਬ ਦੀ ਜਿੱਤ ਬਹੁਤ ਵੱਡੇ ਮਆਨੇ ਰੱਖਦੀ ਹੈ। ਪੰਜਾਬ ਦੀ ਜਿੱਤ ਇਸ ਪਾਰਟੀ ਲਈ ਕੌਮੀ ਪੱਧਰ ਉਤੇ ਲਗਾਤਾਰ ਪੈ ਰਹੀ ਪਛਾੜ ਨੂੰ ਠੱਲ੍ਹਣ ਦਾ ਜ਼ਰੀਆ ਹੋ ਸਕਦੀ ਹੈ।

ਕੌਮੀ ਪੱਧਰ ਉਤੇ ਆਰ.ਐਸ.ਐਸ. ਦਾ ਦਾਈਆ ਹੈ ਕਿ ਕਾਂਗਰਸ ਨੂੰ ਹੁਣ ਕਿਸੇ ਵੀ ਤਰੀਕੇ ਉਠਣ ਨਹੀਂ ਦੇਣਾ ਤਾਂ ਕਿ ਭਾਜਪਾ ਕੌਮੀ ਪੱਧਰ 'ਤੇ ਇਕੋ-ਇਕ ਕੌਮੀ ਪਾਰਟੀ ਵਜੋਂ ਸਥਾਪਤ ਹੋ ਸਕੇ। ਇਸ ਸੂਰਤ ਵਿਚ ਕੌਮੀ ਪੱਧਰ ਉਤੇ ਇਸ ਧਿਰ ਲਈ ਕੋਈ ਵੰਗਾਰ ਨਹੀਂ ਰਹੇਗੀ ਅਤੇ ਆਰ.ਐਸ.ਐਸ. ਨੂੰ ਆਪਣਾ ਖਾਸ ਏਜੰਡਾ ਲਾਗੂ ਕਰਨ ਵਿਚ ਹੋਰ ਸੌਖ ਹੋ ਜਾਵੇਗੀ। ਇਸੇ ਕਰ ਕੇ ਹੀ ਇਹ ਧਿਰ ਨਵਜੋਤ ਸਿੰਘ ਸਿੱਧੂ ਦੇ ਤਾਜ਼ਾ ਫੈਸਲੇ ਨੂੰ ਇਸੇ ਰੌਸ਼ਨੀ ਵਿਚ ਦੇਖਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਧਿਰ ਨੂੰ ਜਾਪਦਾ ਹੈ ਕਿ ਅਜਿਹੇ ਪੈਂਤੜਿਆਂ ਨਾਲ ਕਾਂਗਰਸ ਦੀ ਹਾਲਤ ਪਤਲੀ ਪੈਣੀ ਲਾਜ਼ਮੀ ਹੈ। ਜ਼ਾਹਿਰ ਹੈ ਕਿ ਸਿੱਧੂ ਜੋੜੀ ਦਾ ਨਵਾਂ ਪੈਂਤੜਾ ਅਤੇ ਆਮ ਆਦਮੀ ਪਾਰਟੀ ਦੀ ਚੜ੍ਹਤ ਪੰਜਾਬ ਹੀ ਨਹੀਂ, ਕੌਮੀ ਸਿਆਸਤ ਵਿਚ ਤਬਦੀਲੀ ਦਾ ਵੀ ਜ਼ਰੀਆ ਬਣ ਸਕਦੀ ਹੈ। ਆਉਣ ਵਾਲਾ ਸਮਾਂ ਸਿਆਸੀ ਪਿੜ ਵਿਚ ਤਿੱਖੀ ਤਬਦੀਲੀ ਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਣਖ ਨੂੰ ਗ੍ਰਹਿਣ?*

ਵੋਟ-ਭੁੱਖ ਨੇ ਹੇਠਲੀ 'ਤਾਂਹ ਕਰ'ਤੀ, ਵੱਗੀ ਮਾਰ ਸਿਆਸੀ ਜੁਆਰੀਆਂ ਦੀ।
ਸਿਸਟਮ ਜਰਜਰਾ ਹੋ ਗਿਆ ਮੁਸ਼ਕ ਮਾਰੇ, ਲੋੜ ਪੈਣੀ ਹੀ ਪੈਣੀ 'ਬੁਹਾਰੀਆਂ' ਦੀ।
ਨਸ਼ੇ ਵੇਚਦੇ ਹੋਏ ਅਮੀਰ ਨੇਤਾ, ਚਿੰਤਾ ਕਰੀ ਨਾ ਜ਼ਰਾ ਖੁਆਰੀਆਂ ਦੀ।
ਦਿੱਤੀ ਸਿੱਖਿਆ ਸਾਨੂੰ ਸੀ ਰਹਿਬਰਾਂ ਨੇ, ਮਿਹਨਤ ਕਰਦਿਆਂ ਨਾਮ-ਖੁਮਾਰੀਆਂ ਦੀ।
ਸਾਡਾ ਵਿਰਸਾ-ਇਤਿਹਾਸ ਕੀ ਦੱਸਦਾ ਏ, ਸੁਣੀ ਇਕ ਨਾ ਬੇਸੁਰਿਆਂ ਨੇ।
ਨਸ਼ਾਖੋਰੀ ਤੇ ਖੁਦਕੁਸ਼ੀ ਆਮ ਹੋ ਗਈ, ਮੰਨੀ ਹੈਂ ਨਾ ਜਿਥੋਂ ਦੇ ਸੂਰਿਆਂ ਨੇ!

# ਜਮਹੂਰੀਅਤ ਅਤੇ ਸੰਗਤ ਦਰਸ਼ਨਾਂ ਦੀ ਸਿਆਸਤ

*ਇਸ ਸਮੇਂ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ, ਉਨ੍ਹਾਂ ਦੇ ਪੜ੍ਹੇ-ਲਿਖੇ ਬੱਚਿਆਂ ਵਾਸਤੇ ਰੁਜ਼ਗਾਰ ਮੁਹੱਈਆ ਕਰਨ ਜਾਂ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੀ ਹੈ, ਪਰ ਬਾਦਲ ਅਜਿਹਾ ਕਰਨ ਦੀ ਥਾਂ ਉਨ੍ਹਾਂ ਨੂੰ ਪਿੰਡਾਂ ਵਿਚ ਜਿਮ ਖੋਲ੍ਹਣ ਅਤੇ ਖੇਡ ਕਿੱਟਾਂ ਵਾਸਤੇ ਗ੍ਰਾਂਟਾਂ ਵੰਡ ਰਹੇ ਹਨ। ਬਾਦਲ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਸੰਗਤ ਦਰਸ਼ਨ ਸਮੇਂ ਉਨ੍ਹਾਂ ਦਾ ਆਮ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਹੋਣ ਕਾਰਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ, ਸਮਝਣ ਅਤੇ ਹੱਲ ਕਰਨ ਵਿਚ ਮਦਦ ਮਿਲਦੀ ਹੈ, ਪਰ ਉਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਪਿੰਡਾਂ ਵਿਚ ਗਲੀਆਂ-ਨਾਲੀਆਂ ਪੱਕੀਆਂ ਕਰਨ, ਸਕੂਲਾਂ, ਹਸਪਤਾਲਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਵਿਚ ਪੂਰਾ ਸਟਾਫ ਦੇਣ ਆਦਿ ਮੰਗਾਂ, ਕੀ ਹਰ ਪਿੰਡ ਦੀਆਂ ਵੱਖ-ਵੱਖ ਹਨ ਜਿਨ੍ਹਾਂ ਨੂੰ ਸਮਝਣ ਲਈ ਸੂਬੇ ਦੇ ਮੁੱਖ ਮੰਤਰੀ ਨੂੰ ਆਪਣੀ ਸਕਿਉਰਿਟੀ ਸਮੇਤ ਉਚ ਅਫਸਰਾਂ ਦਾ ਪੂਰਾ ਲਾਮ ਲਸ਼ਕਰ ਲੈ ਕੇ ਹਰ ਪਿੰਡ ਪਹੁੰਚਣਾ ਜ਼ਰੂਰੀ ਹੈ?*

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਕੀਤੇ ਜਾ ਰਹੇ ਸੰਗਤ ਦਰਸ਼ਨਾਂ ਬਾਰੇ ਅਕਸਰ ਹੁੱਬ ਕੇ ਕਿਹਾ ਜਾਂਦਾ ਹੈ ਕਿ ਆਮ ਲੋਕਾਂ ਨਾਲ ਰਾਬਤਾ ਕਾਇਮ ਕਰਨ ਲਈ 'ਸੰਗਤ ਦਰਸ਼ਨ' ਦੀ ਕਾਢ ਉਨ੍ਹਾਂ ਦੇ ਦਿਮਾਗ ਦੀ ਹੀ ਹੈ। ਉਹ ਇਹ ਦਾਅਵਾ ਵੀ ਕਰਦੇ ਹਨ ਕਿ ਸਮੁੱਚੇ ਭਾਰਤ ਵਿਚਲੇ ਮੁੱਖ ਮੰਤਰੀਆਂ ਵਿਚੋਂ ਉਹ ਇਕੱਲੇ ਹੀ ਹਨ ਜੋ ਸੰਗਤ ਦਰਸ਼ਨਾਂ ਦੀ ਸਕੀਮ ਨੂੰ ਸਫਲਤਾ ਨਾਲ ਚਲਾ ਰਹੇ ਹਨ, ਦੂਜੀਆਂ ਪਾਰਟੀਆਂ ਦੇ ਆਗੂ ਸੰਗਤ ਦਰਸ਼ਨ ਦੇ ਨਾਂ ਉਪਰ ਸਿਰਫ ਡਰਾਮਾ ਹੀ ਕਰ ਰਹੇ ਹਨ। ਪੰਜਾਹ-ਸੱਠ ਸਾਲ ਦੇ ਆਪਣੇ

**ਡਾ. ਹਜ਼ਾਰਾ ਸਿੰਘ ਚੀਮਾ**
ਫੋਨ: +91-98142-81938

ਸਿਆਸੀ ਜੀਵਨ ਵਿਚ, ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਸ. ਬਾਦਲ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਲਗਦੀ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇ ਰਹੇ ਹਨ। ਸੰਗਤ ਦਰਸ਼ਨ ਦਰਮਿਆਨ ਗ੍ਰਾਂਟਾਂ ਵੰਡਣ ਸਮੇਂ ਕੁਰਸੀ ਉਪਰ ਬੈਠੇ ਪ੍ਰਕਾਸ਼ ਸਿੰਘ ਬਾਦਲ ਆਪਣੇ-ਆਪ ਨੂੰ ਸਿੰਘਾਸਨ ਉਪਰ ਬੈਠਾ ਮਹਾਰਾਜਾ ਅਤੇ ਸਾਹਮਣੇ ਵੱਖ-ਵੱਖ ਕੰਮਾਂ ਲਈ ਹੱਥਾਂ ਵਿਚ ਅਰਜ਼ੀਆਂ ਫੜੀ, ਉਸ ਦੀ ਆਪਣੀ ਹੀ ਪਾਰਟੀ (ਕਿਉਂਕਿ ਕਿਸੇ ਵਿਰੋਧੀ ਨੂੰ ਤਾਂ ਉਥੇ ਫਟਕਣ ਵੀ ਨਹੀਂ ਦਿਤਾ ਜਾਂਦਾ) ਦੇ ਜਥੇਦਾਰਾਂ, ਪੰਚਾਂ, ਸਰਪੰਚਾਂ, ਹਲਕਾ ਇੰਚਾਰਜਾਂ ਨੂੰ ਪਰਜਾ ਸਮਝਣ ਦਾ ਭਰਮ ਪਾਲ ਰਹੇ ਹੁੰਦੇ ਹਨ।

ਉਂਜ, ਜੇ ਸੰਗਤ ਦਰਸ਼ਨ ਦੇ ਸ਼ਬਦੀ ਅਰਥਾਂ ਵੱਲ ਜਾਈਏ ਤਾਂ ਇਸ ਦਾ ਮਤਲਬ ਸੰਗਤ, ਭਾਵ ਆਮ ਲੋਕਾਂ ਦੇ ਦਰਸ਼ਨ ਕਰਨਾ ਹੀ ਨਿਕਲਦਾ ਹੈ। ਬਾਦਲ ਦੇ ਸੰਗਤ ਦਰਸ਼ਨਾਂ ਵਿਚ ਬਾਦਲ ਆਪਣੀ ਹੀ ਪਾਰਟੀ ਦੇ, ਹਾਂ-ਵਿਚ-ਹਾਂ ਮਿਲਾਉਣ ਵਾਲੇ ਕੁਝ ਚੋਣਵੇਂ ਚੌਧਰੀਆਂ (ਸੰਗਤ) ਨੂੰ ਆਪ ਦਰਸ਼ਨ ਦਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰਦੇ ਨਹੀਂ। ਚੋਣਾਂ ਸਿਰ ਉਪਰ ਆਈਆਂ ਦੇਖ, ਪਾਰਟੀ ਦੀ ਲੋਕਾਂ ਵਿਚ ਡਿੱਗ ਰਹੀ ਸਾਖ ਨੂੰ ਠੁੰਮ੍ਹਣਾ ਦੇਣ ਅਤੇ ਚੋਣਾਂ ਵਿਚ ਮੂੰਹ ਦਿਖਾਉਣ ਜੋਗੇ ਹੋਣ ਲਈ ਹਾਕਮ ਪਾਰਟੀ ਦੇ ਸਥਾਨਕ ਆਗੂ ਮੁੱਖ ਮੰਤਰੀ ਸਾਹਮਣੇ ਪਿੰਡ ਦੀਆਂ ਗਲੀਆਂ-ਨਾਲੀਆਂ ਪੱਕੀਆਂ ਕਰਨ, ਪਿੰਡ ਦੇ ਸਕੂਲ ਨੂੰ ਅਪਗਰੇਡ ਕਰਨ, ਸਿਵਲ ਡਿਸਪੈਂਸਰੀਆਂ ਖੋਲ੍ਹਣ, ਪਸ਼ੂ ਹਸਪਤਾਲ ਬਣਾਉਣ ਆਦਿ ਵਰਗੀਆਂ ਮੁੱਢਲੀਆਂ ਸਹੂਲਤਾਂ ਦੀ ਮੰਗ ਸਬੰਧੀ ਅਰਜ਼ੀਆਂ ਪੇਸ਼ ਕਰਦੇ ਹਨ। ਸਿਆਸੀ ਗਿਣਤੀਆਂ-ਮਿਣਤੀਆਂ ਕਰ ਕੇ ਪਹਿਲਾਂ ਹੀ ਤੈਅ ਕੀਤੀ ਰਕਮ ਬਾਦਲ ਵਲੋਂ ਚੈੱਕ ਦੇ ਰੂਪ ਵਿਚ ਇਉਂ ਪੇਸ਼ ਕੀਤੀ ਜਾਂਦੀ ਹੈ ਜਿਵੇਂ ਉਨ੍ਹਾਂ ਵਲੋਂ ਇਹ ਆਪਣੀ ਜੇਬ ਵਿਚੋਂ ਦਿਤੀ ਜਾ ਰਹੀ ਹੋਵੇ।

ਬਾਦਲ ਵਲੋਂ ਇੰਜ ਸੰਗਤ ਦਰਸ਼ਨਾਂ ਦੇ ਰੂਪ ਵਿਚ ਦਰਬਾਰ ਲਗਾ ਕੇ ਸਰਕਾਰੀ ਖਜ਼ਾਨੇ ਜਿਸ ਨੂੰ ਲੋਕਾਂ ਦੀਆਂ ਜੇਬਾਂ ਵਿਚੋਂ ਵੱਖ-ਵੱਖ ਟੈਕਸਾਂ ਦੇ ਰੂਪ ਵਿਚ ਪੈਸਾ ਇਕੱਠਾ ਕਰ ਕੇ ਭਰਿਆ ਗਿਆ ਹੁੰਦਾ ਹੈ, ਨੂੰ ਇਵੇਂ ਲੁਟਾਉਣਾ ਕਿਸੇ ਵੀ ਤਰ੍ਹਾਂ ਤਰਕਸੰਗਤ ਅਤੇ ਦਰੁਸਤ ਨਹੀਂ ਕਿਹਾ ਜਾ ਸਕਦਾ। ਪੰਜ ਵਾਰ ਮੁੱਖ ਮੰਤਰੀ ਰਹਿਣ ਦੇ ਬਾਵਜੂਦ ਉਹ ਲੋਕਾਂ, ਖਾਸ ਕਰ ਕੇ ਪਿੰਡਾਂ ਵਿਚ ਰਹਿਣ ਵਾਲਿਆਂ ਦੀਆਂ ਮੁੱਢਲੀਆਂ ਲੋੜਾਂ-ਗਲੀਆਂ-ਨਾਲੀਆਂ ਪੱਕੀਆਂ ਕਰਨੀਆਂ, ਸਾਧਨਹੀਣ ਲੋਕਾਂ ਲਈ ਸਾਂਝੇ ਪਖਾਨੇ, ਸਕੂਲ, ਹਸਪਤਾਲ ਤੇ ਪਸ਼ੂ ਡਿਸਪੈਂਸਰੀਆਂ ਆਦਿ ਬਣਵਾਉਣੇ ਅਤੇ ਉਨ੍ਹਾਂ ਵਿਚ ਲੋੜੀਂਦੇ ਸਟਾਫ ਦੀ ਪੂਰਤੀ ਕਰਨ ਦਾ ਕੰਮ ਵੀ ਪੂਰਾ ਨਹੀਂ ਕਰ ਸਕੇ। ਪੰਜਾਬ ਦੇ ਹਰ ਪਿੰਡ, ਕਸਬੇ ਤੇ ਸ਼ਹਿਰ ਆਦਿ ਦੀਆਂ ਲੋੜਾਂ ਤੇ ਮੰਗਾਂ ਤਕਰੀਬਨ ਇਕੋ ਜਿਹੀਆਂ ਹਨ, ਪਰ ਸੰਗਤ ਦਰਸ਼ਨ ਦੇ ਨਾਂ 'ਤੇ ਆਪਣੇ ਹੀ ਹਮਾਇਤੀ ਕੁਝ ਚੋਣਵੇਂ ਚੌਧਰੀਆਂ ਦੀ ਫੋਕੀ ਟੌਹਰ ਬਣਾਉਣ ਲਈ, ਉਨ੍ਹਾਂ ਰਾਹੀਂ ਪਿੰਡਾਂ ਦੀਆਂ ਸੰਸਥਾਵਾਂ ਨੂੰ ਵਿਤਕਰੇ ਨਾਲ ਗ੍ਰਾਂਟਾਂ ਦਿਤੀਆਂ ਜਾ ਰਹੀਆਂ ਹਨ। ਚਾਹੀਦਾ ਤਾਂ ਇਹ ਹੈ ਕਿ ਵਿਕਾਸ ਵਾਸਤੇ ਪਿੰਡਾਂ ਵਿਚ ਹੋਣ ਵਾਲੇ ਕੰਮਾਂ ਦਾ ਵੇਰਵਾ ਅਰਜ਼ੀਆਂ ਦੇ ਰੂਪ ਚੁਣੀਆਂ ਹੋਈਆਂ ਪੰਚਾਇਤਾਂ ਰਾਹੀਂ ਮੰਗਵਾਇਆ ਜਾਵੇ। ਉਪਰੰਤ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਰਾਹੀਂ ਵੱਖ-ਵੱਖ ਪਿੰਡਾਂ ਦੀਆਂ ਲੋੜਾਂ/ਕੰਮਾਂ ਦਾ ਸਰਵੇਖਣ ਕਰਵਾਇਆ ਜਾਵੇ। ਇਸ ਤੋਂ ਬਾਅਦ ਹੋਣ ਵਾਲੇ ਸਮੁੱਚੇ ਕੰਮਾਂ ਦੇ ਖਰਚੇ ਦਾ ਅਨੁਮਾਨ ਲਗਾਉਣ ਉਪਰੰਤ ਕੰਮਾਂ ਦੀ ਪਹਿਲ-ਸੂਚੀ ਤਿਆਰ ਕੀਤੀ ਜਾਵੇ। ਇਸ ਤੋਂ ਬਾਅਦ ਸਬੰਧਿਤ ਸਾਲ/ਸਾਲਾਂ ਵਿਚ ਉਪਲਬਧ ਬਜਟ ਅਨੁਸਾਰ ਕੰਮ ਨੇਪਰੇ ਚਾੜ੍ਹੇ ਜਾਣ। ਕੀਤੇ ਜਾ ਰਹੇ ਕੰਮਾਂ ਦਾ ਪਬਲਿਕ ਆਡਿਟ ਵੀ ਹੋਵੇ। ਇਸ ਲਈ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ, ਉਸ ਉਪਰ ਖਰਚ ਹੋਣ ਵਾਲੀ ਨਿਰਧਾਰਿਤ ਰਕਮ, ਕੰਮ ਨੇਪਰੇ ਚਾੜ੍ਹਨ ਦਾ ਨਿਰਧਾਰਿਤ ਸਮਾਂ, ਠੇਕੇਦਾਰ ਦਾ ਨਾਮ ਤੇ ਸ਼ਿਕਾਇਤ ਆਦਿ ਕਰਨ ਲਈ ਸਬੰਧਿਤ ਉਚ ਅਫਸਰਾਂ ਦੇ ਸੰਪਰਕ ਨੰਬਰ ਆਦਿ ਦਰਸਾਉਂਦੇ ਸਾਈਨ ਬੋਰਡ ਲਗਾਉਣੇ ਚਾਹੀਦੇ ਹਨ, ਪਰ ਬਾਦਲ ਦੇ ਮੌਜੂਦਾ ਸੰਗਤ ਦਰਸ਼ਨਾਂ ਵਿਚ ਅਜਿਹਾ ਕੁਝ ਵੀ ਨਹੀਂ। ਇਨ੍ਹਾਂ ਸੰਗਤ ਦਰਸ਼ਨਾਂ ਵਿਚ ਕੀਤੇ ਜਾਣ ਵਾਲੇ ਕੰਮਾਂ ਦਾ ਨਾ ਵਿਸਥਾਰ ਸਹਿਤ ਵੇਰਵਾ, ਨਾ ਹੋਣ ਵਾਲੇ ਖਰਚੇ ਦਾ ਕੋਈ ਅਨੁਮਾਨ ਹੁੰਦਾ ਹੈ ਅਤੇ ਨਾ ਹੀ ਬਾਅਦ ਵਿਚ ਇਸ ਰਕਮ ਦੇ ਖਰਚ ਦੀ ਕੋਈ ਪੁੱਛ-ਪੜਤਾਲ ਹੁੰਦੀ ਹੈ। ਇਸ ਕਰ ਕੇ ਸੰਗਤ ਦਰਸ਼ਨਾਂ ਵਿਚ ਵੰਡੀਆਂ ਜਾਂਦੀਆਂ ਖ਼ੈਰਾਤਨੁਮਾ ਗ੍ਰਾਂਟਾਂ ਦੀ ਦੁਰਵਰਤੋਂ ਹੋ ਰਹੀ ਹੈ। ਇਸ ਨਾਲ ਸਰਕਾਰੀ ਖਜ਼ਾਨੇ ਦਾ ਕੂੰਡਾ ਹੋ ਰਿਹਾ ਹੈ।

ਇਉਂ ਸੰਗਤ ਦਰਸ਼ਨਾਂ ਵਿਚ ਵੰਡੀਆਂ ਜਾ ਰਹੀਆਂ ਗ੍ਰਾਂਟਾਂ ਸਿਰਫ ਆਪਣੀ ਪਾਰਟੀ ਦੇ ਚੌਧਰੀਆਂ ਨੂੰ ਦਿਤੀ ਜਾ ਰਹੀ ਸਿੱਧੇ-ਅਸਿੱਧੇ ਰੂਪ ਵਿਚ ਸਿਆਸੀ ਰਿਸ਼ਵਤ ਦਾ ਹੀ ਰੂਪ ਧਾਰਨ ਕਰ ਚੁੱਕੀਆਂ ਹਨ। ਕੁਝ ਸਿਆਣੇ ਲੋਕ ਤਾਂ ਇਹ ਵੀ ਸ਼ੱਕ ਕਰਦੇ ਹਨ ਕਿ ਸਰਪੰਚਾਂ ਨੂੰ ਚੋਣਾਂ ਵਾਲੇ ਸਾਲ ਵਿਚ ਵਰਤਾਏ ਗੱਫੇ, ਚੋਣਾਂ ਸਮੇਂ ਵੋਟਾਂ ਖਰੀਦਣ ਲਈ ਵਰਤੇ ਜਾਂਦੇ ਹਨ। ਜਿਥੋਂ ਤਕ ਬਾਦਲ ਵਲੋਂ ਕੀਤੇ ਜਾ ਰਹੇ ਇਸ ਦਾਅਵੇ ਦਾ ਸਬੰਧ ਹੈ ਕਿ ਸੰਗਤ ਦਰਸ਼ਨ ਉਨ੍ਹਾਂ ਦੇ ਦਿਮਾਗ ਦੀ ਹੀ ਕਾਢ ਹੈ, ਇਹ ਗੱਲ ਵੀ ਦਰੁਸਤ ਨਹੀਂ, ਕਿਉਂਕਿ ਦੱਖਣੀ ਭਾਰਤ ਦੇ ਕਈ ਸੂਬਿਆਂ ਦੇ ਮੁੱਖ ਮੰਤਰੀ ਪਹਿਲਾਂ ਵੀ ਇਹ ਤਜਰਬਾ ਕਰ ਚੁੱਕੇ ਹਨ, ਪਰ ਆਮ ਲੋਕਾਂ ਦੀਆਂ ਅਸਲ ਸਮੱਸਿਆਵਾਂ ਹੱਲ ਕਰਨ ਤੋਂ ਅਸਮਰਥ ਰਹਿਣ ਕਾਰਨ ਉਹ ਇਸ ਫਜ਼ੂਲ ਅਭਿਆਸ ਤੋਂ ਕਿਨਾਰਾ ਕਰ ਗਏ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਵੀ ਚੰਡੀਗੜ੍ਹ ਵਿਖੇ ਖੁੱਲ੍ਹਾ ਦਰਬਾਰ ਲਗਾਉਂਦੇ ਰਹੇ ਹਨ। ਆਪਣੀ ਰਿਹਾਇਸ਼ 'ਤੇ ਖੁੱਲ੍ਹੇ ਵਿਹੜੇ ਵਿਚ ਕਤਾਰਾਂ ਵਿਚ ਲੱਗੀਆਂ ਕੁਰਸੀਆਂ ਉਪਰ ਲੋਕ ਆਪੋ-ਆਪਣੀਆਂ ਫਰਿਆਦਾਂ ਲੈ ਕੇ ਬੈਠੇ ਹੁੰਦੇ ਸਨ। ਬੇਅੰਤ ਸਿੰਘ ਨਾਸ਼ਤੇ ਤੋਂ ਵਿਹਲੇ ਹੋ ਕੇ ਉਡੀਕ ਕਰ ਰਹੇ ਫ਼ਰਿਆਦੀਆਂ ਪਾਸੋਂ ਇਕੱਲੇ-ਇਕੱਲੇ ਕੋਲ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਸਨ ਅਤੇ ਇਸ ਦੇ ਹੱਲ ਲਈ ਸਬੰਧਿਤ ਅਫਸਰਾਂ ਨੂੰ ਹਦਾਇਤਾਂ ਦਿੰਦੇ ਸਨ, ਪਰ ਉਹ ਇਹ ਅਭਿਆਸ ਬਾਦਲ ਵਾਂਗ ਸਿਰਫ ਚੋਣਾਂ ਵਾਲੇ ਸਾਲ ਵਿਚ ਹੀ ਜਾਂ ਕੁਝ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵੇਲੇ ਨਹੀਂ ਸਨ ਕਰਦੇ।

ਇਸ ਸਮੇਂ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ, ਉਨ੍ਹਾਂ ਦੇ ਪੜ੍ਹੇ-ਲਿਖੇ ਬੱਚਿਆਂ ਵਾਸਤੇ ਰੁਜ਼ਗਾਰ ਮੁਹੱਈਆ ਕਰਨ ਜਾਂ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੀ ਹੈ, ਪਰ ਬਾਦਲ ਅਜਿਹਾ ਕਰਨ ਦੀ ਥਾਂ ਉਨ੍ਹਾਂ ਨੂੰ ਪਿੰਡਾਂ ਵਿਚ ਜਿਮ ਖੋਲ੍ਹਣ ਅਤੇ ਖੇਡ ਕਿੱਟਾਂ ਵਾਸਤੇ ਗ੍ਰਾਂਟਾਂ ਵੰਡ ਰਹੇ ਹਨ। ਬਾਦਲ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਸੰਗਤ ਦਰਸ਼ਨ ਸਮੇਂ ਉਨ੍ਹਾਂ ਦਾ ਆਮ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਹੋਣ ਕਾਰਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ, ਸਮਝਣ ਅਤੇ ਹੱਲ ਕਰਨ ਵਿਚ ਮਦਦ ਮਿਲਦੀ ਹੈ, ਪਰ ਉਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਪਿੰਡਾਂ ਵਿਚ ਗਲੀਆਂ-ਨਾਲੀਆਂ ਪੱਕੀਆਂ ਕਰਨ, ਸਕੂਲਾਂ, ਹਸਪਤਾਲਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਵਿਚ ਪੂਰਾ ਸਟਾਫ ਦੇਣ ਆਦਿ ਮੰਗਾਂ ਕੀ ਹਰ ਪਿੰਡ ਦੀਆਂ ਵੱਖ-ਵੱਖ ਹਨ ਜਿਨ੍ਹਾਂ ਨੂੰ ਸਮਝਣ ਲਈ ਸੂਬੇ ਦੇ ਮੁੱਖ ਮੰਤਰੀ ਨੂੰ ਆਪਣੀ ਸਕਿਉਰਿਟੀ ਸਮੇਤ ਉਚ ਅਫਸਰਾਂ ਦਾ ਪੂਰਾ ਲਾਮ ਲਸ਼ਕਰ ਲੈ ਕੇ ਹਰ ਪਿੰਡ ਪਹੁੰਚਣਾ ਜ਼ਰੂਰੀ ਹੈ? ਜੁਆਬ ਵਿਚ ਸਾਧਾਰਨ ਤੋਂ ਸਾਧਾਰਨ ਬੰਦਾ ਵੀ ਇਹੋ ਕਹੇਗਾ ਕਿ ਜਿਨ੍ਹਾਂ ਕੰਮ ਲਈ ਸੂਬਾਈ ਪੱਧਰ ਉਤੇ ਕਿਸੇ ਠੋਸ ਸਾਂਝੀ ਨੀਤੀ ਬਣਾਉਣ ਦੀ ਲੋੜ ਹੋਵੇ, ਉਨ੍ਹਾਂ ਵਾਸਤੇ ਸੰਗਤ ਦਰਸ਼ਨ ਦੇ ਰੂਪ ਵਿਚ ਪਿੰਡੋ-ਪਿੰਡ ਭੱਜੇ ਫਿਰਨਾ ਅਤੇ ਇਸ ਅਭਿਆਸ ਉਪਰ ਸੁਰੱਖਿਆ ਅਤੇ ਪੈਟਰੋਲ ਆਦਿ ਉਪਰ ਹੋਣ ਵਾਲੇ ਖਰਚੇ ਨਾਲ ਸਰਕਾਰੀ ਖਜ਼ਾਨੇ ਉਪਰ ਕਰੋੜਾਂ ਰੁਪਏ ਦਾ ਬੋਝ ਪਾਉਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਇਸ ਤਰ੍ਹਾਂ ਕਰਨ ਨਾਲ ਸਰਕਾਰੀ ਖਜ਼ਾਨੇ ਉਪਰ ਬੇਲੋੜਾ ਬੋਝ ਤਾਂ ਪੈਂਦਾ ਹੀ ਹੈ, ਇਸ ਤੋਂ ਇਲਾਵਾ ਸਮੂਹ ਜ਼ਿਲ੍ਹਾ ਅਧਿਕਾਰੀਆਂ ਵਲੋਂ ਆਪਣੇ ਦਫ਼ਤਰ ਛੱਡ ਕੇ ਸੰਗਤ ਦਰਸ਼ਨ ਵਿਚ ਹਾਜ਼ਰੀ ਭਰਨ ਕਰ ਕੇ ਉਨ੍ਹਾਂ ਦੇ ਆਪਣੇ ਦਫ਼ਤਰਾਂ ਵਿਚ ਉਨ੍ਹਾਂ ਦੀ ਗ਼ੈਰਹਾਜ਼ਰੀ ਕਾਰਨ ਕੰਮਾਂ-ਕਾਰਾਂ ਲਈ ਆਏ ਲੋਕਾਂ ਨੂੰ ਖੱਜਲ-ਖੁਆਰ ਵੀ ਹੋਣਾ ਪੈਂਦਾ ਹੈ। ਜਿਵੇਂ ਵੈਟਰਨਰੀ ਅਫ਼ਸਰ ਲਈ ਪਸ਼ੂ ਹਸਪਤਾਲ, ਖੇਤੀ ਵਿਕਾਸ ਅਫ਼ਸਰ, ਬਲਾਕ ਵਿਕਾਸ ਅਫ਼ਸਰ, ਸਿੱਖਿਆ ਅਧਿਕਾਰੀ ਤੇ ਪਟਵਾਰੀ ਆਦਿ ਦੇ ਕੰਮ ਕਰਨ ਦੀ ਅਸਲੀ ਥਾਂ ਉਨ੍ਹਾਂ ਦੇ ਦਫ਼ਤਰ ਹਨ, ਸੰਗਤ ਦਰਸ਼ਨ ਵਾਲੀ ਜਗ੍ਹਾ ਨਹੀਂ। ਆਪਣੇ ਦਫ਼ਤਰ ਬੈਠ ਕੇ ਰੋਜ਼ਮਰ੍ਹਾ ਦਾ ਕੰਮ ਕਰਨ ਦੀ ਥਾਂ ਸੰਗਤ ਦਰਸ਼ਨਾਂ ਵਿਚ ਹਾਜ਼ਰੀ ਭਰਨ ਲਈ ਮਜਬੂਰ ਹੋਣਾ ਉਨ੍ਹਾਂ ਦੇ ਦਫ਼ਤਰੀ ਕੰਮ ਵਿਚ ਵਿਘਨ ਪਾਉਣ ਅਤੇ ਕੰਮਾਂ-ਕਾਰਾਂ ਲਈ ਆਏ ਲੋਕਾਂ ਦੀ ਖੱਜਲ-ਖੁਆਰੀ ਦਾ ਸਬੱਬ ਬਣਦਾ ਹੈ।

ਬਾਦਲ ਨੇ ਪੰਜ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ਦੇ 'ਲੋਕਾਂ ਦੀ ਸੇਵਾ' ਕਰ ਕੇ ਰਾਜਸੱਤਾ ਦਾ ਕਾਫ਼ੀ ਆਨੰਦ ਮਾਣ ਲਿਆ ਹੈ। ਉਨ੍ਹਾਂ ਨੂੰ ਸਿਆਸਤ ਦੇ ਨਾਲ-ਨਾਲ ਪ੍ਰਸ਼ਾਸਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੀ ਭਰਪੂਰ ਜਾਣਕਾਰੀ ਹੈ। ਇਸ ਹਾਲਤ ਵਿਚ ਉਨ੍ਹਾਂ ਨੂੰ ਗ਼ੈਰ-ਤਰਕਸੰਗਤ ਅਤੇ ਗ਼ੈਰ-ਲੋਕਰਾਜੀ ਸੰਗਤ ਦਰਸ਼ਨ ਮੁਹਿੰਮ ਜਿਸ ਲਈ ਉਹ ਦੋ ਬੰਦਿਆਂ ਦੇ ਮੋਢਿਆਂ ਦਾ ਸਹਾਰਾ ਲੈ ਕੇ ਚਲਦੇ ਹਨ, ਨੂੰ ਸੰਤੋਖ ਕੇ ਹੁਣ ਸੂਬੇ ਦੀ ਰਾਜਧਾਨੀ ਵਿਚ ਪੱਕਾ ਡੇਰਾ ਲਾ ਕੇ ਅਤੇ ਆਪਣੇ ਮੰਤਰੀਆਂ ਤੇ ਅਫਸਰਾਂ ਦੀ ਉਨ੍ਹਾਂ ਦੇ ਸਬੰਧਤ ਦਫ਼ਤਰਾਂ ਵਿਚ ਹਾਜ਼ਰੀ ਯਕੀਨੀ ਬਣਾਉਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਨੂੰ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਹੇ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਚੰਡੀਗੜ੍ਹ ਬੁਲਾ ਕੇ ਉਨ੍ਹਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਨਿਬੇੜਾ ਕਰਨ ਦੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵੱਖ-ਵੱਖ ਥਾਵਾਂ 'ਤੇ ਸੰਗਤ ਦਰਸ਼ਨਾਂ ਦੇ ਨੇੜੇ ਪੁਲਿਸ ਅਤੇ ਕਦੇ-ਕਦੇ ਸਥਾਨਕ ਜਥੇਦਾਰਾਂ ਦੀਆਂ ਡਾਂਗਾਂ ਖਾਣ ਦੀ ਥਾਂ ਉਹ ਆਪਣੇ ਦੁੱਖ ਮੁੱਖ ਮੰਤਰੀ ਨੂੰ ਦੱਸ ਸਕਣ। ਅਜਿਹਾ ਕਰਨਾ ਹੀ ਹਕੀਕਤ ਦੇ ਭਾਵਪੂਰਤ ਸੰਗਤ ਦਰਸ਼ਨ ਹੋ ਸਕਦਾ ਹੈ। -0-

# ਕਸ਼ਮੀਰੀ ਆਵਾਮ, ਆਜ਼ਾਦੀ ਦੀ ਰੀਝ ਅਤੇ ਸਟੇਟ

ਪਿਛੇ ਜਿਹੇ ਜੰਮੂ ਕਸ਼ਮੀਰ ਵਿਚ ਹੋਈਆਂ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕੀਤੇ ਗਏ ਕਿ ਚੋਣਾਂ ਵਿਚ ਕਸ਼ਮੀਰੀਆਂ ਵਲੋਂ ਦਿਖਾਇਆ ਭਾਰੀ ਉਤਸ਼ਾਹ ਹਿੰਦੁਸਤਾਨ ਦੀ ਜਮਹੂਰੀਅਤ ਵਿਚ ਉਨ੍ਹਾਂ ਦੇ ਭਰੋਸੇ ਦਾ ਸਬੂਤ ਹੈ। ਹੁਣ ਦੋ ਘਟਨਾਵਾਂ ਪ੍ਰਤੀ ਕਸ਼ਮੀਰੀਆਂ ਦੇ ਪ੍ਰਤੀਕਰਮ ਨਾਲ ਹਿੰਦੁਸਤਾਨੀ ਹੁਕਮਰਾਨਾਂ ਦੇ ਇਨ੍ਹਾਂ ਦਾਅਵਿਆਂ ਦਾ ਥੋਥ ਨੰਗਾ ਹੋ ਗਿਆ ਹੈ। ਪਹਿਲਾਂ ਇਕ ਕਸ਼ਮੀਰੀ ਵਿਦਿਆਰਥਣ ਨਾਲ ਹਿੰਦੁਸਤਾਨੀ ਫ਼ੌਜੀ ਵਲੋਂ ਕੀਤੀ ਛੇੜ-ਛਾੜ ਅਤੇ ਹੁਣ ਹਿਜ਼ਬੁਲ ਕਮਾਂਡਰ ਬੁਰਹਾਨ ਵਾਨੀ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਕਸ਼ਮੀਰ ਦੇ ਆਵਾਮ ਦਾ ਹੜ੍ਹ ਵਾਂਗ ਸੜਕਾਂ ਉਪਰ ਆ ਕੇ ਹਿੰਦੁਸਤਾਨੀ ਫ਼ੌਜ ਦਾ ਪੱਥਰਾਂ ਨਾਲ ਮੁਕਾਬਲਾ ਕਰਨਾ ਉਨ੍ਹਾਂ ਅੰਦਰ ਖੌ਼ਲ ਰਹੇ ਰੋਹ ਦਾ ਝਲਕਾਰਾ ਹੈ। ਐਸਾ ਕਰਦੇ ਵਕਤ ਜੇ ਉਹ ਆਪਣੀਆਂ ਜਾਨਾਂ ਜੋਖ਼ਮ ਵਿਚ ਪਾਉਣ ਤੋਂ ਵੀ ਨਹੀਂ ਝਿਜਕਦੇ ਤਾਂ ਸਮਝਿਆ ਜਾ ਸਕਦਾ ਹੈ ਕਿ ਮਸਲਾ 150 ਕੁ ਦਹਿਸ਼ਤਪਸੰਦਾਂ' ਦਾ ਨਹੀਂ ਹੈ, ਨਾ ਹੀ ਇਹ ਮਹਿਜ਼

ਬੂਟਾ ਸਿੰਘ
ਫੋਨ: +91-94634-74342

ਪਾਕਿਸਤਾਨ ਪੱਖੀ ਹਥਿਆਰਬੰਦ ਘੁਸਪੈਠੀਆਂ ਦੀ ਸਾਜ਼ਿਸ਼ ਹੈ ਜਿਵੇਂ ਹਿੰਦੁਸਤਾਨੀ ਹੁਕਮਰਾਨ ਅਤੇ ਇਨ੍ਹਾਂ ਦੇ ਫ਼ੌਜੀ ਅਧਿਕਾਰੀ ਅਕਸਰ ਦਾਅਵਾ ਕਰਦੇ ਹਨ।

ਜੋ ਮੰਜ਼ਰ 2010 ਦੇ ਹੁਨਾਲ ਵਿਚ ਸਾਹਮਣੇ ਆਇਆ ਸੀ, ਫਿਰ ਚੋਣਾਂ ਦੁਆਰਾ ਨਵੀਂ ਸਰਕਾਰ ਬਣਨ ਤੋਂ ਬਾਅਦ ਕਸ਼ਮੀਰੀ ਨੌਜਵਾਨ ਉਸ ਤੋਂ ਵੀ ਜ਼ਿਆਦਾ ਰੋਹ ਨਾਲ ਸੜਕਾਂ ਉਪਰ ਆਉਣੇ ਸ਼ੁਰੂ ਹੋ ਗਏ। 2008 ਵਿਚ ਅਮਰਨਾਥ ਮੰਦਰ ਬੋਰਡ ਨੂੰ ਜ਼ਮੀਨ ਦਿਤੇ ਜਾਣ ਨੇ ਅਤੇ 2010 'ਚ ਸਰਕਾਰੀ ਗੋਲੀ ਨਾਲ ਸਕੂਲੀ ਵਿਦਿਆਰਥੀ ਦੀ ਮੌਤ ਨੇ ਕਸ਼ਮੀਰੀਆਂ ਵਿਚ ਰੋਹ ਦੇ ਭਾਂਬੜ ਬਾਲ ਦਿਤੇ ਸਨ, ਹੁਣ 'ਦਹਿਸ਼ਤਗਰਦ' ਬੁਰਹਾਨ ਨੂੰ ਅਖਾਉਤੀ ਮੁਕਾਬਲੇ ਵਿਚ ਮਾਰਨ ਦੀ ਘਟਨਾ ਆਵਾਮੀ ਰੋਹ ਨੂੰ ਸੜਕਾਂ 'ਤੇ ਲਿਆਉਣ ਦਾ ਸਬੱਬ ਬਣੀ ਹੈ। ਇਹ ਭਾਵੇਂ 1990 ਸੀ, 2008, 2010 ਜਾਂ 2013, ਕਸ਼ਮੀਰ ਦੇ ਲੋਕ ਵਾਰ-ਵਾਰ ਸੜਕਾਂ 'ਤੇ ਆ ਕੇ ਹਿੰਦੁਸਤਾਨ ਨਾਲ ਸਿਰ-ਨਰੜ ਨੂੰ ਵੰਗਾਰ ਰਹੇ ਹਨ। 2010 ਵਿਚ ਹਿੰਦੁਸਤਾਨੀ ਸਟੇਟ ਨੇ ਵਿਰੋਧ ਨੂੰ ਦਬਾਉਣ ਲਈ ਬੇਲਗਾਮ ਤਾਕਤ ਵਰਤ ਕੇ ਚਾਰ ਮਹੀਨਿਆਂ ਵਿਚ 120 ਨੌਜਵਾਨ ਮਾਰ-ਮੁਕਾਏ ਸਨ। ਇਹ ਸਾਰੇ 25 ਸਾਲ ਤੋਂ ਘੱਟ ਉਮਰ ਦੇ ਸਨ। ਉਦੋਂ ਫ਼ੌਜੀ ਅਧਿਕਾਰੀਆਂ ਵਲੋਂ ਇਹ ਬੇਹੂਦਾ ਦਾਅਵਾ ਵੀ ਕੀਤਾ ਗਿਆ ਕਿ ਕਸ਼ਮੀਰੀ ਨੌਜਵਾਨ ਫ਼ੌਜ ਉਪਰ ਜਿਹੜੇ ਪੱਥਰ ਚਲਾਉਂਦੇ ਹਨ, ਉਹ ਵੀ ਪਾਕਿਸਤਾਨ ਤੋਂ ਆਉਂਦੇ ਹਨ। ਸਰਕਾਰ ਨੂੰ ਹਾਈਕੋਰਟ ਨੂੰ ਦਿਤੀ ਜਾਣਕਾਰੀ ਅਨੁਸਾਰ, ਤਾਜ਼ਾ ਟਕਰਾਓ ਵਿਚ 44 ਲੋਕ ਮਾਰੇ ਜਾ ਚੁੱਕੇ ਹਨ ਅਤੇ 2000 ਤੋਂ ਉਪਰ ਜ਼ਖ਼ਮੀ ਹਨ। ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ ਨੂੰ ਖਿੰਡਾਉਣ ਦੇ ਨਾਂ ਹੇਠ ਪੁਲਿਸ ਤੇ ਫ਼ੌਜ ਵਲੋਂ ਅੱਥਰੂ ਗੈਸ ਦੇ ਗੋਲਿਆਂ, ਧਾਤ ਦੇ ਛਰਿਆਂ ਵਾਲੇ 'ਗ਼ੈਰ-ਨੁਕਸਾਨਦੇਹ' ਗੋਲਿਆਂ ਅਤੇ ਗੋਲੀਆਂ ਦੀ 'ਸੰਜਮੀ' ਵਰਤੋਂ ਨੇ ਸੌ ਤੋਂ ਉਪਰ ਨੌਜਵਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਖੋਹ ਲਈ ਹੈ। ਹਕੂਮਤੀ ਵਹਿਸ਼ਤ ਦੀ ਇੰਤਹਾ ਇਹ ਹੈ ਕਿ ਗੰਭੀਰ ਜ਼ਖ਼ਮੀਆਂ ਨੂੰ ਹਸਤਪਤਾਲ ਲਿਜਾ ਰਹੀਆਂ ਐਂਬੂਲੈਂਸਾਂ ਅਤੇ ਹਸਪਤਾਲ ਅੰਦਰ ਜ਼ਖ਼ਮੀਆਂ ਉਪਰ ਹਮਲੇ ਕਰਨ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਇਕ ਰਿਪੋਰਟ ਅਨੁਸਾਰ ਜਨਵਰੀ 1989 ਤੋਂ ਲੈ ਕੇ ਹੁਣ ਤਕ 94290 ਕਸ਼ਮੀਰੀ ਮਾਰੇ ਜਾ ਚੁੱਕੇ ਹਨ। 8000 ਦੇ ਕਰੀਬ ਕਸ਼ਮੀਰੀ ਵੱਖ-ਵੱਖ ਸਮੇਂ 'ਤੇ ਪੁਲਿਸ ਤੇ ਫ਼ੌਜ ਵਲੋਂ ਹਿਰਾਸਤ ਵਿਚ ਲੈ ਕੇ 'ਲਾਪਤਾ' ਕਰ ਦਿਤੇ ਗਏ। 7000 ਤੋਂ ਵੱਧ ਅਣਪਛਾਤੀਆਂ ਕਬਰਾਂ ਦੇ ਖ਼ੁਲਾਸੇ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ 'ਲਾਪਤਾ' ਕਸ਼ਮੀਰੀਆਂ ਨਾਲ ਕੀ ਵਾਪਰਿਆ ਹੋਵੇਗਾ।

ਜਦੋਂ ਵੀ ਆਮ ਕਸ਼ਮੀਰੀ ਵਿਰੋਧ ਪ੍ਰਦਰਸ਼ਨ ਕਰਦੇ ਹਨ, ਹਿੰਦੁਸਤਾਨੀ ਸਟੇਟ ਦਾ ਪ੍ਰਤੀਕਰਮ ਹਮੇਸ਼ਾ ਹੋਰ ਫ਼ੌਜ, ਹੋਰ ਬੇਤਹਾਸ਼ਾ ਜਬਰ ਰਿਹਾ ਹੈ। ਸੱਤਾ ਦੇ ਰਵੱਈਏ ਨੂੰ ਸਮਝਣ ਲਈ ਇਕੋ ਤੱਥ ਕਾਫ਼ੀ ਹੈ ਕਿ 2010 ਵਿਚ ਕਸ਼ਮੀਰੀ ਨੌਜਵਾਨਾਂ ਦੀ ਬਗ਼ਾਵਤ ਤੋਂ ਬਾਅਦ ਮਨਮੋਹਨ ਸਿੰਘ ਸਰਕਾਰ ਵਲੋਂ 'ਸਾਰਥਕ' ਸਿਆਸੀ ਗੱਲਬਾਤ ਦਾ ਸਥਾਈ ਅਮਲ ਚਲਾਉਣ ਲਈ ਜੋ ਤਿੰਨ ਮੈਂਬਰੀ ਸਾਲਸ ਗਰੁੱਪ ਬਣਾਇਆ ਗਿਆ ਸੀ, ਉਸ ਦੀਆਂ ਚਾਰ ਸਿਫ਼ਾਰਸ਼ਾਂ (ਅਰਥਪੂਰਨ ਖ਼ੁਦਮੁਖਤਾਰੀ, ਵਿਆਪਕ ਵਿਕਾਸ ਪੈਕੇਜ, ਅਫਸਪਾ ਦੀ ਵਾਪਸੀ ਅਤੇ ਗੜਬੜਗ੍ਰਸਤ ਖੇਤਰ ਦੇ ਨਾਂ 'ਤੇ ਦਿੱਤੇ ਵਿਸ਼ੇਸ਼ ਅਧਿਕਾਰ ਦਾ ਖ਼ਾਤਮਾ) ਵਿਚੋਂ ਕਿਸੇ ਪ੍ਰਤੀ ਵੀ ਸੰਜੀਦਗੀ ਨਹੀਂ ਦਿਖਾਈ ਗਈ। ਹਿੰਦੁਸਤਾਨੀ ਹਾਕਮ ਜਮਾਤ ਦਾ ਅੰਨ੍ਹਾ ਯਕੀਨ ਬੰਦੂਕ ਦੀ ਨੋਕ ਨਾਲ ਮਸਲੇ ਨੂੰ ਦਬਾਉਣ ਉਪਰ ਹੈ।

*ਹਿੰਦੁਸਤਾਨੀ ਹੁਕਮਰਾਨ ਕੁਝ ਵੀ ਦਾਅਵੇ ਕਰਨ, ਕੌੜੀ ਸਚਾਈ ਇਹ ਹੈ ਕਿ ਅਕਤੂਬਰ 1947 ਵਿਚ ਜੰਮੂ ਕਸ਼ਮੀਰ ਦੇ ਹਿੰਦੁਸਤਾਨ ਨਾਲ 'ਇਲਹਾਕ' ਨੂੰ ਕਸ਼ਮੀਰੀਆਂ ਨੇ ਕਦੇ ਦਿਲੋਂ ਕਬੂਲ ਨਹੀਂ ਕੀਤਾ, ਉਹ ਇਸ ਨੂੰ ਉਨ੍ਹਾਂ ਦੀ ਸਰਜ਼ਮੀਨ ਉਪਰ ਵਾਅਦਾਖ਼ਿਲਾਫ਼ੀਆਂ ਅਤੇ ਧੋਖੇ ਨਾਲ ਕੀਤਾ ਕਬਜ਼ਾ ਸਮਝਦੇ ਹਨ। ਸਹੀ ਮਾਅਨਿਆਂ ਵਿਚ ਇਹ ਇਲਹਾਕ ਹੈ ਵੀ ਨਹੀਂ ਸੀ। ਰਾਸ਼ਟਰਵਾਦੀ ਤੁਅੱਸਬ ਤਿਆਗ ਕੇ ਇਮਾਨਦਾਰੀ ਨਾਲ ਇਤਿਹਾਸ ਉਪਰ ਸਰਸਰੀ ਨਜ਼ਰ ਮਾਰਿਆਂ ਇਹ ਸਮਝ ਪੈ ਜਾਂਦਾ ਹੈ ਕਿ 1947 ਵਾਲੇ ਜਿਸ ਸਮਝੌਤੇ ਨੂੰ 'ਇਲਹਾਕ' ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਉਹ ਕਸ਼ਮੀਰ ਦੇ ਤਤਕਾਲੀ ਮਹਾਰਾਜੇ ਵਲੋਂ ਹਾਲਾਤ ਦੇ ਦਬਾਓ ਹੇਠ ਕੀਤਾ ਵਕਤੀ ਸਮਝੌਤਾ ਸੀ।*



*ਕਸ਼ਮੀਰ ਦੇ ਲੋਕਾਂ ਅੰਦਰ ਉਠੇ ਰੋਹ ਦੀ ਇਕ ਝਲਕ।*

ਹਿੰਦੁਸਤਾਨੀ ਹੁਕਮਰਾਨ ਕੁਝ ਵੀ ਦਾਅਵੇ ਕਰਨ, ਕੌੜੀ ਸਚਾਈ ਇਹ ਹੈ ਕਿ ਅਕਤੂਬਰ 1947 ਵਿਚ ਜੰਮੂ ਕਸ਼ਮੀਰ ਦੇ ਹਿੰਦੁਸਤਾਨ ਨਾਲ 'ਇਲਹਾਕ' (ਰਲੇਵੇਂ) ਨੂੰ ਕਸ਼ਮੀਰੀਆਂ ਨੇ ਕਦੇ ਦਿਲੋਂ ਕਬੂਲ ਨਹੀਂ ਕੀਤਾ, ਉਹ ਇਸ ਨੂੰ ਉਨ੍ਹਾਂ ਦੀ ਸਰਜ਼ਮੀਨ ਉਪਰ ਵਾਅਦਾਖ਼ਿਲਾਫ਼ੀਆਂ ਅਤੇ ਧੋਖੇ ਨਾਲ ਕੀਤਾ ਕਬਜ਼ਾ ਸਮਝਦੇ ਹਨ। ਸਹੀ ਮਾਅਨਿਆਂ ਵਿਚ ਇਹ ਇਲਹਾਕ ਹੈ ਵੀ ਨਹੀਂ ਸੀ। ਰਾਸ਼ਟਰਵਾਦੀ ਤੁਅੱਸਬ ਤਿਆਗ ਕੇ ਇਮਾਨਦਾਰੀ ਨਾਲ ਇਤਿਹਾਸ ਉਪਰ ਸਰਸਰੀ ਨਜ਼ਰ ਮਾਰਿਆਂ ਇਹ ਸਮਝ ਪੈ ਜਾਂਦਾ ਹੈ ਕਿ 1947 ਵਾਲੇ ਜਿਸ ਸਮਝੌਤੇ ਨੂੰ 'ਇਲਹਾਕ' ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਉਹ ਕਸ਼ਮੀਰ ਦੇ ਤਤਕਾਲੀ ਮਹਾਰਾਜੇ ਵਲੋਂ ਹਾਲਾਤ ਦੇ ਦਬਾਓ ਹੇਠ ਕੀਤਾ ਵਕਤੀ ਸਮਝੌਤਾ ਸੀ ਅਤੇ ਕਸ਼ਮੀਰੀਆਂ ਦੀ ਉਸ ਨੂੰ ਪ੍ਰਵਾਨਗੀ ਕਿਸੇ ਸੂਰਤ ਵੀ ਨਹੀਂ ਸੀ। ਇਹ ਹਾਲਾਤ ਸਹਿਜ ਹੋਣ 'ਤੇ ਰਾਇਸ਼ੁਮਾਰੀ ਕਰਾਉਣ ਦੀ ਸ਼ਰਤ ਤਹਿਤ ਆਰਜ਼ੀ ਇਲਹਾਕ ਸੀ ਜੋ ਕਦੇ ਵੀ ਕਰਵਾਈ ਨਹੀਂ ਗਈ।

ਸੰਯੁਕਤ ਰਾਸ਼ਟਰ ਵਲੋਂ ਜੰਮੂ ਕਸ਼ਮੀਰ ਬਾਰੇ ਆਪਣੇ 30 ਮਾਰਚ 1951 ਦੇ ਮਤੇ ਵਿਚ ਜੋ ਬੁਨਿਆਦੀ ਅਹਿਮੀਅਤ ਵਾਲੀ ਦਲੀਲ ਦਿਤੀ ਗਈ ਸੀ, ਉਹ ਗ਼ੌਰਤਲਬ ਹੈ। ਯੂ.ਐਨ. ਨੇ ਕਿਹਾ ਸੀ ਕਿ ਜੰਮੂ ਤੇ ਕਸ਼ਮੀਰ ਵਿਚ ਚੋਣਾਂ ਸਵੈ-ਨਿਰਣੇ ਦਾ ਬਦਲ ਨਹੀਂ ਹੋਣਗੀਆਂ। ਇਲਹਾਕ ਬਾਰੇ ਕਸ਼ਮੀਰੀ ਆਵਾਮ ਦੇ ਸਪਸ਼ਟ ਫਤਵੇ ਲਈ ਰਾਇਸ਼ੁਮਾਰੀ ਕਰਾਉਣੀ ਹੋਵੇਗੀ। ਇਸ ਕੌਮਾਂਤਰੀ ਆਮ ਸਹਿਮਤੀ ਅਤੇ 1948 ਤੋਂ ਲੈ ਕੇ 1952 ਤਕ ਦੇ ਚਾਰ ਸਾਲਾਂ ਵਿਚ ਪ੍ਰਧਾਨ ਮੰਤਰੀ ਨਹਿਰੂ ਦੇ ਹਿੰਦੁਸਤਾਨੀ ਸੰਸਦ ਅੰਦਰ ਅਤੇ ਹੋਰ ਥਾਈਂ ਦਿਤੇ ਬਿਆਨਾਂ ਨੂੰ ਦੇਖਦੇ ਹੋਏ ਹਰ ਕੋਈ ਸਮਝ ਸਕਦਾ ਹੈ ਕਿ ਆਰਜ਼ੀ ਇਲਹਾਕ ਰਾਹੀਂ ਧੋਖੇਬਾਜ਼ੀ ਦਾ ਸ਼ਿਕਾਰ ਬਣਾਈ ਗਈ ਕਸ਼ਮੀਰੀ ਕੌਮੀਅਤ ਨੂੰ 'ਅਖੰਡ ਭਾਰਤ' ਦਾ ਅਨਿੱਖੜ ਅੰਗ ਬਣਨਾ ਕਿਉਂ ਮਨਜ਼ੂਰ ਨਹੀਂ ਹੈ। ਜਬਰੀ ਇਲਹਾਕ ਤੇ ਜਬਰੀ ਏਕਤਾ ਵਿਰੁੱਧ ਦਲੀਲਾਂ ਦੇਣ ਵਾਲਾ ਨਹਿਰੂ ਫਿਰ ਖ਼ੁਦ ਹੀ ਆਪਣੇ ਰਾਇਸ਼ੁਮਾਰੀ ਦੇ ਵਾਅਦੇ ਤੋਂ ਮੁਕਰ ਗਿਆ ਅਤੇ ਧਾਰਾ 370 ਦੇ 'ਵਿਸ਼ੇਸ਼ ਦਰਜੇ' ਜ਼ਰੀਏ ਜੰਮੂ ਕਸ਼ਮੀਰ ਨੂੰ ਹਮੇਸ਼ਾ ਲਈ ਹਿੰਦੁਸਤਾਨ ਦਾ ਹਿੱਸਾ ਮੰਨ ਲਿਆ ਗਿਆ। ਬਾਅਦ ਵਿਚ ਇਹ 'ਵਿਸ਼ੇਸ਼ ਦਰਜਾ' ਵੀ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ। ਵਿਹਾਰਕ ਤੌਰ 'ਤੇ ਜੰਮੂ ਕਸ਼ਮੀਰ ਦੀ ਹੈਸੀਅਤ ਭਾਰਤ ਦੇ ਅੰਦਰ ਅੰਦਰੂਨੀ ਬਸਤੀਵਾਦ ਹੇਠ ਦਰੜੀ ਜਾ ਰਹੀ ਇਕ ਬਸਤੀ ਤੋਂ ਬਿਨਾ ਕੁਝ ਨਹੀਂ ਜਿਸ ਦੀ ਲੋਕ-ਇੱਛਾ ਨੂੰ ਦਬਾਉਣ ਲਈ ਫ਼ੌਜੀ ਤਾਕਤ ਦੀ ਵਸੀਹ ਤਾਇਨਾਤੀ ਹਿੰਦੁਸਤਾਨੀ ਪਸਾਰਵਾਦੀ ਲਾਲਸਾ ਦੀ ਲਾਜ਼ਮੀ ਲੋੜ ਬਣੀ ਹੋਈ ਹੈ।

ਆਰ.ਐਸ.ਐਸ. ਪ੍ਰਚਾਰਕਾਂ ਦੀ ਸਰਕਾਰ ਬਣਨ ਤੋਂ ਬਾਅਦ ਹਾਲਤ ਹੋਰ ਵੀ ਬਦਤਰ ਹੋ ਗਈ ਹੈ, ਕਿਉਂਕਿ ਇਹ ਉਹ ਪਾਰਟੀ ਹੈ ਜੋ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੀ ਪੁਰਜ਼ੋਰ ਮੰਗ ਕਰਦੀ ਆ ਰਹੀ ਹੈ। ਜੰਮੂ ਕਸ਼ਮੀਰ ਦੀਆਂ ਚੋਣਾਂ ਅੰਦਰ ਸਿਆਸੀ ਗਿਣਤੀਆਂ-ਮਿਣਤੀਆਂ ਵਿਚੋਂ ਇਸ ਵਲੋਂ ਇਹ ਮੰਗ ਵਕਤੀ ਤੌਰ 'ਤੇ ਠੰਢੇ ਬਸਤੇ ਵਿਚ ਪਾਉਣ ਦਾ ਇਹ ਭਾਵ ਨਹੀਂ ਕਿ ਇਸ ਨੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਦੀ ਮੰਗ ਛੱਡ ਦਿਤੀ ਹੈ। ਆਰ.ਐਸ.ਐਸ. ਵਲੋਂ ਬਹੁਤ ਹੀ ਸੂਖ਼ਮ ਤਰੀਕੇ ਨਾਲ ਜੰਮੂ ਕਸ਼ਮੀਰ ਵਿਚ ਫਿਰਕੂ ਪਾਲਾਬੰਦੀ ਕੀਤੀ ਜਾ ਰਹੀ ਹੈ। ਇਹ ਆਰ.ਐਸ.ਐਸ. ਦਾ ਹੱਥਠੋਕਾ ਜਗਮੋਹਣ ਸੀ ਜਿਸ ਨੇ ਜੰਮੂ ਕਸ਼ਮੀਰ ਦੇ ਤੱਤਕਾਲੀ ਗਵਰਨਰ ਦੀ ਹੈਸੀਅਤ ਵਿਚ ਕਸ਼ਮੀਰੀ ਪੰਡਤਾਂ ਦੀ ਸਿਲਸਿਲੇਵਾਰ ਹਿਜਰਤ ਨੂੰ ਉਤਸ਼ਾਹਤ ਕਰ ਕੇ ਕਸ਼ਮੀਰੀ ਕੌਮੀਅਤ ਵਿਚ ਫਿਰਕੂ ਪਾਟਕ ਦੀ ਨੀਂਹ ਰੱਖੀ ਸੀ। ਕਸ਼ਮੀਰੀ ਪੰਡਤਾਂ ਦੇ ਮੁੜ-ਵਸੇਬੇ ਲਈ ਵਿਸ਼ੇਸ਼ ਕਲੋਨੀਆਂ ਅਤੇ ਰਿਟਾਇਰਡ ਫ਼ੌਜੀਆਂ ਲਈ 'ਸੈਨਿਕ ਕਲੋਨੀਆਂ' ਬਣਾਉਣ ਦੀਆਂ ਯੋਜਨਾਵਾਂ ਉਪਰ ਭਾਜਪਾ ਦਾ ਜ਼ੋਰ ਇਸ ਦੀ ਕਸ਼ਮੀਰ ਦੀ ਵਸੋਂ-ਬਣਤਰ ਨੂੰ ਬਦਲਣ ਦੀ ਦੂਰਗਾਮੀ ਯੁੱਧਨੀਤੀ ਦਾ ਹਿੱਸਾ ਹੈ। ਅੱਜ ਤਕ ਭਾਵੇਂ ਕਸ਼ਮੀਰੀ ਲੋਕ ਸਿਰਫ਼ ਆਪਣੀ ਸਰਜ਼ਮੀਨ ਉਪਰ ਹੀ ਹਿੰਦੁਸਤਾਨੀ ਸੱਤਾ ਨਾਲ ਟੱਕਰ ਲੈ ਰਹੇ ਹਨ ਅਤੇ ਉਨ੍ਹਾਂ ਵਲੋਂ ਕਦੇ ਵੀ ਹਿੰਦੁਸਤਾਨ ਦੇ ਕਿਸੇ ਹਿੱਸੇ ਵਿਚ ਕੋਈ ਹਿੰਸਕ ਵਾਰਦਾਤ ਨਹੀਂ ਕੀਤੀ ਗਈ, ਫਿਰ ਵੀ ਇਸ ਮਸਲੇ ਨੂੰ ਵਧਾ-ਚੜ੍ਹਾ ਕੇ ਫਿਰਕੂ ਰੰਗ ਵਿਚ ਪੇਸ਼ ਕੀਤੇ ਜਾਣ ਦਾ ਹੀ ਨਤੀਜਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਅੰਦਰ ਕਸ਼ਮੀਰੀਆਂ ਦਾ ਅਕਸ ਖ਼ੂੰਖਾਰ ਮੁਸਲਿਮ ਦਹਿਸ਼ਤਗਰਦ ਦਾ ਬਣਾ ਦਿਤਾ ਗਿਆ ਹੈ ਅਤੇ ਉਨ੍ਹਾਂ ਦੇ ਸਵੈ-ਨਿਰਣੇ ਲਈ ਸੰਘਰਸ਼ ਨੂੰ ਮੁਸਲਿਮ ਦਹਿਸ਼ਤਗਰਦੀ ਵਜੋਂ ਦੇਖਿਆ ਜਾ ਰਿਹਾ ਹੈ।

'ਇਲਹਾਕ' ਦੇ ਸਮੇਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਕਸ਼ਮੀਰ ਉਪਰ 'ਕਬਜ਼ੇ' ਖ਼ਿਲਾਫ਼ ਵਿਰੋਧ ਦੀ ਛੱਲ ਉਠਦੀ ਰਹਿੰਦੀ ਹੈ। ਦਿੱਲੀ ਦਾ ਪ੍ਰਤੀਕਰਮ ਹਮੇਸ਼ਾ ਗੜਬੜ ਨੂੰ ਦਬਾਉਣ ਲਈ ਹੋਰ ਫ਼ੌਜ ਭੇਜਣਾ ਰਿਹਾ ਹੈ। ਹੁਣ ਵੀ ਜ਼ਖ਼ਮੀਆਂ ਦੇ ਇਲਾਜ ਲਈ ਡਾਕਟਰ ਭੇਜਣ ਦੀ ਬਜਾਏ ਸੀ.ਆਰ.ਪੀ.ਐਫ. ਦੀ ਹੋਰ ਕੁਮਕ ਭੇਜੀ ਗਈ। ਅਣਮਿੱਥੇ ਸਮੇਂ ਲਈ ਕਰਫਿਊ ਥੋਪ ਦਿਤਾ ਗਿਆ, ਪ੍ਰੈੱਸ ਤੇ ਇੰਟਰਨੈੱਟ ਸੇਵਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਕਸ਼ਮੀਰ ਦੀ ਅਸਲ ਹਾਲਤ ਦੀਆਂ ਖ਼ਬਰਾਂ ਬਾਹਰ ਆਉਣ ਤੋਂ ਰੋਕਣ ਦੀ ਪੂਰੀ ਵਾਹ ਲਾਈ ਗਈ। ਇਸ ਵਕਤ ਜੰਮੂ ਕਸ਼ਮੀਰ ਦੁਨੀਆ ਦੇ ਸਭ ਤੋਂ ਵੱਧ ਫ਼ੌਜੀ ਤਾਇਨਾਤੀ ਵਾਲੇ ਰਾਜਾਂ ਵਿਚੋਂ ਇਕ ਹੈ। ਇਹ ਦਲੀਲ ਕਿਸੇ ਸੰਜੀਦਾ ਬੰਦੇ ਨੂੰ ਵੀ ਕਾਇਲ ਨਹੀਂ ਕਰ ਸਕਦੀ ਕਿ ਛੇ ਲੱਖ ਫ਼ੌਜ ਉਥੇ ਮੁੱਠੀ ਭਰ 'ਦਹਿਸ਼ਤਗਰਦਾਂ' ਨਾਲ ਨਜਿੱਠਣ ਲਈ ਲਗਾਈ ਹੋਈ ਹੈ ਜਿਨ੍ਹਾਂ ਦੀ ਤਾਦਾਦ ਸਰਕਾਰੀ ਤੌਰ 'ਤੇ 150 ਦੇ ਕਰੀਬ ਦੱਸੀ ਜਾ ਰਹੀ ਹੈ। ਦਰਅਸਲ ਇਹ ਕਸ਼ਮੀਰੀਆਂ ਦੇ ਵਿਰੋਧ ਨੂੰ ਦਬਾਉਣ ਅਤੇ ਉਨ੍ਹਾਂ ਦੀ ਸਵੈ-ਨਿਰਣੇ ਦੀ ਮੰਗ ਤੇ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਹੈ। ਜੋ ਬੁਨਿਆਦੀ ਤੌਰ 'ਤੇ ਸਿਆਸੀ ਮੁੱਦਾ ਹੈ ਅਤੇ ਇਹ ਕਸ਼ਮੀਰ ਦੇ ਲੋਕਾਂ ਦੀਆਂ ਇਛਾਵਾਂ, ਉਨ੍ਹਾਂ ਦੇ ਸਵੈਮਾਣ ਅਤੇ ਮਨੁੱਖੀ ਮਾਣ-ਸਨਮਾਨ ਦਾ ਸਵਾਲ ਹੈ।


ਉਧਰ, ਪਾਰਲੀਮੈਂਟਰੀ ਖੱਬੀ ਧਿਰ ਸਮੇਤ ਹਿੰਦੁਸਤਾਨ ਦੀ ਮੁੱਖਧਾਰਾ ਸਿਆਸਤ ਦੀ ਨਿਹਾਇਤ ਬੇਈਮਾਨੀ ਹੀ ਇਹ ਹੈ ਕਿ ਇਹ ਕਸ਼ਮੀਰੀਆਂ ਨੂੰ ਉਨ੍ਹਾਂ ਦਾ ਸਵੈ-ਨਿਰਣੇ ਦਾ ਜਾਇਜ਼ ਹੱਕ ਦੇਣ ਤੋਂ ਟਾਲਾ ਵੱਟਦੇ ਹਨ। ਉਹ ਆਵਾਮ ਦੀ ਰਜ਼ਾ ਦੇ ਆਧਾਰ 'ਤੇ ਇਸ ਬੁਨਿਆਦੀ ਸਵਾਲ ਦਾ ਜਮਹੂਰੀ ਨਿਬੇੜਾ ਕਰਨਾ ਹੀ ਨਹੀਂ ਚਾਹੁੰਦੇ। ਇਹ ਸਾਰੀਆਂ ਪਾਰਟੀਆਂ ਕਸ਼ਮੀਰ ਨੂੰ 'ਅਖੰਡ' ਹਿੰਦੁਸਤਾਨ ਦਾ ਅਨਿੱਖੜ ਅੰਗ ਮੰਨ ਕੇ ਕਸ਼ਮੀਰੀਆਂ ਨੂੰ ਹਿੰਦੁਸਤਾਨੀ ਸੱਤਾ ਅੱਗੇ ਗੋਡੇ ਟੇਕ ਦੇਣ ਅਤੇ ਗੁਆਂਢੀ ਪਾਕਿਸਤਾਨ ਨੂੰ ਆਪਣਾ ਦੁਸ਼ਮਣ ਮੰਨ ਲੈਣ ਦੀਆਂ ਨਸੀਹਤਾਂ ਦੇਣਾ ਆਪਣਾ 'ਰਾਜ ਧਰਮ' ਸਮਝਦੀਆਂ ਹਨ। ਸਵੈ-ਨਿਰਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਹ ਤਾਂ ਫ਼ੌਜ ਦੇ ਜ਼ੁਲਮਾਂ ਦੀ ਨਿਰਪੱਖ ਜਾਂਚ ਕਰਵਾ ਕੇ ਕਸ਼ਮੀਰੀਆਂ ਨੂੰ ਮਾਮੂਲੀ ਇਨਸਾਫ਼ ਦੇਣ ਅਤੇ 'ਅਫਸਪਾ' ਦੀ ਸ਼ਕਲ ਵਿਚ ਜੰਮੂ ਤੇ ਕਸ਼ਮੀਰ ਉਪਰ ਥੋਪੀਆਂ ਫ਼ੌਜ ਦੀਆਂ ਮਨਮਾਨੀਆਂ ਨੂੰ ਨਕੇਲ ਪਾਉਣ ਦੀਆਂ ਮੁੱਢਲੀਆਂ ਮੰਗਾਂ ਬਾਰੇ ਗ਼ੌਰ ਕਰਨ ਲਈ ਵੀ ਤਿਆਰ ਨਹੀਂ। ਅਜਿਹੀ ਹਾਲਤ ਵਿਚ ਚੋਣ ਨਤੀਜਿਆਂ ਨੂੰ ਆਵਾਮ ਦੀ ਰਜ਼ਾ ਕਿਵੇਂ ਮੰਨਿਆ ਜਾ ਸਕਦਾ ਹੈ ਅਤੇ ਅਖੌਤੀ 'ਵਿਕਾਸ' ਦਾ ਛਣਛਣਾ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਦਾ ਬਦਲ ਕਿਵੇਂ ਹੋ ਸਕਦਾ ਹੈ? ਇਹ ਲਾਜ਼ਮੀ ਚੇਤੇ ਰੱਖਣਾ ਹੋਵੇਗਾ ਕਿ ਚੋਣਾਂ ਵਿਚ ਪੋਲਿੰਗ ਦੀ ਫ਼ੀਸਦੀ ਅਤੇ ਚੋਣ ਨਤੀਜੇ ਕੁਝ ਵੀ ਹੋਣ ਇਹ ਹਿੰਦੁਸਤਾਨ ਨਾਲ ਕਸ਼ਮੀਰ ਦੇ ਇਲਹਾਕ ਦੇ ਹੱਕ 'ਚ ਆਵਾਮੀ ਫਤਵਾ ਨਾ ਹੋ ਕੇ ਹਿੰਦੁਸਤਾਨੀ ਫ਼ੌਜ ਵਲੋਂ ਕੁਚਲੀ ਜਾ ਰਹੀ ਕਸ਼ਮੀਰੀ ਕੌਮੀਅਤ ਦੀ ਮਜਬੂਰੀ ਹੈ ਜੋ ਉਥੇ ਵੋਟਾਂ ਦੇ ਡੱਬਿਆਂ ਦਾ ਅੰਕੜਾ ਬਣਦੀ ਹੈ।

ਯਾਦ ਰਹੇ ਕਿ ਫ਼ੌਜੀ ਜਬਰ ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਕਸ਼ਮੀਰ ਮਸਲੇ ਵਿਚ ਮੁੱਖ ਮੁੱਦਾ ਨਹੀਂ ਹਨ। ਸਿਆਸੀ ਅਮਲ ਸ਼ੁਰੂ ਕਰਨ ਦੀ ਮੁੱਢਲੀ ਸ਼ਰਤ ਵਜੋਂ ਬੇਸ਼ੱਕ, 'ਅਫਸਪਾ' ਅਤੇ ਪਬਲਿਕ ਸੇਫਟੀ ਐਕਟ ਵਰਗੇ ਜ਼ਾਲਮ ਕਾਨੂੰਨ ਵਾਪਸ ਕਰਾਉਣਾ, ਕਸ਼ਮੀਰ ਵਿਚੋਂ ਫ਼ੌਜ ਤੇ ਹੋਰ ਹਥਿਆਰਬੰਦ ਤਾਕਤਾਂ ਨੂੰ ਵਾਪਸ ਬੁਲਾਉਣਾ ਅਤੇ ਜ਼ੁਲਮ ਕਰਨ ਵਾਲੇ ਅਫ਼ਸਰਾਂ ਦੇ ਖ਼ਿਲਾਫ਼ ਕਾਰਵਾਈ ਪਹਿਲੀ ਲੋੜ ਹੈ, ਪਰ ਮੁੱਖ ਮੁੱਦਾ ਕਸ਼ਮੀਰੀ ਲੋਕਾਂ ਨੂੰ ਆਪਣੀ ਹੋਣੀ ਦਾ ਫ਼ੈਸਲਾ ਕਰਨ ਦਾ ਸਵੈ-ਨਿਰਣੇ ਦਾ ਹੱਕ ਦੇਣ ਦਾ ਹੈ।

ਜਦੋਂ ਆਰਜ਼ੀ 'ਇਲਹਾਕ' ਦੇ ਨਾਂ ਹੇਠ ਵਿਸ਼ਵਾਸਘਾਤ, ਅਕੱਟ ਇਤਿਹਾਸਕ ਸਚਾਈ ਹੈ ਅਤੇ ਕਸ਼ਮੀਰੀਆਂ ਦੇ ਮਨ 'ਜਿੱਤਣ' ਲਈ ਫ਼ੌਜ ਦੀ ਬੇਤਹਾਸ਼ਾ ਦਰਿੰਦਗੀ ਹੀ ਇਕੋ-ਇਕ ਹੱਲ ਹੈ ਜੋ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਇਸ ਮਸਲੇ ਬਾਰੇ ਅਮਲ ਵਿਚ ਰਹੀ ਹੈ ਤਾਂ ਸੁਭਾਵਿਕ ਤੌਰ 'ਤੇ ਉਸ ਸਰਜ਼ਮੀਨ ਦਾ ਪ੍ਰਤੀਕਰਮ ਵੀ ਹਿੰਦੁਸਤਾਨ ਤੋਂ ਆਜ਼ਾਦੀ ਦੀ ਵਾਰ-ਵਾਰ ਗੂੰਜ ਹੀ ਬਣਿਆ ਰਹੇਗਾ। ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਫ਼ੌਜੀ ਤਾਕਤ ਅਤੇ ਹਥਿਆਰਾਂ ਦੇ ਜ਼ੋਰ ਕਦੇ ਵੀ ਲੋਕਾਂ ਦੇ ਦਿਲ ਨਹੀਂ ਜਿੱਤੇ ਜਾ ਸਕਦੇ। ਕਸ਼ਮੀਰ ਦਾ ਮਸਲਾ ਸਿਆਸੀ ਹੈ ਅਤੇ ਇਸ ਦਾ ਹੱਲ ਵੀ ਸਿਆਸੀ ਅਮਲ ਜ਼ਰੀਏ ਹੋਵੇਗਾ। ਪਸਾਰਵਾਦੀ ਲਾਲਸਾਵਾਂ ਅਤੇ ਫ਼ੌਜੀ ਤਾਕਤ ਦੇ ਹੰਕਾਰ ਵਿਚ ਗ੍ਰਸੀ ਹਿੰਦੁਸਤਾਨੀ ਹੁਕਮਰਾਨ ਜਮਾਤ ਦੇ ਸੌੜੇ ਹਿਤ ਇਸ ਹਕੀਕਤ ਨੂੰ ਤਸਲੀਮ ਨਾ ਕਰਨ ਵਿਚ ਹਨ, ਪਰ ਹਿੰਦੁਸਤਾਨ ਦੇ ਆਵਾਮ ਨੂੰ ਰਾਸ਼ਟਰਵਾਦ ਦੇ ਨਾਂ ਹੇਠ ਕਸ਼ਮੀਰੀਆਂ ਦੇ ਸਵੈ-ਨਿਰਣੇ ਦੇ ਹੱਕ ਨੂੰ ਕੁਚਲਣ ਅਤੇ ਉਨ੍ਹਾਂ ਦੀ ਹੋਰ ਕਤਲੋਗ਼ਾਰਤ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਅਤੇ ਇਸ ਦਾ ਵਿਰੋਧ ਕਰਨ ਲਈ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ। -0-

## ਭਾਰਤ ਵਲੋਂ ਕੀਤੇ ਵਾਅਦੇ ਦਾ ਇਤਿਹਾਸ

ਪਹਿਲੀ ਜਨਵਰੀ 1948 ਨੂੰ ਹਿੰਦੁਸਤਾਨ ਵਲੋਂ ਯੂ.ਐਨ. ਸੁਰੱਖਿਆ ਕੌਂਸਲ ਵਿਚ ਕੀਤੀ ਸ਼ਿਕਾਇਤ ਦੀ ਧਾਰਾ 6 ਵਿਚ ਇਹ ਸਪਸ਼ਟ ਵਚਨ ਦਿਤਾ ਗਿਆ ਸੀ- "ਹਿੰਦੁਸਤਾਨ ਨੇ ਰਿਆਸਤ ਦੇ ਫੌਰੀ ਸੰਕਟ ਨੂੰ ਆਪਣੇ ਸਿਆਸੀ ਲਾਹੇ ਖ਼ਾਤਰ ਇਸਤੇਮਾਲ ਕਰ ਲਿਆ, ਐਸੇ ਕਿਸੇ ਸੰਕੇਤ ਤੋਂ ਬਚਣ ਲਈ, ਹਿੰਦੁਸਤਾਨ ਸਰਕਾਰ ਨੇ ਸਪਸ਼ਟ ਕੀਤਾ ਕਿ ਹਮਲਾਵਰ ਤਾਕਤ ਦੇ ਉਥੋਂ ਨਿਕਲਦੇ ਸਾਰ ਅਤੇ ਆਮ ਹਾਲਾਤ ਮੁੜ-ਬਹਾਲ ਹੁੰਦੇ ਸਾਰ, ਇਸ ਦੇ ਲੋਕ ਲੋਕ-ਨਿਰਣੇ ਜਾਂ ਰਾਇਸ਼ੁਮਾਰੀ ਦੇ ਮਾਨਤਾ ਪ੍ਰਾਪਤ ਜਮਹੂਰੀ ਤਰੀਕੇ ਦੁਆਰਾ ਆਪਣੇ ਭਵਿੱਖ ਦਾ ਫ਼ੈਸਲਾ ਕਰਨ ਲਈ ਆਜ਼ਾਦ ਹੋਣਗੇ ਜਿਸ ਨੂੰ ਮੁਕੰਮਲ ਨਿਰਪੱਖਤਾ ਯਕੀਨੀ ਬਣਾਉਣ ਲਈ ਕੌਮਾਂਤਰੀ ਛਤਰ-ਛਾਇਆ ਹੇਠ ਕਰਾਇਆ ਜਾ ਸਕਦਾ ਹੈ।"



ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਲੋਂ 7 ਅਗਸਤ 1952 ਨੂੰ ਪਾਰਲੀਮੈਂਟ ਵਿਚ ਦੁਹਰਾਇਆ ਇਹ ਅਹਿਦ ਹੁਕਮਰਾਨਾਂ ਦੀ ਪਸਾਰਵਾਦੀ ਜ਼ਿਹਨੀਅਤ ਦੇ ਹੁਣ ਚਿੱਤ-ਚੇਤੇ ਵੀ ਨਹੀਂ: "ਲਿਹਾਜ਼ਾ ਚਾਹੇ ਕਾਨੂੰਨੀ ਪੱਖੋਂ ਅਤੇ ਤੱਥ ਪੱਖੋਂ ਇਲਹਾਕ ਮੁਕੰਮਲ ਹੋ ਗਿਆ ਸੀ, ਪਰ ਇਕ ਦੂਜਾ ਤੱਥ ਹੈ ਜਿਸ ਦਾ ਕਾਨੂੰਨ ਨਾਲ ਕੋਈ ਲਾਗਾ-ਦੇਗਾ ਨਹੀਂ, ਯਾਨੀ, ਸਾਡਾ ਕਸ਼ਮੀਰ ਦੇ ਲੋਕਾਂ ਨਾਲ ਵਾਅਦਾ, ਜੇ ਤੁਸੀਂ ਚਾਹੋ ਤਾਂ ਇਸ ਨੂੰ ਦੁਨੀਆ ਦੇ ਲੋਕਾਂ ਨਾਲ ਵਾਅਦਾ ਵੀ ਕਹਿ ਸਕਦੇ ਹੋ, ਕਿ ਇਸ ਮਾਮਲੇ ਵਿਚ ਕਸ਼ਮੀਰ ਦੇ ਲੋਕ ਆਪਣੀ ਇੱਛਾ ਅਨੁਸਾਰ ਮੋਹਰ ਲਾ ਸਕਦੇ ਹਨ ਜਾਂ ਇਸ ਨੂੰ ਰੱਦ ਕਰ ਸਕਦੇ ਹਨ। ਅਸੀਂ ਨਹੀਂ ਚਾਹੁੰਦੇ ਕਿ ਲੋਕਾਂ ਦੀ ਇੱਛਾ ਦੇ ਵਿਰੁੱਧ ਜਾ ਕੇ ਹਥਿਆਰਬੰਦ ਤਾਕਤ ਨਾਲ ਲੋਕਾਂ ਨੂੰ ਜਿੱਤਿਆ ਜਾਵੇ; ਤੇ ਜੇ ਕਸ਼ਮੀਰ ਦੇ ਲੋਕ ਸਾਡੇ ਤੋਂ ਜੁਦਾ ਹੋਣਾ ਚਾਹੁੰਦੇ ਹਨ, ਉਹ ਆਪਣਾ ਰਾਹ ਅਖ਼ਤਿਆਰ ਕਰ ਸਕਦੇ ਹਨ ਅਤੇ ਸਾਨੂੰ ਆਪਣਾ ਕਰਨਾ ਚਾਹੀਦਾ ਹੈ। ਅਸੀਂ ਕੋਈ ਜਬਰੀ ਰਿਸ਼ਤਾ, ਕੋਈ ਜਬਰੀ ਇਲਹਾਕ ਨਹੀਂ ਚਾਹੁੰਦੇ।"

# ਚਾਰ ਖੱਬੇ ਪੱਖੀ ਪਾਰਟੀਆਂ ਦਾ ਸਾਂਝਾ ਮੋਰਚਾ

ਪਿਛਲੇ ਦਿਨੀਂ ਬਰਨਾਲਾ ਦੀ ਅਨਾਜ ਮੰਡੀ ਵਿਚ ਚਾਰ ਖੱਬੇ ਪੱਖੀ ਪਾਰਟੀਆਂ ਨੇ ਸਰਮਾਏਦਾਰ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਅਹਿਦ ਕੀਤਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਸੀ. ਪੀ. ਆਈ, ਸੀ. ਪੀ. ਆਈ (ਐਮ), ਸੀ. ਪੀ. ਐਮ. ਪੰਜਾਬ ਤੇ ਸੀ. ਪੀ. ਆਈ (ਐਮ. ਐਲ) ਇੱਕ ਮੰਚ 'ਤੇ ਇੱਕਠੀਆਂ ਹੋਈਆਂ ਹਨ। ਇਹ ਪਾਰਟੀਆਂ ਸਰਮਾਏਦਾਰੀ ਪਾਰਟੀਆਂ ਨੂੰ ਸੱਤਾ ਤੋਂ ਕਿੰਨਾ ਕੁ ਦੂਰ ਰੱਖ ਸਕਦੀਆਂ ਹਨ, ਇਹ ਤਾਂ ਸਮਾਂ ਦੱਸੇਗਾ ਪਰ ਨਿੱਗਰ ਸੋਚ ਨੂੰ ਪ੍ਰਣਾਈਆਂ ਲੋਕ ਪੱਖੀ ਪਾਰਟੀਆਂ ਦਾ ਇਕ-ਦੂਜੇ ਦੇ ਮੋਢੇ ਨਾਲ ਮੋਢਾ ਡਾਹ ਕੇ ਤੁਰਨਾ, ਇਕ ਚੰਗਾ ਸ਼ਗਨ ਹੈ। ਹੋਰ ਵੀ ਚੰਗੀ ਗੱਲ ਇਹ ਕਿ ਸਾਰੇ ਬੁਲਾਰਿਆਂ ਨੇ ਨਿਰੰਤਰ ਵਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਭੁੱਖਮਰੀ ਤੇ ਸਮਾਜਕ ਹਫੜਾ-ਦਫੜੀ ਦਾ ਨੋਟਿਸ ਲੈਂਦਿਆਂ ਕੇਂਦਰੀ ਸਰਕਾਰ ਦੇ ਨਾਲ-ਨਾਲ ਸੂਬਾਈ ਸਰਕਾਰਾਂ ਨੂੰ ਵੀ ਚਿਤਾਵਨੀ ਦਿੱਤੀ ਹੈ। ਦਿਨੋਂ ਦਿਨ ਵੱਧ ਰਹੀ ਨਸ਼ਾਖੋਰੀ, ਗੁੰਡਾਗਰਦੀ ਤੇ ਲਾ-ਕਾਨੂੰਨੀ ਕਾਰਨ ਸਮਾਜਕ ਤਾਣਾ-ਬਾਣਾ ਖੁਰਦ-ਬੁਰਦ ਹੋਣ ਦਾ ਖਾਸ ਨੋਟਿਸ ਲਿਆ ਗਿਆ ਹੈ।

ਸਥਾਨਕ ਸਰਕਾਰ ਤੇ ਪੁਲਿਸ ਦੀ ਮਿਲੀਭੁਗਤ ਪੰਜਾਬ ਦੀ ਜਵਾਨੀ ਨੂੰ ਅਜਿਹੇ ਮਾਰਗ 'ਤੇ ਪਾ ਰਹੀ ਹੈ ਜਿਹੜਾ ਉਚਾਈਆਂ ਦੀ ਥਾਂ ਨਿਵਾਣਾਂ ਵਲ ਜਾਂਦਾ ਹੈ। ਕਨਵੈਨਸ਼ਨ ਵਿਚ ਸੱਤਾਧਾਰੀ ਨੇਤਾਵਾਂ ਵਲੋਂ ਆਪੋ ਆਪਣੇ ਪਰਿਵਾਰਾਂ ਤੇ ਸਕੇ ਸਬੰਧੀਆਂ ਨੂੰ ਮਾਲਾਮਾਲ ਕਰਨ ਲਈ ਖੋਲ੍ਹੀਆਂ ਜਾ ਰਹੀਆਂ ਨਿਜੀ ਕੰਪਨੀਆਂ ਉਤੇ ਵੀ ਉਂਗਲ ਧਰੀ ਤੇ ਖੇਤ ਮਜ਼ਦੂਰਾਂ ਵਰਗੇ ਦੂਜੇ ਕਾਰਕੁਨਾਂ ਨੂੰ ਆਪਣੇ ਹੱਕਾਂ ਲਈ ਇੱਕ ਮੁੱਠ ਹੋ ਕੇ ਅੱਗੇ ਵਧਣ ਦਾ ਸੱਦਾ ਦਿੱਤਾ।

ਬਰਨਾਲਾ ਕਨਵੈਨਸ਼ਨ ਨੇ ਐਲਾਨ ਕੀਤਾ ਹੈ ਕਿ ਲੋਕ ਪੱਖੀ ਮੰਗਾਂ ਦੀ ਪ੍ਰਾਪਤੀ ਲਈ 7 ਤੋਂ 9 ਅਗਸਤ ਤੱਕ ਜ਼ਿਲਾ ਪੱਧਰ 'ਤੇ ਧਰਨੇ ਦਿਤੇ ਜਾਣਗੇ ਅਤੇ ਮੁਜ਼ਾਹਰੇ ਕੀਤੇ ਜਾਣਗੇ। ਕਨਵੈਨਸ਼ਨ ਦੇ ਹਾਂ ਪੱਖੀ ਪ੍ਰਭਾਵ ਦੀ ਇਕ ਪ੍ਰਮਾਣ ਇਹ ਹੈ ਕਿ ਸੀ. ਪੀ. ਆਈ (ਐਮ) ਨੇ ਆਪਣੀ ਸੂਬਾ ਸਕਤਰੇਤ ਬੈਠਕ 'ਚ 11 ਤੋਂ 18 ਜੁਲਾਈ ਤੱਕ ਪੂਰਾ ਇਕ ਹਫਤਾ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁਧ ਜਨਤਕ ਮੁਹਿੰਮ ਵਿਢ ਵੀ ਦਿੱਤੀ ਹੈ।

ਖੱਬੇ ਪੱਖੀ ਪਾਰਟੀਆਂ ਨੇ ਇਹ ਫੈਸਲਾ ਉਦੋਂ ਲਿਆ ਹੈ ਜਦ ਇਸ ਦੀ ਅਤਿਅੰਤ ਲੋੜ ਹੈ। ਜੇ ਕਿਸੇ ਤਰ੍ਹਾਂ ਸਾਰੀਆਂ ਪਾਰਟੀਆਂ ਕਿਸੇ ਇੱਕ ਪਾਰਟੀ ਵਿਚ ਇਕੱਠੀਆਂ ਹੋ ਜਾਣ ਤਾਂ ਹੋਰ ਵੀ ਚੰਗੀ ਗੱਲ ਹੋਵੇਗੀ। ਮੈਨੂੰ ਚੇਤੇ ਹੈ, ਜਦੋਂ ਪਹਿਲੀ ਵਾਰ ਸੀ. ਪੀ. ਆਈ. (ਐਮ) ਨੇ ਸੀ. ਪੀ. ਆਈ ਤੋਂ ਵੱਖਰੀ ਹੋਣ ਦਾ ਐਲਾਨ ਕੀਤਾ ਸੀ ਤਾਂ ਕੈਫੀ ਆਜ਼ਮੀ ਨੇ ਆਵਾਰਾ ਸਿਜਦੇ ਵਿਚ ਅਫਸੋਸ ਪ੍ਰਗਟ ਕਰਦਿਆਂ ਲਿਖਿਆ ਸੀ:

ਏਕ ਕੇ ਬਾਅਦ ਏਕ
ਚਲਾ ਆਤਾ ਹੈ ਖੁਦਾ ਬਨ ਕਰ,
ਦਿਲ ਨੇ ਤੰਗ ਆ ਕਰ ਕਹਿ ਦੀਆ
ਖੁਦਾ ਕੋਈ ਨਹੀਂ।

ਉਂਜ ਤਾਂ ਇਨ੍ਹਾਂ ਪਾਰਟੀਆਂ ਦਾ ਇਕ-ਦੂਜੇ ਨਾਲ ਮਿਲ ਕੇ ਚਲਣਾ ਵੀ ਅਜਿਹਾ ਕਦਮ ਹੈ ਕਿ ਕਿਸੇ ਅੱਜ ਦੇ ਕੈਫੀ ਆਜ਼ਮੀ ਨੂੰ ਟਿੱਪਣੀ ਕਰਨ ਦੀ ਲੋੜ ਨਹੀਂ ਪੈਣੀ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

**ਮਾਲਟਨ ਦਾ ਮਹਾ ਪੰਜਾਬ ਬਿਜਨਸ ਸੈਂਟਰ:** ਮੈਂ ਪਿਛਲੀ ਕੈਨੇਡਾ ਫੇਰੀ ਸਮੇਂ ਬਰੈਂਪਟਨ ਗਿਆ ਤਾਂ ਮੇਰਾ ਮੇਜ਼ਬਾਨ ਮੈਨੂੰ ਮਾਲਟਨ ਦਾ ਗਰੇਟ ਪੰਜਾਬ ਬਿਜਨਸ ਸੈਂਟਰ ਵਿਖਾ ਕੇ ਲਿਆਇਆ। ਦਸ ਏਕੜ ਭੋਂ ਵਿਚ ਬਣੇ ਇਸ ਸੈਂਟਰ ਦੇ 104 ਯੂਨਿਟ ਹਨ ਜਿਨ੍ਹਾਂ ਵਿਚ ਭਾਰਤੀ ਤੇ ਪਾਕਿਸਤਾਨੀ ਪੰਜਾਬ ਦੇ ਦੁਕਾਨਦਾਰ ਆਪੋ ਆਪਣਾ ਧੰਦਾ ਕਰਦੇ ਹਨ। ਇਸ ਸੈਂਟਰ ਦੇ ਨਾਲ ਹੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੈ ਤੇ ਖਾਲੀ ਥਾਂ ਵਿਚ ਘੋੜੇ ਉਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਅਤੇ ਉਸ ਦਾ ਤਖਤ ਬਣਿਆ ਹੋਇਆ ਹੈ। ਜ਼ਰਾ ਹਟਵੀਂ ਥਾਂ ਵਿਚ ਕਾਮਾਗਾਟਾਮਾਰੂ ਸਾਕੇ ਦੀਆਂ ਨਿਸ਼ਾਨੀਆਂ ਬਣਾ ਕੇ ਉਨ੍ਹਾਂ ਉਤੇ ਇਨ੍ਹਾਂ ਦਾ ਪ੍ਰਸੰਗ ਅੰਕਿਤ ਹੈ। ਇਨ੍ਹਾਂ ਦੇ ਨੇੜੇ ਬਜ਼ੁਰਗਾਂ ਦੇ ਬੈਠਣ ਤੇ ਆਰਾਮ ਕਰਨ ਲਈ ਖੁਲ੍ਹੀ ਥਾਂ ਹੈ ਜਿਥੇ ਦਿਨ ਦੇ ਇੱਕ ਤੋਂ ਚਾਰ ਵਜੇ ਤੱਕ ਬਜ਼ੁਰਗ ਲੋਕ ਆਰਾਮ ਕਰਨ ਆਏ ਆਪਣੇ ਨਾਲ ਇਨਕਮ ਟੈਕਸ ਭਰਨ, ਪਾਸਪੋਰਟ ਨਵਿਆਉਣ, ਵੀਜ਼ਾ ਲਗਵਾਉਣ ਜਾਂ ਸਿਟੀਜ਼ਨਸ਼ਿਪ ਲੈਣ ਦੇ ਫਾਰਮ ਵੀ ਲੈ ਆਉਂਦੇ ਹਨ। ਇਥੇ ਉਨ੍ਹਾਂ ਦੇ ਫਾਰਮ ਮੁਫਤ ਭਰਨ ਦਾ ਪੂਰਾ ਪ੍ਰਬੰਧ ਹੈ। ਮੈਂ ਇਸ ਨਜ਼ਾਰੇ ਤੋਂ ਬਹੁਤ ਪ੍ਰਭਾਵਤ ਹੋਇਆ।



*ਬੀਬੀ ਸੁਰਜੀਤ ਕੌਰ*

ਇਹ ਬਿਜਨਸ ਸੈਂਟਰ ਕਿਵੇਂ ਉਸਰਿਆ ਤੇ ਇਸ ਦੀ ਬੁਕਲ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਨਿਸ਼ਾਨੀਆਂ ਕਿਵੇਂ ਹੋਂਦ ਵਿਚ ਆਈਆਂ, ਇਸ ਦਾ ਪਤਾ ਪਿਛਲੇ ਦਿਨੀਂ ਵਾਪਰੀ ਇੱਕ ਦੁਖਦਾਈ ਘਟਨਾ ਸਮੇਂ ਲੱਗਾ। ਮੇਰੇ ਗਵਾਂਢ ਵਿਚ ਰਹਿੰਦੇ ਪ੍ਰਦੁਮਣ ਸਿੰਘ ਬੋਪਾਰਾਏ ਦੀ ਪਤਨੀ ਸੁਰਜੀਤ ਕੌਰ ਦੇ ਅਕਾਲ ਚਲਾਣੇ ਦੀਆਂ ਗੱਲਾਂ



*ਗਰੇਟ ਪੰਜਾਬ ਬਿਜਨਸ ਸੈਂਟਰ ਵਾਲੇ ਹਰਕਿਰਨ ਸਿੰਘ ਬੋਪਾਰਾਏ ਕੈਨੇਡਾ ਦੇ ਐਮ ਪੀ ਜਿਮ ਕਰਿੰਜੀਅਨਿਸ ਤੋਂ ਸਨਮਾਨ ਹਾਸਲ ਕਰਦੇ ਹੋਏ*

ਕਰਦਿਆਂ ਪਤਾ ਲੱਗਾ ਕਿ ਮਾਲਟਨ ਦੇ ਸੈਂਟਰ ਦੀ ਸਾਰੀ ਪਲਾਨਿੰਗ ਤੇ ਉਸਾਰੀ ਸਵਰਗਵਾਸੀ ਬੀਬੀ ਸੁਰਜੀਤ ਕੌਰ ਦੇ ਬੇਟੇ ਹਰਕਿਰਨ ਸਿੰਘ ਬੋਪਾਰਾਏ ਦੀ ਹੈ। ਇਹ ਪਰਿਵਾਰ ਆਪਣੀ ਕਮਾਈ ਵਿਚੋਂ ਪਿੰਡ ਘੁਡਾਣੀ ਦੇ ਹਾਈ ਸਕੂਲ ਤੇ ਦਸਵੀਂ ਸ਼੍ਰੇਣੀ ਵਿਚ ਪਹਿਲੇ ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ਵੀਹ ਹਜ਼ਾਰ, ਦਸ ਹਜ਼ਾਰ ਤੇ ਪੰਜ ਹਜ਼ਾਰ ਇਨਾਮ ਵਜੋਂ ਵੀ ਦਿੰਦਾ ਹੈ। ਬੀਬੀ ਸੁਰਜੀਤ ਕੌਰ ਦਾ ਪੇਕਾ ਪਿੰਡ ਸਿੰਘਾਂ ਦੀ ਸਲੌਦੀ ਖੰਨਾ-ਸਮਰਾਲਾ ਰੋਡ ਉਤੇ ਹੈ। ਉਸ ਦੇ ਸਹੁਰੇ ਪਿੰਡ ਘੁਡਾਣੀ ਕਲਾਂ ਵਿਚ ਗਵਾਲੀਅਰ ਤੋਂ ਪਰਤਦੇ ਸਮੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕਿਆਮ ਕੀਤਾ ਸੀ। ਇਸ ਧਰਤੀ ਦਾ ਸਿੱਖੀ ਨੂੰ ਪ੍ਰਣਾਏ ਹੋਣਾ ਕੁਦਰਤੀ ਹੈ। ਇਥੇ ਕਈ ਪਿੰਡਾਂ ਵਿਚ ਗੁਰੂ ਸਾਹਿਬ ਦੀ ਯਾਦ ਨੂੰ ਪ੍ਰਣਾਏ ਗੁਰੂ ਘਰ ਹਨ, ਖਾਸ ਕਰਕੇ ਘੁਡਾਣੀ ਕਲਾਂ, ਕਟਾਣਾ ਸਾਹਿਬ, ਜੰਡਾਲੀ ਤੇ ਧਮੋਟ ਵਿਚ। ਹਰਕਿਰਨ ਵਲੋਂ ਮਹਾਰਾਜਾ ਰਣਜੀਤ ਸਿੰਘ ਤੇ ਕਾਮਾਗਾਟਾਮਾਰੂ ਦੇ ਸਾਕੇ ਨੂੰ ਮਹੱਤਵ ਦੇਣ ਦਾ ਕਾਰਨ ਵੀ ਇਹੀਓ ਹੈ।

ਅੰਤਿਕਾ: ਸਰਦਾਰ ਪੰਛੀ

ਖਿਲੇਂ ਕਿਸ ਤਰ੍ਹਾਂ ਯੇਹ ਕਲੀਆਂ ਬਤਾਓ,
ਨਾ ਤੁਮ ਬੋਲਤੇ ਹੋ ਨਾ ਹਮ ਬੋਲਤੇ ਹੈਂ।
ਤੇਰੀ ਜ਼ੁਲਫ ਕੇ ਪੇਚ-ਓ-ਖਮ ਬੋਲਤੇ ਹੈਂ,
ਜਿਸੇ ਸੁਨ ਕੇ ਗੂੰਗੇ ਕਲਮ ਬੋਲਤੇ ਹੈਂ।

## ਕਥਾ

### ਵਿਅੰਗ

"ਭੈਣੋ-ਬੀਬੀਓ, ਛੇਤੀ ਹੱਥ ਮਾਰੋ ਭਾਂਡਿਆਂ ਨੂੰ, ਆਪਾਂ ਹਜੇ ਬਰੂਮ ਵੀ ਮਾਰਨਾ, ਟੈਮ ਤਾਂ ਬਾਬਿਆਂ ਦੀ ਕਥਾ ਦਾ ਹੋ ਗਿਆ।" ਲੰਗਰ ਹਾਲ 'ਚ ਬੀਬੀਆਂ ਕਾਹਲੀ ਕਾਹਲੀ ਕੰਮ ਕਰਦੀਆਂ ਇਕ ਦੂਜੀ ਨੂੰ ਕਹਿ ਰਹੀਆਂ ਸਨ। ਹਾਲ 'ਚ ਭਾਂਡੇ ਖੜਕ ਰਹੇ ਸਨ। ਕਦੀ ਕਾਹਲੀ 'ਚ ਬੀਬੀਆਂ ਕੋਲੋਂ ਬਰਤਨ ਫਰਸ਼ 'ਤੇ ਡਿਗਦਾ ਤਾਂ ਟੰਨ ਦੀ ਆਵਾਜ਼ ਆਉਂਦੀ। ਕਦੀ ਵਿਚੋਂ ਕੋਈ ਬੀਬੀ ਉਚੀ ਉਚੀ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਲੈਂਦੀ।

ਲੰਗਰ ਹਾਲ 'ਚ ਸੰਗਤ ਆ-ਜਾ ਰਹੀ ਸੀ। ਵਿਚੇ ਹੀ ਇਕ ਲੰਗ ਮਾਰਦਾ ਬਾਬਾ ਲਗਾਤਾਰ ਬੋਲੀ ਜਾਂਦਾ, "ਭਾਈ ਸਿਰ ਢਕੋ, ਆਵਦੇ ਸੂਅ ਬਾਹਰ ਲਾਹਿਆ ਕਰੋ।" ਹੌਲੀ ਦੇਣੇ ਇਕ ਬੀਬੀ ਬੋਲੀ, "ਇਕ ਤਾਂ ਹਾਅ ਬੁੜਾ, ਘਰ ਕੋਈ ਪੁੱਛਦਾ ਨ੍ਹੀਂ, ਏਥੇ ਆਵਦੀ ਚੌਧਰ ਮਾਰੀ ਜਾਂਦਾ...।"

"ਆਂਟੀ ਮੈਂ ਨ੍ਹੀਂ ਘਰ ਕਦੀ ਡੱਕਾ ਤੋੜਿਆ, ਜਦ ਦੀ 'ਮਰੀਕਾ ਆਈ ਆਂ। ਬੱਸ ਹਾਅ ਸੰਗਤਾਂ ਦੀ ਸੇਵਾ ਜਿੰਨੀ ਹੋ ਜਾਵੇ, ਨਾਲੇ ਆਹ ਸੰਤਾਂ ਦੇ ਬਚਨ ਸੁਣੋ, ਜਿਨ੍ਹੇ 'ਗਾਹਾਂ ਕੰਮ ਆਉਣੈ। ਹਾਅ ਸੰਤ ਮੈਂ ਤਾਂ ਪਹਿਲੀ ਬਾਰ ਸੁਣਨੇ ਆ। ਆਂਟੀ, ਸੱਸ ਮੇਰੀ ਚੰਗੀ ਭਲੀ ਆ, ਉਸ ਹੋਰ ਕਰਨਾ ਵੀ ਕੀ ਆ। ਨਾਲੇ ਮੈਂ ਤਾਂ ਕਹਿ'ਤਾ ਬਿੱਟੂ ਦੇ ਡੈਡੀ ਨੂੰ, ਮੈਤੋਂ ਤਾਂ ਇਕੋ ਕੰਮ ਹੋਣਾ, ਚਾਹੇ ਘਰ ਦਾ, ਚਾਹੇ ਹਾਅ ਜਾਬ।" ਗੁਰਮੀਤ ਕੌਰ ਮੀਤੋ ਉਰਫ ਮੈਂਡੀ ਕਹਿ ਰਹੀ ਸੀ।

"ਕੁੜੇ ਕਰਦੀ ਮੈਂ ਵੀ ਨ੍ਹੀਂ ਕੁਸ਼ ਘਰੇ! ਮੁੰਡੇ ਨੂੰ ਕਹਿ'ਤਾ, ਮੈਥੋਂ ਨ੍ਹੀਂ ਕੁਸ਼ ਹੁੰਦਾ, ਤੂੰ ਜਾਣੇ ਜਾਂ ਤੇਰੀ ਬਹੂ, ਆਵਦਾ ਘਰ ਆਪੇ ਸਾਂਭੋ। ਬਹੂ ਈ ਕੰਮ ਤੋਂ ਆ ਕੇ ਸਾਰਾ ਰੋਟੀ-ਟੁਕ ਕਰਦੀ ਆ। ਆਪਾਂ ਤਾਂ ਬਾਹਖੁਰੂ ਬਾਹਖੁਰੂ ਕਰ ਲਈਦਾ।" ਬਸੰਤ ਕੌਰ ਨੇ ਵੀ ਆਪਣੀ ਕਹੀ। ਦੋਵੇਂ ਨਾਲੇ ਭਾਂਡੇ ਧੋਈ ਜਾਂਦੀਆਂ, ਨਾਲੇ ਦਿਲ ਹੌਲਾ ਕਰੀ ਜਾਂਦੀਆਂ। ਥੋੜ੍ਹੇ ਦਿਨਾਂ ਤੋਂ ਹੀ ਬਸੰਤ ਕੌਰ ਦਾ ਪਰਿਵਾਰ ਮੈਂਡੀ ਦਾ ਗਵਾਂਢੀ ਬਣਿਆ ਸੀ। ਬਸੰਤ ਕੌਰ ਦੀ ਨੂੰਹ ਨੇ ਹੀ ਮੈਂਡੀ ਨੂੰ ਕਿਹਾ ਸੀ, 'ਭੈਣ ਜੀ ਬੀਜੀ ਨੂੰ ਵੀ ਕਥਾ ਸੁਣਨ ਲੈ ਜਾਇਆ ਕਰੋ।'

"ਲੈ ਕੁੜੇ ਬਾਜੇ ਤਾਂ ਬੰਦ ਹੋ'ਗੇ, ਚੱਲ ਚੱਲੀਏ ਅੰਦਰ, ਕਥਾ ਹੋਣ ਲੱਗੀ ਆ।" ਬਸੰਤ ਕੌਰ ਨੇ ਗਿੱਲੇ ਹੱਥ ਪੂੰਝਦਿਆਂ ਮੀਤੋ ਨੂੰ ਕਿਹਾ।

ਅੱਗੜ-ਪਿਛੜ ਸਭ ਬੀਬੀਆਂ ਦੀਵਾਨ ਹਾਲ 'ਚ ਜਾ ਬੈਠੀਆਂ। ਕੁਝ ਕੁ ਬੀਬੀਆਂ ਜੋੜਾ-ਘਰ



ਤੋਂ ਜੋੜੇ ਝਾੜ ਬਾਹਖਰੂ ਬਾਹਖਰੂ ਕਰਦੀਆਂ ਹਾਲ 'ਚ ਜਾ ਬੈਠੀਆਂ। ਅਧਖੜ ਉਮਰ ਅਤੇ ਵੇਖਣ ਨੂੰ ਬਹੁਤ ਸਾਦੇ ਬਾਬਾ ਜੀ ਸਟੇਜ 'ਤੇ ਆ ਬਿਰਾਜੇ। ਬਾਬਾ ਜੀ ਸੰਗਤਾਂ ਦੀ ਪੁਰਜੋਰ ਬੇਨਤੀ 'ਤੇ ਇਕ ਹਫਤੇ ਦੀ ਹਾਜਰੀ ਲੁਆਉਣ ਨੇੜਲੇ ਸ਼ਹਿਰ ਵਾਲੇ ਗੁਰੂਘਰ ਤੋਂ ਆਏ ਸਨ। ਕਥਾਵਾਚਕ ਬਾਬਾ ਜੀ ਗੁਰਬਾਣੀ ਦੇ ਨਾਲ ਨਾਲ ਜ਼ਿੰਦਗੀ ਦੇ ਨਿੱਤ ਦੇ ਮਸਲੇ ਹੱਲ ਕਰਨ ਬਾਰੇ ਗੱਲ ਬੜੇ ਸਪੱਸ਼ਟ ਢੰਗ ਨਾਲ ਕਹਿ ਜਾਂਦੇ, ਕਿਸੇ ਨੂੰ ਚੰਗਾ ਲੱਗੇ ਜਾਂ ਮਾੜਾ।

ਕਥਾ ਸਮਾਪਤੀ ਤੋਂ ਪਿਛੋਂ ਬਾਬਾ ਜੀ ਨੇ ਕਿਹਾ, "ਮੇਰੀ ਹੱਥ ਜੋੜ ਕੇ, ਖਾਸਕਰ ਬੀਬੀਆਂ ਨੂੰ, ਬੇਨਤੀ ਹੈ, ਮੈਂ ਏਸ ਦੇਸ਼ 'ਚ ਪਹਿਲੀ ਵਾਰ ਆਇਆ ਹਾਂ। ਇੰਡੀਆ ਵਾਲੀ ਸਮੱਸਿਆ ਬੀਬੀਆਂ ਨਾਲ ਹੀ ਲੈ ਕੇ ਆਈਆਂ ਹਨ...।"

ਅਜੇ ਬਾਬੇ ਦੀ ਗੱਲ ਪੂਰੀ ਨਹੀਂ ਸੀ ਹੋਈ, ਮੀਤੋ ਆਂਟੀ ਦੇ ਨੇੜੇ ਹੋ ਕੇ ਬੋਲੀ, "ਲੈ ਹੁਣ ਇਹ ਬਾਬਾ ਕਿਹੜਾ ਸੱਪ ਕੱਢੂ ਬੀਬੀਆਂ ਲਈ?" ਨੇੜੇ ਬੈਠੀਆਂ ਬੀਬੀਆਂ ਸੁਣ ਕੇ ਵੀ ਚੁੱਪ ਬਾਬਾ ਜੀ ਦੀ ਅਗਲੀ ਗੱਲ ਸੁਣਨ ਨੂੰ ਉਤਾਵਲੀਆਂ ਸਨ।

ਕਥਾ ਵਾਲਾ ਬਾਬਾ ਕਹਿਣ ਲੱਗਾ, "ਭਾਈ ਇਥੇ ਵੀ ਨੂੰਹ-ਸੱਸ ਦਾ ਪਿਆਰ, ਮੇਰਾ ਮਤਲਬ ਤਕਰਾਰ ਜਾਰੀ ਹੈ। ਵੈਸੇ ਤਾਂ ਸੰਗਤਾਂ ਦੇ ਘਰੇਲੂ ਮਸਲੇ ਨੇ, ਪਰ ਜੋ ਸੰਗਤਾਂ ਦੇ ਹਿੱਤ ਦੀ ਗੱਲ ਹੈ, ਮੈਂ ਜਰੂਰ ਕਰਾਂਗਾ। ਇਥੋਂ ਦੀਆਂ ਸੰਗਤਾਂ ਹੀ ਦੱਸਿਆ ਮੈਨੂੰ, ਜੀਹਦਾ ਜੋਰ ਚਲਦਾ, ਚਲਾਈ ਜਾਂਦਾ। ਨੂੰਹਾਂ-ਸੱਸਾਂ ਦਾ ਕਲੇਸ਼ ਕਈ ਘਰਾਂ 'ਚ ਜ਼ਿਆਦਾ ਹੋ ਜਾਂਦਾ। ਮੈਂ ਨਹੀਂ ਕਹਿੰਦਾ ਕਿ ਸੇਵਾ ਨਾ ਕਰੋ, ਜੋੜੇ ਨਾ ਝਾੜੋ ਜਾਂ ਕਥਾ ਨਾ ਸੁਣੋ, ਪਰ ਘਰ 'ਚ ਬਜ਼ੁਰਗਾਂ ਦੀ ਵੀ ਪੁੱਛਗਿਛ ਕਰੋ, ਤੇ ਬਜ਼ੁਰਗ ਵੀ ਬੱਚਿਆਂ ਦਾ ਸਾਥ ਦੇਣ ਭਾਈ।"

ਵਿਚੋਂ ਹੀ ਕਿਸੇ ਬੀਬੀ ਦੀ ਦੱਬਵੀਂ ਆਵਾਜ਼ ਆਈ, "ਲੈ ਲਈਂ ਬੀਬੀਆਂ ਤੋਂ ਡਾਲਰ ਹੁਣ!"

ਬਾਬੇ ਦੀ ਗੱਲ ਜਾਰੀ ਸੀ, "ਘਰ ਸੁੱਖ ਵੱਸਿਆ ਬਾਹਰ ਸੁੱਖ ਪਾਇਆ। ਜੇ ਹਰ ਘਰ ਸੱਸ ਨੂੰ ਮਾਂ ਤੇ ਨੂੰਹ ਨੂੰ ਧੀ ਦਾ ਦਰਜਾ ਮਿਲ'ਜੇ ਤਾਂ...।"

ਕੋਈ ਹੋਰ ਮਾਈ ਬੋਲੀ, "ਗਿਆਨੀ ਜੀ ਤੁਹਾਡੀ ਕਿਨ ਮੰਨਣੀ, ਇਹ ਸਾਰੀਆਂ ਨੇ ਹਾਲ 'ਚ ਝਾੜ ਜਾਣੀ ਆ।"

ਕਥਾ ਸਮਾਪਤ ਸੀ ਤੇ ਪ੍ਰਧਾਨ ਸਾਹਿਬ ਕਥਾਵਾਚਕ ਦੇ ਸਿਰਹਾਣੇ ਖੜ੍ਹੇ ਉਡੀਕ ਰਹੇ ਸਨ, ਕਿਹੜੇ ਵੇਲੇ ਹਾਲ ਖਾਲੀ ਹੋਵੇ ਤਾਂ ਜੋ ਬਾਬਾ ਜੀ ਨੂੰ ਸਮਝਾਇਆ ਜਾਵੇ ਕਿ ਇਸ ਤਰ੍ਹਾਂ ਸੰਗਤ ਨੇ ਨਹੀਂ ਆਉਣਾ, ਨਾ ਤੁਹਾਨੂੰ ਕੁਝ ਬਣਨਾ, ਨਾ ਗੁਰੂਘਰ ਨੂੰ। ਅਗਲੇ ਦਿਨ ਫੋਨ ਦੀ ਘੰਟੀ ਖੜਕੀ, "ਹੈਲੋ, ਭਾਈ ਕੌਣ ਆ?"

"ਆਂਟੀ ਮੈਂ ਆਂ ਮੀਤੋ। ਕਥਾ ਸੁਣਨ ਜਾਣਾ?"

"ਨਹੀਂ ਕੁੜੇ, ਬਾਬਾ ਤਾਂ ਘਰਾਂ ਦੀਆਂ ਗੱਲਾਂ ਕਰਦਾ।"

"ਨਹੀਂ ਆਂਟੀ, ਉਹ ਤਾਂ ਪ੍ਰਧਾਨ ਜੀ ਨੇ, ਸੁਣਿਆ ਕੱਲ ਹੀ ਤੋਰ'ਤਾ, ਅੱਜ ਤਾਂ ਹੋਰ ਨੇ।" ਮੀਤੋ ਬੋਲੀ।

"ਤਾਂ ਫਿਰ ਕੁੜੇ ਚੱਕ ਲੀਂ ਮੈਨੂੰ ਟੈਮ ਨਾਲ।"

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

## ਅੱਖੀਂ ਡਿੱਠਾ ਇਨਸਾਨ


**ਬਾਬਾ ਬੂਝਾ ਸਿੰਘ ਅਜਿਹਾ ਸੂਰਬੀਰ ਸੀ ਜੋ ਸਾਰੀ ਉਮਰ ਅਨਿਆਂ ਖਿਲਾਫ ਲੜਿਆ। ਉਸ ਦੇ ਸਰਗਰਮ ਜੀਵਨ ਦੀ ਸ਼ੁਰੂਆਤ ਇਕ ਡੇਰੇ ਤੋਂ ਹੋਈ ਅਤੇ ਫਿਰ ਉਹ ਅੰਗਰੇਜ਼ਾਂ ਦਾ ਤਖਤਾ ਪਲਟਾਉਣ ਵਿਚ ਮਸਰੂਫ ਗਦਰ ਪਾਰਟੀ ਦਾ ਹਿੱਸਾ ਹੋ ਗਿਆ। 1947 ਵਾਲੀ ਆਜ਼ਾਦੀ ਤੋਂ ਬਾਅਦ ਉਸ ਨੇ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਲੋਟੂ ਜਮਾਤਾਂ ਖਿਲਾਫ ਸੰਘਰਸ਼ ਜਾਰੀ ਰੱਖਿਆ। 1970ਵਿਆਂ ਵਿਚ ਜਦੋਂ ਨਕਸਲਬਾੜੀ ਦੇ ਰੂਪ ਵਿਚ ਨੌਜਵਾਨ ਇਕ ਵਾਰ ਫਿਰ ਤਖਤਾ ਉਲਟਾਉਣ ਲਈ ਉਠੇ ਤਾਂ ਬਾਬਾ ਬੂਝਾ ਸਿੰਘ ਉਨ੍ਹਾਂ ਨਾਲ ਹੋ ਤੁਰੇ। 28 ਜੁਲਾਈ 1970 ਨੂੰ ਸ਼ਹਾਦਤ ਵੇਲੇ ਉਨ੍ਹਾਂ ਦੀ ਉਮਰ ਅੱਸੀਆਂ ਨੂੰ ਪਾਰ ਹੋ ਚੁੱਕੀ ਸੀ। ਅਸੀਂ ਇਸ ਸਿਰੜੀ ਯੋਧੇ ਨੂੰ ਦਰਸ਼ਨਪਾਲ ਦੋਸਾਂਝ ਦੀ ਕਵਿਤਾ 'ਅੱਖੀਂ ਡਿੱਠਾ ਇਨਸਾਨ' ਨਾਲ ਯਾਦ ਕਰ ਰਹੇ ਹਾਂ। -ਸੰਪਾਦਕ**

*(ਬਾਬਾ ਬੂਝਾ ਸਿੰਘ ਦੀ 27 ਜੁਲਾਈ ਨੂੰ ਬਰਸੀ 'ਤੇ)*

ਕਿਸੇ ਨੇ ਬਾਬਾ ਬੂਝਾ ਸਿੰਘ ਨਹੀਂ ਬਣ ਜਾਣਾ,
ਬੇਸ਼ਕ ਬਿਰਧ ਅਵਸਥਾ ਸੀ ਪਰ
ਮਾਤ ਪਾਵੇ ਕੱਲ੍ਹ ਦੇ ਜੰਮਿਆਂ ਨੂੰ।
ਸੰਤੁਸ਼ਟ, ਤੰਦਰੁਸਤ, ਵਿਚਾਰਧਾਰਕ ਸੋਚ
ਸਿਰੜੀ ਪੂਰਾ ਅਤੇ ਵਕਤ ਦਾ ਵੀ ਪਾਬੰਦ।
60-65 ਮੀਲ ਜੋ ਚਲਾਵੇ ਸਾਈਕਲ ਰੋਜ਼
ਨਹੀਂ ਤੁਰ ਸਕਦੇ ਇਸ ਉਮਰੇ ਬਹੁਤੇ
ਗੋਡੇ ਦੁਖਦੇ, ਨਿੱਤ ਦਵਾਈਆਂ ਖਾਂਦੇ
ਹਾਏ ਮਰ ਗਏ, ਲੁੱਟੇ ਗਏ ਕਰਦੇ।

ਦੇਖੋ ਬਜ਼ੁਰਗ ਸੌ ਪ੍ਰਤੀਸ਼ਤ ਮੁਕੰਮਲ
ਨਹੀਂ ਲੈਂਦਾ ਸੀ ਕੋਈ ਦਵਾਈ।
ਦਿੰਦਾ ਸੀ ਅਗਵਾਈ ਚਾਰ-ਚੁਫੇਰੇ
ਕਦੇ ਨਾ ਭਾਪਦਾ ਮੁਸ਼ਕਲ ਵੀ ਕੋਈ ਚੀਜ਼।
ਮਾਰ ਦਿੱਤਾ ਉਹ ਦੇਸ਼ ਭਗਤ ਜਾਬਰਾਂ
ਜੋ ਫਿਰਦਾ ਰਾਤ-ਦਿਨ ਨਾ ਥੱਕੇ,
ਉਹ ਲੜੇ ਵਧੀਕੀ ਦੇ ਖਿਲਾਫ।

ਜਿਉਂਦੀ ਰੱਖੋ ਸੋਚ ਉਸ ਦੀ
ਉਹ ਸੀ ਵਡਮੁੱਲਾ ਇਨਸਾਨ।
ਮਰੇ ਜੂਝੇ ਜੋ ਲੋਕਾਂ ਦੀ ਖਾਤਰ
ਨਹੀਂ ਸੀ ਕੋਈ ਜਾਤੀ ਮੁਫਾਦ।
ਵਧੀਆ ਇਕ ਅਧਿਆਪਕ ਸੀ ਉਹ
ਬੜੇ ਸੌਖੇ ਤਰੀਕੇ ਨਾਲ ਸਮਝਾ ਦਿੰਦਾ
ਮੁੱਢ ਤੋਂ ਹੁਣ ਤੱਕ ਦਾ ਇਤਿਹਾਸ।
ਬਿਆਸੀ ਸਾਲਾ ਸੀ ਉਹ ਬਜ਼ੁਰਗ
ਆਜ਼ਾਦੀ ਦਾ ਪਰਵਾਨਾ ਸੀ ਜੋ
ਮਘਦਾ ਰਿਹਾ ਸਾਰੀ ਉਮਰ
ਉਠੀ ਕੋਈ ਵੀ ਮੁਹਿੰਮ
ਵਧ ਚੜ੍ਹ ਅੱਗੇ ਹੋਇਆ।




*ਬਾਬਾ ਬੂਝਾ ਸਿੰਘ*

ਲਾਹੌਰ ਦੇ ਸ਼ਾਹੀ ਕਿਲੇ ਵਿਚ
ਉਸ ਨੇ ਤਸ਼ੱਦਦ ਸਹਿਆ।
ਵਿਚਾਰਧਾਰਾ ਕਦੇ ਨਾ ਮਰਦੀ
ਰਹਿੰਦੀ ਜਿੰਦਾ ਜਦ ਤੱਕ ਇਨਸਾਨ।
'ਨੌਜਵਾਨ ਤੇਰਾ ਖੂਨ ਨਹੀਂ ਖੌਲਦਾ?'
ਉਹ ਪੁੱਛਦੇ ਸੀ ਹਮੇਸ਼ਾ ਇਹੋ ਸਵਾਲ।
ਢੇਰ ਮੁਬਾਰਕ ਉਸ ਸਾਥੀ ਲਈ
ਜਿਸ ਦੇ ਦਿੱਤੀ ਜਾਨ ਲੋਕਾਂ ਲਈ।
ਮਰ ਕੇ ਵੀ ਅਮਰ ਉਹ ਇਨਸਾਨ
ਦੱਬੇ ਕੁਚਲੇ ਲੋਕਾਂ ਦਾ ਰਾਹ-ਦਸੇਰਾ
ਲਾਲ ਸਲਾਮ ਉਸ ਸਾਥੀ ਦੀ ਬਰਸੀ 'ਤੇ
ਮਰਿਆ ਨਾ ਸਮਝੋ, ਜੀਵਤ ਹੈ ਹਮੇਸ਼ ਲਈ।

*-ਦਰਸ਼ਨਪਾਲ ਦੋਸਾਂਝ*

# ਸਭ ਤੋਂ ਵੱਡਾ ਖਤਰਾ ਦਹਿਸ਼ਤਗਰਦੀ, ਪਰ ਜ਼ਿੰਮੇਵਾਰ ਕੌਣ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਫਰਾਂਸ ਦੇ ਸਮੁੰਦਰੀ ਕੰਢੇ ਵੱਸਦੇ ਛੋਟੇ ਜਿਹੇ ਸ਼ਹਿਰ ਨੀਸ ਵਿਚ ਬੀਤੀ ਚੌਦਾਂ ਜੁਲਾਈ ਨੂੰ ਵਾਪਰੇ ਦੁਖਾਂਤ ਨੇ ਇਹ ਸਵਾਲ ਪੁੱਛਣ ਲਈ ਬਹੁਤ ਸਾਰੇ ਲੋਕਾਂ ਨੂੰ ਮਜਬੂਰ ਕਰ ਦਿੱਤਾ ਹੈ ਕਿ ਜਿੱਥੇ ਅਸੀਂ ਬੈਠੇ ਹਾਂ, ਕੀ ਅਸੀਂ ਉਥੇ ਪੂਰੀ ਤਰ੍ਹਾਂ ਸੁਰੱਖਿਅਤ ਹਾਂ? ਉਂਜ ਬਹੁਤ ਸਾਰੇ ਮਾਮਲਿਆਂ ਵਿਚ ਸੁਰੱਖਿਆ ਦੇ ਵੱਡੇ ਤੋਂ ਵੱਡੇ ਮਾਹਰ ਇਹ ਗੱਲ ਕਹਿ ਦਿੰਦੇ ਹਨ ਕਿ ਸੌ ਫੀਸਦੀ ਗਾਰੰਟੀ ਕਦੀ ਕਿਸੇ ਪ੍ਰਬੰਧ ਬਾਰੇ ਦੇਣੀ ਮੁਸ਼ਕਲ ਹੁੰਦੀ ਹੈ, ਪਰ ਜਿਹੜੇ ਪ੍ਰਬੰਧ ਉਹ ਖੁਦ ਕਰ ਰਹੇ ਹੁੰਦੇ ਹਨ, ਉਨ੍ਹਾਂ ਉਤੇ ਭਰੋਸਾ ਰੱਖਣ ਲਈ ਪੂਰੇ ਜ਼ੋਰ ਨਾਲ ਆਖਦੇ ਹਨ। ਪਿਛਲੇ ਸਮੇਂ ਦੌਰਾਨ ਜਿਹੜੇ ਹਾਲਾਤ ਸੰਸਾਰ ਵਿਚ ਵੇਖਣ ਨੂੰ ਮਿਲੇ ਹਨ, ਤੇ ਉਨ੍ਹਾਂ ਦਾ ਵਹਿਣ ਅਜੇ ਜਾਰੀ ਹੈ, ਉਨ੍ਹਾਂ ਨੂੰ ਵੇਖਦੇ ਹੋਏ ਇਹ ਗੱਲ ਆਮ ਕਹੀ ਜਾਣ ਲੱਗੀ ਹੈ ਕਿ ਕਿਤੇ ਵੀ, ਕਦੇ ਵੀ, ਕੁਝ ਵੀ ਵਾਪਰ ਸਕਦਾ ਹੈ। ਅਸਲੋਂ ਹੀ ਬੇਯਕੀਨੀ ਦਾ ਮਾਹੌਲ ਬਣ ਗਿਆ ਜਾਪਦਾ ਹੈ।

ਸਾਡੀ ਪੀੜ੍ਹੀ ਦੇ ਲੋਕ ਇਸ ਗੱਲੋਂ ਦੁਖੀ ਹਨ ਕਿ ਅਸੀਂ ਜਿਹੜੇ ਮਾਹੌਲ ਵਿਚ ਬਚਪਨ ਦੇ ਦਿਨ ਗੁਜ਼ਾਰੇ ਸਨ, ਉਸ ਵਿਚ ਇਸ ਤਰ੍ਹਾਂ ਦਾ ਕਦੇ ਕੋਈ ਸਹਿਮ ਨਹੀਂ ਸੀ ਹੁੰਦਾ ਅਤੇ ਅਗਲੀ ਪੀੜ੍ਹੀ ਲਈ ਜਿਸ ਤਰ੍ਹਾਂ ਦਾ ਆਹ ਮਾਹੌਲ ਅਸੀਂ ਬਣਦਾ ਵੇਖ ਰਹੇ ਹਾਂ, ਇਹ ਗੁਨਾਹ ਸਾਡੀਆਂ ਅੱਖਾਂ ਸਾਹਮਣੇ ਹੋਇਆ ਹੈ।

ਜੰਗਾਂ ਆਮ ਲੋਕ ਨਹੀਂ ਲਾਉਂਦੇ, ਉਹ ਸਿਰਫ ਭੁਗਤਦੇ ਹੀ ਹਨ। 'ਖੇਡਣ ਦੀ ਇੱਛਾ ਰੱਖੇ ਬਗੈਰ ਸਿਆਸਤ ਦੇ ਜੂਏ ਵਿਚ ਆਪਣੇ ਸਿਰਾਂ ਦੇ ਸਾਈਂ ਹਾਰ ਚੁੱਕੀਆਂ ਦੋ ਪੰਜਾਬਣਾਂ' ਬਾਰੇ ਬਾਈ ਕੁ ਸਾਲ ਪਹਿਲਾਂ ਅਸੀਂ ਲਿਖਣ ਵਾਸਤੇ ਕਲਮ ਉਠਾਈ ਸੀ, ਉਹ ਲੇਖ ਲਿਖਣ ਤੇ ਦੋਬਾਰਾ ਪੜ੍ਹ ਕੇ ਸੋਧਣ ਵੇਲੇ ਹੰਝੂ ਸੰਭਾਲਣੇ ਔਖੇ ਹੋ ਗਏ ਸਨ। ਦੁਖਾਂਤ ਦੇ ਹਾਲਾਤ ਨੂੰ ਹੰਢਾਉਣ ਵਾਲੀਆਂ ਉਨ੍ਹਾਂ ਦੋਵਾਂ ਪੰਜਾਬਣਾਂ ਨਾਲ ਮੇਰੀ ਕਿਸੇ ਤਰ੍ਹਾਂ ਦੀ ਰਿਸ਼ਤੇਦਾਰੀ ਨਹੀਂ ਸੀ, ਪਰ ਮੇਰੀ ਮਾਂ ਦੀ ਉਮਰ ਦੀਆਂ ਉਨ੍ਹਾਂ ਔਰਤਾਂ ਦਾ ਦਰਦ ਮੈਨੂੰ ਪੰਜਾਬੀਅਤ ਦਾ ਦਰਦ ਜਾਪਦਾ ਸੀ। ਅੱਜ ਜਿਹੜਾ ਦਰਦ ਫਰਾਂਸ ਵਿਚਲੇ ਉਸ ਬਹੁਤ ਘੱਟ ਜਾਣੇ ਜਾਂਦੇ ਛੋਟੇ ਜਿਹੇ ਸ਼ਹਿਰ ਦੇ ਲੋਕਾਂ ਨੂੰ ਭੁਗਤਣਾ ਪਿਆ ਹੈ, ਉਨ੍ਹਾਂ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸਬੰਧ ਨਾ ਹੋਣ ਦੇ ਬਾਵਜੂਦ ਉਨ੍ਹਾਂ ਪੰਜਾਬਣਾਂ ਦੇ ਦਰਦ ਵਾਂਗ ਮਹਿਸੂਸ ਕੀਤਾ ਹੈ। ਲੋਕਾਂ ਨੂੰ ਕੁਚਲਦਾ ਕਾਤਲ ਦਾ ਟਰੱਕ ਜਦੋਂ ਇੱਕ ਕੁੜੀ ਤੇ ਫਿਰ ਇੱਕ ਬੱਚੇ ਦੇ ਉਪਰ ਦੀ ਲੰਘਦਾ ਹੈ, ਉਹ ਤਸਵੀਰ ਵੇਖਣ ਦੇ ਬਾਅਦ ਸਾਨੂੰ ਏਦਾਂ ਦੀ ਮੁਸੀਬਤ ਦੇ ਕਈ ਮੌਕੇ ਇੱਕਦਮ ਯਾਦ ਆ ਸਕਦੇ ਹਨ। ਇਹ ਤਸਵੀਰਾਂ ਸਾਡੇ ਵਿਚੋਂ ਹਰ ਉਸ ਬੰਦੇ ਦੀ ਨੀਂਦ ਉਡਾ ਸਕਦੀਆਂ ਹਨ, ਜਿਸ ਦੇ ਅੰਦਰ ਇਨਸਾਨੀਅਤ ਹਾਲੇ ਜ਼ਿੰਦਾ ਹੈ।

ਇੱਕ ਮਾੜਾ ਦੌਰ ਸਾਡੀ ਪੀੜ੍ਹੀ ਦਾ ਬਚਪਨ ਸ਼ੁਰੂ ਹੋਣ ਤੋਂ ਕੁਝ ਸਾਲ ਪਹਿਲਾਂ ਉਦੋਂ ਦਾ ਸੀ, ਜਦੋਂ ਹਿਟਲਰ ਨੇ ਸਾਰੀ ਦੁਨੀਆਂ ਉਤੇ ਕਬਜ਼ਾ ਕਰਨ ਲਈ ਫੌਜਾਂ ਚਾੜ੍ਹੀਆਂ ਸਨ। ਜਿਨ੍ਹਾਂ ਲੋਕਾਂ ਨੂੰ ਉਸ ਦੀ ਫੌਜ ਕੈਦ ਕਰ ਲੈਂਦੀ ਸੀ, ਉਨ੍ਹਾਂ ਨੂੰ ਗੈਸ ਦੇ ਚੈਂਬਰਾਂ ਵਿਚ ਸੁੱਟ ਕੇ ਮਾਰਿਆ ਜਾਂਦਾ ਸੀ। ਨਿਊਰਮਬਰਗ ਟਰਾਇਲ ਦੀ ਡਾਇਰੀ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਕਈ ਵਾਰੀ ਕੈਦੀਆਂ ਨੂੰ ਇਹ ਆਖ ਕੇ ਕਿਸੇ ਵੱਡੇ ਗੋਦਾਮ ਵਿਚ ਭੇਜਿਆ ਗਿਆ ਕਿ ਉਧਰ ਨਹਾਉਣ ਲਈ ਪਾਣੀ ਦੇ ਫੁਹਾਰੇ ਹਨ, ਪਰ ਜਦੋਂ ਉਹ ਉਨ੍ਹਾਂ ਫੁਹਾਰਿਆਂ ਹੇਠ ਹੋਏ ਤਾਂ ਉਨ੍ਹਾਂ ਦੇ ਸਰੀਰ ਗਾਲਣ ਵਾਲਾ ਪਦਾਰਥ ਉਨ੍ਹਾਂ ਉਤੇ ਸੁੱਟ ਦਿੱਤਾ ਗਿਆ ਤੇ ਪਲਾਂ ਵਿਚ ਖਤਮ ਕਰ ਦਿੱਤੇ ਗਏ ਸਨ। ਮੁਕੱਦਮੇ ਦੌਰਾਨ ਇੱਕ ਵਾਰ ਇੱਕ ਸਿਰ ਵੀ ਜੱਜਾਂ ਅੱਗੇ ਪੇਸ਼ ਕੀਤਾ ਗਿਆ, ਜਿਹੜਾ ਕਿਸੇ ਦੇ ਘਰ ਪਏ ਸ਼ੋਅ-ਪੀਸ ਵਰਗਾ ਸੀ, ਇਹ ਕਿਸੇ ਜਰਮਨ ਜਰਨੈਲ ਦੇ ਘਰੋਂ ਮਿਲਿਆ ਸ਼ੋਅ-ਪੀਸ ਸੀ। ਖਾਸ ਗੱਲ ਇਸ ਵਿਚ ਇਹ ਸੀ ਕਿ ਇਹ ਕਿਸੇ ਇਨਸਾਨ ਦਾ ਅਸਲੀ



ਸਿਰ ਵੱਢ ਕੇ ਅੰਦਰੋਂ ਸਾਰਾ ਖੁਰਚਣ ਪਿੱਛੋਂ ਨਕਲੀ ਮਾਲ ਭਰ ਕੇ ਉਸ ਜਰਨੈਲ ਨੇ ਆਪਣੇ ਲਈ ਬਣਵਾਇਆ ਸੀ।

ਹਿਟਲਰ ਦਾ ਇੱਕ ਸਾਥੀ ਇੱਕ ਵਾਰੀ ਉਸ ਨੂੰ ਪੁੱਛ ਬੈਠਾ ਕਿ ਏਨੇ ਜ਼ੁਲਮ ਕਰਦਾ ਕਿਉਂ ਹੈਂ, ਅੱਗੋਂ ਉਸ ਦਾ ਜਵਾਬ ਸੀ ਕਿ ਮੈਂ ਭਵਿੱਖ ਵਿਚ ਸੋਹਣੀ ਦੁਨੀਆਂ ਬਣਾਉਣੀ ਚਾਹੁੰਦਾ ਹਾਂ, ਜਿਸ ਵਾਸਤੇ ਮੈਂ ਆਪਣੀ ਕੌਮ ਦੇ ਫੁੱਲਾਂ ਵਰਗੇ ਨੌਜਵਾਨ ਜੰਗ ਦੀ ਭੱਠੀ ਵਿਚ ਝੋਕ ਰਿਹਾ ਹਾਂ, ਇਸ ਲਈ ਹੋਰਨਾਂ ਉਤੇ ਵੀ ਤਰਸ ਨਹੀਂ ਕਰ ਸਕਦਾ। ਸੰਸਾਰ ਨੂੰ ਦਹਿਸ਼ਤਗਰਦੀ ਦੀ ਭੱਠੀ ਵਿਚ ਝੋਕਣ ਲਈ ਜਿਹੜਾ ਵੀ ਤੁਰਦਾ ਹੈ, ਉਹ ਲੋਕਾਂ ਨੂੰ ਸੋਹਣੇ ਭਵਿੱਖ ਦੇ ਸੁਫਨੇ ਦਿਖਾ ਕੇ ਹੀ ਕੁਰਾਹੇ ਪਾਉਂਦਾ ਹੈ। ਅੱਜ ਦੇ ਇਸਲਾਮੀ ਦਹਿਸ਼ਤਗਰਦੀ ਦੇ ਮੁਹਰੈਲ ਵੀ ਇਹੋ ਬੇਹੂਦਗੀ ਕਰਦੇ ਹਨ।

ਇਹ ਗੱਲ ਕਹਿਣ ਨੂੰ ਚੰਗੀ ਲੱਗਦੀ ਹੈ ਕਿ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ', ਸੱਚਾਈ ਇਹ ਹੈ ਕਿ ਸੰਸਾਰ ਨੇ ਸਦੀਆਂ ਤੇ ਯੁੱਗਾਂ ਦੇ ਪੈਂਡੇ ਦੌਰਾਨ ਮਜ਼ਹਬ ਦੇ ਨਾਂ ਉਤੇ ਜਿੰਨਾ ਖੂਨ ਵਗਦਾ ਵੇਖਿਆ ਹੈ, ਬਾਕੀ ਸਾਰੀਆਂ ਜੰਗਾਂ ਵਿਚ ਤਬਾਹੀ ਦਾ ਉਹ ਪੱਧਰ ਸ਼ਾਇਦ ਨਹੀਂ ਵੇਖਿਆ ਹੋਵੇਗਾ। ਕਿਸੇ ਨੂੰ ਸਲੀਬ ਉਤੇ ਟੰਗਣ ਤੋਂ ਲੈ ਕੇ ਕਿਸੇ ਨੂੰ ਨੀਂਹਾਂ ਵਿਚ ਚਿਣਨ, ਦੇਗ ਵਿਚ ਉਬਾਲਣ ਅਤੇ ਆਰੇ ਨਾਲ ਚੀਰ ਦੇਣ ਦੇ ਸਾਰੇ ਜ਼ੁਲਮ ਮਜ਼ਹਬ ਦੇ ਨਾਂ ਹੇਠ ਹੋਏ ਸਨ। ਹੋਰਨਾਂ ਨੂੰ ਛੱਡ ਦਿਓ, ਇੱਕ ਵਾਰੀ ਈਸਾਈਅਤ ਨੇ ਆਪਣੀ ਇੱਕ ਕੁੜੀ ਨੂੰ ਚੁੜੇਲ ਹੋਣ ਦਾ ਫਤਵਾ ਦੇ ਕੇ ਜਿੰਦਾ ਸਾੜਿਆ ਤੇ ਡੇਢ ਸਦੀ ਬਾਅਦ ਮੰਨਿਆ ਸੀ ਕਿ ਗਲਤੀ ਹੋ ਗਈ, ਉਹ ਮੁਟਿਆਰ ਚੁੜੇਲ ਨਹੀਂ, ਇੱਕ ਮਹਾਨ ਸੰਤਣੀ ਸੀ। ਫਿਰ ਉਸ ਨੂੰ ਬਾਕਾਇਦਾ ਸੰਤਣੀ ਦੀ ਉਪਾਧੀ ਦਿੱਤੀ ਸੀ। ਸਿਰਫ ਆਪਣਾ ਧਰਮ ਉਤਮ ਮੰਨਣ ਤੇ ਬਾਕੀਆਂ ਨੂੰ ਦੁਨੀਆਂ ਦਾ ਬੋਝ ਸਮਝਣ ਤੋਂ ਤੁਰਦੀ ਸੋਚਣੀ ਆਪਣੇ ਧਰਮ ਦੇ ਝੰਡੇ ਦੁਨੀਆਂ ਉਤੇ ਝੁਲਾਉਣ ਲਈ ਹੋਰਨਾਂ ਨੂੰ ਮਾਰਨ ਤੇ ਆਪ ਮਰਨ ਦੀ ਉਸ ਲੜਾਈ ਤੱਕ ਲੈ ਜਾਂਦੀ ਹੈ, ਜਿਸ ਨੂੰ ਦਹਿਸ਼ਤਗਰਦੀ ਕਿਹਾ ਜਾਂਦਾ ਹੈ ਅਤੇ ਜਿਹੜੀ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਖਤਰਾ ਬਣ ਕੇ ਇਸ ਸੰਸਾਰ ਦੇ ਸਾਹਮਣੇ ਆ ਰਹੀ ਹੈ।

ਬਹੁਤ ਸਾਰੇ ਵਰਤਾਰੇ ਇਸ ਸੰਸਾਰ ਵਿਚ ਕੁਦਰਤੀ ਹੁੰਦੇ ਹਨ, ਪਰ ਦਹਿਸ਼ਤਗਰਦੀ ਦਾ ਵਰਤਾਰਾ ਇਸ ਤਰ੍ਹਾਂ ਦਾ ਨਹੀਂ ਕਿ ਇਸ ਨੂੰ ਆਪ-ਮੁਹਾਰੇ ਫੁੱਟਦਾ ਕਿਹਾ ਜਾ ਸਕੇ। ਇਸ ਦੀ ਜ਼ਹਿਰੀਲੀ ਦਾਬ ਪਹਿਲਾਂ ਰਾਜਨੀਤੀ ਜਾਂ ਕੂਟਨੀਤੀ ਦਾ ਕੋਈ ਨਾ ਕੋਈ ਮਦਾਰੀ ਲਾਉਂਦਾ ਹੈ ਤੇ ਫਿਰ ਉਹ ਆਪਣੇ ਆਪ ਵਧਦੀ ਹੋਈ ਕਈ ਵਾਰ ਦਾਬ ਲਾਉਣ ਵਾਲੇ ਲਈ ਖਤਰਾ ਬਣ ਜਾਂਦੀ ਹੈ। ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨਾਲ ਇਹੋ ਵਾਪਰ ਰਿਹਾ ਹੈ। ਉਨ੍ਹਾਂ ਨੇ ਇਹ ਦਾਬ ਉਦੋਂ ਲਾਈ ਸੀ, ਜਦੋਂ ਸਾਡੀ ਪੀੜ੍ਹੀ ਅਜੇ ਮੁੱਛ ਫੁੱਟਦੀ ਉਮਰ ਦੀ ਸੀ। ਅਫਗਾਨਿਸਤਾਨ ਵਿਚ ਰੂਸ ਪੱਖੀ ਇੱਕ ਸਰਕਾਰ ਬਣ ਗਈ ਤਾਂ ਉਸ ਨੂੰ ਪਲਟਣ ਲਈ ਅਮਰੀਕਾ ਦੇ ਉਦੋਂ ਦੇ ਬਦ-ਦਿਮਾਗ ਹਾਕਮਾਂ ਨੇ ਗਵਾਂਢ ਦੇ ਦੇਸ਼ ਪਾਕਿਸਤਾਨ ਨੂੰ ਅੱਡਾ ਬਣਾ ਕੇ ਦਹਿਸ਼ਤਗਰਦਾਂ ਦੀ ਪਹਿਲੀ ਪਨੀਰੀ ਉਥੋਂ ਤਿਆਰ ਕੀਤੀ ਸੀ। ਉਦੋਂ ਉਹ ਮੁਜਾਹਿਦ ਅਖਵਾਉਂਦੇ ਸਨ। ਫਿਰ ਜਦੋਂ ਰੂਸ ਵਿਚ ਸੋਵੀਅਤ ਸਰਕਾਰ ਦਾ ਭੋਗ ਪੈ ਗਿਆ ਤੇ ਅਫਗਾਨਿਸਤਾਨ ਵਿਚ ਉਨ੍ਹਾਂ ਦੇ ਪੱਖ ਦੀ ਸਰਕਾਰ ਦੀ ਮਦਦ ਕਰਨ ਵਾਲਾ ਕੋਈ ਨਾ ਰਿਹਾ ਤਾਂ ਅਮਰੀਕੀ ਕਮਾਂਡਰਾਂ ਦੀ ਦਿੱਤੀ ਜੰਗ-ਨੀਤੀ ਨਾਲ ਉਥੇ ਮੁਜਾਹਿਦੀਨ ਨੇ ਕਬਜ਼ਾ ਕਰ ਲਿਆ ਸੀ।

ਰੂਸ ਪੱਖੀ ਹਾਕਮ ਨਜੀਬੁਲਾ ਨੂੰ ਜਦੋਂ ਯੂ.ਐਨ.ਓ. ਦੇ ਮਿਸ਼ਨ ਵਿਚੋਂ ਫੜਿਆ ਗਿਆ ਤਾਂ ਉਸ ਨੂੰ ਤੇ ਉਸ ਦੇ ਭਰਾ ਨੂੰ ਟਰੱਕ ਪਿੱਛੇ ਬੰਨ੍ਹ ਕੇ ਰਾਜਧਾਨੀ ਦੀਆਂ ਸੜਕਾਂ ਉਤੇ ਘਸੀਟਿਆ ਤੇ ਉਨ੍ਹਾਂ ਦੇ ਸਿਰ ਲਾਹ ਕੇ ਰਾਜਧਾਨੀ ਕਾਬਲ ਦੇ ਵਿਚਾਲੇ ਇੱਕ ਖੰਭੇ ਨਾਲ ਟੰਗੇ ਗਏ ਸਨ। ਅਮਰੀਕੀ ਹਾਕਮਾਂ ਨੂੰ ਉਦੋਂ ਸਮਝ ਲੱਗ ਜਾਣੀ ਚਾਹੀਦੀ ਸੀ ਕਿ ਮੱਧ ਯੁੱਗ ਵਾਲਾ ਇਹ ਵਹਿਸ਼ੀਪੁਣਾ ਜਿਹੜੇ ਸਿਰਾਂ ਨੂੰ ਚੜ੍ਹੀ ਜਾਂਦਾ ਹੈ, ਇਹ ਕਾਬਲ ਤੱਕ ਰੁਕਣ ਵਾਲੇ ਨਹੀਂ ਹੋਣਗੇ ਅਤੇ ਜਨੂੰਨੀ ਕਾਤਲਾਂ ਦੀ ਧਾੜ ਦੇ ਇਸ ਨਮੂਨੇ ਦਾ ਕੋਈ ਇਸ ਤੋਂ ਵੱਧ ਖਤਰਨਾਕ ਮਾਡਲ ਕਿਸੇ ਦਿਨ ਅਮਰੀਕਾ ਦੇ ਆਪਣੇ ਦੇਸ਼ ਉਤੇ ਹਮਲਾ ਕਰਨ ਲਈ ਵੀ ਤੁਰ ਸਕਦਾ ਹੈ। ਹੋਇਆ ਵੀ ਇਹੋ ਸੀ।

ਜਦੋਂ ਤਾਲਿਬਾਨ ਹਕੂਮਤ ਦੌਰਾਨ ਓਸਾਮਾ ਬਿਨ ਲਾਦਿਨ ਦੇ ਤਿਆਰ ਕੀਤੇ ਦਹਿਸ਼ਤਗਰਦਾਂ ਨੇ ਵਰਲਡ ਟਰੇਡ ਸੈਂਟਰ ਦੇ ਦੋ ਟਾਵਰਾਂ ਨੂੰ ਜਾ ਤੋੜਿਆ ਤਾਂ ਅਮਰੀਕਾ ਹਿੱਲ ਗਿਆ। ਉਸ ਮਗਰੋਂ ਵੀ ਅਮਰੀਕੀ ਹਾਕਮਾਂ ਨੇ ਦਹਿਸ਼ਤਗਰਦੀ ਬਾਰੇ ਸਿੱਧੀ ਸੇਧ ਵਿਚ ਚੱਲਣ ਵਾਲੀ ਨੀਤੀ ਨਹੀਂ ਸੀ ਅਪਨਾਈ। ਰੂਸ ਖਿਲਾਫ ਲੜ ਰਹੇ ਕਾਸੋਵੋ ਦੇ ਦਹਿਸ਼ਤਗਰਦਾਂ ਨੂੰ ਉਹ ਸ਼ਹਿ ਦਿੰਦਾ ਰਿਹਾ ਤੇ ਭਾਰਤ ਦੇ ਖਿਲਾਫ ਦਹਿਸ਼ਤਗਰਦੀ ਵਾਲੀ ਲੁਕਵੀਂ ਜੰਗ ਲੜਦੇ ਪਏ ਪਾਕਿਸਤਾਨ ਨੂੰ ਕਦੇ ਝਿੜਕਣ ਅਤੇ ਕਦੇ ਪਲੋਸਣ ਦੀ ਨੀਤੀ ਉਤੇ ਚੱਲਦਾ ਰਿਹਾ। ਉਹ ਨੀਤੀ ਹੁਣ ਖੁਦ ਉਸ ਨੂੰ ਮਹਿੰਗੀ ਪੈਣ ਲੱਗੀ ਹੈ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਅੱਗੇ ਲਾ ਕੇ ਸਾਰੀ ਦੁਨੀਆਂ ਨੂੰ ਦਹਿਸ਼ਤਗਰਦੀ ਵਿਰੁਧ ਜੰਗ ਵਿਚ ਇਕੱਠੇ ਹੋਣ ਦਾ ਹੋਕਾ ਦੇਣ ਲੱਗ ਪਿਆ ਹੈ। ਨੀਤੀ ਫਿਰ ਇਸ ਤਰ੍ਹਾਂ ਦੀ ਹੈ ਕਿ ਫਸ ਗਿਆ ਤਾਂ ਨਰਿੰਦਰ ਮੋਦੀ ਤੇ ਭਾਰਤ ਦੇਸ਼ ਭੁਗਤਦਾ ਰਹੇਗਾ, ਅਸੀਂ ਓਨੀ ਦੇਰ ਤੱਕ ਆਪਣੇ ਖੰਘੂਰੇ ਉਤੇ ਚੱਲਣ ਲਈ ਕਿਸੇ ਹੋਰ ਦੇਸ਼ ਦੇ ਇਹੋ ਜਿਹੇ ਪਿਆਦੇ ਤਿਆਰ ਕਰ ਲਵਾਂਗੇ। ਉਸ ਦੀ ਇਹ ਨੀਤੀ ਪਿਛਲੇ ਸਮਿਆਂ ਵਿਚ ਸੰਸਾਰ ਲਈ ਘਾਟੇਵੰਦੀ ਰਹੀ ਹੈ, ਉਸ ਦੇ ਆਪਣੇ ਦੇਸ਼ ਦੇ ਲੋਕਾਂ ਵਾਸਤੇ ਵੀ ਚੰਗੀ ਨਹੀਂ ਰਹੀ ਅਤੇ ਅੱਗੋਂ ਵੀ ਇਹੋ ਹੋਵੇਗਾ।

ਸਾਡੇ ਭਾਰਤ ਦੇ ਇੱਕ ਪ੍ਰਸਿੱਧ ਕਾਰਟੂਨਿਸਟ ਨੇ ਬੜੇ ਸਾਲ ਪਹਿਲਾਂ ਤਿੰਨ ਹਿੱਸਿਆਂ ਦਾ ਇੱਕ ਵਿਅੰਗ ਚਿੱਤਰ ਬਣਾ ਕੇ ਪੇਸ਼ ਕੀਤਾ ਸੀ। ਉਸ ਦੇ ਪਹਿਲੇ ਹਿੱਸੇ ਵਿਚ ਕਲਾਕਾਰ ਇੱਕ ਵਿਅਕਤੀ ਦੀ ਤਸਵੀਰ ਬਣਾਉਂਦਾ ਤੇ ਉਸ ਨੂੰ ਬਦਮਾਸ਼ੀ ਮੁੱਛਾਂ ਲਾਉਣ ਪਿੱਛੋਂ ਉਸ ਦੇ ਹੱਥ ਵਿਚ ਪਿਸਤੌਲ ਵੀ ਫੜਾ ਦਿੰਦਾ ਹੈ। ਦੂਸਰੀ ਤਸਵੀਰ ਵਿਚ ਉਹ ਆਪਣੇ ਬਣਾਏ ਬਦਮਾਸ਼ ਦਾ ਚਿੱਤਰ ਵੇਖ ਕੇ ਖੁਸ਼ ਹੁੰਦਾ ਹੈ ਕਿ ਇਹ ਬਿਲਕੁਲ ਅਸਲੀ ਜਾਪਦਾ ਹੈ। ਇਸ ਦੇ ਬਾਅਦ ਤੀਸਰੀ ਤਸਵੀਰ ਵਿਚ ਉਹ ਬਦਮਾਸ਼ ਫਰੇਮ ਵਿਚੋਂ ਨਿਕਲ ਕੇ ਅਸਲੀ ਬਦਮਾਸ਼ ਬਣਦਾ ਤੇ ਬਣਾਉਣ ਵਾਲੇ ਉਸ ਕਲਾਕਾਰ ਨੂੰ ਉਸੇ ਦੇ ਬਣਾਏ ਤਸਵੀਰ ਵਾਲੇ ਪਿਸਤੌਲ ਨਾਲ ਗੋਲੀ ਮਾਰ ਦਿੰਦਾ ਹੈ।

ਉਦੋਂ ਅਸੀਂ ਤਸਵੀਰ ਵੇਖੀ ਤੇ ਹੱਸਦਿਆਂ ਪਾਸੇ ਰੱਖ ਦਿੱਤੀ ਸੀ। ਅੱਜ ਉਸ ਤਸਵੀਰ ਦੇ ਅਰਥ ਸਮਝ ਆ ਰਹੇ ਹਨ। ਕਲਾਕਾਰ ਵੱਲੋਂ ਬਦਮਾਸ਼ ਦੀ ਤਸਵੀਰ ਬਣਾਉਣ ਵਾਂਗ ਅਫਗਾਨਿਸਤਾਨ ਦੇ ਜਹਾਦ ਦੇ ਬਹਾਨੇ ਜਿਹੜੇ ਜਨੂੰਨੀਆਂ ਦੀ ਸਿਰਜਣਾ ਅੱਜ ਤੋਂ ਸਾਢੇ ਤਿੰਨ ਦਹਾਕੇ ਪਹਿਲਾਂ ਅਮਰੀਕੀ ਹਾਕਮਾਂ ਨੇ ਕੀਤੀ ਸੀ, ਤਸਵੀਰ ਵਾਲੇ ਉਸ ਕਾਲਪਨਿਕ ਬਦਮਾਸ਼ ਵਾਂਗ ਉਦੋਂ ਦੇ ਜਹਾਦੀ ਅੱਜ ਦੇ ਦਹਿਸ਼ਤਗਰਦਾਂ ਦੇ ਰੂਪ ਵਿਚ ਬਹੁਤ ਸਾਰੀਆਂ ਜਥੇਬੰਦੀਆਂ ਬਣਾ ਕੇ ਸੰਸਾਰ ਦੇ ਸਾਹਮਣੇ ਖੜੇ ਹਨ।

ਮਨੁੱਖ ਵਿਗਿਆਨ ਦੇ ਖੇਤਰ ਦੀ ਤਰੱਕੀ ਕਰਦਾ ਅਣਗਾਹੇ ਪੁਲਾੜ ਵਿਚ ਤਾਰਿਆਂ ਦੀ ਖੋਜ ਕਰਨ ਤੱਕ ਪਹੁੰਚ ਗਿਆ, ਪਰ ਮਨੁੱਖਤਾ ਇਸ ਸਹਿਮ ਹੇਠ ਹੀ ਮਰਨੇ ਪਈ ਹੈ ਕਿ ਭਲਕ ਦਾ ਸੂਰਜ ਵੇਖਾਂਗੇ ਜਾਂ ਨਹੀਂ! ਦੂਸਰੀ ਸੰਸਾਰ ਜੰਗ ਦੌਰਾਨ ਪੰਜ ਕਰੋੜ ਤੋਂ ਵੱਧ ਮਨੁੱਖੀ ਜਾਨਾਂ ਦੀ ਕੁਰਬਾਨੀ ਦੇ ਕੇ ਸਾਡੇ ਤੋਂ ਪਹਿਲੀ ਪੀੜ੍ਹੀ ਨੇ ਸਾਡੇ ਲਈ ਜਿਸ ਤਰ੍ਹਾਂ ਦਾ ਅਮਨ ਦਾ ਮਾਹੌਲ ਸਿਰਜਿਆ ਸੀ, ਸਾਡੀ ਪੀੜ੍ਹੀ ਸੰਭਾਲ ਨਹੀਂ ਸਕੀ। ਅਗਲੀ ਪੀੜ੍ਹੀ ਲਈ ਅਸੀਂ ਕਈ ਤਰ੍ਹਾਂ ਦੇ ਕੰਪਿਊਟਰ, ਐਪ ਅਤੇ ਕਈ ਕੁਝ ਹੋਰ ਬਣਾ ਦਿੱਤਾ ਹੈ, ਪਰ ਉਹ ਪੀੜ੍ਹੀ ਇਹ ਸੁੱਖ ਮਾਣਨ ਨੂੰ ਜ਼ਿੰਦਾ ਰਹੇਗੀ ਜਾਂ ਨਹੀਂ, ਇਹ ਗਾਰੰਟੀ ਨਹੀਂ ਦੇ ਸਕਦੇ। ਇਹ ਸਥਿਤੀ ਅਮਰੀਕੀ ਹਾਕਮਾਂ ਦੇ ਕਾਰਨ ਬਣੀ ਹੈ। ਇਸ ਪੀੜ੍ਹੀ ਵਿਚਲੇ ਲੋਕ ਏਨੇ 'ਬੇਚਾਰੇ' ਜਿਹੇ ਹੋ ਗਏ ਹਨ ਕਿ ਅੱਖਾਂ ਸਾਹਮਣੇ ਜ਼ੁਲਮ ਹੁੰਦਾ ਵੇਖ ਕੇ ਅੰਦਰੋ-ਅੰਦਰੀ ਰੋਣ ਅਤੇ ਹਉਕੇ ਭਰਨ ਤੋਂ ਸਿਵਾ ਕੁਝ ਕਰਨ ਜੋਗੇ ਨਹੀਂ ਜਾਪਦੇ, ਪਰ ਜਿਨ੍ਹਾਂ ਦਾ ਕੀਤਾ ਉਹ ਭੁਗਤ ਰਹੇ ਹਨ, ਉਹ ਅਜੇ ਵੀ ਉਚੀ ਹੇਕ ਵਿਚ ਗਾਈ ਜਾਂਦੇ ਹਨ ਕਿ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ'। ਅਸੀਂ ਮਜ਼ਹਬ ਨੂੰ ਵੈਰ ਰੱਖਣ ਵਾਲਾ ਕਹੀਏ ਜਾਂ ਨਾ ਕਹੀਏ, ਖੂਨ-ਖਰਾਬੇ ਦੇ ਜਨੂੰਨ ਲਈ ਸਭ ਤੋਂ ਵੱਧ ਵਰਤੋਂ ਇਸੇ ਦੀ ਕੀਤੀ ਜਾਂਦੀ ਹੈ।

## 25 ਕਰੋੜ ਨਾਲ ਬਣੇਗੀ ਭਾਈ ਜੈਤਾ ਦੀ ਯਾਦਗਾਰ

**ਆਨੰਦਪੁਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਮਰ ਸ਼ਹੀਦ ਭਾਈ ਜੈਤਾ ਜੀ ਯਾਦਗਾਰੀ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਬਾਦਲ ਨੇ ਕਿਹਾ ਕਿ ਇਸ ਸਮਾਰਕ ਨੂੰ ਨੌਂ ਮਹੀਨੇ ਵਿਚ ਮੁਕੰਮਲ ਕੀਤਾ ਜਾਵੇਗਾ। ਇਸ ਦੀ ਮੁਕੰਮਲ ਉਸਾਰੀ 'ਤੇ ਕੁੱਲ 25 ਕਰੋੜ ਰੁਪਏ ਲਾਗਤ ਆਉਣ ਦਾ ਅਨੁਮਾਨ ਹੈ।

ਇਸ ਯਾਦਗਾਰ ਦੀ ਉਸਾਰੀ ਦਾ ਕੰਮ ਉਸੇ ਤਕਨੀਕੀ ਟੀਮ ਨੂੰ ਦਿੱਤਾ ਗਿਆ ਹੈ, ਜਿਸ ਨੇ ਵਿਰਾਸਤ ਏ ਖਾਲਸਾ ਦੀ ਉਸਾਰੀ ਕਰਵਾਈ ਸੀ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਜੈਤਾ ਜੀ ਯਾਦਗਾਰੀ ਸਮਾਰਕ ਮਿਥੇ ਸਮੇਂ ਤੋਂ ਪਹਿਲਾਂ ਬਣਾ ਕੇ ਲੋਕ ਦੇ ਸਮਰਪਤ ਕਰ ਦਿੱਤੀ ਜਾਵੇਗੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬਹੁਗਿਣਤੀ ਦੇ ਕੌਮਵਾਦ ਕਾਰਨ ਕਸ਼ਮੀਰ ਅੱਜ ਤੱਕ ਸੜ ਰਿਹਾ ਹੈ-ਬੀਰਦਵਿੰਦਰ

**ਚੰਡੀਗੜ੍ਹ (ਬਿਊਰੋ):** ਪ੍ਰਸਿੱਧ ਰਾਜਨੀਤਕ ਚਿੰਤਕ ਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਮੁਲਕ ਦੀ ਬਹੁਗਿਣਤੀ ਦੇ ਅਖੌਤੀ ਕੌਮਵਾਦ ਕਾਰਨ ਕਸ਼ਮੀਰ ਪਿਛਲੇ 78 ਸਾਲਾਂ ਤੋਂ ਲਗਾਤਾਰ ਸੜ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਗਿਣਤੀ ਦੇ ਕੌਮਵਾਦ ਵਿਚ ਘੱਟ ਗਿਣਤੀਆਂ ਦੀਆਂ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਉਮੰਗਾਂ ਲਈ ਕੋਈ ਥਾਂ ਨਹੀਂ ਹੈ ਅਤੇ ਇਹੀ ਰੁਝਾਨ ਮੁਲਕ ਲਈ ਸਭ ਤੋਂ ਵੱਡਾ ਖਤਰਾ ਹੈ।

ਬੀਰ ਦਵਿੰਦਰ ਸਿੰਘ ਪਿਛਲੇ ਦਿਨੀਂ ਇਥੋਂ ਦੇ ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵਿਮੈਨ ਵਿਚ ਸਿੱਖ ਐਜੂਕੇਸ਼ਨਲ ਸੁਸਾਇਟੀ ਵਲੋਂ ਕਰਵਾਏ ਗਏ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸਮਾਗਮ ਵਿਚ ਬੋਲ ਰਹੇ ਸਨ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨੇ ਕਿਹਾ ਕਿ ਭਾਰਤੀ ਸਟੇਟ ਦੀ ਸਮੱਸਿਆ ਇਹ ਹੈ ਕਿ ਇਥੇ ਘੱਟ ਗਿਣਤੀਆਂ ਦੀਆਂ ਰੀਝਾਂ ਤੇ ਅਕਾਂਖਿਆਵਾਂ ਨੂੰ ਫਿਰਕਾਪ੍ਰਸਤੀ ਗਰਦਾਨਿਆ ਜਾਂਦਾ ਹੈ ਜਦੋਂ ਕਿ ਬਹੁਗਿਣਤੀ ਦੀਆਂ ਇਛਾਵਾਂ ਨੂੰ ਕੌਮਪ੍ਰਸਤੀ ਦਾ ਨਾਂ ਦਿੱਤਾ ਜਾਂਦਾ ਹੈ। ਇਸੇ ਗਲਤ ਧਾਰਨਾ ਕਰ ਕੇ ਮੁਲਕ ਵਿਚ ਪਿਛਲੇ ਸਮੇਂ ਦੌਰਾਨ ਉਠੀਆਂ ਘੱਟ ਗਿਣਤੀਆਂ ਦੀਆਂ ਹੱਕੀ ਲਹਿਰਾਂ ਨੂੰ ਵੀ ਕੁਚਲਿਆ ਜਾਂਦਾ ਰਿਹਾ ਹੈ। ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ ਕਿ ਆਜ਼ਾਦੀ ਤੋਂ ਫੌਰਨ ਬਾਅਦ ਭਾਰਤੀ ਸੰਵਿਧਾਨ ਦੇ ਰਚਨਹਾਰੇ ਡਾ. ਬੀ.ਆਰ. ਅੰਬੇਦਕਰ ਨੂੰ ਵੀ ਅਹਿਸਾਸ ਹੋ ਗਿਆ ਸੀ ਕਿ ਭਾਰਤੀ ਸਟੇਟ ਦਾ ਸਰੂਪ ਬਹੁਗਿਣਤੀ ਸਟੇਟ ਵਾਲਾ ਬਣ ਗਿਆ ਹੈ ਅਤੇ ਘੱਟ ਗਿਣਤੀਆਂ ਨੂੰ ਇਸ ਵਿਚ ਬਹੁਗਿਣਤੀ ਦੇ ਦਾਬੇ ਥੱਲੇ ਹੀ ਰਹਿਣਾ ਪਵੇਗਾ।

ਸਿੱਖ ਭਾਈਚਾਰੇ ਦੀ ਗੱਲ ਕਰਦਿਆਂ, ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਮੁਲਕ ਦੀਆਂ ਬਾਕੀ ਘੱਟ ਗਿਣਤੀਆਂ ਨੂੰ ਤਾਂ ਸਿਰਫ ਆਰਥਿਕ, ਸਮਾਜਿਕ ਜਾਂ ਰਾਜਨੀਤਕ ਵਿਤਕਰੇ ਜਾਂ ਸੁਰੱਖਿਆ ਨੂੰ ਲੈ ਕੇ ਮੁਸ਼ਕਲਾਂ ਹਨ, ਪਰ ਸਿੱਖਾਂ ਨੂੰ ਸਭ ਤੋਂ ਵੱਡਾ ਡਰ ਬਹੁਗਿਣਤੀ ਵਲੋਂ ਇਸ ਦੀ ਵਿਲੱਖਣ ਪਛਾਣ ਤੇ ਹਸਤੀ ਨੂੰ ਨਿਗਲ ਜਾਣ ਦਾ ਹੈ ਅਤੇ ਇਸ ਦੀ ਵਜ੍ਹਾ ਸਿੱਖ ਲੀਡਰਸ਼ਿਪ ਵਲੋਂ ਮੁਲਕ ਦੀ ਆਜ਼ਾਦੀ ਸਮੇਂ ਕਾਂਗਰਸੀ ਆਗੂਆਂ ਉਤੇ ਕੀਤਾ ਗਿਆ ਅੰਨ੍ਹਾਂ ਵਿਸ਼ਵਾਸ਼ ਹੈ ਜੋ ਸਿੱਖ ਭਾਈਚਾਰੇ



ਲਈ ਸਰਾਪ ਬਣਿਆ ਹੋਇਆ ਹੈ। ਭਾਰਤੀ ਸਟੇਟ ਨੇ ਸਿੱਖਾਂ ਨੂੰ ਦਬਾਅ ਕੇ ਰੱਖਣ ਲਈ ਹਰ ਦਮਨ ਤੇ ਹਰਬਾ ਵਰਤਿਆ ਹੈ।

ਬੀਰ ਦਵਿੰਦਰ ਸਿੰਘ ਨੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਬਾਰੇ ਬਹੁਤ ਹੀ ਭਾਵਕ ਸੁਰ ਵਿਚ ਗੱਲ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਸਾਧਾਰਣ ਤੋਂ ਸਾਧਾਰਣ ਵਰਕਰ ਦਾ ਵੀ ਬਹੁਤ ਜ਼ਿਆਦਾ ਖ਼ਿਆਲ ਰੱਖਦੇ ਸਨ। ਉਹ ਆਖਰੀ ਅਕਾਲੀ ਆਗੂ ਸਨ ਜਿਨ੍ਹਾਂ ਦਾ ਇੱਕੋ ਇੱਕ ਮਕਸਦ ਸਿੱਖ ਪੰਥ ਦੀ ਸੇਵਾ ਕਰਨਾ ਸੀ।

ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਮੁਖੀ ਡਾ. ਕੇਹਰ ਸਿੰਘ ਨੇ ਸੈਮੀਨਾਰ ਵਿਚ ਆਪਣਾ ਪਰਚਾ 'ਸਿੱਖਾਂ ਦੀ ਆਜ਼ਾਦੀ ਦੀ ਤਾਂਘ ਦੇ ਵੱਖ ਵੱਖ ਪਹਿਲੂ' ਪੇਸ਼ ਕਰਦਿਆਂ ਕਿਹਾ ਕਿ ਸਿੱਖਾਂ ਵਲੋਂ ਵੱਖਰੀ ਸਟੇਟ ਦੀ ਮੰਗ ਸਭ ਤੋਂ ਪਹਿਲਾਂ ਪਾਕਿਸਤਾਨ ਦੀ ਮੰਗ ਦੇ ਪ੍ਰਤੀਕਰਮ ਵਜੋਂ ਕੀਤੀ ਗਈ ਸੀ। ਆਜ਼ਾਦੀ ਤੋਂ ਬਾਅਦ ਖਾਲਿਸਤਾਨ ਦੀ ਮੰਗ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੇ ਪ੍ਰਤੀਕਰਮ ਕਾਰਨ ਉਠੀ ਸੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵਿਚ ਸਮੇਂ ਸਮੇਂ ਉਠਦੀ ਰਹੀ ਖ਼ਾਲਿਸਤਾਨ ਜਾਂ ਵੱਖਰੀ ਸਿੱਖ ਸਟੇਟ ਦੀ ਮੰਗ ਦਾ ਆਧਾਰ ਸਿਧਾਂਤਕ ਜਾਂ ਵਿਚਾਰਧਾਰਕ ਹੋਣ ਦੀ ਥਾਂ ਗੁੱਸੇ ਤੇ ਬੇਗਾਨਗੀ ਦਾ ਅਹਿਸਾਸ ਰਿਹਾ ਹੈ। ਡਾ. ਕੇਹਰ ਸਿੰਘ ਨੇ ਕਿਹਾ ਕਿ ਮੁਲਕ ਦੇ ਹੁਕਮਰਾਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੱਖਾਂ ਵਰਗੀ ਅਣਖੀਲੀ ਤੇ ਸਵੈਮਾਣੀ ਘੱਟ ਗਿਣਤੀ ਨੂੰ ਦਬਾਅ ਕੇ ਰੱਖਣ ਨਾਲ ਕੋਈ ਕੌਮੀ ਮਕਸਦ ਪੂਰਾ ਨਹੀਂ ਹੋਣਾ।

ਭਾਰਤੀ ਸੰਵਿਧਾਨ ਵਿਚ ਬਹੁਭਾਂਤੀ ਸਭਿਆਚਾਰਾਂ ਨੂੰ ਮੁਲਕ ਵਿਚ ਪ੍ਰਫੁੱਲਤ ਹੋਣ ਦੇ ਅਤੇ ਫੈਡਰਲ ਢਾਂਚੇ ਨੂੰ ਅਪਨਾਉਣ ਦੀਆਂ ਅਸੀਮ ਸੰਭਾਵਨਾਵਾਂ ਉਤੇ ਜ਼ੋਰ ਦਿੰਦਿਆਂ ਡਾ. ਕੇਹਰ ਸਿੰਘ ਨੇ ਕਿਹਾ ਕਿ ਲੋੜ ਮੁਲਕ ਨੂੰ ਚਲਾਉਣ ਵਾਲੇ ਵਿਅਕਤੀਆਂ ਦੇ ਅਖੌਤੀ ਰਾਸ਼ਟਰਵਾਦ ਦੀ ਕੈਦ ਵਿਚੋਂ ਬਾਹਰ ਆਉਣ ਦੀ ਹੈ। ਭਾਰਤ ਵਰਗੇ ਵਿਸ਼ਾਲ ਮੁਲਕ ਦੇ ਹੁਕਮਰਾਨਾਂ ਦੇ ਹਿਰਦੇ ਵੀ ਵਿਸ਼ਾਲ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਸਾਹਮਣੇ ਸਿਰਫ ਚੋਣਾਂ ਜਿੱਤਣ ਦਾ ਨਿਸ਼ਾਨਾ ਹੀ ਨਹੀਂ ਹੋਣਾ ਚਾਹੀਦਾ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਭਾਰਤੀ ਸੰਵਿਧਾਨ ਅੰਦਰ ਸਿੱਖਾਂ, ਬੋਧੀਆਂ ਅਤੇ ਜੈਨੀਆਂ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਘੱਟ ਗਿਣਤੀਆਂ ਦੀ ਆਪਣੀ ਵੱਖਰੀ ਪਛਾਣ ਬਾਰੇ ਫਿਕਰਮੰਦ ਹੋਣਾ ਕੁਦਰਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੀ ਵੱਧ ਸੰਵਿਧਾਨਕ ਮਾਨਤਾਵਾਂ ਦੀ ਬਹੁਗਿਣਤੀਵਾਦ ਹੀ ਅਕਸਰ ਉਲੰਘਣਾ ਕਰਦਾ ਆ ਰਿਹਾ ਹੈ।

ਸੈਮੀਨਾਰ ਦਾ ਪਿੜ ਬੰਨਦਿਆਂ ਗੁਦਰਸ਼ਨ ਸਿੰਘ ਬਾਹੀਆ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀਆਂ ਲਿਖਤਾਂ ਵਿਚੋਂ ਹਵਾਲੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਸਿਆਸਤ ਦਾ ਕੇਂਦਰੀ ਧੁਰਾ ਸਿੱਖਾਂ ਦੀ ਵੱਖਰੀ ਹੋਂਦ ਹਸਤੀ ਕਾਇਮ ਰੱਖਣ ਤੇ ਸਿੱਖ ਭਾਈਚਾਰੇ ਦੀ ਖੁਸ਼ਹਾਲੀ ਸੀ। ਉਨ੍ਹਾਂ ਇਸ ਸਬੰਧ ਵਿਚ ਜਥੇਦਾਰ ਟੌਹੜਾ ਵਲੋਂ 1978 ਦੀ ਅਕਾਲੀ ਕਾਨਫਰੰਸ ਵਿਚ ਦਿੱਤੇ ਭਾਸ਼ਣ 'ਭਾਰਤ ਵਿਚ ਫੈਡਰਲ ਢਾਂਚੇ ਦੀ ਲੋੜ ਕਿਉਂ?', ਅਟਲ ਬਿਹਾਰੀ ਵਾਜਪਾਈ ਸਰਕਾਰ ਸਮੇਂ ਬਣੇ ਸੰਵਿਧਾਨਕ ਪੁਨਰ ਵਿਚਾਰ ਕਮਿਸ਼ਨ ਨੂੰ ਦਿੱਤੇ ਯਾਦ ਪੱਤਰ ਅਤੇ ਕਨਫੈਡਰੇਸ਼ਨ ਦੀ ਮੰਗ ਕਰਨ ਵਾਲੇ 'ਅੰਮ੍ਰਿਤਸਰ ਐਲਾਨਨਾਮੇ' ਦਾ ਜ਼ਿਕਰ ਕੀਤਾ।



ਸਿੱਖ ਐਜੂਕੇਸ਼ਨਲ ਸੁਸਾਇਟੀ ਨੇ ਇਸ ਮੌਕੇ ਕਾਰ ਸੇਵਾ ਵਾਲੇ ਬਾਬਾ ਲਾਭ ਸਿੰਘ ਨੂੰ ਧਾਰਮਿਕ, ਵਿਦਿਅਕ ਅਤੇ ਸਮਾਜਿਕ ਸੇਵਾ ਦੇ ਖੇਤਰ ਵਿਚ ਪਾਏ ਜਾ ਰਹੇ ਉਘੇ ਯੋਗਦਾਨ ਬਦਲੇ ਅਤੇ ਜਲੰਧਰ ਦੇ ਅਦਾਰੇ 'ਪੰਜਾਬ ਜਾਗ੍ਰਿਤੀ ਮੰਚ' ਨੂੰ ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਕੀਤੇ ਜਾ ਰਹੇ ਜ਼ਿਕਰਯੋਗ ਯਤਨਾਂ ਬਦਲੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਪੁਰਸਕਾਰ ਦੇ ਕੇ ਸਨਮਾਨਤ ਕੀਤਾ।

ਇਸ ਤੋਂ ਪਹਿਲਾਂ ਹੋਏ ਸੈਸ਼ਨ ਵਿਚ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਨੇ ਸੁਸਾਇਟੀ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਦੀ ਪੁਸਤਕ 'ਧੀਆਂ ਦੇ ਗੀਤ' ਜਾਰੀ ਕਰਦਿਆਂ ਕਿਹਾ ਕਿ ਇਹ ਪੁਸਤਕ ਪੰਜਾਬੀ ਸਾਹਿਤ ਵਿਚ ਪਹਿਲੀ ਪੁਸਤਕ ਹੈ ਜਿਹੜੀ ਨਿਰੋਲ ਧੀਆਂ ਦੇ ਬੜੇ ਕੋਮਲ ਰਿਸ਼ਤੇ ਦੀ ਗੱਲ ਕਰਦੀ ਹੈ।

ਇਸ ਮੌਕੇ ਗੁਰਬਾਣੀ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕਰਨ ਵਾਲੇ ਪ੍ਰੋ. ਪੰਡਤ ਰਾਓ, ਪੰਜਾਬੀ ਲੇਖਕ ਪ੍ਰੋ. ਚਮਨ ਲਾਲ ਧਮੀਜਾ ਅਤੇ ਸਿੱਖ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਡਾ. ਸਿੰਘ ਅਜ਼ੀਜ਼ ਦਾ ਵੀ ਸਨਮਾਨ ਕੀਤਾ ਗਿਆ। ਹਾਜ਼ਰੀਨ ਦਾ ਧੰਨਵਾਦ ਕਰਦਿਆਂ, ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਬਰਾੜ ਨੇ ਕਿਹਾ ਕਿ ਸੁਸਾਇਟੀ ਭਵਿੱਖ ਵਿਚ ਵੀ ਅਜਿਹੇ ਸਾਹਿਤਕ ਤੇ ਸਮਾਜਿਕ ਕਾਰਜ ਕਰਦੀ ਰਹੇਗੀ।

## ਅਣਖ ਦੀ ਬਲੀ ਚੜ੍ਹੀ ਪਾਕਿਸਤਾਨੀ ਮਾਡਲ

**ਇਸਲਾਮਾਬਾਦ:** ਲਹਿੰਦੇ ਪੰਜਾਬ ਦੇ ਮੁਲਤਾਨ ਵਿਚ ਸੋਸ਼ਲ ਮੀਡੀਆ ਸਟਾਰ ਕੰਦੀਲ ਬਲੋਚ ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਦਾ ਦਾਅਵਾ ਹੈ ਕਿ ਉਸ ਦੀ ਹੱਤਿਆ ਉਸ ਦੇ ਭਰਾ ਵਸੀਮ ਨੇ ਕੀਤੀ ਹੈ, ਜੋ ਵਾਰਦਾਤ ਬਾਅਦ ਫਰਾਰ ਹੋ ਗਿਆ। ਉਸ ਦੀ ਹੱਤਿਆ ਗਲ ਘੁੱਟ ਕੇ ਕੀਤੀ ਗਈ ਹੈ। ਉਸ ਦਾ ਅਸਲ ਨਾਂ ਫੌਜ਼ੀਆ ਅਜ਼ੀਮ ਸੀ, ਪਰ ਉਸ ਨੇ ਮਾਡਲਿੰਗ ਦੇ ਖੇਤਰ ਵਿਚ ਪੈਰ ਧਰਨ ਸਮੇਂ ਆਪਣਾ ਨਾਂ ਕੰਦੀਲ ਬਲੋਚ ਰੱਖ ਲਿਆ ਸੀ। ਪੁਲਿਸ ਮੁਤਾਬਕ ਉਸ ਦੇ ਪਰਿਵਾਰ ਵੱਲੋਂ ਉਸ ਨੂੰ ਮਾਡਲਿੰਗ ਛੱਡਣ ਅਤੇ ਸੋਸ਼ਲ ਮੀਡੀਆ 'ਤੇ ਭੜਕਾਊ ਦਿਖ ਲਈ ਧਮਕੀਆਂ ਦਿੱਤੀਆਂ ਜਾਂਦੀਆਂ ਸਨ। ਉਸ ਦੇ ਭਰਾ ਨੇ ਫੇਸਬੁੱਕ ਪੋਸਟ ਤੇ ਵੀਡੀਓ ਉਤੇ ਉਸ ਨੂੰ ਧਮਕੀਆਂ ਦਿੱਤੀਆਂ ਸਨ। ਅਖ਼ਬਾਰ 'ਡਾਅਨ' ਦੀ ਰਿਪੋਰਟ ਮੁਤਾਬਕ ਤਿੰਨ ਹਫਤੇ ਪਹਿਲਾਂ ਕੰਦੀਲ ਬਲੋਚ ਨੇ ਗ੍ਰਹਿ ਮੰਤਰੀ, ਸੰਘੀ ਜਾਂਚ ਅਥਾਰਿਟੀ (ਐਫ.ਆਈ.ਏ.) ਦੇ ਡਾਇਰੈਕਟਰ ਜਨਰਲ ਅਤੇ ਇਸਲਾਮਾਬਾਦ ਦੇ ਐਸ.ਪੀ. ਨੂੰ ਚਿੱਠੀ ਲਿਖ ਕੇ ਸੁਰੱਖਿਆ ਦੀ ਮੰਗ ਕੀਤੀ ਸੀ।

ਦੱਸਣਯੋਗ ਹੈ ਕਿ ਕੰਦੀਲ ਬੇਹੱਦ ਬੋਲਡ ਤੇ ਮੀਡੀਆ ਸਨਸਨੀ ਸੀ। ਉਹ 2014 ਵਿਚ ਇਕ ਵੀਡੀਓ ਨਾਲ ਚਰਚਾ ਵਿਚ ਆਈ ਸੀ। ਉਸ ਦੇ ਸੋਸ਼ਲ ਮੀਡੀਆ 'ਤੇ ਹਜ਼ਾਰਾਂ ਪ੍ਰਸੰਸਕ ਸਨ। ਉਸ ਨੇ ਸਾਬਕਾ ਕ੍ਰਿਕਟਰ ਤੇ ਵਿਰੋਧੀ ਧਿਰ ਦੇ ਆਗੂ ਇਮਰਾਨ ਖਾਨ ਨਾਲ ਨਿਕਾਹ ਕਰਾਉਣ ਦੀ ਕਈ ਵਾਰ ਇੱਛਾ ਜ਼ਾਹਿਰ ਕੀਤੀ ਸੀ।

## ਕੈਮਰੌਨ ਨੇ ਪ੍ਰਧਾਨ ਮੰਤਰੀ ਵਜੋਂ ਰਾਤ ਦੇ ਆਖਰੀ ਖਾਣੇ 'ਚ ਛਕਿਆ ਭਾਰਤੀ ਭੋਜਨ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਆਪਣੇ 10 ਡਾਊਨਿੰਗ ਸਟ੍ਰੀਟ ਵਿਖੇ ਸਥਿਤ ਦਫਤਰ ਕਮ ਰਿਹਾਇਸ਼ ਵਿਖੇ ਪ੍ਰਧਾਨ ਮੰਤਰੀ ਵਜੋਂ ਆਖਰੀ ਰਾਤ ਦੇ ਖਾਣੇ ਵਿਚ ਭਾਰਤੀ ਭੋਜਨ ਜਿਵੇਂ ਹੈਦਰਾਬਾਦੀ ਸੈਫਰਨ ਚਿਕਨ, ਕਸ਼ਮੀਰੀ ਰੋਗਨ ਜੋਸ਼ ਅਤੇ ਸਮੋਸੇ ਆਦਿ ਦਾ ਆਨੰਦ ਲਿਆ। ਕੇਂਦਰੀ ਲੰਡਨ ਵਿਚ ਕੇਨਿੰਗਟਨ ਤੰਦੂਰੀ ਨੇ ਟਵੀਟ ਕਰ ਕੇ ਕਿਹਾ ਕਿ ਉਨ੍ਹਾਂ ਨੇ ਛੇਤੀ ਹੀ ਸਾਬਕਾ ਪ੍ਰਧਾਨ ਮੰਤਰੀ ਬਣਨ ਜਾ ਰਹੇ ਕੈਮਰੌਨ ਲਈ ਬੀਤੀ ਸ਼ਾਮ ਰਾਤ ਦਾ ਖਾਣਾ ਭੇਜਿਆ।

ਰੈਸਟੋਰੈਂਟ ਦੇ ਮੈਨੇਜਰ ਡਾ. ਕੌਸਰ ਹੱਕ ਨੇ ਦੱਸਿਆ ਕਿ ਭੇਜੇ ਗਏ ਖਾਣੇ 'ਚ ਹੈਦਰਾਬਾਦੀ ਸੈਫਰਨ ਚਿਕਨ, ਕਸ਼ਮੀਰੀ ਰੋਗਨ ਜੋਸ਼, ਕੇ.ਟੀ. ਮਿਕਸਡ ਗਰਿਲ, ਚਿਕਨ ਜ਼ਲਫਰਾਜ਼ੀ, ਸਾਗ ਆਲੂ, ਸਾਗ ਪਨੀਰ, ਪਾਲਕ ਗੋਸਤ, ਸਮੋਸੇ, ਨਾਨ ਬਰੈਡ ਅਤੇ ਚੌਲ ਆਦਿ ਸ਼ਾਮਲ ਸਨ।

## ਓਵੈਸੀ ਦੀ ਪਾਰਟੀ ਦੀ ਮਾਨਤਾ ਰੱਦ

**ਮੁੰਬਈ:** ਅਸਾਉਦੀਨ ਓਵੈਸੀ ਦੀ ਪਾਰਟੀ ਏ.ਆਈ.ਐਮ.ਆਈ.ਐਮ. ਨੂੰ ਚੋਣ ਕਮਿਸ਼ਨ ਨੇ ਮਹਾਰਾਸ਼ਟਰ ਵਿਚ ਵੱਡਾ ਝਟਕਾ ਦਿੱਤਾ ਹੈ। ਪਿਛਲੇ ਸਾਲ ਰਾਜ ਦੇ ਸਥਾਨਕ ਨਿਗਮ ਚੋਣਾਂ 'ਚ ਹਿੱਸਾ ਲੈ ਚੁੱਕੀ ਇਸ ਪਾਰਟੀ ਦੀ ਮਾਨਤਾ ਜ਼ਰੂਰੀ ਦਸਤਾਵੇਜ਼ ਜਮ੍ਹਾਂ ਨਾ ਕਰਵਾਉਣ ਕਰ ਕੇ ਰੱਦ ਕਰ ਦਿੱਤੀ ਗਈ ਹੈ।

ਰਾਜ ਚੋਣ ਕਮਿਸ਼ਨ ਨੇ ਕਿਹਾ ਕਿ ਪਾਰਟੀ ਨੂੰ ਕਈ ਨੋਟਿਸ ਜਾਰੀ ਕੀਤੇ ਗਏ ਸਨ, ਪਰ ਇਨ੍ਹਾਂ ਵੱਲੋਂ ਟੈਕਸ ਰਿਟਰਨਸ ਜਾਂ ਆਡਿਟ ਰਿਪੋਰਟ ਜਮ੍ਹਾਂ ਨਹੀਂ ਕਰਵਾਈ ਗਈ। ਓਵੈਸੀ ਦੀ ਪਾਰਟੀ ਨੇ ਹਾਲਾਂਕਿ ਕਿਹਾ ਹੈ ਕਿ ਉਨ੍ਹਾਂ ਵੱਲੋਂ ਤਿੰਨ ਸਾਲ ਦੇ



ਟੈਕਸ ਰਿਟਰਨਸ ਸਮੇਤ ਸਾਰੇ ਦਸਤਾਵੇਜ਼ ਜਮ੍ਹਾਂ ਕਰਵਾਏ ਗਏ ਹਨ। ਪਾਰਟੀ ਦੇ ਇਕ ਨੇਤਾ ਦਾ ਕਹਿਣਾ ਹੈ ਕਿ 'ਅਸੀਂ ਚੋਣ ਕਮਿਸ਼ਨ ਦੇ ਇਸ ਫੈਸਲੇ ਤੋਂ ਕਾਫੀ ਹੈਰਾਨ ਹਾਂ ਅਤੇ ਸਾਨੂੰ ਲੱਗਦਾ ਹੈ ਕਿ ਇਸ ਪਿੱਛੇ ਕੋਈ ਸਿਆਸੀ ਦਬਾਅ ਸੀ।' ਜ਼ਿਕਰਯੋਗ ਹੈ ਕਿ ਓਵੈਸੀ ਦੀ ਪਾਰਟੀ ਨੇ ਮਹਾਰਾਸ਼ਟਰ ਵਿਚ 2014 'ਚ ਦੋ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਅਤੇ ਨਾਂਦੇੜ ਤੇ ਔਰੰਗਾਬਾਦ ਨਿਗਮ ਚੋਣਾਂ ਵਿਚ ਵੀ ਉਸ ਨੂੰ ਜਿੱਤ ਮਿਲੀ ਸੀ।

## ਮਾਮੇ ਦੇ ਮੁੰਡੇ ਦਾ ਵਿਆਹ ਵੇਖਣ ਆਏ ਪਾਕਿਸਤਾਨੀ ਜੇਲ੍ਹ ਪਹੁੰਚੇ

**ਅੰਮ੍ਰਿਤਸਰ:** ਸੁਰੱਖਿਆ ਬਲਾਂ ਵੱਲੋਂ ਅਜਨਾਲਾ ਸੈਕਟਰ ਦੇ ਸ਼ਾਹਪੁਰ ਬੀ.ਓ.ਪੀ. ਇਲਾਕੇ ਵਿਚੋਂ ਸਰਹੱਦ ਨੇੜਿਓਂ ਗ੍ਰਿਫਤਾਰ ਕੀਤੇ ਗਏ ਤਿੰਨਾਂ ਨੌਜਵਾਨਾਂ ਵਿਚੋਂ ਇਕ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਤੇ ਦੋ ਨੂੰ ਹੁਸ਼ਿਆਰਪੁਰ ਦੇ ਬਾਲ ਸੁਧਾਰ ਘਰ ਵਿਚ ਭੇਜ ਦਿੱਤਾ ਗਿਆ ਹੈ।

ਦਰਅਸਲ, ਬੀ.ਐਸ.ਐਫ. ਵੱਲੋਂ ਤਿੰਨ ਪਾਕਿਸਤਾਨੀ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ ਸੀ ਜਿਨ੍ਹਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਉਹ ਸਰਹੱਦ ਦੇ ਦੂਜੇ ਪਾਸੇ ਕਿਸੇ ਪਿੰਡ ਵਿਚ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਆਏ ਸਨ, ਪਰ ਗਲਤੀ ਨਾਲ ਭਾਰਤੀ ਸਰਹੱਦ ਪਾਰ ਕਰ ਕੇ ਭਾਰਤ ਦੇ ਇਲਾਕੇ ਵਿਚ ਪਹੁੰਚ ਗਏ।

ਗ੍ਰਿਫਤਾਰ ਕੀਤੇ ਇਹ ਤਿੰਨ ਨੌਜਵਾਨ- ਮੁਹੰਮਦ ਸ਼ਹਿਜ਼ਾਦ ਪਿੰਡ ਲਾਹੌਰ ਉਮਰ 20 ਸਾਲ, ਅਲੀ ਰਜਾ ਪਿੰਡ ਨਾਰੋਵਾਲ (ਪਾਕਿਸਤਾਨ) ਉਮਰ 15 ਸਾਲ, ਬਾਬਰ ਅਲੀ ਪਿੰਡ ਮਾਨਾਂਵਾਲਾ (ਪਾਕਿਸਤਾਨ ) ਉਮਰ 17 ਸਾਲ ਹੁਣ ਰਮਦਾਸ ਪੁਲਿਸ ਦੀ ਹਿਰਾਸਤ ਵਿਚ ਹਨ। ਮੁਹੰਮਦ ਸ਼ਹਿਜ਼ਾਦ ਨੇ ਦੱਸਿਆ ਕਿ ਉਹ ਪਾਕਿਸਤਾਨ ਦੇ ਪਿੰਡ ਰਈਆ ਖਾਸ ਵਿਖੇ ਆਪਣੇ ਮਾਮੇ ਦੇ ਲੜਕੇ ਦੇ ਵਿਆਹ ਵੇਖਣ ਆਏ ਹੋਏ ਸਨ। ਉਸ ਤੋਂ ਬਾਅਦ ਉਨ੍ਹਾਂ ਰਾਵੀ ਦਰਿਆ ਵੇਖਣ ਦਾ ਮਨ ਬਣਾ ਲਿਆ।

ਦਰਿਆ ਵੱਲ ਤੁਰ ਪਏ ਪਰ ਰਸਤੇ ਵਿਚ ਮੌਜੂਦ ਪਾਕਿਸਤਾਨੀ ਰੇਂਜਰਾਂ ਨੇ ਉਨ੍ਹਾਂ ਨੂੰ ਜਾਣਬੁਝ ਕੇ ਨਹੀਂ ਰੋਕਿਆ। ਉਹ ਗਲਤੀ ਨਾਲ ਭਾਰਤ ਦੀ ਹੱਦ ਅੰਦਰ ਦਾਖਲ ਹੋ ਗਏ ਜਿਸ ਕਾਰਨ ਬੀ.ਐਸ.ਐਫ. ਨੇ ਫੜ ਲਿਆ।

ਫੜੇ ਗਏ ਪਾਕਿਸਤਾਨੀ ਲੜਕਿਆਂ ਦਾ ਕਹਿਣਾ ਹੈ ਕਿ ਉਹ ਆਪਣੇ ਪਰਿਵਾਰ ਨਾਲ ਫੋਨ ਉਤੇ ਗੱਲ ਕਰਨੀ ਚਾਹੁੰਦੇ ਹਨ ਤੇ ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਜਾਵੇ।

## ਵਿਕਾਸ ਲਈ 51 ਮੁਲਕ ਇਕਜੁਟ

**ਉਲਾਨਬਾਤਰ:** ਦੁਨੀਆਂ ਭਰ 'ਚ ਜਿਥੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਭਾਰਤ ਸਮੇਤ ਏਸ਼ੀਆ ਅਤੇ ਯੂਰਪ ਦੇ 51 ਮੁਲਕਾਂ ਨੇ ਮਜ਼ਬੂਤ ਅਤੇ ਸਥਾਈ ਆਰਥਿਕ ਵਿਕਾਸ ਹਾਸਲ ਕਰਨ ਲਈ ਹਰ ਹਰਬਾ ਵਰਤਣ 'ਤੇ ਸਹਿਮਤੀ ਜਤਾਈ ਹੈ।

ਮੰਗੋਲੀਆ ਦੀ ਰਾਜਧਾਨੀ ਵਿਚ ਦੋ ਦਿਨਾਂ 11ਵੀਂ ਏਸ਼ੀਆ-ਯੂਰਪ ਮੀਟਿੰਗ (ਏ.ਐਸ.ਈ.ਐਮ.) ਦੌਰਾਨ ਵਿਸ਼ਵ ਦੇ ਮੌਜੂਦਾ ਸਿਆਸੀ ਅਤੇ ਸਮਾਜਿਕ-ਆਰਥਿਕ ਹਾਲਾਤ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਆਪਣੇ 13 ਸਫਿਆਂ ਦੇ ਬਿਆਨ ਵਿਚ ਆਗੂਆਂ ਨੇ ਏਸ਼ਿਆਈ ਅਰਥਚਾਰੇ ਨੂੰ ਆਲਮੀ ਵਿਕਾਸ ਦਾ ਧੁਰਾ ਕਰਾਰ ਦਿੱਤਾ। ਭਾਰਤੀ ਵਫ਼ਦ ਦੀ ਅਗਵਾਈ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨੇ ਕੀਤੀ ਸੀ।

ਹੋਰਨਾਂ ਆਲਮੀ ਆਗੂਆਂ 'ਚ ਜਰਮਨ ਚਾਂਸਲਰ ਐਂਜਲਾ ਮਰਕਲ, ਚੀਨੀ ਪ੍ਰਧਾਨ ਮੰਤਰੀ ਲੀ ਕੇਕਿਆਂਗ, ਰੂਸੀ ਪ੍ਰਧਾਨ ਮੰਤਰੀ ਦਮਿੱਤਰੀ ਮੈਦਵੇਦੇਵ ਅਤੇ ਯੂਰਪੀ ਕੌਂਸਲ ਦੇ ਰਾਸ਼ਟਰਪਤੀ ਡੋਨਲਡ ਟਸਕ ਹਾਜ਼ਰ ਸਨ। ਆਗੂਆਂ ਨੇ ਇਹ ਰਜ਼ਾਮੰਦੀ ਪ੍ਰਗਟ ਕੀਤੀ ਕਿ ਏ.ਐਸ.ਈ.ਐਮ. ਮੁਲਕਾਂ ਵਿਚ ਸੰਪਰਕ ਸਾਧਨ ਵਧਾਏ ਜਾਣ ਜਿਸ ਨਾਲ ਜਥੇਬੰਦੀ ਦੀ ਅਹਿਮੀਅਤ ਹੋਰ ਵਧੇਗੀ।

## ਡਰੱਗ ਕੇਸ: ਹਾਈ ਕੋਰਟ ਨੂੰ ਸਰਕਾਰ ਦੀ ਨੀਅਤ 'ਤੇ ਸ਼ੱਕ

**ਚੰਡੀਗੜ੍ਹ:** ਇੰਟਰਨੈਸ਼ਨਲ ਡਰੱਗ ਰੈਕਟ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਫਟਕਾਰ ਲਾਈ ਹੈ। ਹਾਈ ਕੋਰਟ ਨੇ ਕਿਹਾ ਹੈ ਕਿ ਸਿਰਫ ਮੀਟਿੰਗਾਂ ਕਰਨ ਨਾਲ ਕੁਝ ਨਹੀਂ ਹੋਏਗਾ।

ਅਦਾਲਤ ਨੇ ਪੁੱਛਿਆ ਕਿ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਜ਼ਮੀਨੀ ਪੱਧਰ 'ਤੇ ਕੀ ਕੁਝ ਕੀਤਾ ਗਿਆ ਹੈ। ਹਾਈ ਕੋਰਟ ਨੇ ਸਰਕਾਰ ਦੀ ਝਾੜ ਝੰਬ ਕਰਦਿਆਂ ਕਿਹਾ ਕਿ ਕਮੇਟੀ ਬਣਾਉਣ ਦਾ ਕੋਈ ਫਾਇਦਾ ਨਹੀਂ, ਜੇਕਰ ਇਸ ਦਾ ਕੋਈ ਅਸਰਦਾਰ ਨਤੀਜਾ ਸਾਹਮਣੇ ਨਹੀਂ ਆਉਂਦਾ। ਪੰਜਾਬ ਸਰਕਾਰ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਰੈਗੂਲਰ ਮੀਟਿੰਗਾਂ ਤੇ ਸੈਮੀਨਾਰ ਕਰਵਾਏ ਜਾ ਰਹੇ ਹਨ।

ਇਸ ਬਾਰੇ ਮਾਹਿਰਾਂ ਦੀ ਕਮੇਟੀ ਵੀ ਬਣਾਈ ਗਈ ਹੈ। ਸਕੂਲਾਂ ਦੇ ਸਿਲੇਬਸ ਵਿਚ ਵਿਸ਼ਾ ਸ਼ਾਮਲ ਕਰਨ ਲਈ ਕੰਮ ਹੋ ਰਿਹਾ ਹੈ। ਮਾਮਲੇ ਵਿਚ ਸਾਬਕਾ ਡੀ.ਜੀ.ਪੀ. ਜੇਲ੍ਹਾਂ ਸ਼ਸ਼ੀ ਕਾਂਤ ਦੀ ਜਾਨ ਨੂੰ ਖਤਰੇ ਦੇ ਮੁੱਦੇ 'ਤੇ ਹਾਈ ਕੋਰਟ ਨੇ ਪੰਜਾਬ ਤੇ ਚੰਡੀਗੜ੍ਹ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ 24 ਘੰਟਿਆਂ ਵਿਚ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਤਿੰਨ ਅਗਸਤ ਤੱਕ ਟਾਲ ਦਿੱਤੀ ਹੈ।

# ਟਵੂਮਬਾ ਯੂਨੀਵਰਸਿਟੀ ਕੈਂਪਸ 'ਚ ਹੋਇਆ ਸ਼ਾਨਦਾਰ ਪੰਜਾਬੀ ਪ੍ਰੋਗਰਾਮ

**ਟਵੂਮਬਾ, ਕੈਲੀਫੋਰਨੀਆ (ਬਿਊਰੋ):** ਇਥੇ ਯੂਨੀਵਰਸਿਟੀ ਆਫ ਸਾਊਦਰਨ ਕੁਈਨਜ਼ਲੈਂਡ (ਟਵੂਮਬਾ ਕੈਂਪਸ) ਵਿਚ ਪਿਛਲੇ ਦਿਨੀਂ ਇਕ ਖੂਬਸੂਰਤ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਨਾ ਸਿਰਫ ਪੰਜਾਬੀ ਸਭਿਆਚਾਰ ਦੀਆਂ ਨਿਸ਼ਾਨੀਆਂ-ਗਿੱਧਾ ਅਤੇ ਭੰਗੜਾ ਪੇਸ਼ ਕੀਤੇ ਗਏ ਸਗੋਂ ਗੀਤ-ਸੰਗੀਤ ਨਾਲ ਵੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ।

ਪ੍ਰੋਗਰਾਮ ਯੂਨੀਵਰਸਿਟੀ ਦੇ ਮੌਜੂਦਾ ਅਤੇ ਪੁਰਾਣੇ ਵਿਦਿਆਰਥੀਆਂ ਵਲੋਂ ਪੇਸ਼ ਕੀਤਾ ਗਿਆ ਜੋ ਕੋਈ ਪੰਜ ਘੰਟੇ ਚੱਲਿਆ। ਯੂਨੀਵਰਸਿਟੀ ਵਿਚ ਕੀਤਾ ਗਿਆ ਇਹ ਪਹਿਲਾ ਪੰਜਾਬੀ ਪ੍ਰੋਗਰਾਮ ਸੀ। ਨਾਮਵਰ ਪੰਜਾਬੀ ਕਲਾਕਾਰ ਹੈਪੀ ਚਾਹਲ ਨੇ ਪੰਜਾਬੀ ਸਭਿਆਚਾਰ ਦੀ ਨਿਸ਼ਾਨੀ ਗੀਤ ਕਮਾਲ ਦੇ ਤਰੀਕੇ ਨਾਲ ਪੇਸ਼ ਕੀਤੀ। ਬੀਬੀਆਂ ਨੇ ਗਿੱਧੇ ਦਾ ਐਸਾ ਧਮੱਚੜ ਪਾਇਆ ਕਿ ਪੰਜਾਬ ਦੇ ਪੁਰਾਣੇ ਸਮਿਆਂ ਦੇ ਵਿਆਹਾਂ ਦੀ ਯਾਦ ਤਾਜ਼ਾ ਹੋ ਗਈ। ਇਸ ਗਿੱਧੇ ਨੇ ਅਹਿਸਾਸ ਕਰਵਾਇਆ ਕਿ ਅਜੋਕੇ ਪਦਾਰਥਵਾਦੀ ਯੁਗ ਵਿਚ ਕਿਵੇਂ ਅਸੀਂ ਆਪਣੇ ਅਸਲੀ ਸਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ।

ਪ੍ਰੀਤਮ ਸਿੰਘ ਜੋਗਾ ਨੰਗਲ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਪੰਜਾਬੀ ਸਭਿਆਚਾਰ ਦਾ ਆਧਾਰ ਸਿੱਖ ਸਭਿਆਚਾਰ ਵਿਚ ਹੈ, ਕਿਹਾ ਕਿ ਸਿੱਖ ਧਰਮ ਦੇ ਪ੍ਰਕਾਸ਼ ਨਾਲ ਪੰਜਾਬ ਵਿਚ ਲਿਤਾੜੇ ਵਰਗ ਨੂੰ ਉਭਰਨ ਦਾ ਮੌਕਾ ਮਿਲਿਆ। ਗੁਰੂ ਸਾਹਿਬਾਨ ਵੱਲੋਂ ਲਿਆਂਦੇ ਗਏ ਇਸ ਇਨਕਲਾਬ ਨੇ ਪੰਜਾਬ ਦਾ ਚਿਹਰਾ-ਮੋਹਰਾ ਹੀ ਬਦਲ ਦਿੱਤਾ।

ਪੇਸ਼ ਕੀਤੀ ਗਈ ਪੰਜਾਬੀ ਹਾਸ ਰਸੀ ਆਈਟਮ ਨੇ ਦਰਸ਼ਕਾਂ ਦੇ ਹਸਾ ਹਸਾ ਢਿੱਡੀਂ ਪੀੜਾਂ ਪਾ ਦਿੱਤੀਆਂ। ਪੰਜਾਬੀ ਗੱਭਰੂਆਂ ਦੇ ਗਰੁਪ ਨੇ ਬਹੁਤ ਹੀ ਜੋਸ਼ ਭਰਿਆ ਭੰਗੜਾ ਪੇਸ਼ ਕਰ ਕੇ ਬੱਲੇ ਬੱਲੇ ਕਰਵਾਈ। ਹੋਰ ਗੀਤ-ਸੰਗੀਤ ਵੀ ਬਥੇਰਾ ਹੋਇਆ।



ਆਈ ਟੀ ਪ੍ਰੋਫੈਸ਼ਨਲ ਰਣਜੀਤ ਸਿੰਘ ਢਿੱਲੋਂ ਅਤੇ ਉਨ੍ਹਾਂ ਦੀ ਟੀਮ, ਜਿਸ ਵਿਚ ਅੰਗਰੇਜ਼ ਸਿੰਘ, ਕਰਮ ਜੋਸ਼ੀ, ਇਕਬਾਲ ਸਿੰਘ, ਬਲਜੀਤ ਸਿੰਘ, ਪਲਵਿੰਦਰ ਸਿੰਘ, ਸੁਖਦੀਪ ਗਰੇਵਾਲ, ਪਿੰਦਰ ਝੱਜ, ਦੀਦਾਰ ਸਿੰਘ ਆਦਿ ਸ਼ਾਮਲ ਸਨ, ਨੇ ਖਾਣੇ ਤੇ ਚਾਹ-ਪਾਣੀ ਤੋਂ ਇਲਾਵਾ ਹਰ ਤਰ੍ਹਾਂ ਦਾ ਪ੍ਰਬੰਧ ਪੂਰੀ ਮੁਸ਼ਤੈਦੀ ਨਾਲ ਕੀਤਾ। ਮੰਚ ਸੰਚਾਲਨ ਬੀਬੀ ਕੁਲਬੀਰ ਕੌਰ, ਗੁਰਵਿੰਦਰ ਕੌਰ, ਪ੍ਰਭਜੋਤ ਕੌਰ ਤੇ ਨੌਜਵਾਨ ਅਮਨ ਮੋਗਾ ਨੇ ਬਖੂਬੀ ਕੀਤਾ।

ਇਸ ਮੌਕੇ ਸਿੱਖ ਪੰਥ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਧੁਰ ਅੰਦਰ ਤੱਕ ਹਲੂਣ ਦੇਣ ਵਾਲੇ ਬੋਲ ਹਾਜ਼ਰੀਨ ਨੂੰ ਸੁਣਾਏ ਗਏ ਜਿਸ ਦਾ ਸੰਗਤਾਂ ਨੇ ਜੈਕਾਰਿਆਂ ਨਾਲ ਸਵਾਗਤ ਕੀਤਾ। ਟਵੂਮਬਾ ਸਿਟੀ ਕੌਂਸਲ ਵੱਲੋਂ ਮਲਟੀ ਕਲਚਰਲ ਅਫਸਰ ਰੋਬੈਰਤੋ ਗਾਰਸੀਆ ਨੇ ਵੀ ਹਾਜ਼ਰੀ ਭਰ ਕੇ ਸਿਟੀ ਕੌਂਸਲ ਵੱਲੋਂ ਵਧਾਈ ਦਿੱਤੀ। ਅੰਤ ਵਿਚ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਦਿੱਤੇ ਗਏ। ਦਾਨੀ ਸੱਜਣਾਂ ਅਤੇ ਬੱਚਿਆਂ ਨੂੰ ਪ੍ਰੋਗਰਾਮ ਲਈ ਸਿਖਲਾਈ ਦੇਣ ਵਾਲਿਆਂ ਦਾ ਸਨਮਾਨ ਕੀਤਾ ਗਿਆ।

## ਸੁਨੰਦਾ ਹੱਤਿਆ ਕੇਸ 'ਚ ਪਾਕਿ ਪੱਤਰਕਾਰ ਤੋਂ ਪੁੱਛਗਿੱਛ

**ਨਵੀਂ ਦਿੱਲੀ :** ਕਾਂਗਰਸ ਨੇਤਾ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਮੌਤ ਤੋਂ ਕੁਝ ਘੰਟੇ ਪਹਿਲਾਂ ਉਨ੍ਹਾਂ ਦੇ ਨਾਲ ਟਵਿੱਟਰ 'ਤੇ ਹੋਏ ਵਿਵਾਦ 'ਚ ਸ਼ਾਮਲ ਪਾਕਿਸਤਾਨੀ ਪੱਤਰਕਾਰ ਮੇਹਰ ਤਰਾਰ ਤੋਂ ਦਿੱਲੀ ਪੁਲਿਸ ਨੇ ਪੁੱਛਗਿੱਛ ਕੀਤੀ। ਸੂਤਰਾਂ ਨੇ ਦੱਸਿਆ ਕਿ ਫਰਵਰੀ 'ਚ ਵੀ ਮੇਹਰ ਤਰਾਰ ਦੀ ਮਰਜ਼ੀ ਅਨੁਸਾਰ ਨਵੀਂ ਦਿੱਲੀ ਦੇ ਇਕ ਮੁੱਖ ਹੋਟਲ 'ਚ ਉਨ੍ਹਾਂ ਤੋਂ ਪੁੱਛਗਿੱਛ ਹੋਈ ਸੀ। ਮਾਮਲੇ ਦੀ ਜਾਂਚ ਕਰ ਰਹੇ ਵਿਸ਼ੇਸ਼ ਜਾਂਚ ਦਲ ਐਸ.ਆਈ.ਟੀ. ਨੇ ਮਹਿਲਾ ਪੁਲਿਸ ਕਰਮਚਾਰੀਆਂ ਦੀ ਮੌਜੂਦਗੀ 'ਚ ਉਨ੍ਹਾਂ ਤੋਂ ਪੁੱਛਗਿੱਛ ਕੀਤੀ।

## ਅਮਰੀਕਾ ਨੇ 54 ਭਾਰਤੀ ਬੇਰੰਗ ਮੋੜੇ

**ਵਾਸ਼ਿੰਗਟਨ:** ਅਮਰੀਕਾ ਨੇ ਅਪਰੈਲ ਵਿਚ 54 ਭਾਰਤੀਆਂ ਨੂੰ ਵਾਪਸ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਕੁਝ ਹੋਰ ਭਾਰਤੀਆਂ ਨੂੰ ਇਸ ਮਹੀਨੇ ਹੀ ਵਾਪਸ ਭੇਜਿਆ ਜਾਵੇਗਾ। ਭਾਰਤ ਨੇ ਟਰੈਵਲ ਦਸਤਾਵੇਜ਼ ਜਾਰੀ ਕਰਨ ਦੀ ਨੀਤੀ ਵਿਚ ਕੁਝ ਬਦਲਾਅ ਕੀਤੇ ਹਨ। ਕੌਂਸਲਰ ਮਾਮਲਿਆਂ ਦੇ ਸਹਾਇਕ ਸਕੱਤਰ ਮਿਸ਼ੇਲ ਥੌਰਨ ਬਾਂਡ ਨੇ ਕਾਨੂੰਨ ਘਾੜਿਆਂ ਨੂੰ ਦੱਸਿਆ ਕੀ ਭਾਰਤ ਇਸ ਬਾਰੇ ਕਾਰਵਾਈ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ 54 ਭਾਰਤੀ ਮੂਲ ਦੇ ਵਿਅਕਤੀਆਂ ਨੂੰ ਚਾਰਟਰ ਫਲਾਈਟ ਰਾਹੀਂ ਅਪਰੈਲ 2016 ਵਿਚ ਭਾਰਤ ਵਾਪਸ ਭੇਜਿਆ ਗਿਆ ਹੈ। ਜੁਲਾਈ 2016 ਵਿਚ ਹੋਰ ਭਾਰਤੀਆਂ ਨੂੰ ਵਾਪਸ ਭੇਜਣ ਲਈ ਭਾਰਤ ਸਰਕਾਰ ਵੱਲੋਂ ਚਾਰਟਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਕੁੱਲ 23 ਦੇਸ਼ਾਂ ਨੂੰ, ਜਿਨ੍ਹਾਂ ਵਿਚ ਭਾਰਤ ਤੇ ਚੀਨ ਵੀ ਸ਼ਾਮਲ ਹਨ, ਪੱਤਰ ਲਿਖਿਆ ਗਿਆ ਸੀ। ਇਸ ਵਿਚ ਕਿਹਾ ਗਿਆ ਸੀ ਕਿ ਇਹ ਦੇਸ਼ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਵਾਪਸ ਲੈਣ ਲਈ ਕਾਰਵਾਈ ਨਹੀਂ ਕਰ ਰਹੇ ਹਨ। ਇਸ ਤੋਂ ਬਾਅਦ ਭਾਰਤ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ ਹੈ।

## ਧੱਕੇ ਨਾਲ ਹੀ 'ਸਵਾਮੀ' ਬਣ ਬੈਠੇ ਸੰਸਦੀ ਸਕੱਤਰ

**ਨਵੀਂ ਦਿੱਲੀ:** ਭਾਰਤੀ ਸੰਵਿਧਾਨ ਵਿਚ ਸੰਸਦੀ ਸਕੱਤਰਾਂ ਦੀ ਨਿਯੁਕਤੀ ਲਈ ਕੋਈ ਕਾਨੂੰਨੀ ਤਜਵੀਜ਼ ਨਹੀਂ ਹੈ। ਗ੍ਰਹਿ ਮੰਤਰਾਲੇ ਨੇ ਅਦਾਲਤ ਨੂੰ ਦੱਸਿਆ ਹੈ ਕਿ ਪਾਰਲੀਮਾਨੀ ਸਕੱਤਰਾਂ ਦੇ ਅਹੁਦੇ ਦੀ ਤਜਵੀਜ਼ ਨਾ ਤਾਂ ਭਾਰਤ ਦੇ ਸੰਵਿਧਾਨ ਵਿਚ ਅਤੇ ਨਾ ਹੀ 'ਦਿੱਲੀ ਵਿਧਾਨ ਸਭਾ ਮੈਂਬਰ (ਬਰਖਾਸਤਗੀ ਰੋਕੂ) ਐਕਟ 1997' ਵਿਚ ਹੈ। ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ 21 ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਕਾਨੂੰਨ ਦੀਆਂ ਮੌਜੂਦਾ ਤਜਵੀਜ਼ਾਂ ਤਹਿਤ ਦਿੱਲੀ ਵਿਚ ਸਿਰਫ ਮੁੱਖ ਮੰਤਰੀ ਨਾਲ ਇਕ ਪਾਰਲੀਮਾਨੀ ਸਕੱਤਰ ਲਾਇਆ ਜਾ ਸਕਦਾ ਹੈ।

ਇਸ ਕਾਰਨ 21 ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਲਈ 13 ਮਾਰਚ 2015 ਨੂੰ ਜਾਰੀ ਹੁਕਮ ਇਸ ਕਾਨੂੰਨ ਅਧੀਨ ਨਹੀਂ ਆਉਂਦਾ। ਗ੍ਰਹਿ ਮੰਤਰਾਲੇ ਦੇ ਵਕੀਲ ਜਸਮੀਤ ਸਿੰਘ ਨੇ ਇਹ ਦਲੀਲ ਹਲਫਨਾਮੇ ਰਾਹੀਂ ਉਸ ਨੋਟਿਸ ਦੇ ਜਵਾਬ ਵਿਚ ਦਿੱਤੀ, ਜਿਸ ਵਿਚ ਅਦਾਲਤ ਨੇ ਇਕ ਐਨ.ਜੀ.ਓ ਵੱਲੋਂ ਦਾਇਰ ਜਨਹਿੱਤ ਪਟੀਸ਼ਨ 'ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਸੀ। ਇਸ ਪਟੀਸ਼ਨ ਰਾਹੀਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ 13 ਮਾਰਚ ਦੇ 21 ਵਿਧਾਇਕਾਂ ਨੂੰ ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਹਲਫਨਾਮੇ ਵਿਚ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਦਿੱਲੀ ਸਰਕਾਰ 'ਦਿੱਲੀ ਵਿਧਾਨ ਸਭਾ ਦੇ ਮੈਂਬਰ (ਬਰਖਾਸਤਗੀ ਰੋਕੂ) ਐਕਟ' ਵਿਚ ਸੋਧ ਨਾਲ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਰਾਸ਼ਟਰਪਤੀ ਨੇ ਇਸ ਸੋਧ ਬਿੱਲ ਨੂੰ ਮਨਜ਼ੂਰੀ ਰੋਕੀ ਹੋਈ ਹੈ। ਦਿੱਲੀ ਸਰਕਾਰ ਨੇ ਕਿਹਾ ਕਿ ਇਨ੍ਹਾਂ ਵਿਧਾਇਕਾਂ ਦੀ ਬਰਖ਼ਾਸਤਗੀ ਦੀ ਪਟੀਸ਼ਨ ਚੋਣ ਕਮਿਸ਼ਨ ਦੇ ਵਿਚਾਰਅਧੀਨ ਹੈ।




# ਨਾਟਕ 'ਕਿਸਾਨ ਖੁਦਕਸ਼ੀ ਦੇ ਮੋੜ 'ਤੇ' ਨੇ ਉਭਾਰਿਆ ਕਿਸਾਨਾਂ ਦਾ ਦੁਖਾਂਤ

ਯੂਨੀਅਨ ਸਿਟੀ (ਬਿਊਰੋ): ਪੰਜਾਬ ਵਿਚ ਖੁਦਕੁਸ਼ੀਆਂ ਦੇ ਰਾਹ ਪਏ ਆਰਥਿਕ ਮੰਦਵਾੜੇ ਦੇ ਸ਼ਿਕਾਰ ਕਿਸਾਨਾਂ ਦਾ ਦੁਖਾਂਤ ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਖੇਡੇ ਗਏ ਨਾਟਕ 'ਕਿਸਾਨ ਖੁਦਕਸ਼ੀ ਦੇ ਮੋੜ 'ਤੇ' ਵਿਚ ਬੜੀ ਮੁਸ਼ਤੈਦੀ ਨਾਲ ਉਭਾਰਿਆ ਗਿਆ ਹੈ। ਇਹ ਨਾਟਕ ਲੰਘੀ 2 ਜੁਲਾਈ ਨੂੰ ਇਥੇ ਜੇਮਜ਼ ਲੋਗਨ ਹਾਈ ਸਕੂਲ ਦੇ ਥੀਏਟਰ ਵਿਚ ਅਭਿਰਾਜ ਪ੍ਰੋਡਕਸ਼ਨ ਵਲੋਂ ਪੇਸ਼ ਕੀਤਾ ਗਿਆ ਜੋ ਦਰਸ਼ਕਾਂ ਨੂੰ ਬੇਹਦ ਪ੍ਰਭਾਵਿਤ ਕਰਨ ਵਿਚ ਕਾਮਯਾਬ ਰਿਹਾ। ਲੌਂਗ ਵੀਕਐਂਡ ਹੋਣ ਦੇ ਬਾਵਜੂਦ ਦਰਸ਼ਕ ਹੁਮ ਹੁਮਾ ਕੇ ਪੁੱਜੇ।


ਅੰਨ ਦਾਤਾ ਕਿਹਾ ਜਾਣ ਵਾਲਾ ਕਿਸਾਨ ਅੱਜ ਖੁਦਕੁਸ਼ੀ ਕਰਨ ਲਈ ਮਜਬੂਰ ਕਿਉਂ ਹੈ? ਇਨ੍ਹਾਂ ਸਵਾਲਾਂ ਦੀਆਂ ਪਰਤਾਂ ਖੋਲ੍ਹਦਾ ਹੈ ਇਹ ਨਾਟਕ। ਸਾਰੇ ਹੀ ਕਲਾਕਾਰ ਆਪਣੇ ਪਾਤਰਾਂ ਨਾਲ ਇਨਸਾਫ ਕਰਨ ਵਿਚ ਸਫਲ ਰਹੇ। ਨਾਟਕ ਦੇ ਮੁੱਖ ਪਾਤਰ ਬਚਿੱਤਰ ਸਿੰਘ ਦੇ ਰੋਲ ਵਿਚ ਜਸਵੰਤ ਸਿੰਘ ਸ਼ਾਦ ਇੱਕ ਵੱਖਰੇ ਹੀ ਰੂਪ ਵਿਚ ਸਾਰੇ ਨਾਟਕ 'ਤੇ ਛਾਇਆ ਰਿਹਾ। ਬਚਿੱਤਰ ਸਿੰਘ ਦੀ ਪਤਨੀ ਨਿਹਾਲ ਕੌਰ ਦੇ ਰੂਪ ਵਿਚ ਉਘੀ ਕਲਾਕਾਰ ਡਿੰਪਲ ਬੈਂਸ ਨੇ ਇੱਕ ਅਧਖੜ ਪੇਂਡੂ ਔਰਤ ਦੇ ਕਿਰਦਾਰ ਨੂੰ ਬਾਖੂਬੀ ਨਿਭਾਇਆ।

ਬਚਿੱਤਰ ਸਿੰਘ ਦੇ ਹਮਦਰਦ ਭਾਨੇ ਅਮਲੀ ਦੇ ਰੂਪ ਵਿਚ ਆਏ ਅਸ਼ੋਕ ਟਾਂਗਰੀ ਨੇ ਲੋਟੂ ਨਿਜ਼ਾਮ ਉਤੇ ਕਰਾਰੀਆਂ ਚੋਟਾਂ ਕਰਦਿਆਂ ਆਪਣੀ ਦਮਦਾਰ ਅਦਾਕਾਰੀ ਨਾਲ ਦਰਸ਼ਕਾਂ ਨੂੰ ਖੂਬ ਹਸਾਇਆ। ਧੀ ਗੀਤੀ ਦੇ ਰੂਪ ਵਿਚ ਅਮਰੀਕਾ ਦੀ ਜੰਮਪਲ ਜਾਨਵੀ ਬੈਂਸ ਨੇ ਕਮਾਲ ਈ ਕਰ ਦਿੱਤੀ। ਬਚਿੱਤਰ ਦੇ ਅੱਲ੍ਹੜ ਉਮਰ ਦੇ ਮੁੰਡੇ ਦੇ ਰੋਲ ਵਿਚ ਜੱਸੀ ਢਿੱਲੋਂ ਵੱਖਰੀ ਛਾਪ ਛੱਡ ਗਿਆ। ਭੱਈਏ ਦੇ ਰੂਪ ਵਿਚ ਸੋਨੂੰ ਬੈਂਸ ਵੀ ਖੂਬ ਰਿਹਾ। ਸੁਖਚੈਨ ਸਿੰਘ ਦੇ ਰੂਪ ਵਿਚ ਤਾਰਾ ਸਿੰਘ ਸਾਗਰ ਤੇ ਸੀਤੇ ਦੇ ਕਿਰਦਾਰ ਵਿਚ ਸਿਕੰਦਰ ਟਾਂਗਰੀ ਵੀ ਭਰਪੂਰ ਹਾਜ਼ਰੀ ਲਵਾ ਗਏ।



ਨਾਟਕ ਦੇ ਕੁਝ ਸੀਨ ਇੰਨੇ ਦਿਲ ਵਿੰਨਵੇਂ ਸਨ ਕਿ ਦਰਸ਼ਕਾਂ ਦੀ ਅੱਖ ਸਿੱਲ੍ਹੀ ਹੋਏ ਬਿਨਾ ਨਾ ਰਹੀ। ਇਸ ਟੀਮ ਨੇ ਪਿਛਲੇ ਸਾਲ ਕੈਲੀਫੋਰਨੀਆ ਵਿਚ ਨਾਟਕ 'ਧੀਆਂ ਮਰ ਜਾਣੀਆਂ' ਦੇ ਪੰਜ ਸਫਲ ਸ਼ੋਅ ਕਰਕੇ ਹਜ਼ਾਰਾਂ ਦਰਸ਼ਕਾਂ ਦੇ ਮਨ ਮੋਹ ਲਏ ਸਨ। ਕੁਝ ਦਰਸ਼ਕਾਂ ਦਾ ਵਿਚਾਰ ਸੀ ਕਿ ਇਹ ਨਾਟਕ ਉਸ ਤੋਂ ਵੀ ਵੱਧ ਧੂਹ ਪਾਉਣ ਵਾਲਾ ਹੈ। ਕੁਲਦੀਪ ਸਿੰਘ ਦੀਪ ਇਸ ਨਾਟਕ ਦੇ ਲੇਖਕ ਹਨ ਅਤੇ ਪ੍ਰੋਡਿਊਸਰ ਸਨ ਤਾਰਾ ਸਿੰਘ ਸਾਗਰ। ਸੰਗੀਤ ਅਭਿਰਾਜ ਟਾਂਗਰੀ ਨੇ ਦਿੱਤਾ। ਸੈਟ ਡਿਜ਼ਾਈਨ ਅਤੇ ਸਟੇਜ ਕੰਟਰੋਲ ਕੀਤਾ ਜਸਪ੍ਰੀਤ ਟਾਂਗਰੀ ਨੇ। ਸਾਊਂਡ ਵਿਜੇ ਦਾ ਸੀ। ਢੁਕਵੇਂ ਸ਼ਬਦਾਂ ਨਾਲ ਸਟੇਜ ਸੰਚਾਲਨ ਕੀਤਾ ਹਰਦਿਲ ਅਜ਼ੀਜ਼ ਹਰਜੀਤ ਕੌਰ ਉਪਲ ਨੇ। ਨਾਟਕ ਦੇ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਸਹਾਇਤਾ ਸੰਸਥਾ ਵਲੋਂ ਆਏ ਦਲਜੀਤ ਸਿੰਘ ਖਹਿਰਾ ਨੇ ਵੀ ਸੰਸਥਾ ਵਲੋਂ ਕਿਸਾਨਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਚਾਨਣਾ ਪਾਇਆ।







(ਤਸਵੀਰਾਂ: ਰਾਜ ਬਡਵਾਲ)

# ਜੇਲ੍ਹਾਂ 'ਚ ਬੰਦ ਪੰਜਾਬੀ ਮੁੰਡਿਆਂ ਦੀ ਸਾਰ ਲੈ ਰਹੇ ਹਨ ਬਲਵੰਤ ਸਿੰਘ ਔਲਖ

ਪਰਵਾਸ ਮਨੁੱਖ ਦਾ ਕੁਦਰਤੀ ਸੁਭਾਅ ਹੈ। ਬੰਦਾ ਚੰਗੇ ਭਵਿੱਖ ਦੀ ਆਸ ਲਈ ਸਦੀਆਂ ਤੋਂ ਪਰਵਾਸ ਕਰਦਾ ਆਇਆ ਹੈ। ਵਿਕਸਿਤ ਮੁਲਕਾਂ ਵਿਚ ਪਹੁੰਚ ਕੇ ਆਪਣਾ ਭਵਿੱਖ ਸੁਨਹਿਰਾ ਬਣਾਉਣ ਦਾ ਖਿਆਲ ਭਾਵੇਂ ਮਾੜਾ ਨਹੀਂ ਪਰ ਕਈਆਂ ਨੂੰ ਇਹ ਮਹਿੰਗਾ ਪੈ ਜਾਂਦਾ ਹੈ। ਖਾਸ ਕਰਕੇ ਉਦੋਂ ਜਦੋਂ ਲੋੜੀਂਦੇ ਦਸਤਾਵੇਜ਼ਾਂ ਤੋਂ ਬਿਨਾ ਜਾਂ ਗੈਰ-ਕਾਨੂੰਨੀ ਤਰੀਕੇ ਕਿਸੇ ਦੇਸ਼ ਦੀ ਸਰਹੱਦ ਉਲੰਘਣ ਦੀ ਕੋਸ਼ਿਸ਼ ਕੀਤੀ ਜਾਵੇ।

**ਜਸਵੰਤ ਸਿੰਘ ਸ਼ਾਦ**
**ਫੋਨ: 209-992-7185**

ਅਜਿਹਾ ਹੀ ਵਾਪਰ ਰਿਹਾ ਹੈ ਭਾਰਤੀ ਪੰਜਾਬ ਤੋਂ ਆਉਣ ਵਾਲੇ ਹਜ਼ਾਰਾਂ ਨੌਜਵਾਨਾਂ ਨਾਲ। ਬਿਨਾ ਵੀਜ਼ਾ ਅਮਰੀਕਾ 'ਚ ਦਾਖਲ ਹੋਣ ਵਾਲੇ ਹਜ਼ਾਰਾਂ ਪੰਜਾਬੀ (ਜਿਨ੍ਹਾਂ ਵਿਚ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੀ ਹੈ) ਅੱਜ ਕੱਲ ਅਮਰੀਕਾ ਦੀਆਂ ਸੱਤ ਜੇਲ੍ਹਾਂ (ਡਿਟੈਨਸ਼ਨ ਸੈਂਟਰਾਂ) ਵਿਚ ਕੈਦ ਹਨ। ਇਨ੍ਹਾਂ ਵਿਚੋਂ ਬਹੁਤੇ ਨੌਜਵਾਨ ਜ਼ਮਾਨਤ ਨਾ ਮਿਲਣ ਕਾਰਨ ਆਪਣੀ ਜ਼ਿੰਦਗੀ ਦੇ 2-3 ਸਾਲ ਜਾਂ ਇਸ ਤੋਂ ਵੀ ਵੱਧ ਵਰ੍ਹੇ ਜੇਲ੍ਹਾਂ ਵਿਚ ਗੁਜ਼ਾਰ ਚੁੱਕੇ ਹਨ। ਹਾਲਾਤ ਇਹ ਹਨ ਕਿ ਇਨ੍ਹਾਂ ਦੇ ਕਿਸੇ ਸਬੰਧੀ ਨੂੰ ਵੀ ਮਿਲਣ ਦੀ ਆਗਿਆ ਨਹੀਂ ਹੈ। ਸਿਰਫ ਵਕੀਲ ਹੀ ਮਿਲ ਸਕਦਾ ਹੈ। ਇਹ ਨੌਜਵਾਨ ਸਿਰਫ ਜੇਲ੍ਹ ਦੀ ਚਾਰ ਦੀਵਾਰੀ ਤੱਕ ਸੀਮਤ ਹੋ ਕੇ ਰਹਿ ਗਏ ਹਨ। ਬਾਹਰੀ ਦੁਨੀਆਂ ਨਾਲ ਇਨ੍ਹਾਂ ਦਾ ਕੋਈ ਨਾਤਾ ਨਹੀਂ ਹੈ। ਖਾਸ ਤੌਰ 'ਤੇ ਪੰਜਾਬ ਦੀ ਕੋਈ ਵੀ ਖਬਰ ਇਨ੍ਹਾਂ ਤੱਕ ਨਹੀਂ ਪਹੁੰਚਦੀ।

ਜਿਨ੍ਹਾਂ ਸੱਤ ਜੇਲ੍ਹਾਂ ਦੀ ਅਸੀਂ ਗੱਲ ਕੀਤੀ ਹੈ, ਇਨ੍ਹਾਂ ਵਿਚੋਂ ਟਕੋਮਾ ਨੌਰਥ ਵੈਸਟ ਡਿਟੈਨਸ਼ਨ ਸੈਂਟਰ (ਵਾਸ਼ਿੰਗਟਨ) ਦੇ ਪੰਜਾਬੀ ਕੈਦੀਆਂ ਦੀ ਹਾਲਤ ਕੁਝ ਬਿਹਤਰ ਤੇ ਵੱਖਰੀ ਹੈ ਕਿਉਂਕਿ ਗੁਰਦੁਆਰਾ ਸਿੱਖ ਸੈਂਟਰ ਆਫ ਬੌਥਲ (ਸਿਆਟਲ) ਦੇ ਸੇਵਾਦਾਰ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਇਨ੍ਹਾਂ ਕੈਦੀਆਂ ਦੀ ਹਰ ਸੰਭਵ ਮਦਦ ਕਰਕੇ ਉਨ੍ਹਾਂ ਦੇ ਬਿਖੜੇ ਰਾਹਾਂ ਵਿਚੋਂ ਕੁਝ ਰੋੜੇ ਹਟਾਉਣ ਵਿਚ ਕਾਮਯਾਬ ਹੋਏ ਹਨ।

ਹੋਇਆ ਇੰਜ ਕਿ ਗੁਰਦੁਆਰਾ ਸਾਹਿਬ ਦੇ ਅਣਥੱਕ ਸੇਵਾਦਾਰ ਬਲਵੰਤ ਸਿੰਘ ਔਲਖ ਨੇ ਜਦੋਂ ਇਨ੍ਹਾਂ ਕੈਦੀਆਂ ਦੀ ਮਦਦ ਕਰਨ ਦਾ ਫੈਸਲਾ ਕੀਤਾ ਤਾਂ ਇਹ ਕਾਰਜ ਇੰਨਾ ਸੌਖਾ ਨਹੀਂ ਸੀ। ਬਲਵੰਤ ਸਿੰਘ ਨੇ ਇਨ੍ਹਾਂ ਕੈਦੀਆਂ ਤੱਕ ਪਹੁੰਚ ਕਰਨ ਲਈ ਜੇਲ੍ਹ ਵਿਚ ਇੱਕ ਵਾਲੰਟੀਅਰ ਵਜੋਂ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਇਨ੍ਹਾਂ ਕੈਦੀਆਂ ਨੂੰ ਬਾਹਰਲੀ ਦੁਨੀਆਂ ਨਾਲ ਜੋੜੀ ਰੱਖਣ ਲਈ ਪੰਜਾਬੀ ਅਖਬਾਰਾਂ ਮੁਹੱਈਆ ਕਰਵਾਈਆਂ। ਬਹੁਤ ਹੀ ਬੇਆਸ ਤੇ ਨਿਰਾਸ਼ ਹੋ ਚੁੱਕੇ ਇਨ੍ਹਾਂ ਵੀਰਾਂ ਦਾ ਮਨੋਬਲ ਉਚਾ ਚੁੱਕਣ ਲਈ ਗੁਰੂ ਦਾ ਓਟ ਆਸਰਾ ਲੈਣ ਲਈ ਹਰ ਸਨਿਚਰਵਾਰ ਸ਼ਾਮ ਨੂੰ ਰਹਿਰਾਸ ਦਾ ਪਾਠ ਤੇ ਫਿਰ ਅਰਦਾਸ ਕੀਤੀ ਜਾਂਦੀ ਹੈ। ਪਿਛਲੇ ਤਿੰਨ ਸਾਲਾਂ ਤੋਂ ਜੇਲ੍ਹ ਵਿਚ ਹੀ ਵਿਸਾਖੀ ਮਨਾਈ ਜਾ ਰਹੀ ਹੈ ਤੇ ਲੰਗਰ ਵੀ ਲਾਏ ਜਾਂਦੇ ਹਨ। ਸਭ ਤੋਂ ਵੱਡੀ ਗੱਲ ਕਿ ਹੁਣ ਤੱਕ ਕੋਈ ਤਿੰਨ ਸੌ ਦੇ ਕਰੀਬ ਕੈਦੀਆਂ ਨੂੰ ਜ਼ਰੂਰੀ ਮਦਦ ਮੁਹੱਈਆ ਕਰਵਾ ਕੇ ਰਿਹਾ ਕਰਵਾਇਆ ਜਾ ਚੁੱਕਾ ਹੈ।

ਬਲਵੰਤ ਸਿੰਘ ਔਲਖ ਦੇ ਇਸ ਕਾਰਜ ਵਿਚ ਸਹਿਯੋਗੀ ਅਤੇ ਇਸੇ ਗੁਰਦੁਆਰਾ ਸਾਹਿਬ ਦੇ ਹੀ ਸੇਵਾਦਾਰ ਸੁਖਚੈਨ ਸਿੰਘ ਸੰਧੂ ਅਨੁਸਾਰ, "ਬਲਵੰਤ ਸਿੰਘ ਇਨ੍ਹਾਂ ਕੈਦੀਆਂ ਦੀ ਸੇਵਾ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ। ਮੀਂਹ ਆਵੇ, ਹਨੇਰੀ ਆਵੇ, ਕੋਈ ਵਿਆਹ ਹੋਵੇ ਜਾਂ ਪਾਰਟੀ, ਬਲਵੰਤ ਸਿੰਘ ਹਰ ਸਨਿਚਰਵਾਰ ਸ਼ਾਮ ਨੂੰ ਜੇਲ੍ਹ ਵਿਚ ਇਨ੍ਹਾਂ ਕੈਦੀਆਂ ਨੂੰ ਮਿਲਣ ਤੇ ਮਦਦ ਕਰਨ ਲਈ ਜ਼ਰੂਰ ਪਹੁੰਚਦੇ ਹਨ।"

ਸ. ਸੰਧੂ ਅਨੁਸਾਰ ਇਸ ਕਾਰਜ ਪਿੱਛੇ ਸਾਡੀ ਸੋਚ ਸਿਰਫ ਇਹ ਹੈ ਕਿ ਦੁੱਖ ਵੇਲੇ ਕਿਸੇ ਦੇ ਕੰਮ ਆਉਣਾ ਹੀ ਮਾਨਵਤਾ ਦੀ ਸਹੀ ਸੇਵਾ ਹੈ। ਲੋੜਵੰਦ ਦੀ ਮਦਦ ਕਰਨਾ ਤੇ ਨਿਰਬਲ ਦੇ ਨਾਲ ਖੜ੍ਹਨਾ ਹੀ ਸਿੱਖੀ ਦਾ ਮੁੱਢਲਾ ਅਸੂਲ ਹੈ।

ਸ. ਔਲਖ ਨੇ ਆਪਣੇ ਇਸ ਸੇਵਾ ਕਾਰਜ ਬਾਰੇ ਦੱਸਿਆ, "ਭਾਵੇਂ ਅੱਜ ਅਸੀਂ ਬਹੁਤ ਸਾਰੇ ਸੇਵਾ ਕਾਰਜ ਨਿਭਾ ਰਹੇ ਹਾਂ ਪਰ ਇਨ੍ਹਾਂ ਵੀਰਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਪਤਾ ਨਹੀਂ ਕਿਨ੍ਹਾਂ ਹਾਲਤਾਂ ਵਿਚ ਇਨ੍ਹਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੋਵੇ। ਆਪਣੀ ਜ਼ਿੰਦਗੀ ਦੇ ਕੀਮਤੀ ਵਰ੍ਹੇ ਉਹ ਜੇਲਾਂ ਵਿਚ ਗਵਾ ਰਹੇ ਹਨ। ਸਿਰਫ ਠੀਕ ਪੈਰਵਾਈ ਨਾ ਹੋਣ ਕਰਕੇ ਉਹ ਵੱਡੀ ਸਜ਼ਾ ਭੁਗਤਣ ਲਈ ਮਜਬੂਰ ਹਨ।"

ਸ. ਔਲਖ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਅਮਰੀਕਾ ਦੇ ਡਿਟੈਨਸ਼ਨ ਸੈਂਟਰਾਂ ਵਿਚ ਹਜ਼ਾਰਾਂ ਪੰਜਾਬੀ ਮੁੰਡੇ-ਕੁੜੀਆਂ ਗਲਣ ਸੜਨ ਲਈ ਮਜਬੂਰ ਹਨ, ਸੋ ਸਾਨੂੰ ਆਪੋ ਆਪਣੀ ਸਟੇਟ ਵਿਚ ਪੈਂਦੇ ਡਿਟੈਨਸ਼ਨ ਸੈਂਟਰ ਵਿਚ ਰੁਲ ਰਹੇ ਇਨ੍ਹਾਂ ਕੈਦੀਆਂ ਦੀ ਸਾਰ ਲੈਣੀ ਚਾਹੀਦੀ ਹੈ। ਗੁਰਦੁਆਰਾ ਕਮੇਟੀਆਂ ਤੇ ਉਨ੍ਹਾਂ ਦੇ ਸੇਵਾਦਾਰ ਥੋੜੇ ਜਿਹੇ ਉਦਮ ਨਾਲ ਹੀ ਇਹ ਵੱਡੀ ਸੇਵਾ ਕਮਾ ਸਕਦੇ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਸ. ਔਲਖ ਨਾਲ ਫੋਨ: 206-571-7777 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਭਾਸ਼ਣ ਮੁਕਾਬਲੇ 7 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹਾਦਤ ਨੂੰ ਸਮਰਪਿਤ ਭਾਸ਼ਣ ਮੁਕਾਬਲੇ 7 ਅਗਸਤ ਨੂੰ ਇਥੇ ਇੰਡੀਅਨ ਓਵਨ ਰੈਸਟੋਰੈਂਟ ਵਿਚ ਬਾਅਦ ਦੁਪਹਿਰ 2 ਵਜੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਫੈਸਲਾ ਫੋਰਮ ਦੀ ਬੀਬੀ ਸੁਖਜਿੰਦਰ ਕੌਰ ਢਿੱਲੋਂ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਦੇ ਸ਼ੁਰੂ ਵਿਚ ਦੁਨੀਆਂ ਵਿਚ ਵੱਖ ਵੱਖ ਥਾਂਈਂ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



ਸੰਸਥਾ ਦੇ ਮੈਂਬਰ ਮੀਟਿੰਗ ਤੋਂ ਬਾਅਦ

ਫੋਰਮ ਵਲੋਂ ਜਾਰੀ ਇਕ ਬਿਆਨ ਅਨੁਸਾਰ ਭਾਸ਼ਣ ਮੁਕਾਬਲੇ ਵੱਖ ਵੱਖ ਗਰੁਪਾਂ ਵਿਚ ਹੋਣਗੇ। ਗਰੁਪ 'ਏ' 'ਚ ਪ੍ਰੀ ਐਲੀਮੈਂਟਰੀ ਤੋਂ ਐਲੀਮੈਂਟਰੀ ਸਕੂਲ ਦੇ ਵਿਦਿਆਰਥੀ (ਸਮਾਂ 4 ਮਿੰਟ, ਵਿਸ਼ਾ-ਭਾਰਤੀ ਆਜ਼ਾਦੀ ਘੁਲਾਟੀਆਂ ਦੇ ਜੀਵਨ), ਗਰੁਪ 'ਬੀ' ਵਿਚ ਮਿਡਲ ਸਕੂਲ ਦੇ ਵਿਦਿਆਰਥੀ (ਸਮਾਂ 4 ਮਿੰਟ, ਵਿਸ਼ਾ-ਭਾਰਤ ਦੀ ਅਜ਼ਾਦੀ ਦੀ ਲਹਿਰ, ਗਦਰ ਪਾਰਟੀ ਲਹਿਰ ਜਾਂ ਆਈ ਐਨ ਏ ਮੂਵਮੈਂਟ), ਗਰੁਪ 'ਸੀ' ਵਿਚ ਹਾਈ ਸਕੂਲ ਦੇ ਵਿਦਿਆਰਥੀ (ਸਮਾਂ 3 ਤੋਂ 5 ਮਿੰਟ, ਵਿਸ਼ਾ-ਨੌਜਵਾਨਾਂ 'ਚ ਡਿਪਰੈਸ਼ਨ ਅਤੇ ਆਤਮ ਹੱਤਿਆਵਾਂ ਦੇ ਕਾਰਨ, ਪ੍ਰਭਾਵ ਅਤੇ ਇਨ੍ਹਾਂ ਨੂੰ ਘਟਾਉਣਾ) ਅਤੇ ਗਰੁਪ 'ਡੀ' 'ਚ ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ (ਸਮਾਂ 3-5 ਮਿੰਟ, ਵਿਸ਼ਾ-ਅਮਰੀਕੀ ਸਮਾਜ 'ਚ ਸਮੂਹਿਕ ਗੋਲੀਬਾਰੀ ਅਤੇ ਇਸ ਨੂੰ ਘੱਟ ਕਰਨ ਦੇ ਢੰਗ) ਭਾਗ ਲੈ ਸਕਣਗੇ।

ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪਾਰਟੀਸੀਪੇਸ਼ਨ ਐਵਾਰਡ ਦਿੱਤਾ ਜਾਵੇਗਾ ਜਦਕਿ 'ਏ' ਅਤੇ 'ਬੀ' ਗਰੁਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਕ੍ਰਮਵਾਰ $150, $100 ਅਤੇ $75 ਅਤੇ 'ਸੀ' ਅਤੇ 'ਡੀ' ਗਰੁਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਕ੍ਰਮਵਾਰ $200, $150 ਅਤੇ $100 ਨਕਦ ਇਨਾਮ ਵਜੋਂ ਦਿੱਤੇ ਜਾਣਗੇ। ਭਾਸ਼ਣ ਮੁਕਾਬਲੇ ਸਬੰਧੀ ਹਰਜਿੰਦਰ ਢੇਸੀ (ਫੋਨ: 559-618-0156) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਲੀਫੋਰਨੀਆ ਦੇ ਸਕੂਲੀ ਪਾਠਕ੍ਰਮ ਦਾ ਹਿੱਸਾ ਬਣੇਗਾ ਭਾਰਤ ਦਾ ਇਤਿਹਾਸ

**ਵਾਸ਼ਿੰਗਟਨ:** ਕੈਲੀਫੋਰਨੀਆ ਦੇ ਸਿੱਖਿਆ ਬੋਰਡ ਨੇ ਸਕੂਲਾਂ ਵਿਚ ਪਾਠਕ੍ਰਮ ਦੇ ਅਜਿਹੇ ਨਵੇਂ ਖਰੜੇ ਨੂੰ ਪ੍ਰਵਾਨਗੀ ਦਿੱਤੀ ਹੈ ਜਿਸ ਵਿਚ ਪ੍ਰਾਚੀਨ ਭਾਰਤ ਅਤੇ ਹਿੰਦੂਵਾਦ ਬਾਰੇ ਵਿਸ਼ਾ ਵਸਤੂ ਸ਼ਾਮਲ ਹੋਵੇਗਾ। ਨਵੇਂ ਪਾਠਕ੍ਰਮ ਵਿਚ ਇਸਲਾਮ ਬਾਰੇ ਗਲਤ ਜਾਣਕਾਰੀ ਨੂੰ ਹਟਾਉਣ ਲਈ ਵੀ ਕਿਹਾ ਗਿਆ ਹੈ। ਇਹ ਖਰੜਾ, ਜੋ ਕੈਲੀਫੋਰਨੀਆ ਦੇ ਸਕੂਲਾਂ ਵਿਚ ਪੜ੍ਹਾਏ ਜਾਂਦੇ ਇਤਿਹਾਸ ਤੇ ਸਮਾਜ ਵਿਗਿਆਨ ਦੇ ਵਿਸ਼ਿਆਂ ਨੂੰ ਅਪਡੇਟ ਤੇ ਅਪਗ੍ਰੇਡ ਕਰੇਗਾ, ਦੋ ਸਾਲ ਦੀ ਘਾਲਣਾ ਤੋਂ ਬਾਅਦ ਤਿਆਰ ਕੀਤਾ ਗਿਆ ਹੈ।

ਸਿੱਖਿਆ ਦਾ ਨਵਾਂ ਖਰੜਾ ਤਿਆਰ ਕਰਨ ਲਈ ਲੋਕਾਂ ਤੋਂ ਉਨ੍ਹਾਂ ਦੀ ਆਮ ਰਾਇ ਵੀ ਲਈ ਗਈ ਤੇ ਇਸ ਦੌਰਾਨ ਕਈ ਵਿਵਾਦ ਵੀ ਸਾਹਮਣੇ ਆਏ ਜਿਨ੍ਹਾਂ ਵਿਚ ਉੱਘੇ ਸਿੱਖਿਆ ਸ਼ਾਸਤਰੀਆਂ ਦੇ ਇਕ ਸਮੂਹ ਵੱਲੋਂ ਪੁਰਾਤਨ ਭਾਰਤ ਨੂੰ ਦੱਖਣੀ ਏਸ਼ੀਆ ਦਾ ਨਾਂ ਦਿੱਤਾ ਜਾਣਾ ਵੀ ਸ਼ਾਮਲ ਸੀ। ਪਰ ਸਿੱਖਿਆ ਸ਼ਾਸਤਰੀਆਂ ਦੇ ਉਲਟ ਕੈਲੀਫੋਰਨੀਆ ਦੇ ਸਿੱਖਿਆ ਬੋਰਡ ਨੇ ਭਾਰਤ ਦੇ ਹੱਕ ਦੀ ਗੱਲ ਕੀਤੀ। ਹਿੰਦੂ ਐਜੂਕੇਸ਼ਨ ਫਾਊਂਡੇਸ਼ਨ ਅਮਰੀਕਾ ਦੇ ਨਿਰਦੇਸ਼ਕ ਸੰਦੀਪ ਦਿਦੇਜ ਨੇ ਕਿਹਾ ਕਿ ਹਿੰਦੂਵਾਦ ਤੇ ਭਾਰਤੀ ਸਭਿਅਤਾ ਬਾਰੇ ਵਿਸ਼ਾ ਵਸਤੂ ਨੂੰ ਹੋਰਨਾਂ ਧਰਮਾਂ ਤੇ ਸਭਿਅਤਾਵਾਂ ਦੇ ਮੁਕਾਬਲੇ ਸੰਗਠਤ ਕਰਨ ਲਈ ਵਧੇਰੇ ਉਪਰਾਲਿਆਂ ਦੀ ਲੋੜ ਹੈ, ਪਰ ਸਾਡਾ ਮੰਨਣਾ ਹੈ ਕਿ ਪਿਛਲੇ ਦੋ ਸਾਲਾਂ ਵਿਚ ਇਸ ਪਾਸੇ ਵੱਡੇ ਪੱਧਰ 'ਤੇ ਯਤਨ ਹੋਏ ਹਨ। ਸਿੱਖਿਆ ਬੋਰਡ ਨੇ ਐਲਾਨੇ ਨਵੇਂ ਪਾਠਕ੍ਰਮ ਵਿਚ ਵੈਦਿਕ ਗਿਆਨ, ਹਿੰਦੂ ਫਲਸਫ਼ੇ ਅਤੇ ਭਾਰਤੀ ਸੰਗੀਤ, ਡਾਂਸ, ਕਲਾ ਤੇ ਵਿਗਿਆਨਕ ਪ੍ਰਾਪਤੀਆਂ ਬਾਰੇ ਜਾਣਕਾਰੀ ਸ਼ਾਮਲ ਕੀਤੀ ਹੈ।

# ਪਿੰਡਾਂ ਵਿਚ ਰਾਤ ਨੂੰ ਵੀ ਰੌਸ਼ਨੀ ਬਿਖੇਰੇਗਾ ਸੂਰਜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੂਰਜੀ ਊਰਜਾ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਭਾਰਤ ਵਿਚ ਤੇਜ਼ੀ ਨਾਲ ਮੋਹਰੀ ਸੂਬਾ ਬਣਨ ਤੋਂ ਬਾਅਦ ਹੁਣ ਪੰਜਾਬ ਐਲ.ਈ.ਡੀ. ਬਲਬਾਂ ਵਾਲੀਆਂ ਸੋਲਰ ਸਟਰੀਟ ਲਾਈਟਾਂ ਪੇਂਡੂ ਖੇਤਰਾਂ ਵਿਚ ਲਗਾਉਣ ਵਾਲਾ ਸੂਬਾ ਬਣਨ ਜਾ ਰਿਹਾ ਹੈ। ਇਹ ਪ੍ਰਗਟਾਵਾ ਨਵੀਂ ਅਤੇ ਨਵਿਆਣਯੋਗ ਊਰਜਾ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਨੇ 'ਸੋਲਰ ਪਿੰਡ ਮੁਹਿੰਮ' ਦਾ ਅਗਾਜ਼ ਕਰਨ ਮੌਕੇ ਕੀਤਾ।

ਸ. ਮਜੀਠੀਆ ਨੇ ਕਿਹਾ ਕਿ ਇਸ ਸਕੀਮ ਅਧੀਨ ਕੌਮਾਂਤਰੀ ਸਰਹੱਦ ਅਤੇ ਕੰਢੀ ਇਲਾਕਿਆਂ ਦੇ ਪਿੰਡਾਂ ਵਿਚ ਪਹਿਲ ਦੇ ਆਧਾਰ 'ਤੇ ਇਹ ਲਾਈਟਾਂ ਲਗਾਈਆਂ ਜਾਣਗੀਆਂ। ਇਸ ਤੋਂ ਇਲਾਵਾ ਰਾਜ ਦੇ 100 ਅਜਿਹੇ ਪਿੰਡ, ਜੋ ਇਤਿਹਾਸਕ ਅਤੇ ਧਾਰਮਿਕ ਪੱਖ ਤੋਂ ਅਹਿਮੀਅਤ ਰੱਖਦੇ ਹਨ, ਵਿਚ ਵੀ ਪਹਿਲ ਦੇ ਅਧਾਰ 'ਤੇ ਇਹ ਲਾਈਟਾਂ ਲਗਾਈਆਂ ਜਾਣਗੀਆਂ ਅਤੇ ਇਸ ਸਬੰਧੀ ਵੰਡ ਪੜਾਅ ਵਾਰ 'ਪਹਿਲਾ ਆਓ, ਪਹਿਲਾ ਪਾਓ' ਦੇ ਆਧਾਰ 'ਤੇ ਕੀਤੀ ਜਾਵੇਗੀ।

ਵਿਸ਼ਵ ਦੀ ਤਰੱਕੀ ਲਈ ਸੂਰਜੀ ਊਰਜਾ ਨੂੰ ਅਹਿਮ ਕਰਾਰ ਦਿੰਦਿਆਂ ਅਤੇ ਇਸ ਦੀ ਵਰਤੋਂ ਦੀ ਮਹੱਤਤਾ ਬਾਰੇ ਸ. ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜਿਥੇ ਇਨ੍ਹਾਂ ਸਟਰੀਟ ਲਾਈਟਾਂ ਦੇ ਲੱਗਣ ਨਾਲ ਪਿੰਡਾਂ ਦੇ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਹੋਵੇਗੀ, ਉਥੇ ਨਾਲ ਹੀ ਬੱਚਿਆ ਨੂੰ ਸ਼ਾਮ ਨੂੰ ਖੇਡਣ ਲਈ ਹੋਰ ਸਮਾਂ ਮਿਲਣ ਦੇ ਨਾਲ ਨਾਲ ਟਿਊਸ਼ਨਾਂ ਤੋਂ ਦੇਰ ਸ਼ਾਮ ਮੁੜਨ ਵਾਲੇ ਵਿਦਿਆਰਥੀਆਂ ਨੂੰ ਵੀ ਅਸਾਨੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕੌਮਾਂਤਰੀ ਸਰਹੱਦ ਦੀ ਸੁਰੱਖਿਆ ਲਈ ਤਾਇਨਾਤ ਸੁਰੱਖਿਆ ਦਸਤਿਆਂ ਨੂੰ ਵੀ ਇਸ ਦਾ ਕਾਫੀ ਲਾਭ ਹੋਵੇਗਾ ਅਤੇ ਉਹ ਦੇਸ਼ ਵਿਰੋਧੀ ਤੱਤਾਂ ਤੇ ਹੋਰ ਜ਼ਿਆਦਾ ਚੌਕਸੀ ਨਾਲ ਨਜ਼ਰ ਰੱਖ ਸਕਣਗੇ।

## ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ: ਪ੍ਰੋ. ਮੁਲਤਾਨੀ

**ਮੁਕੇਰੀਆਂ (ਬਿਊਰੋ):** ਆਮ ਆਦਮੀ ਪਾਰਟੀ ਵਿਚ ਹਾਲ ਹੀ ਵਿਚ ਸ਼ਾਮਲ ਹੋਏ ਇਸ ਇਲਾਕੇ ਦੇ ਉਘੇ ਸਮਾਜ ਸੇਵੀ ਤੇ ਪੇਸ਼ੇ ਵਜੋਂ ਅਧਿਆਪਕ ਪ੍ਰੋ. ਗੁਰਧਿਆਨ ਸਿੰਘ ਮੁਲਤਾਨੀ ਨੇ ਆਖਿਆ ਹੈ ਕਿ ਪੰਜਾਬ ਵਿਚ ਸਿਆਸੀ ਤਬਦੀਲੀ ਲਾਜ਼ਮੀ ਹੈ ਕਿਉਂਕਿ ਰਵਾਇਤੀ ਸਿਆਸੀ ਪਾਰਟੀਆਂ-ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੀਆਂ ਨੀਤੀਆਂ ਤੋਂ ਪੰਜਾਬ ਦੇ ਲੋਕ ਅੱਕੇ ਬੈਠੇ ਹਨ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਦੀ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ ਤਾਂ ਜੋ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾ ਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਵਾਗਡੋਰ ਸੰਭਾਲ ਸਕਣ।

ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰੋ. ਮੁਲਤਾਨੀ ਨੇ ਇਸ ਗੱਲ ਉਤੇ ਤਸੱਲੀ ਪ੍ਰਗਟਾਈ ਕਿ ਮੁਕੇਰੀਆਂ ਦੇ ਲੋਕ ਆਮ ਆਦਮੀ ਪਾਰਟੀ ਨਾਲ ਡਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਮੁਖੀ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਹਾਈ ਕਮਾਂਡ ਵਲੋਂ ਸੌਂਪੀ ਗਈ ਹਰ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਹਲਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਆਸਾਂ 'ਤੇ ਪੂਰਾ ਉਤਰਨ ਦਾ ਹਰ ਯਤਨ ਕਰਨਗੇ।




ਪ੍ਰੋ. ਗੁਰਧਿਆਨ ਸਿੰਘ ਮੁਲਤਾਨੀ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀ ਰਸਮ ਸਮੇਂ ਹਾਜ਼ਰ ਇਲਾਕੇ ਦੇ ਲੋਕ

## 'ਦਿਸਹੱਦਿਆਂ ਦੇ ਆਰ-ਪਾਰ' 7 ਅਗਸਤ ਨੂੰ ਰਿਲੀਜ਼ ਹੋਵੇਗੀ

**ਸਟਾਕਟਨ (ਬਿਊਰੋ):** ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਕਹਾਣੀਕਾਰਾਂ ਦੀਆਂ ਤਾਜ਼ਾ ਕਹਾਣੀਆਂ ਦਾ ਸੰਗ੍ਰਿਹ 'ਦਿਸਹੱਦਿਆਂ ਦੇ ਆਰ-ਪਾਰ' ਐਤਵਾਰ, 7 ਅਗਸਤ ਨੂੰ ਇਥੇ ਰੌਇਲ ਇੰਡੀਅਨ ਬੈਂਕੁਇਟ ਹਾਲ (7610 ਪੈਸੇਫਿਕ ਐਵਨਿਊ ਬੀ-1, ਸਟਾਕਟਨ) ਵਿਚ ਰਿਲੀਜ਼ ਹੋਵੇਗਾ। ਇਸ ਸੰਗ੍ਰਿਹ ਦੇ ਸੰਪਾਦਕ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਹਨ।

ਇਸ ਮੌਕੇ ਡਾ. ਜਸਵਿੰਦਰ ਸਿੰਘ ਦਾ ਲਿਖਿਆ ਖੋਜ-ਪੱਤਰ 'ਬਹੁ-ਸਭਿਆਚਾਰਕ ਡਾਇਸਪੋਰਕ ਸੰਦਰਭਾਂ ਵਿਚ ਪੰਜਾਬੀ ਪਛਾਣ ਦੀ ਬਿਰਤਾਂਤਕਾਰੀ' ਅਤੇ ਡਾ. ਧਨਵੰਤ ਕੌਰ ਦਾ ਖੋਜ-ਪੇਪਰ 'ਦਿਸਹੱਦਿਆਂ ਦੇ ਆਰ-ਪਾਰ: ਸਭਿਆਚਾਰਕ ਸੰਵਾਦਾਂ ਦਾ ਬਿਰਤਾਂਤਕ ਪ੍ਰਵਚਨ' ਪੜ੍ਹੇ ਜਾਣਗੇ।

ਇਸ ਸੰਗ੍ਰਿਹ ਵਿਚ ਕ੍ਰਾਂਤੀ ਗੀਤ (ਪ੍ਰੋ. ਹਰਭਜਨ ਸਿੰਘ), ਗਰੈਨੀ ਲਿਜ਼ੀ (ਡਾ. ਸਾਥੀ ਲੁਧਿਆਣਵੀ), ਮੁਰਗਾਬੀਆਂ (ਗੁਰਮੀਤ ਪਨਾਗ), ਲੋਹ ਪੁਰਸ਼ (ਬਲਦੇਵ ਸਿੰਘ ਗਰੇਵਾਲ), ਕੁੱਤਾ ਤੇ ਮਨੁੱਖ (ਹਰਜਿੰਦਰ ਪੰਧੇਰ), ਵਿਸ਼ ਕੰਨਿਆ (ਕੁਲਜੀਤ ਮਾਨ), ਧੁੰਦ ਵਿਚ ਜਗਦੀ




ਬੱਤੀ (ਮਹਿੰਦਰਪਾਲ ਸਿੰਘ ਧਾਲੀਵਾਲ), ਸੂਰਜ ਵੱਲ ਵੇਖਦਾ ਆਦਮੀ (ਸੁਰਿੰਦਰ ਸੋਹਲ), ਤਲਾਸ਼ ਪਥਰਾ ਗਈ (ਸੁਰਜੀਤ ਕਲਸੀ), ਆਇਲਨ ਅਤੇ ਐਵਨ (ਸੁਰਜੀਤ), ਗਵਾਂਢੀ (ਹਰਜੀਤ ਅਟਵਾਲ), ਪਿੰਜਰਾ (ਅਮਰਜੀਤ ਚਾਹਲ), ਰਿਹਾਈ (ਰਾਣੀ ਨਗਿੰਦਰ), ਸਾਈਬਰ ਸੈਕਸ (ਸੰਤੋਖ ਧਾਲੀਵਾਲ), ਰਿਸ਼ਤੇ ਤੇ ਹਉਮੈ (ਦਰਸ਼ਨ ਧੀਰ), ਮਨੀ ਗੇਮ (ਬਲਵੀਰ ਕੌਰ ਸੰਘੇੜਾ), ਮੋਮ ਦਾ ਬੁੱਤ (ਰਾਠੇਸ਼ਵਰ ਸਿੰਘ ਸੂਰਾਪੁਰੀ), ਮਖੌਟੇ (ਐਸ. ਬਲਵੰਤ), ਨਾਈਟ ਆਊਟ (ਡਾ. ਜਤਿੰਦਰ ਰੰਧਾਵਾ) ਅਤੇ ਹੁਣ ਦਿਲ ਬਹੁਤ ਖੁਸ਼ ਹੈ (ਡਾ. ਰਵੀ ਸ਼ੇਰਗਿੱਲ) ਕਹਾਣੀਆਂ ਸ਼ਾਮਿਲ ਹਨ। ਸੰਗ੍ਰਿਹ ਦਾ ਮੱਖ ਬੰਦ ਡਾ. ਜਸਵਿੰਦਰ ਸਿੰਘ ਨੇ ਲਿਖਿਆ ਹੈ। ਭੂਮਿਕਾ ਡਾ. ਰਜਨੀਸ਼ ਬਹਾਦਰ ਸਿੰਘ ਦੀ ਲਿਖੀ ਹੈ।

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com
Transportation Funding Group, Inc.
Minneapolis , MN 55426

# ਵਾਨ ਗਾਗ ਦੇ ਕੱਟੇ ਕੰਨ ਦੀ ਕਹਾਣੀ



ਵਾਨ ਗਾਗ ਦਾ ਕੰਨ 'ਤੇ ਪੱਟੀ ਵਾਲਾ ਸੈਲਫ ਪੋਰਟਰੇਟ।

*ਸੰਸਾਰ ਪ੍ਰਸਿੱਧ ਡੱਚ ਚਿਤਰਕਾਰ ਵਿਨਸੈਂਟ ਵਾਨ ਗਾਗ ਦੇ ਕੱਟੇ ਹੋਏ ਕੰਨ ਦੀ ਕਹਾਣੀ ਵੱਖ-ਵੱਖ ਰੂਪਾਂ ਵਿਚ ਪ੍ਰਚਲਿਤ ਹੈ, ਪਰ ਹੁਣ ਬ੍ਰਿਟਿਸ਼ ਲੇਖਕ ਬਰਨਾਰਡ ਮਰਫੀ ਨੇ ਇਸ ਕਹਾਣੀ ਦੀ ਅਸਲ ਕਹਾਣੀ ਪੇਸ਼ ਕਰਨ ਦਾ ਦਾਅਵਾ ਆਪਣੀ ਨਵੀਂ ਕਿਤਾਬ 'ਵਾਨ ਗਾਗ'ਜ਼ ਈਅਰ: ਦਿ ਟਰੂ ਸਟੋਰੀ' ਵਿਚ ਕੀਤਾ ਹੈ। -ਸੰਪਾਦਕ*

## ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

'ਸਟਾਰੀ ਨਾਈਟ' ਵਰਗਾ ਮਹਾਚਿਤਰ ਬਣਾਉਣ ਵਾਲੇ ਸੰਸਾਰ ਪ੍ਰਸਿੱਧ ਡੱਚ ਚਿਤਰਕਾਰ ਵਿਨਸੈਂਟ ਵਾਨ ਗਾਗ ਦੇ ਕੱਟੇ ਹੋਏ ਕੰਨ ਦੀ ਕਹਾਣੀ ਇਕ ਵਾਰ ਫਿਰ ਛਿੜ ਪਈ ਹੈ। ਇਸ ਵਾਰ ਇਹ ਕਹਾਣੀ ਇੰਗਲੈਂਡ ਵਿਚ ਜੰਮੇ-ਪਲੇ ਲੇਖਕ ਬਰਨਾਰਡ ਮਰਫ਼ੀ ਨੇ ਸੁਣਾਈ ਹੈ। ਉਸ ਨੇ ਹਾਲ ਹੀ ਵਿਚ ਆਪਣੀ ਨਵੀਂ ਛਪੀ ਕਿਤਾਬ 'ਵਾਨ ਗਾਗ'ਜ਼ ਈਅਰ: ਦਿ ਟਰੂ ਸਟੋਰੀ' ਵਿਚ ਕੱਟੇ ਹੋਏ ਕੰਨ ਬਾਰੇ ਕਈ ਨਵੇਂ ਖੁਲਾਸੇ ਕੀਤੇ ਹਨ।

ਹੁਣ ਤਕ ਇਹ ਸਮਝਿਆ ਜਾਂਦਾ ਸੀ ਕਿ ਵਾਨ ਗਾਗ ਨੇ ਦਸੰਬਰ 1988 ਦੀ ਇਕ ਠਰੀ ਹੋਈ ਰਾਤ ਨੂੰ ਆਪਣਾ ਕੰਨ ਕੱਟ ਕੇ ਰਸ਼ੇਲ ਨਾਂ ਦੀ ਵੇਸਵਾ ਨੂੰ ਭੇਜ ਦਿਤਾ ਸੀ। ਕਿਹਾ ਜਾਂਦਾ ਹੈ ਕਿ ਵਾਨ ਗਾਗ ਅਤੇ ਉਸ ਦਾ ਫ਼ਰਾਂਸਿਸ ਮਿੱਤਰ ਪੌਲ ਗੋਗਿਨ ਇਸ ਵੇਸਵਾ ਕੋਲ ਅਕਸਰ ਜਾਂਦੇ ਸਨ। ਬਰਨਾਰਡ ਮਰਫੀ ਨੇ ਇਹ ਮਿਥ ਤੋੜ ਦਿਤੀ ਹੈ। ਉਸ ਨੇ ਲਿਖਿਆ ਹੈ ਕਿ ਜਿਸ ਕੁੜੀ ਨੂੰ ਵਾਨ ਗਾਗ ਨੇ ਆਪਣਾ ਕੰਨ ਕੱਟ ਕੇ ਭੇਜਿਆ ਸੀ, ਉਹ ਰਸ਼ੇਲ ਨਹੀਂ ਸੀ, ਸਗੋਂ ਉਸ ਦਾ ਨਾਂ ਗੈਬਰੀਅਲ ਸੀ ਅਤੇ ਉਹ ਆਰਲਸ (ਫਰਾਂਸ) ਦੇ ਇਕ ਵੇਸਵਾ ਘਰ ਵਿਚ ਨੌਕਰ ਸੀ। ਬਰਨਾਰਡ ਮਰਫ਼ੀ ਦਾ ਦਾਅਵਾ ਹੈ ਕਿ ਉਸ ਨੇ ਪੂਰੇ ਸੱਤ ਸਾਲ ਆਪਣੀ ਪੁਸਤਕ ਉਤੇ ਲਗਾਏ ਹਨ ਅਤੇ ਉਹ ਆਰਲਸ ਵਿਚ ਕਈ ਵੇਸਵਾਵਾਂ ਅਤੇ ਉਨ੍ਹਾਂ ਦੇ ਜਾਣਕਾਰਾਂ ਨੂੰ ਮਿਲਿਆ ਹੈ। ਉਸ ਨੇ ਵਾਨ ਗਾਗ ਦੇ ਕੰਨ ਦਾ ਇਲਾਜ ਕਰਨ ਵਾਲੇ ਡਾਕਟਰ ਫੈਲਿਕਸ ਰੇ ਵਲੋਂ ਬਣਾਇਆ ਕੰਨ ਦਾ ਸਕੈਚ ਵੀ ਲੱਭ ਲਿਆ ਹੈ। ਇਹ ਸਕੈਚ ਅੱਜ ਕਲ੍ਹ ਬਰਕਲੇ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੀ ਲਾਇਬਰੇਰੀ ਵਿਚ ਪਿਆ ਹੈ।

ਯਾਦ ਰਹੇ ਕਿ ਕੰਨ ਕੱਟਣ ਵਾਲੀ ਇਸ ਘਟਨਾ ਤੋਂ ਬਾਅਦ ਹਸਪਤਾਲ ਤੋਂ ਪਰਤ ਕੇ ਵਾਨ ਗਾਗ ਨੇ ਦੋ ਸੈਲਫ਼ ਪੋਰਟਰੇਟ ਬਣਾਏ ਸਨ ਜਿਨ੍ਹਾਂ ਵਿਚ ਕੰਨ 'ਤੇ ਪੱਟੀ ਬੰਨ੍ਹੀ ਨਜ਼ਰੀ ਪੈਂਦੀ ਹੈ। ਇਨ੍ਹਾਂ ਵਿਚੋਂ ਇਕ ਚਿਤਰ ਤਾਂ ਕਿਸੇ ਨੇ ਖਰੀਦ ਲਿਆ ਹੋਇਆ ਹੈ, ਪਰ ਦੂਜਾ ਚਿਤਰ ਅੱਜ ਕੱਲ੍ਹ ਲੰਡਨ ਦੀ ਕੋਰਟੋਲਡ ਗੈਲਰੀ ਵਿਚ ਪਿਆ ਹੈ।

ਬਰਨਾਰਡ ਮਰਫ਼ੀ ਦੀ ਇਸ ਖੋਜ ਬਾਰੇ ਕਲਾ ਜਗਤ ਵਿਚ ਖ਼ੂਬ ਚਰਚਾ ਛਿੜੀ ਹੋਈ ਹੈ ਅਤੇ ਬੀ.ਬੀ.ਸੀ. ਅਗਲੇ ਮਹੀਨੇ ਅਗਸਤ ਵਿਚ ਇਸ ਬਾਰੇ ਦਸਤਾਵੇਜ਼ੀ ਵੀ ਦਿਖਾ ਰਿਹਾ ਹੈ।



*ਵਿਨਸੈਂਟ ਵਾਨ ਗਾਗ*

ਇਸ ਵਿਚ ਬ੍ਰਿਟਿਸ਼ ਪੱਤਰਕਾਰ ਜੇਰੇਮੀ ਟੈਕਸਮੈਨ ਦੀਆਂ ਸੇਵਾਵਾਂ ਵੀ ਲਈਆਂ ਗਈਆਂ ਹਨ ਜਿਹੜੀ ਵੱਖ-ਵੱਖ ਸਮਿਆਂ 'ਤੇ ਕਲਾ ਰਹੱਸਾਂ ਤੋਂ ਪਰਦਾ ਉਠਾਉਂਦੀ ਰਹੀ ਹੈ। ਉਂਝ ਇਸ ਕਿਤਾਬ ਵਿਚ ਵਾਨ ਗਾਗ ਦੇ ਗੈਬਰੀਅਲ ਨਾਲ ਰਿਸ਼ਤੇ ਬਾਰੇ ਬਹੁਤਾ ਕੁਝ ਕਿਹਾ ਨਹੀਂ ਗਿਆ ਹੈ।

ਵਾਨ ਗਾਗ (30 ਮਾਰਚ 1853-29 ਜੁਲਾਈ 1890) ਅਜਿਹਾ ਚਿਤਰਕਾਰ ਸੀ ਜਿਸ ਦਾ ਪ੍ਰਭਾਵ 20ਵੀਂ ਸਦੀ ਦੇ ਤਕਰੀਬਨ ਸਾਰੇ ਚਿਤਰਕਾਰਾਂ ਨੇ ਕਬੂਲ ਕੀਤਾ। ਉਸ ਦੀ ਖੁਦਕਸ਼ੀ ਤੱਕ ਸਾਰੇ ਕਲਾ ਆਲੋਚਕਾਂ ਨੇ ਉਸ ਦੇ ਕੰਮਾਂ ਵੱਲ ਕੋਈ ਕੰਨ ਨਹੀਂ ਧਰਿਆ। ਉਸ ਦੀ ਮਸ਼ਹੂਰੀ 37 ਵਰ੍ਹਿਆਂ ਵਿਚ ਉਸ ਦੀ ਮੌਤ ਤੋਂ ਬਾਅਦ ਹੀ ਹੋਈ ਅਤੇ ਅੱਜ ਉਹ ਸੰਸਾਰ ਦਾ ਮਿਸਾਲੀ ਚਿਤਰਕਾਰ ਹੈ, ਜਦਕਿ ਸਾਰੀ ਉਮਰ ਉਹ ਗੁਰਬਤ ਅਤੇ ਮਾਨਸਿਕ ਬਿਮਾਰੀ ਨਾਲ ਜੂਝਦਾ ਰਿਹਾ। ਉਸ ਦੀਆਂ ਪ੍ਰਸਿੱਧ ਕਲਾ ਕਿਰਤਾਂ ਵਿਚ 'ਸਟਾਰੀ ਨਾਈਟ' ਤੋਂ ਇਲਾਵਾ 'ਸਨਫਲਾਵਰਜ਼', 'ਬੈੱਡਰੂਮ ਇਨ ਆਰਲਸ', 'ਪੋਰਟੇਰੇਟ ਆਫ਼ ਡਾਕਟਰ ਗਾਸ਼' ਅਤੇ 'ਸੌਰੋ' ਸ਼ਾਮਲ ਹਨ। ਉਸ ਦਾ ਜਨਮ ਉਚ-ਮੱਧਵਰਗੀ ਪਰਿਵਾਰ ਵਿਚ ਹੋਇਆ ਸੀ। ਮੁੱਢ ਤੋਂ ਹੀ ਵਾਨ ਗਾਗ ਬੜਾ ਜ਼ਹੀਨ ਬੱਚਾ ਸੀ। ਜਵਾਨੀ ਦੇ ਦਿਨਾਂ ਦੌਰਾਨ ਉਹ ਧਾਰਮਿਕ ਵੀ ਖ਼ੂਬ ਸੀ ਅਤੇ ਇਸ ਦੇ ਨਾਲ-ਨਾਲ ਉਹ ਕਲਾ, ਸੰਗੀਤ ਅਤੇ ਸਾਹਿਤ ਵਿਚ ਉਚੇਚੀ ਰੁਚੀ ਲੈਂਦਾ ਸੀ। -0-





*ਵਿਨਸੈਂਟ ਵਾਨ ਗਾਗ ਦੀ ਮਸ਼ਹੂਰ ਕਿਰਤ: ਸਟਾਰੀ ਨਾਈਟ*

## ਇਰਵਿੰਗ ਸਟੋਨ ਨੇ ਸੁਣਾਈ ਜੀਵਨ ਕਹਾਣੀ

*ਅਮਰੀਕਾ ਦੇ ਮਸ਼ਹੂਰ ਲੇਖਕ ਇਰਵਿੰਗ ਸਟੋਨ (14 ਜੁਲਾਈ 1903-26 ਅਗਸਤ 1989) ਨੇ ਚਿਤਰਕਾਰ ਵਿਨਸੈਂਟ ਵਾਨ ਗਾਗ ਦੇ ਜੀਵਨ ਨੂੰ ਆਧਾਰ ਬਣਾ ਕੇ ਨਾਵਲ ਲਿਖਿਆ- ਲਸਟ ਫਾਰ ਲਾਈਫ। ਇਹ ਨਾਵਲ 1934 ਵਿਚ ਛਪਿਆ। ਇਸ ਨਾਵਲ ਵਿਚ ਵਾਨ ਗਾਗ ਦੇ ਜੀਵਨ ਦੀਆਂ ਬਹੁਤ ਸਾਰੀਆਂ ਪਰਤਾਂ ਅਤੇ ਕਲਾ ਵੇਰਵੇ ਬਹੁਤ ਸੂਖਮਤਾ ਨਾਲ ਫਰੋਲੇ ਗਏ ਹਨ। ਇਸ ਵਿਚ ਉਨ੍ਹਾਂ ਔਖਾਂ ਅਤੇ ਔਕੜਾਂ ਦਾ ਜ਼ਿਕਰ ਵੀ ਹੈ ਜਿਨ੍ਹਾਂ ਨਾਲ ਵਾਨ ਗਾਗ ਸਾਰੀ ਉਮਰ ਜੂਝਿਆ। ਨਾਵਲ ਦੇ ਨੌਂ ਵੱਖਰੇ-ਵੱਖਰੇ ਭਾਗ ਹਨ, ਪਰ ਨੌਂ ਦੇ ਨੌਂ ਭਾਗ ਜੁੜ ਕੇ ਬੜੀ ਜ਼ੋਰਦਾਰ ਰਚਨਾ ਹੋ ਨਿਬੜੀ ਹੈ। ਬਾਅਦ ਵਿਚ ਇਸ ਨਾਵਲ ਦੇ ਆਧਾਰ 'ਤੇ ਇਸੇ ਨਾਂ ਵਾਲੀ ਫਿਲਮ ਵੀ ਬਣੀ ਜਿਸ ਵਿਚ ਅਦਾਕਾਰ ਕਿਰਕ ਡਗਲਸ ਨੇ ਵਾਨ ਗਾਗ ਵਾਲਾ ਕਿਰਦਾਰ ਅਦਾ ਕੀਤਾ।*



*ਇਰਵਿੰਗ ਸਟੋਨ*




*ਨਾਵਲ 'ਲਸਟ ਫਾਰ ਲਾਈਫ' ਦਾ ਪਹਿਲਾ ਟਾਈਟਲ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਜੁਲਾਈ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-231



*ਤੂੰ ਵੀ 'ਫੁੱਲ' ਮਾਹੀ ਦਾ ਏਂ, ਕੌਣ ਇਹਨੂੰ ਦੱਸੇ।*
*ਫੁੱਲ ਨੂੰ ਹੀ 'ਫੁੱਲ' ਦੇਖ ਕੇ, ਖੁੱਲ੍ਹ ਖੁੱਲ੍ਹ ਹੱਸੇ।*

## ਕੈਪਸ਼ਨ ਮੁਕਾਬਲਾ-229



ਸਾਉਣ ਮਹੀਨਾ ਦਿਨ ਤੀਆਂ ਦੇ,
ਚਾਅ ਭਰੀਆਂ ਮੁਟਿਆਰਾਂ ਆਈਆਂ।
ਰੰਗ-ਬਰੰਗੇ ਗਜਰੇ ਚੂੜੀਆਂ
ਦੁਕਾਨਾਂ ਖ਼ੂਬ ਸਜਾਈਆਂ।
ਚਾਰ ਚੰਨ ਲੱਗ ਜਾਵਣਗੇ
ਪਾ ਵੀਣੀ ਜਦ ਛਣਕਾਈਆਂ।
ਅੰਬਰ ਵੀ ਫਿਰ ਲਿਸ਼ਕਾਂ ਮਾਰੂ
ਪੀਂਘਾਂ ਜਦੋਂ ਚੜ੍ਹਾਈਆਂ।
**-ਜਗਮੀਤ ਸਿੰਘ ਪੰਧੇਰ**

---

ਚੂੜੀਆਂ ਹੁੰਦੀਆਂ ਨੇ ਸ਼ਾਨ ਸੁਹਾਗਣਾਂ ਦੀ,
ਭੱਜ ਜਾਵਣ ਮਿਹਰੀ ਜਦ ਹੋਏ ਰੰਡੀ।
ਭੰਨ ਚੂੜੀਆਂ ਜਿਨ੍ਹਾਂ ਤਲਵਾਰ ਚੁੱਕੀ
ਗੱਡੀ ਉਨ੍ਹਾਂ ਨੇ ਵਿਚ ਮੈਦਾਨ ਝੰਡੀ।
**-ਕੁਲਦੀਪ ਸਿੰਘ ਢੀਂਡਸਾ, ਫਰੀਮਾਂਟ**

---

ਤੁਰਨ ਲੱਗੇ ਜਦੋਂ ਬਾਜ਼ਾਰ ਨੂੰ 'ਦਾਰ ਜੀ
ਘਰ ਵਾਲੀ ਨੇ ਪਿਛੋਂ 'ਵਾਜ ਮਾਰੀ।
'ਕਮੀਜਾਂ, ਪੱਗਾਂ ਮੈਂ ਕੱਲ੍ਹ ਲੈ ਆਈ
ਵੰਗਾਂ, ਪਾਊਡਰ ਦੀ ਹੁਣ ਤੁਹਾਡੀ ਵਾਰੀ।
ਆਪੇ ਹੀ ਮੈਚ ਕਰਦੇ ਰਹਿਓ
ਪਾ ਕੇ ਚੂੜੀਆਂ ਬਸ ਲੱਗਾਂ ਪਿਆਰੀ।'
ਅੱਗੋਂ ਪਤੀ ਜੀ ਗਰਮ ਸੁਭਾਅ ਦੇ, ਕਹਿੰਦੇ
'ਕਿਉਂ ਗਈ ਏ ਮੱਤ ਮਾਰੀ।'
ਪਰ ਫਸੀ ਨੂੰ ਫਟਕਣ ਕੀ ਹੁਣ
ਲੇਖਾ-ਜੋਖਾ ਪਏ ਰੰਗਾਂ ਦਾ ਕਰਦੇ।
ਲਾਲ ਰੰਗ ਸੱਜ ਵਿਆਹੀ ਨੂੰ ਫੱਬਦਾ
ਨੀਲੇ, ਪੀਲੇ, ਹਰੇ ਪ੍ਰੀਤੋ ਨੂੰ ਜਚਦੇ।
ਕੁਝ ਕੱਚ, ਕੁਝ ਰਬੜ ਦੀਆਂ ਚੁਣ
ਭਾਅ ਕਰਕੇ ਫਿਰ ਬਣਾਈ ਵਰਾਇਟੀ।
ਪਾ ਕੇ ਇਕ ਵਾਰ ਬਣੂ ਪਟੋਲਾ
ਪਿਆਰ ਨਾਲ ਜਦੋਂ ਕਹੂੰ ਸਵੀਟੀ।
ਮਨ ਵਿਚ ਕਰਦੇ ਇਹ ਸਲਾਹਾਂ
ਘਰ ਨੂੰ ਫਿਰ ਉਨ੍ਹਾਂ ਚਾਲੇ ਪਾਏ।
ਗਿਣਤੀ-ਮਿਣਤੀ ਜੇਬ ਦੀ ਕਰਦੇ
ਠੰਡੇ ਹਉਕੇ ਭਰਦੇ ਆਏ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਮਨ ਦਰਪਣ ਹੈ ਜਗ ਸਾਰਾ
ਸ਼ੌਕ ਵੀ ਹੈ ਅਤੇ ਰਿਵਾਜ਼ ਵੀ।
ਹੋ ਗਿਆ ਸਥਾਪਿਤ ਜੋ ਹੌਲੀ ਹੌਲੀ
ਹਰ ਤਰ੍ਹਾਂ ਦਾ ਰੰਗ ਹੈ ਹਾਜ਼ਿਰ
ਜਾਓ ਜਦ ਸੈਂਪਲਾਂ ਦੀ ਦੁਕਾਨ 'ਤੇ
ਚੂੜੀ ਦਾ ਰੰਗ ਚੁੰਨੀ ਨਾਲ ਮਿਲੇ।
ਸੂਟ, ਜੁੱਤੀ ਵੀ ਅੱਖ-ਮਟੱਕਾ ਕਰੇ
ਬਣ ਗਈ ਹਰ ਚੀਜ਼ ਅੱਜ ਫੈਸ਼ਨ
ਸਿਰਫ ਦੇਖ-ਦਿਖਾਵਾ।
ਲਲਾਰੀ ਕਰਦਾ ਸੀ ਚੋਣ ਕਦੇ
'ਆ ਜਾ ਵੇ ਲਲਾਰੀਆ
ਦੁਪੱਟਾ ਮੇਰਾ ਰੰਗ ਦੇ।'
ਗੂੜੇ ਰੰਗ ਸੀ ਜੋ ਵਰਤਦੇ ਕਦੇ
ਕਰਾਉਣ ਗੱਡੇ ਗੱਡੀਆਂ ਵਾਲੇ
ਨਿਕਲੇ ਜਿਵੇਂ ਚੀਜ਼ ਵਹੁਟੀ
ਭਰ ਬਰਸਾਤ ਦੀ ਰੁੱਤ ਨੂੰ।
**-ਦਰਸ਼ਨਪਾਲ ਦੋਸਾਂਝ**

---

ਵੰਗਾਂ-ਚੂੜੀਆਂ ਰੰਗ-ਬਰੰਗੀਆਂ
ਸਭਿਆਚਾਰ ਦੀ ਨਿਸ਼ਾਨੀ।
ਹਰ ਮੇਲੇ-ਮੱਸਿਆ ਉਤੇ
ਇਨ੍ਹਾਂ ਦੀ ਹੀ ਪ੍ਰਧਾਨੀ।
ਵਣਜਾਰਾ ਗਲੀ ਵਿਚ ਆ ਕੇ
ਦੇਵੇ ਉਚੀ ਉਚੀ ਹੋਕਾ।
ਔਰਤਾਂ ਤੇ ਮੁਟਿਆਰਾਂ ਲਈ
ਇਹ ਹੁੰਦਾ ਸੁਨਹਿਰੀ ਮੌਕਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**

CHANDBROTHER'S RESTAURANTS

STOUT BROTHERS IRISH PUB & RESTAURANT

BIBI S BURGER BAR

MOUNTAIN MIKE'S PIZZA

THE COUNTY BENCH KITCHEN+BAR

NOW HIRING

- Managers
- Bartenders
- Servers
- Chefs
- Cooks
- Dishwashers

CONT: SUNNY CHANDI
CITY: SANTA ROSA CA.
TEL: 925-695-5086
EMAIL: Sunnyschandi@gmail.com

HIGH QUALITY PICTURE
HD TVI, SDI, IP

We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista CCTV TECHNOLOGY
SOLUTION PROVIDER COMPANY
661-586-5080
commvision@sbcglobal.net

REGULAR
2.09 9/10
Diesel 8.88 9/10
EC Unleaded 2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080

# ਪੀਲੀਭੀਤ ਮਾਮਲੇ ਵਿਚ ਘਿਰੀ ਉਤਰ ਪ੍ਰਦੇਸ਼ ਸਰਕਾਰ

## ਦੋਸ਼ੀਆਂ ਨਾਲ ਰਿਆਇਤ ਬਾਰੇ ਅਦਾਲਤ ਨੇ ਜਵਾਬ ਮੰਗਿਆ



**ਲਖਨਊ:** ਅਲਾਹਾਬਾਦ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਉਤਰ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਜਾਵੇ ਕਿ ਉਸ ਨੇ 1994 ਵਿਚ ਨੌਂ ਟਾਡਾ ਸਿੱਖ ਪੀੜਤਾਂ ਦੀ ਹਿਰਾਸਤ ਦੌਰਾਨ ਹੋਈ ਮੌਤ ਦੇ ਮਾਮਲੇ ਵਿਚ ਪੀਲੀਭੀਤ ਜੇਲ੍ਹ ਦੇ 42 ਮੁਲਾਜ਼ਮਾਂ ਖਿਲਾਫ਼ ਦਰਜ ਕੇਸ ਅਤੇ ਕਰਾਈਮ ਬਰਾਂਚ-ਸੀ.ਆਈ.ਡੀ. ਦੀ ਜਾਂਚ ਬੰਦ ਕਰਨ ਦਾ ਫੈਸਲਾ ਕਿਉਂ ਲਿਆ ਸੀ।

ਪੀਲੀਭੀਤ ਦੇ ਹਰਜਿੰਦਰ ਸਿੰਘ ਕਾਹਲੋਂ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਜਸਟਿਸ ਕੇ.ਜੇ. ਠਾਕੁਰ ਨੇ ਉਤਰ ਪ੍ਰਦੇਸ਼ ਸਰਕਾਰ ਨੂੰ ਆਪਣਾ ਜਵਾਬ ਦਾਖਲ ਕਰਨ ਲਈ ਤਿੰਨ ਹਫਤੇ ਦਾ ਸਮਾਂ ਦਿੱਤਾ ਹੈ। ਇਸ ਬਾਰੇ ਕੇਸ ਦੇ 42 ਮੁਲਜ਼ਮਾਂ ਜਿਨ੍ਹਾਂ ਵਿਚ ਉਸ ਸਮੇਂ ਦੇ ਜੇਲ੍ਹ ਸੁਪਰਡੈਂਟ ਵਿੰਧਿਆਚਲ ਸਿੰਘ ਯਾਦਵ, ਉਸ ਦੇ ਡਿਪਟੀ ਅਤੇ 40 ਸਿਪਾਹੀਆਂ ਨੂੰ ਵੱਖਰੇ ਤੌਰ ਉਤੇ ਨੋਟਿਸ ਭੇਜੇ ਜਾ ਰਹੇ ਹਨ। ਇਸ ਮਾਮਲੇ ਬਾਰੇ ਹਰਜਿੰਦਰ ਸਿੰਘ ਕਾਹਲੋਂ, ਜੋ ਇਸ ਤੋਂ ਪਹਿਲਾਂ ਫਰਜ਼ੀ ਮੁਕਾਬਲੇ ਵਿਚ ਸਿੱਖ ਸ਼ਰਧਾਲੂਆਂ ਦੀ ਹੱਤਿਆਂ ਦੇ ਮਾਮਲੇ ਵਿਚ 47 ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਦਿਵਾ ਚੁੱਕੇ ਹਨ, ਵੱਲੋਂ 29 ਮਈ 2016 ਨੂੰ ਜਨਹਿੱਤ ਪਟੀਸ਼ਨ ਪਾਈ ਗਈ ਸੀ, ਜਿਸ 'ਤੇ ਅਦਾਲਤ ਵੱਲੋਂ 12 ਜੁਲਾਈ ਦੀ ਤਰੀਕ ਮੁਕੱਰਰ ਕੀਤੀ ਗਈ ਸੀ ਪਰ ਕੁਝ ਕਾਰਨਾਂ ਕਰ ਕੇ ਇਸ ਦੀ ਸੁਣਵਾਈ 13 ਜੁਲਾਈ ਨੂੰ ਕਰਦਿਆਂ ਅਦਾਲਤ ਵੱਲੋਂ ਜੇਲ੍ਹ ਸੁਪਰਡੈਂਟ ਸਮੇਤ 42 ਪੁਲਿਸ ਮੁਲਾਜ਼ਮਾਂ ਅਤੇ ਰਾਜ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਪੁੱਛਿਆ ਗਿਆ ਹੈ ਕਿ ਅਜੇ ਤੱਕ ਦੋਸ਼ੀਆਂ ਦੀ ਗ੍ਰਿਫਤਾਰੀ ਕਿਉਂ ਨਹੀਂ ਕੀਤੀ ਗਈ? ਦੱਸਣਯੋਗ ਹੈ ਕਿ 8-9 ਨਵੰਬਰ 1994 ਦੀ ਦਰਮਿਆਨੀ ਰਾਤ ਨੂੰ ਪੀਲੀਭੀਤ ਦੀ ਜੇਲ੍ਹ ਵਿਚ ਟਾਡਾ ਤਹਿਤ ਬੰਦ 35-40 ਸਿੱਖ ਕੈਦੀਆਂ ਦੀ ਜੇਲ੍ਹ ਵਿਚੋਂ ਭੱਜਣ ਦੇ ਦੋਸ਼ ਲਗਾ ਕੇ ਪੁਲਿਸ ਵੱਲੋਂ ਬਹੁਤ ਹੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ, ਜਿਸ ਵਿਚ ਚਾਰ ਕੈਦੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਦੋ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਗਏ ਤੇ ਇਕ ਦੀ ਲਖਨਊ ਹਸਪਤਾਲ ਵਿਚ ਮੌਤ ਹੋ ਗਈ। ਇਸ ਸਬੰਧੀ ਜੇਲ੍ਹ ਸੁਪਰਡੈਂਟ ਸਮੇਤ 42 ਪੁਲਿਸ ਮੁਲਜ਼ਮਾਂ ਖਿਲਾਫ ਧਾਰਾ 302, 307 ਤਹਿਤ ਕੇਸ ਦਰਜ ਕੀਤਾ ਗਿਆ ਸੀ ਤੇ ਬਾਅਦ 'ਚ ਯੂ.ਪੀ. ਦੀ ਜਾਂਚ ਏਜੰਸੀ ਸੀ.ਬੀ.ਸੀ. ਆਈ.ਡੀ. ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ ਤੇ ਜੇਲ੍ਹ ਸੁਪਰਡੈਂਟ ਸਮੇਤ ਹੋਰਾਂ ਪੁਲਿਸ ਮੁਲਾਜ਼ਮਾਂ ਨੂੰ ਚਾਰਜਸ਼ੀਟ ਕੀਤਾ ਗਿਆ ਸੀ, ਪਰ ਅਚਾਨਕ ਉਤਰ ਪ੍ਰਦੇਸ਼ ਸਰਕਾਰ ਵੱਲੋਂ 2007 ਵਿਚ ਚਾਰਜਸ਼ੀਟ ਨੂੰ ਚੁੱਪ-ਚੁਪੀਤੇ ਵਾਪਸ ਲੈ ਲਿਆ ਗਿਆ ਜਿਸ ਸਬੰਧੀ ਹਰਜਿੰਦਰ ਸਿੰਘ ਕਾਹਲੋਂ ਵੱਲੋਂ ਆਵਾਜ਼ ਉਠਾਈ ਗਈ ਤੇ ਇਸ ਦੀ ਗੂੰਜ ਸੰਸਦ ਵਿਚ ਵੀ ਪਈ ਪਰ ਕੋਈ ਕਾਰਵਾਈ ਨਹੀਂ ਹੋਈ, ਜਿਸ ਉਤੇ ਸ. ਕਾਹਲੋਂ ਵੱਲੋਂ ਇਸੇ ਸਾਲ ਮਈ ਮਹੀਨੇ ਇਲਾਹਾਬਾਦ ਹਾਈ ਕੋਰਟ 'ਚ ਜਨਹਿੱਤ ਪਟੀਸ਼ਨ ਪਾਈ ਗਈ ਸੀ।

## ਦੋਸ਼ੀਆਂ ਨੂੰ ਸਖਤ ਸਜ਼ਾ ਦੇਵੇ ਹਾਈ ਕੋਰਟ: ਅਵਤਾਰ ਸਿੰਘ ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਪੀਲੀਭੀਤ ਜੇਲ੍ਹ ਮਾਮਲੇ ਵਿਚ ਮਾਰੇ ਗਏ ਸਿੱਖਾਂ ਦੇ ਦੋਸ਼ੀਆਂ ਨੂੰ ਇਲਾਹਾਬਾਦ ਹਾਈ ਕੋਰਟ ਵੱਲੋਂ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੁਲਾਇਮ ਸਿੰਘ ਸਰਕਾਰ ਨੇ ਕਈ ਸਾਲ ਇਸ ਮਾਮਲੇ ਨੂੰ ਦਬਾਅ ਕੇ ਸਿੱਖਾਂ ਦੇ ਜ਼ਖ਼ਮਾਂ ਨੂੰ ਕੁਰੇਦਣ ਦਾ ਕੰਮ ਕੀਤਾ ਸੀ ਪਰ ਜਿੱਤ ਹਮੇਸ਼ਾ ਸਚਾਈ ਦੀ ਹੁੰਦੀ ਹੈ, ਜਿਸ ਦਾ ਸਬੂਤ ਇਲਾਹਾਬਾਦ ਹਾਈ ਕੋਰਟ ਵੱਲੋਂ ਸਬੰਧਤ ਸਰਕਾਰ ਤੇ ਪੁਲਿਸ ਮੁਲਾਜ਼ਮਾਂ ਨੂੰ ਨੋਟਿਸ ਜਾਰੀ ਕਰਨ ਤੋਂ ਮਿਲਦਾ ਹੈ।



### ਸਿਹਤ ਘੁਟਾਲਾ

## ਭਾਰਤੀ ਜੋੜੇ ਨੂੰ 77.5 ਲੱਖ ਡਾਲਰ ਜੁਰਮਾਨਾ

**ਨਿਊ ਜਰਸੀ:** ਇਥੋਂ ਦੀ ਇਕ ਮੋਬਾਈਲ ਡਾਇਗਨੋਸਟਿਕ ਟੈਸਟਿੰਗ ਕੰਪਨੀ ਦੇ ਮਾਲਕ ਭਾਰਤੀ-ਅਮਰੀਕੀ ਜੋੜੇ ਨੂੰ ਲੱਖਾਂ ਡਾਲਰਾਂ ਦੀ ਸਿਹਤ ਸੰਭਾਲ ਧੋਖਾਧੜੀ ਦੇ ਦੋਸ਼ ਹੇਠ ਅਮਰੀਕੀ ਅਦਾਲਤ ਨੇ 77.5 ਲੱਖ ਡਾਲਰ ਭਰਨ ਲਈ ਕਿਹਾ ਹੈ। ਕਿਰਤੀਸ਼ ਐਨ. ਪਟੇਲ ਅਤੇ ਨੀਤਾ ਕੇ. ਪਟੇਲ (ਦੋਵੇਂ 53 ਸਾਲ) ਨੂੰ ਇਸ ਤੋਂ ਪਹਿਲਾਂ ਸਿਹਤ ਸੰਭਾਲ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਸਰਕਾਰ ਦੀ ਦੀਵਾਨੀ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਸੀ ਕਿ ਇਸ ਜੋੜੇ ਨੇ ਫਰਜ਼ੀ ਡਾਇਗਨੋਸਟਿਕ ਟੈਸਟ ਰਿਪੋਰਟਾਂ ਬਣਾਈਆਂ ਤੇ ਇਨ੍ਹਾਂ ਉਤੇ ਫਿਜੀਸ਼ੀਅਨਾਂ ਦੇ ਫ਼ਰਜ਼ੀ ਦਸਤਖ਼ਤ ਕਰ ਕੇ ਮੈਡੀਕੇਅਰ ਵਿਭਾਗ ਤੋਂ ਬਿੱਲ ਪਾਸ ਕਰਵਾਏ। ਨਿਆਂ ਵਿਭਾਗ ਅਨੁਸਾਰ ਦੋਸ਼ੀਆਂ ਨੇ ਮੈਡੀਕੇਅਰ ਤੋਂ ਦਿਮਾਗੀ ਪ੍ਰੀਖਣਾਂ ਦੇ ਅਜਿਹੇ ਬਿੱਲ ਵੀ ਪਾਸ ਕਰਵਾਏ, ਜੋ ਉਨ੍ਹਾਂ ਬਿਨਾਂ ਕਿਸੇ ਫਿਜੀਸ਼ੀਅਨ ਦੀ ਨਿਗਰਾਨੀ ਤੋਂ ਕੀਤੇ। ਇਹ ਕੇਸ ਵਿਸਲਬਲੋਅਰ ਐਕਟ ਤੇ 'ਫ਼ਰਜ਼ੀ ਦਾਅਵੇ ਐਕਟ' ਦੀਆਂ ਧਾਰਾਵਾਂ ਅਧੀਨ ਦਾਖਲ ਕੀਤਾ ਗਿਆ ਸੀ, ਜਿਸ ਤਹਿਤ ਧੋਖਾਧੜੀ ਦਾ ਪਤਾ ਲੱਗਣ ਉਤੇ ਆਮ ਨਾਗਰਿਕ ਵੀ ਰਿਕਵਰੀ ਲਈ ਦੀਵਾਨੀ ਕਾਰਵਾਈ ਕਰ ਸਕਦਾ ਹੈ।

# ਵਿੰਬਲਡਨ ਮੈਚ ਦੇਖਣ ਗਏ ਸਿੱਖ ਨਾਲ ਨਸਲੀ ਵਿਤਕਰਾ

**ਲੰਡਨ:** ਵਿੰਬਲਡਨ ਟੈਨਿਸ ਚੈਂਪੀਅਨਸ਼ਿਪ ਦੇ ਮੈਚ ਦੇਖਣ ਲਈ ਰਾਤ ਭਰ ਕਤਾਰ ਵਿਚ ਖੜ੍ਹੇ 20 ਸਾਲਾ ਸਿੱਖ ਨੌਜਵਾਨ ਨੂੰ ਸੁਰੱਖਿਆ ਅਮਲੇ ਨੇ ਬਾਹਰ ਕਰ ਦਿੱਤਾ ਕਿਉਂਕਿ ਉਸ ਕਾਰਨ ਕਈ ਲੋਕ 'ਅਸਹਿਜ' ਮਹਿਸੂਸ ਕਰ ਰਹੇ ਸਨ। ਇਸ ਅਣਪਛਾਤੇ ਟੈਨਿਸ ਪ੍ਰੇਮੀ ਨੇ ਪਿਛਲੇ ਹਫਤੇ ਫੇਸਬੁੱਕ 'ਤੇ ਆਪਣੇ ਮਨ ਦੀ ਭੜਾਸ ਕੱਢੀ। ਉਸ ਨੇ ਦਾਅਵਾ ਕੀਤਾ ਕਿ ਇਹ ਨਸਲੀ ਵਿਤਕਰਾ ਸੀ ਅਤੇ ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੇ ਫੈਸਲੇ ਬਾਅਦ ਅਜਿਹੇ ਕੇਸਾਂ ਵਿਚ ਵਾਧਾ ਹੋਇਆ ਹੈ।

ਪ੍ਰੋਫੈਸ਼ਨਲ ਟੈਨਿਸ ਖੇਡਣ ਦਾ ਸੁਪਨਾ ਸੰਜੋਣ ਵਾਲੇ ਇਸ ਸਿੱਖ ਨੌਜਵਾਨ ਨੂੰ ਕੁੱਝ ਘੰਟਿਆਂ ਬਾਅਦ ਮੁੜ ਲਾਈਨ ਵਿਚ ਲੱਗਣ ਦੀ ਆਗਿਆ ਦੇ ਦਿੱਤੀ। ਉਸ ਨੇ ਇਸ ਵਿਹਾਰ ਬਾਰੇ ਸ਼ਿਕਾਇਤ ਵੀ ਕੀਤੀ ਹੈ। ਫੇਸਬੁੱਕ 'ਤੇ ਪਾਏ ਇਸ ਪੋਸਟ ਉਤੇ ਦਰਜਨਾਂ ਲੋਕਾਂ ਨੇ ਟਿੱਪਣੀਆਂ ਕਰਦਿਆਂ ਉਸ ਨੂੰ ਪੁਲਿਸ ਕੋਲ 'ਭੇਦਭਾਵ' ਬਾਰੇ ਰਿਪੋਰਟ ਦਰਜ ਕਰਾਉਣ ਲਈ ਕਿਹਾ।

ਵਿੰਬਲਡਨ ਦੇ ਤਰਜਮਾਨ ਨੇ ਕਿਹਾ, 'ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਇਕ ਵਿਅਕਤੀ ਨੂੰ ਤੜਕੇ 4.42 'ਤੇ ਲਾਈਨ ਵਿਚੋਂ ਬਾਹਰ ਹੋਣ ਲਈ ਕਿਹਾ ਗਿਆ ਸੀ ਕਿਉਂਕਿ ਉਸ ਖਿਲਾਫ਼ ਕਤਾਰ ਵਿਚ ਖੜ੍ਹੇ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਸਨ।' ਪੀੜਤ ਵਿਅਕਤੀ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਅਜਿਹਾ ਕੁੱਝ ਨਹੀਂ ਕੀਤਾ ਸੀ ਕਿ ਉਸ ਨੂੰ ਲਾਈਨ ਵਿਚੋਂ ਬਾਹਰ ਕੀਤਾ ਜਾਂਦਾ। ਉਸ ਨੇ ਕਿਹਾ ਕਿ ਨਾ ਤਾਂ ਉਸ ਨੇ ਸ਼ਰਾਬ ਪੀਤੀ ਸੀ, ਨਾ ਉਚੀ ਬੋਲਿਆ ਅਤੇ ਨਾ ਹੀ ਉਸ ਦਾ ਰੁਖ਼ ਹਮਲਾਵਰ ਸੀ ਅਤੇ ਉਸ ਨੂੰ ਪਹਿਲਾਂ ਮਾੜੇ ਵਿਹਾਰ ਬਾਰੇ ਕੋਈ ਚਿਤਾਵਨੀ ਨਹੀਂ ਦਿੱਤੀ ਗਈ ਸੀ।

# ਕੇਂਦਰ ਸਰਕਾਰ ਨੇ ਬੰਦ ਪਏ 107 ਹਵਾਈ ਅੱਡਿਆਂ ਨੂੰ ਖੋਲ੍ਹਣ ਬਾਰੇ ਵੱਟੀ ਘੇਸ

**ਲੁਧਿਆਣਾ:** ਕੇਂਦਰ ਸਰਕਾਰ ਵੱਲੋਂ ਦੇਸ਼ ਦੇ 107 ਬੰਦ ਪਏ ਹਵਾਈ ਅੱਡਿਆਂ ਨੂੰ ਮੁੜ ਚਾਲੂ ਕਰਨ ਦਾ ਬਜਟ ਵਿਚ ਜੋ ਵਾਅਦਾ ਕੀਤਾ ਗਿਆ ਸੀ, ਉਸ ਯੋਜਨਾ ਨੂੰ ਹਾਲ ਦੀ ਘੜੀ ਕੇਂਦਰ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਠੰਢੇ ਬਸਤੇ 'ਚ ਪਾ ਦਿੱਤਾ ਹੈ।




ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣਾ ਦੇ ਹਵਾਈ ਅੱਡੇ ਨੂੰ ਚਾਲੂ ਕਰਨ ਦੀ ਸਬੰਧਤ ਵਿਭਾਗ ਕੋਲ ਕੋਈ ਤਜਵੀਜ਼ ਨਹੀਂ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ 29 ਫਰਵਰੀ ਨੂੰ ਸਾਲਾਨਾ ਬਜਟ ਵਿਚ ਐਲਾਨ ਕੀਤਾ ਸੀ ਕਿ ਕੇਂਦਰ ਸਰਕਾਰ ਸਾਲ 2016-2017 ਦੇ ਮਾਲੀ ਵਰ੍ਹੇ 'ਚ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਰਾਹੀਂ ਦੇਸ਼ ਦੇ ਬੰਦ ਪਏ 107 ਹਵਾਈ ਅੱਡਿਆਂ ਨੂੰ ਚਾਲੂ ਕਰੇਗੀ ਤੇ ਇਸ ਲਈ ਹਵਾਈ ਅੱਡਿਆਂ ਨੂੰ 50 ਤੋਂ 100 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

ਜੇਤਲੀ ਦੇ ਐਲਾਨ ਨੂੰ ਚਾਰ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਬੀਤ ਚੁੱਕਾ ਹੈ, ਪਰ ਅੱਜ ਤੱਕ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ 107 ਬੰਦ ਪਏ ਹਵਾਈ ਅੱਡਿਆਂ ਦੀ ਸੂਚੀ ਤੱਕ ਵੀ ਤਿਆਰ ਨਹੀਂ ਕੀਤੀ ਤੇ ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣਾ ਦੇ ਸਾਹਨੇਵਾਲ ਸਥਿਤ ਹਵਾਈ ਅੱਡੇ ਨੂੰ ਮੁੜ ਚਾਲੂ ਕਰਨਾ ਦੀ ਹਾਲ ਦੀ ਘੜੀ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਦੀ ਤਜਵੀਜ਼ ਵਿਚ ਨਹੀਂ ਹੈ। ਇਕ ਆਰ.ਟੀ.ਆਈ. ਦੇ ਜਵਾਬ ਵਿਚ ਵੀ ਵਿਭਾਗ ਨੇ ਦੱਸਿਆ ਹੈ ਕਿ ਭਾਵੇਂ ਐਲਾਨ ਹੋਇਆਂ ਕਈ ਮਹੀਨੇ ਹੋ ਗਏ ਹਨ ਪਰ ਅੱਜ ਤੱਕ ਉਨ੍ਹਾਂ ਨੂੰ ਕੇਂਦਰ ਸਰਕਾਰ ਨੇ ਹਵਾਈ ਅੱਡਿਆਂ ਨੂੰ ਮੁੜ ਚਾਲੂ ਕਰਨ ਦੀ ਕਾਰਵਾਈ ਅਰੰਭਣ ਦੀ ਹਦਾਇਤ ਨਹੀਂ ਦਿੱਤੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੁਧਿਆਣਾ ਦਾ ਹਵਾਈ ਅੱਡਾ ਚਾਲੂ ਕਰਨ ਲਈ ਵੀ ਕੋਈ ਹੁਕਮ ਜਾਰੀ ਨਹੀਂ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਲੁਧਿਆਣਾ ਦਾ ਹਵਾਈ ਅੱਡਾ ਚਾਲੂ ਕਰਨ ਲਈ ਕੋਈ ਵੀ ਅਮਲ ਅਰੰਭ ਨਾ ਕਰਨ ਕਰ ਕੇ ਸਨਅਤਕਾਰਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਨਅਤਕਾਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਜੋ ਦੇਸ਼ ਦੇ 107 ਹਵਾਈ ਅੱਡਿਆਂ ਨੂੰ ਮੁੜ ਚਾਲੂ ਕਰਨ ਦਾ ਐਲਾਨ ਕੀਤਾ ਸੀ, ਉਸ 'ਚ ਲੁਧਿਆਣਾ ਦਾ ਹਵਾਈ ਅੱਡਾ ਵੀ ਚਾਲੂ ਹੋਣ ਦੀ ਆਸ ਬੱਝੀ ਸੀ, ਪਰ ਐਲਾਨ ਪਿਛੋਂ ਕੋਈ ਵੀ ਅਮਲੀ ਰੂਪ ਨਾ ਦੇਣਾ ਬਹੁਤ ਹੀ ਮੰਦਭਾਗਾ ਹੈ।

## ਕੁਵੈਤ ਦੀ ਅੰਬੈਸੀ ਖੋਲ੍ਹ 150 ਲੋਕਾਂ ਨੂੰ ਠੱਗਿਆ

**ਜਲੰਧਰ:** ਪੁਲਿਸ ਨੇ ਵਿਦੇਸ਼ਾਂ ਵਿਚ ਭੇਜਣ ਦੇ ਨਾਂ ਉਤੇ ਠੱਗਣ ਦੇ ਇਲਜ਼ਾਮ ਵਿਚ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਿਸ ਨੇ ਇਨ੍ਹਾਂ ਤੋਂ ਵੱਡੀ ਮਾਤਰਾ ਵਿਚ ਪਾਸਪੋਰਟ ਤੇ ਜਾਅਲੀ ਦਸਤਾਵੇਜ਼ ਬਰਾਮਦ ਕੀਤੇ ਹਨ।

ਪੁਲਿਸ ਮੁਤਾਬਕ ਮੁਲਜ਼ਮ ਬਲਵਿੰਦਰ ਸਿੰਘ ਤੇ ਯੁਗਰਾਜ ਸਿੰਘ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਇਨ੍ਹਾਂ ਲੋਕਾਂ ਨੇ ਆਪਣੇ ਦਫਤਰ ਨੂੰ ਕੁਵੈਤ ਦੀ ਰਾਜਧਾਨੀ ਬਣਾਇਆ ਹੋਇਆ ਸੀ। ਇਥੋਂ ਉਹ ਲੋਕਾਂ ਤੋਂ ਲੱਖਾਂ ਰੁਪਏ ਠੱਗ ਕੇ ਜਾਅਲੀ ਵੀਜ਼ਾ ਦਿੰਦੇ ਸਨ। ਪੁਲਿਸ ਨੇ ਇਨ੍ਹਾਂ ਕੋਲੋਂ 119 ਪਾਸਪੋਰਟ, 29 ਜਾਅਲੀ ਵੀਜ਼ੇ, 161 ਜਾਅਲੀ ਆਫਰ ਲੈਟਰ, 221 ਹਲਫੀਆ ਬਿਆਨ, 71 ਲਾਇਸੰਸ, 14 ਸਕੂਲ ਸਰਟੀਫਿਕੇਟ, 64 ਜਾਅਲੀ ਮੈਡੀਕਲ ਸਰਟੀਫਿਕੇਟ ਤੇ ਇਕ ਟਾਟਾ ਸਫਾਰੀ ਬਰਾਮਦ ਕੀਤੀ ਹੈ। ਪੁਲਿਸ ਮੁਤਾਬਕ ਬਲਵਿੰਦਰ ਸਿੰਘ ਤੇ ਯੁਗਰਾਜ ਸਿੰਘ ਨੇ 2015 ਵਿਚ ਅੰਮ੍ਰਿਤਸਰ ਵਿਖੇ ਆਪਣਾ ਠੱਗੀ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਇਹ ਲੋਕ ਕਰੀਬ 150 ਲੋਕਾਂ ਨੂੰ ਕੁਵੈਤ ਭੇਜਣ ਦੇ ਨਾਂ ਉਤੇ ਠੱਗ ਚੁੱਕੇ ਹਨ।

# ਪੰਜਾਬ ਦਾ ਖੇਤੀਬਾੜੀ ਵਿਭਾਗ ਆਪ ਲਾਵਾਰਸ ਹੋਇਆ

**ਬਠਿੰਡਾ:** ਖੇਤੀਬਾੜੀ ਵਿਭਾਗ ਪੰਜਾਬ ਵਿਚ ਥੋਕ ਵਿਚ ਪਈਆਂ ਖਾਲੀ ਅਸਾਮੀਆਂ ਇਸ ਮਹੱਤਵਪੂਰਨ ਕਿੱਤੇ ਪ੍ਰਤੀ ਸਰਕਾਰ ਦੀ ਉਦਾਸੀਨਤਾ ਤੇ ਬੇਰੁਖੀ ਨੂੰ ਪ੍ਰਗਟ ਕਰਦੀਆਂ ਹਨ। ਸੂਬੇ ਦੀ ਸੱਤਾ ਉਤੇ ਕਾਬਜ਼ ਸਮੇਂ-ਸਮੇਂ ਦੀਆਂ ਸਰਕਾਰਾਂ ਕਿਸਾਨ ਪੱਖੀ ਹੋਣ ਦਾ ਦਮ ਭਰਦੀਆਂ ਹਨ ਤੇ ਹਰ ਵਾਰ ਚੋਣ ਮੁੱਦੇ ਵਿਚ ਵੀ ਸੂਬੇ ਦੀ ਕਿਸਾਨੀ ਸਬੰਧੀ ਅਹਿਮ ਵਾਅਦੇ ਤੇ ਦਾਅਵੇ ਕੀਤੇ ਜਾਂਦੇ ਹਨ, ਪਰ ਇਹ ਗੱਲ ਕਿੰਨੀ ਗੰਭੀਰ ਹੈ ਕਿ ਜਿਸ ਮਹਿਕਮੇ ਨੇ ਸੂਬੇ ਦੀ ਕਿਸਾਨੀ ਨੂੰ ਦਰਪੇਸ਼ ਚੁਣੌਤੀਆਂ ਅਤੇ ਔਕੜਾਂ ਦੇ ਹੱਲ ਲਈ ਕੰਮ ਕਰਨਾ ਹੁੰਦਾ ਹੈ, ਉਸ ਕੋਲ ਲੋੜੀਂਦਾ ਅਮਲਾ-ਫੈਲਾ ਹੀ ਨਹੀਂ ਹੈ।



ਹੈਰਾਨੀਜਨਕ ਗੱਲ ਇਹ ਹੈ ਕਿ ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਦਾ ਅਹੁਦਾ 2004 ਤੋਂ ਖਾਲੀ ਚੱਲਿਆ ਆ ਰਿਹਾ ਹੈ। ਹਰ ਵਾਰ ਸੰਯੁਕਤ ਡਾਇਰੈਕਟਰ ਨੂੰ ਚਾਰਜ ਦੇ ਕੇ ਹੀ ਬੁੱਤਾ ਸਾਰਿਆ ਜਾ ਰਿਹਾ ਹੈ। ਪੰਜਾਬ ਵਿਚ ਕੁੱਲ 934 ਖੇਤੀਬਾੜੀ ਵਿਕਾਸ ਅਫਸਰਾਂ ਦੀਆਂ ਅਸਾਮੀਆਂ ਹਨ, ਜਿਨ੍ਹਾਂ ਵਿਚੋਂ 565 ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਬਲਾਕ ਖੇਤੀਬਾੜੀ ਅਫਸਰਾਂ ਦੀਆਂ 221 ਵਿਚੋਂ 75, ਖੇਤੀਬਾੜੀ ਵਿਸਥਾਰ ਅਫਸਰਾਂ ਦੀਆਂ 233 'ਚੋਂ 60, ਡਿਪਟੀ ਡਾਇਰੈਕਟਰਾਂ ਦੀਆਂ 53 ਵਿਚੋਂ 23 ਅਸਾਮੀਆਂ ਖਾਲੀ ਹਨ। ਬਹੁਤ ਸਾਰੇ ਜ਼ਿਲ੍ਹਿਆਂ 'ਚ ਜ਼ਿਲ੍ਹਾ ਸਿਖਲਾਈ ਅਫਸਰਾਂ ਦੀਆਂ ਅਸਾਮੀਆਂ ਵੀ ਖਾਲੀ ਚਲੀਆਂ ਆ ਰਹੀਆਂ ਹਨ।

ਖੇਤੀਬਾੜੀ ਵਿਕਾਸ ਅਫਸਰ ਜਿਨ੍ਹਾਂ ਨੇ ਖਾਦ, ਬੀਜ, ਕੀੜੇਮਾਰ ਦਵਾਈਆਂ ਸਬੰਧੀ ਜਿਥੇ ਕਿਸਾਨਾਂ ਨੂੰ ਸੇਧ ਦੇਣੀ ਹੁੰਦੀ ਹੈ, ਉਥੇ ਇਨ੍ਹਾਂ ਦੀ ਨਿਗਰਾਨੀ ਰੱਖਣ ਦੇ ਨਾਲ ਹੀ ਕੁਆਲਿਟੀ ਕੰਟਰੋਲ ਵੀ ਰੱਖਣਾ ਹੁੰਦਾ ਹੈ, ਪਰ ਇੰਨੀਆਂ ਘੱਟ ਅਸਾਮੀਆਂ ਨਾਲ ਉਕਤ ਮਕਸਦ ਹੱਲ ਨਹੀਂ ਹੁੰਦਾ।

ਜ਼ਿਕਰਯੋਗ ਹੈ ਕਿ ਮਾਨਸਾ ਜ਼ਿਲ੍ਹੇ ਵਿਚ 29 ਵਿਚੋਂ ਸਿਰਫ ਦੋ ਖੇਤੀਬਾੜੀ ਵਿਕਾਸ ਅਫਸਰਾਂ ਨਾਲ ਹੀ ਡੰਗ ਸਾਰਿਆ ਜਾ ਰਿਹਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਜ਼ਿਲ੍ਹੇ ਦੇ 244 ਪਿੰਡਾਂ 'ਚ ਦੋ ਅਫਸਰ ਕਿਸ ਤਰ੍ਹਾਂ ਕਿਸਾਨਾਂ ਨੂੰ ਸੇਧ ਦੇਣਗੇ? ਇਸੇ ਤਰ੍ਹਾਂ ਹੀ ਜ਼ਿਲ੍ਹੇ ਵਿਚ ਖੇਤੀਬਾੜੀ ਵਿਸਥਾਰ ਅਫਸਰਾਂ ਤੇ ਬਲਾਕ ਅਫਸਰਾਂ ਦੀਆਂ 7-7 ਵਿਚੋਂ 6-6 ਅਸਾਮੀਆਂ ਖਾਲੀ ਹਨ। ਭਾਵੇਂ ਠੇਕਾ ਆਧਾਰ 'ਤੇ ਕੁਝ ਅਸਾਮੀਆਂ ਭਰ ਲਈਆਂ ਗਈਆਂ ਹਨ, ਪਰ ਕੁਆਲਿਟੀ ਕੰਟਰੋਲ ਦਾ ਕੰਮ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ, ਜਿਸ ਕਰ ਕੇ ਕੁਆਲਿਟੀ ਕੰਟਰੋਲ ਨੂੰ ਕਾਇਮ ਰੱਖਣ ਤੇ ਕਿਸਾਨਾਂ ਨੂੰ ਕੁਆਲਿਟੀ ਦੀਆਂ ਵਸਤਾਂ ਮੁਹੱਈਆ ਕਰਵਾਉਣ ਵਿਚ ਮੁੱਖ ਸਮੱਸਿਆ ਆ ਰਹੀ ਹੈ।

ਦੱਸਣਾ ਬਣਦਾ ਹੈ ਕਿ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਤੇ ਰਾਜਸਥਾਨ ਵਿਚ ਕੀਟਨਾਸ਼ਕ ਜ਼ਹਿਰਾਂ ਦਾ ਉਤਪਾਦਨ ਹੁੰਦਾ ਹੈ, ਜਿਸ ਨੂੰ ਪੰਜਾਬ ਵਿਚ ਸਪਲਾਈ ਕੀਤਾ ਜਾਂਦਾ ਹੈ, ਪਰ ਮੁਲਾਜ਼ਮਾਂ ਦੀ ਕਮੀ ਕਾਰਨ ਇਨ੍ਹਾਂ ਦੀ ਕੁਆਲਿਟੀ ਕੰਟਰੋਲ ਕਰਨ ਵਿਚ ਫਿਰ ਮੁਸ਼ਕਲ ਖੜ੍ਹੀ ਹੁੰਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਵਾਰ ਉੱਚ ਪੱਧਰ ਦੇ ਬੀਜ, ਰੇਅ-ਸਪਰੇਅ ਦੇਣ ਦੇ ਯਤਨ ਕਰਨ ਦੇ ਨਾਲ ਹੀ ਚਿੱਟੇ ਮੱਛਰ ਨੂੰ ਸ਼ੁਰੂ ਵਿਚ ਹੀ ਖਤਮ ਕਰਨ ਲਈ ਖੇਤੀਬਾੜੀ ਵਿਭਾਗ ਨੂੰ ਚੁਸਤ-ਦਰੁਸਤ ਕਰਨ ਦੇ ਯਤਨ ਕੀਤੇ ਸਨ, ਪਰ ਵੱਡੀ ਪੱਧਰ ਉਤੇ ਮਹਿਕਮੇ 'ਚ ਖਾਲੀ ਪਈਆਂ ਅਸਾਮੀਆਂ ਕਾਰਨ ਸਰਕਾਰ ਦੇ ਉਕਤ ਯਤਨਾਂ ਨੂੰ ਬੂਰ ਨਹੀਂ ਪਿਆ।


# ਅਰੁਣਾਚਲ ਬਾਰੇ ਫੈਸਲਾ ਬਣਿਆ ਮੋਦੀ ਲਈ ਨਾਮੋਸ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਰੁਣਾਚਲ ਪ੍ਰਦੇਸ਼ ਵਿਚ ਕਾਂਗਰਸ ਸਰਕਾਰ ਬਹਾਲ ਕਰ ਕੇ ਅਤੇ ਰਾਜਪਾਲ ਜਿਓਤੀ ਪ੍ਰਸਾਦ ਰਾਜਖੋਵਾ ਦੇ 9 ਦਸੰਬਰ 2015 ਤੋਂ ਬਾਅਦ ਦੇ ਸਾਰੇ ਹੁਕਮ ਰੱਦ ਕਰਨ ਦੇ ਫੈਸਲੇ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਫੈਸਲੇ ਪਿੱਛੋਂ ਕਾਂਗਰਸ ਦੇ ਪੇਮਾ ਖਾਂਡੂ ਨੇ ਅਰੁਣਾਚਲ ਪ੍ਰਦੇਸ਼ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਆਪਣੇ ਫੈਸਲੇ ਰਾਹੀਂ ਅਰੁਣਾਚਲ ਵਿਚ 15 ਦਸੰਬਰ 2015 ਤੋਂ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰਦਿਆਂ ਇਹ ਕਿਹਾ ਕਿ ਇਸ ਤਰੀਕ ਤੋਂ ਬਾਅਦ ਜੋ ਕੁਝ ਵੀ ਵਾਪਰਿਆ, ਉਹ ਗੈਰ-ਸੰਵਿਧਾਨਕ ਸੀ ਅਤੇ ਉਸ ਨੂੰ ਰੱਦ ਮੰਨਿਆ ਜਾਵੇ।

ਜ਼ਿਕਰਯੋਗ ਹੈ ਕਿ ਇਸ ਸਾਲ ਮਈ ਮਹੀਨੇ ਸੁਪਰੀਮ ਕੋਰਟ ਨੇ ਉਤਰਾਖੰਡ ਵਿਚ ਹਰੀਸ਼ ਰਾਵਤ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀ ਬਰਤਰਫ਼ੀ ਰੱਦ ਕਰਦਿਆਂ ਰਾਜ ਵਿਧਾਨ ਸਭਾ ਵਿਚ ਨਵੇਂ ਸਿਰਿਉਂ ਬਹੁਮਤ ਦੀ ਅਜ਼ਮਾਇਸ਼ ਦੇ ਹੁਕਮ ਦਿੱਤੇ ਸਨ ਜਿਸ ਸਦਕਾ ਹਰੀਸ਼ ਰਾਵਤ ਸਰਕਾਰ ਦਾ ਪੁਨਰ-ਜਨਮ ਹੋਇਆ।

ਜ਼ਿਕਰਯੋਗ ਹੈ ਕਿ ਦਸੰਬਰ ਦੇ ਮੁੱਢ ਵਿਚ ਅਰੁਣਾਚਲ ਕਾਂਗਰਸ ਵਿਧਾਇਕ ਦਲ ਵਿਚ ਫੁੱਟ ਪੈ ਗਈ ਸੀ। ਨਾਲ ਹੀ ਡਿਪਟੀ ਸਪੀਕਰ ਤੇ ਸਪੀਕਰ ਨੂੰ ਹਟਾਉਣ ਦੀ ਮੰਗ ਉਠ ਪਈ। ਰਾਜ ਸਰਕਾਰ ਨੇ 14 ਜਨਵਰੀ 2016 ਤੋਂ ਵਿਧਾਨ ਸਭਾ ਦਾ ਇਜਲਾਸ ਬੁਲਾਉਣ ਦਾ ਫੈਸਲਾ ਲਿਆ, ਪਰ ਰਾਜਪਾਲ ਨੇ ਵਿਸ਼ੇਸ਼ ਨਿਰਦੇਸ਼ ਜਾਰੀ ਕਰਕੇ ਸੈਸ਼ਨ 16 ਦਸੰਬਰ ਨੂੰ ਬੁਲਾਏ ਜਾਣ ਦੀ ਤਾਕੀਦ ਕੀਤੀ। ਇਸ ਮਗਰੋਂ ਵਿਧਾਨਕ ਖਿੱਚੋਤਾਣ ਸ਼ੁਰੂ ਹੋ ਗਈ ਜਿਸ ਦੇ ਨਤੀਜੇ ਵਜੋਂ 27 ਜਨਵਰੀ ਤੋਂ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਕੇਂਦਰ ਦੀ ਇਸ ਕਾਰਵਾਈ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਗਿਆ।






ਸੁਪਰੀਮ ਕੋਰਟ ਦੀ ਇਕ ਅਹਿਮ ਸੁਣਵਾਈ ਨੂੰ ਬੇਲੋੜਾ ਬਣਾਉਣ ਹਿੱਤ 19 ਫਰਵਰੀ ਨੂੰ ਰਾਸ਼ਟਰਪਤੀ ਰਾਜ ਹਟਾ ਕੇ ਕਾਲਿਕੋ ਪੁਲ ਦੀ ਅਗਵਾਈ ਹੇਠ ਨਵੇਂ ਮੰਤਰੀ ਮੰਡਲ ਨੂੰ ਸਹੁੰ ਚੁੱਕਾ ਦਿੱਤੀ ਗਈ। ਪੁਲ ਕਾਂਗਰਸ ਦੇ ਬਾਗੀ ਧੜੇ ਦੇ ਆਗੂ ਸਨ ਅਤੇ ਉਨ੍ਹਾਂ ਨੇ ਦੋ-ਤਿਹਾਈ ਤੋਂ ਵੱਧ ਕਾਂਗਰਸੀ ਵਿਧਾਇਕਾਂ ਨੂੰ ਪਾਰਟੀ ਤੋਂ ਅਲਹਿਦਾ ਕਰ ਕੇ ਨਵੀਂ ਪਾਰਟੀ ਤੇ ਸਰਕਾਰ ਹੋਂਦ ਵਿਚ ਲਿਆਂਦੀ। ਹੁਣ ਸੁਪਰੀਮ ਕੋਰਟ ਦੇ ਨਵੇਂ ਹੁਕਮਾਂ ਨੇ ਇਸ ਸਰਕਾਰ ਨੂੰ ਗੈਰ ਕਾਨੂੰਨੀ ਬਣਾ ਦਿੱਤਾ ਹੈ। ਕੇਂਦਰ ਸਰਕਾਰ ਵਲੋਂ ਇਕ ਸੂਬਾਈ ਸਰਕਾਰ ਡੇਗਣ ਲਈ ਸਾਰੇ ਗ਼ੈਰ-ਕਾਨੂੰਨੀ ਹਥਿਆਰ ਅਮਲ ਵਿਚ ਲਿਆਂਦੇ ਗਏ।

## ਸੋਨੇ ਦੀ ਕਮੀਜ਼ ਪਾਉਣ ਵਾਲੇ ਦਾ ਕਤਲ

**ਮੁੰਬਈ:** ਕੁਝ ਸਾਲ ਪਹਿਲਾਂ ਇਕ ਕਰੋੜ ਰੁਪਏ ਤੋਂ ਵੱਧ ਕੀਮਤ ਦੀ ਸੋਨੇ ਦੀ ਕਮੀਜ਼ ਖਰੀਦਣ ਨਾਲ ਸੁਰਖੀਆਂ ਵਿਚ ਆਏ 48 ਸਾਲਾ ਵਪਾਰੀ ਦਾ ਕਤਲ ਹੋ ਗਿਆ ਹੈ। ਇਹ ਕਤਲ ਉਸ ਦੇ ਬੇਟੇ ਦੇ ਸਾਹਮਣੇ ਕੀਤਾ ਗਿਆ। ਫੂਗੇ ਨੇ 2012 ਵਿਚ ਤਕਰੀਬਨ 3.5 ਕਿੱਲੋ ਸੋਨੇ ਦੀ ਬਣੀ 1.27 ਕਰੋੜ ਦੀ ਸੋਨੇ ਦੀ ਕਮੀਜ਼ ਪਾਈ ਸੀ।ਪੁਲਿਸ ਨੇ ਦਸਿਆ ਕਿ ਪਿੰਪਰੀ-ਚਿੰਚਵਾਡ ਕਸਬੇ ਦੇ ਵਪਾਰੀ ਦੱਤਾ ਫੂਗੇ ਦੀ ਹੱਤਿਆ ਕਰ ਦਿੱਤੀ ਗਈ ਹੈ। ਮਾਮਲਾ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।



ਪੁਲਿਸ ਮੁਤਾਬਕ ਪੱਥਰਾਂ ਤੇ ਤੇਜ਼ ਧਾਰ ਹਥਿਆਰਾਂ ਨਾਲ ਲੈਸ ਤਕਰੀਬਨ 12 ਬੰਦਿਆਂ ਨੇ ਫੂਗੇ 'ਤੇ ਹਮਲਾ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਘਟਨਾ ਸਥਾਨ 'ਤੇ ਉਸ ਦੀ ਮੌਤ ਹੋ ਗਈ। ਪੁਲਿਸ ਮੁਤਾਬਕ ਫੂਗੇ ਤੇ ਉਸ ਦੇ ਬੇਟੇ ਨੂੰ ਸ਼ੱਕੀ ਲੋਕਾਂ ਵਿਚੋਂ ਇਕ ਨੇ ਜਨਮ ਦਿਨ ਮਨਾਉਣ ਲਈ ਬੁਲਾਇਆ ਸੀ। ਇਸ ਦੌਰਾਨ ਖੁੱਲ੍ਹੇ ਮੈਦਾਨ ਵਿਚ ਫੂਗੇ ਦੀ ਹੱਤਿਆ ਕਰ ਦਿੱਤੀ ਗਈ।

## Matrimonial

### ਲੜਕੀ ਦੀ ਲੋੜ ਹੈ

Jatt Sikh Brar Boy 25 years, 6'-1", Masters in Bio Engineering (USA) seeking good looking US citizen/immigrant girl, professional, homely, well versed in both cultures. Contact, Email: resham.rand@gmail.com, Ph: 510-797-7900 27-30

ਛੀਂਬਾ ਸਿੱਖ, ਉਮਰ 40 ਸਾਲ, ਕੱਦ 5'-6", ਅਧਿਆਪਕ, ਯੂ ਐਸ ਲੀਗਲ ਸਟੇਟਸ ਲੜਕੇ ਲਈ ਭਲੇ ਪਰਿਵਾਰ ਦੀ ਸਾਦਾ ਤੇ ਸੰਜੀਦਾ ਕੁੜੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸਿਰਫ ਗੰਭੀਰ ਲੋਕ ਹੀ ਸੰਪਰਕ ਕਰਨ। ਫੋਟੋ ਤੇ ਵੇਰਵੇ ਸਮੇਤ ਈਮੇਲ ਕਰੋ: singh.millionaire@gmail.com ਫੋਨ: 323-351-5737 26-29

ਵਿਜ਼ੀਟਰ ਵੀਜ਼ੇ 'ਤੇ ਅਮਰੀਕਾ ਆਏ ਨਾਈ ਸਿੱਖ, ਭਾਰਤ ਤੋਂ ਗਰੈਜੂਏਟ ਉਮਰ 28 ਸਾਲ, 5'-9" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਇਕੋ ਭੈਣ ਅਮਰੀਕਾ ਵਿਚ ਵੈਲ ਸੈਟਲਡ ਹੈ। ਲੜਕੇ ਦਾ ਪਰਿਵਾਰ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ: 646-318-1589 26-29

### ਵਰ ਦੀ ਲੋੜ ਹੈ

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 26-29

Looking for a suitable Jatt Sikh match for a Jatt Sikh girl, born and raised in USA, 26 years, 5'-4", degree in Anthropology/ Sociology and Women's studies. Girl is working as youth program teacher since completing college and interested in going to Graduate school in social work. Please email at caprisingh8@yahoo.com to have a phone conversation and more information. 25-28

*To Advertise with Punjab Times*
***Call: 847-359-0746***
***punjabtimesusa.com***

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਫਿਰਕੂ ਮੁੱਦੇ, ਉਤਰ ਪ੍ਰਦੇਸ਼ ਚੋਣਾਂ ਅਤੇ ਭਾਜਪਾ

ਪ੍ਰੋ. ਸ਼ੋਇਬ ਜ਼ਫ਼ਰ


ਦਿੱਲੀ ਦੀ ਗੱਦੀ 'ਤੇ ਕਾਬਜ਼ ਹੋਣ ਦੀ ਦੂਜੀ ਵਰ੍ਹੇਗੰਢ ਮੁਕੰਮਲ ਹੋਣ ਦੇ ਜਸ਼ਨਾਂ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਨੇ ਉਤਰ ਪ੍ਰਦੇਸ਼ (ਯੂ.ਪੀ.) ਦੀਆਂ ਚੋਣਾਂ ਦੀ ਤਿਆਰੀ ਦਾ ਬਿਗਲ ਵੀ ਵਜਾ ਦਿੱਤਾ ਹੈ। ਇਸ ਦਾ ਆਰੰਭ ਪਿਛਲੇ ਦਿਨੀਂ ਅਲਾਹਾਬਾਦ ਵਿਖੇ ਹੋਈ ਕੌਮੀ ਕਾਰਜਕਰਨੀ ਦੀ ਦੋ ਰੋਜ਼ਾ ਮੀਟਿੰਗ ਦੌਰਾਨ ਅਗਲੇ ਕੁਝ ਮਹੀਨਿਆਂ ਅੰਦਰ ਯੂ.ਪੀ. ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੀ ਖ਼ੂਬ ਵਿਚਾਰ ਕੀਤੀ ਗਈ। ਲੋਕ ਸਭਾ ਚੋਣਾਂ ਵਿਚ ਯੂ.ਪੀ. ਦੀਆਂ 80 ਵਿਚੋਂ 71 ਸੀਟਾਂ ਜਿੱਤ ਕੇ ਇਤਿਹਾਸ ਸਿਰਜਣ ਵਾਲੀ ਭਾਜਪਾ ਹਰ ਹਾਲਤ ਵਿਚ ਯੂ.ਪੀ. ਦੀ ਸੱਤਾ ਹਾਸਲ ਕਰਨਾ ਚਾਹੁੰਦੀ ਹੈ। ਇਸ ਦੀ ਪ੍ਰਾਪਤੀ ਲਈ ਪਾਰਟੀ ਨੇ ਹਰ ਪਾਸਿਉਂ ਮੋਰਚਾ ਬੰਦੀ ਸ਼ੁਰੂ ਕਰ ਦਿਤੀ ਹੈ। ਇਸ ਸੂਬੇ ਦੀਆਂ ਚੋਣਾਂ ਅਸਲ ਵਿਚ ਕੇਂਦਰ ਵਿਚ ਬਚੇ ਮੋਦੀ ਸਰਕਾਰ ਦੇ ਅਗਲੇ 3 ਸਾਲਾਂ ਦੀ ਦਸ਼ਾ ਅਤੇ ਦਿਸ਼ਾ ਨਿਰਧਾਰਨ ਕਰਨਗੀਆਂ। ਯੂ.ਪੀ. ਵਿਚ ਫ਼ਤਿਹ ਦਾ ਝੰਡਾ ਲਹਿਰਾਉਣ ਦੀ ਸੂਰਤ ਵਿਚ ਭਾਜਪਾ ਮਜ਼ਬੂਤੀ ਨਾਲ ਆਪਣੀਆਂ ਦੇਸੀ-ਵਿਦੇਸ਼ੀ ਨੀਤੀਆਂ ਨੂੰ ਲਾਗੂ ਕਰਨ ਵਿਚ ਕਾਮਯਾਬ ਹੋਵੇਗੀ ਜਦੋਂਕਿ ਹਾਰਨ ਦੀ ਸੂਰਤ 'ਚ ਕੇਂਦਰੀ ਪੱਧਰ 'ਤੇ ਵੱਡੇ ਬਦਲਾਅ ਵੇਖਣ ਨੂੰ ਮਿਲ ਸਕਦੇ ਹਨ।

ਅਲਾਹਾਬਾਦ ਮੀਟਿੰਗ ਤੋਂ ਬਾਅਦ ਪਾਰਟੀ ਨੇ ਇਹ ਸਪਸ਼ਟ ਇਸ਼ਾਰਾ ਕਰ ਦਿਤਾ ਹੈ ਕਿ ਯੂ.ਪੀ. ਦੀਆਂ ਚੋਣਾਂ ਪ੍ਰਧਾਨ ਮੰਤਰੀ ਦੇ ਨਾਂ 'ਤੇ ਹੀ ਲੜੀਆਂ ਜਾਣਗੀਆਂ। ਜੇ ਮੁੱਖ ਮੰਤਰੀ ਲਈ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਨਾਂ ਦਾ ਫ਼ੈਸਲਾ ਹੋ ਵੀ ਜਾਂਦਾ ਹੈ ਤਾਂ ਵੀ ਇਨ੍ਹਾਂ ਚੋਣਾਂ 'ਚ ਮੋਦੀ ਮੁੱਖ ਚਿਹਰਾ ਬਣੇ ਰਹਿਣਗੇ। ਇਸੇ ਸਕੀਮ ਤਹਿਤ ਬਿਹਾਰ ਵਿਚ ਮੂੰਹ ਦੀ ਖਾਣ ਤੋਂ ਬਾਅਦ ਵੀ ਭਾਜਪਾ ਆਪਣੇ ਇਸ ਕ੍ਰਿਸ਼ਮਈ ਆਗੂ ਤੋਂ ਯੂ.ਪੀ. ਫ਼ਤਿਹ ਕਰਨ ਦਾ ਦਾਅ ਲਗਾਉਣ ਵਿਚ ਕਿਸੇ ਤਰ੍ਹਾਂ ਪਿੱਛੇ ਨਹੀਂ ਹਟੇਗੀ।

ਭਾਜਪਾ ਨੇ ਸੰਕੇਤ ਦੇ ਦਿਤੇ ਹਨ ਕਿ ਯੂ.ਪੀ. ਦੀਆਂ ਚੋਣਾਂ ਦੋ ਪੱਧਰ 'ਤੇ ਲੜੀਆਂ ਜਾਣਗੀਆਂ। ਪਾਰਟੀ ਬਿਹਾਰ ਚੋਣਾਂ ਵਾਂਗ ਹੀ ਆਪਣੇ ਏਜੰਡੇ ਵਿਚ 'ਵਿਕਾਸ' ਅਤੇ 'ਫਿਰਕਾਪ੍ਰਸਤੀ' ਦੀ ਰਾਜਨੀਤੀ ਨੂੰ ਨਾਲੋ-ਨਾਲ ਚਲਾਵੇਗੀ। ਪ੍ਰਧਾਨ ਮੰਤਰੀ ਨੇ ਅਲਾਹਾਬਾਦ ਵਿਚ ਆਪਣੀ ਸਰਕਾਰ ਦੇ ਦੋ ਸਾਲਾਂ ਦੇ ਵਿਕਾਸ ਕਾਰਜਾਂ ਦਾ ਖੁੱਲ੍ਹ ਕੇ ਗੁਣਗਾਨ ਕੀਤਾ ਅਤੇ ਉਤਰ ਪ੍ਰਦੇਸ਼ ਦੇ ਪਛੜੇਪਣ ਦਾ ਕਾਰਨ ਸਮਾਜਵਾਦੀ ਪਾਰਟੀ, ਬੀ.ਐਸ.ਪੀ. ਅਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਮੰਨਿਆ। ਉਨ੍ਹਾਂ ਕਿਹਾ ਕਿ ਜੇ ਯੂ.ਪੀ. ਵਿਚ ਭਾਜਪਾ ਸਰਕਾਰ ਬਣਦੀ ਹੈ ਤਾਂ ਅਗਲੇ ਪੰਜ ਸਾਲਾਂ ਅੰਦਰ ਸੂਬੇ ਅੰਦਰ ਵਿਕਾਸ ਦੀ ਲਹਿਰ ਚੱਲੇਗੀ ਅਤੇ ਹਰ ਵਰਗ ਖ਼ੁਸ਼ਹਾਲ ਹੋਵੇਗਾ।

ਮੀਟਿੰਗ ਵਿਚ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੇ ਭਾਜਪਾ ਦੀ ਫਿਰਕਾਪ੍ਰਸਤੀ ਦੀ ਰਾਜਨੀਤੀ ਦੇ ਦਰਸ਼ਨ ਵੀ ਖੁੱਲ੍ਹ ਕੇ ਕਰਾ ਦਿਤੇ। ਉਨ੍ਹਾਂ ਸ਼ਾਮਲੀ ਜ਼ਿਲ੍ਹੇ ਦੀ ਕੈਰਾਨਾ ਤਹਿਸੀਲ ਤੋਂ ਹਿੰਦੂ ਭਾਈਚਾਰੇ ਦੀ ਹਿਜਰਤ ਨੂੰ ਹਿੰਦੂ ਗੌਰਵ ਨਾਲ ਜੋੜਨ ਵਿਚ ਕੋਈ ਕਸਰ ਨਾ ਛੱਡੀ। ਪਾਰਟੀ ਪ੍ਰਧਾਨ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੇ ਰਾਜ ਵਿਚ ਸੂਬੇ ਦੇ ਬਹੁਸੰਖਿਅਕ ਡਰ ਦੀ ਭਾਵਨਾ ਹੇਠ ਜੀਅ ਰਹੇ ਹਨ, ਪਾਰਟੀ ਅਜਿਹੀ ਹਰਕਤ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਇਸ ਮਾਮਲੇ ਵਿਚ ਦੇਸ਼ ਪੱਧਰ 'ਤੇ ਵੱਡਾ ਅੰਦੋਲਨ ਚਲਾਉਣ ਦੀ ਗੱਲ ਵੀ ਕੀਤੀ। ਭਾਜਪਾ ਵਲੋਂ ਰਾਮ ਜਨਮ ਭੂਮੀ ਦੇ ਮੁੱਦੇ ਨੂੰ ਵੀ ਹਵਾ ਦਿਤੀ ਜਾ ਰਹੀ ਹੈ। ਚਾਹੇ ਬੁਲੰਦ ਸ਼ਹਿਰ ਦੰਗਿਆਂ ਦੇ ਮੁਲਜ਼ਮ ਸੰਸਦ ਮੈਂਬਰ ਹੁਕਮ ਸਿੰਘ ਹੋਣ ਜਾਂ ਯੋਗੀ ਆਦਿਤਯਾ ਨਾਥ, ਸਾਰੇ ਸਥਾਨਕ ਨੇਤਾਵਾਂ ਨੂੰ ਫਿਰਕੂ ਬਿਆਨਬਾਜ਼ੀ ਰਾਹੀਂ ਬਹੁਸੰਖਿਅਕ ਵੋਟਾਂ ਨੂੰ ਇਕੱਠਾ ਕਰਨ ਲਈ ਹਰੀ ਝੰਡੀ ਦੇ ਦਿਤੀ ਗਈ ਹੈ।

ਭਾਜਪਾ ਲਈ ਮੁਸ਼ਕਿਲ ਇਹ ਹੈ ਕਿ ਉਸ ਦੇ ਵਿਕਾਸ ਦੇ ਦਾਅਵੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਸਾਬਤ ਹੋ ਰਹੇ ਹਨ। ਪਾਰਟੀ ਦੇ ਕੱਟੜ ਸਮਰਥਕਾਂ ਤੋਂ ਇਲਾਵਾ ਪਿਛਲੇ ਦੋ ਸਾਲਾਂ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟਾਉਣ ਵਾਲਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘਟਦੀ ਜਾ ਰਹੀ ਹੈ। ਭਾਜਪਾ ਅਤੇ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਕ੍ਰਿਸ਼ਮੇ ਦੀ ਆਸ ਲਾਈ ਬੈਠੇ ਆਮ ਭਾਰਤੀਆਂ ਨੂੰ ਹੋਰ ਇੰਤਜ਼ਾਰ ਕਰਨ ਲਈ ਕਿਹਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇਣ ਦੇ ਦਾਅਵੇ ਉਤੇ ਮਹਿੰਗਾਈ ਦੀ ਮਾਰ ਭਾਰੀ ਪੈ ਰਹੀ ਹੈ। ਦੇਸ਼ ਅੰਦਰ ਬੇਰੁਜ਼ਗਾਰਾਂ ਦੀ ਵਧਦੀ ਫ਼ੌਜ ਨੇ ਵੀ ਨੌਜਵਾਨਾਂ ਨੂੰ ਪਾਰਟੀ ਤੋਂ ਕੁਝ ਹੱਦ ਤਕ ਦੂਰ ਕੀਤਾ ਹੈ। ਭਾਜਪਾ ਨੂੰ ਕੰਟਰੋਲ ਕਰਨ ਵਾਲੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੂੰ ਇਸ ਗੱਲ ਦਾ ਸ਼ੁਰੂ ਤੋਂ ਹੀ ਅਹਿਸਾਸ ਹੈ। ਦੇਸ਼ ਨੂੰ ਭਗਵਾਂਕਰਨ ਦੇ ਲਬਾਦੇ ਵਿਚ ਜੋੜਨ ਦੀ ਜੱਦੋ-ਜਹਿਦ ਵਿਚ ਜ਼ੋਰ-ਸ਼ੋਰ ਨਾਲ ਰੁੱਝੇ ਸੰਘ ਨੇਤਾ ਵਿਕਾਸ ਦੇ ਨਾਂ 'ਤੇ ਸੀਟਾਂ ਜਿੱਤਣ ਨੂੰ ਬਹੁਤੀ ਤਰਜੀਹ ਨਹੀਂ ਦਿੰਦੇ। ਇਸੇ ਕਰ ਕੇ ਹੁਣ ਤਕ ਹੋਈਆਂ ਸਾਰੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਵੱਲੋਂ ਸਰਕਾਰ ਅਤੇ ਪਾਰਟੀ ਪੱਧਰ 'ਤੇ ਪ੍ਰਚਾਰ ਦੇ ਵੱਖੋ-ਵੱਖਰੇ ਢੰਗ ਅਪਣਾਏ ਗਏ ਹਨ। ਸਰਕਾਰਾਂ ਦੇ ਨੁਮਾਇੰਦੇ ਜਿੱਥੇ ਵਿਕਾਸ ਦੇ ਨਾਂ 'ਤੇ ਵੋਟ ਮੰਗਦੇ ਹਨ, ਉੱਥੇ ਪਾਰਟੀ ਦਾ ਬਹੁਤਾ ਜ਼ੋਰ ਫਿਰਕੂ ਆਧਾਰ 'ਤੇ ਵੋਟਾਂ ਨੂੰ ਇਕੱਠਾ



ਕਰਨਾ ਹੁੰਦਾ ਹੈ।

ਭਾਜਪਾ ਦੀ ਨੀਤੀ ਬਿਲਕੁਲ ਸਪਸ਼ਟ ਹੈ। ਜੇ ਆਸਾਮ ਵਾਂਗ ਯੂ.ਪੀ. ਲਈ ਮੁੱਖ ਮੰਤਰੀ ਦਾ ਉਮੀਦਵਾਰ ਪਹਿਲਾਂ ਐਲਾਨਿਆ ਗਿਆ ਤਾਂ ਚੋਣ ਰਣਨੀਤੀ ਬਿਲਕੁਲ ਸਿੱਧੀ ਪੱਧਰੀ ਹੋਵੇਗੀ। ਪ੍ਰਧਾਨ ਮੰਤਰੀ ਆਪਣੀਆਂ ਚੋਣ ਸਭਾਵਾਂ ਵਿਚ ਸਿਰਫ਼ ਕੇਂਦਰ ਸਰਕਾਰ ਦੀ ਕਾਮਯਾਬੀਆਂ ਦੇ ਤਜ਼ਕਰੇ ਤਕ ਆਪਣੇ-ਆਪ ਨੂੰ ਮਹਿਦੂਦ ਰੱਖਣਗੇ। ਉਨ੍ਹਾਂ ਦਾ ਮੁੱਖ ਏਜੰਡਾ ਸੂਬੇ ਦਾ ਵਿਕਾਸ ਹੋਵੇਗਾ। ਸਮਾਜਵਾਦੀ ਪਾਰਟੀ ਦੇ ਸ਼ਾਸਨ ਦੀਆਂ ਖ਼ਾਮੀਆਂ ਦੀ ਲਿਸਟ ਜਾਰੀ ਕਰ ਕੇ ਉਹ ਸੂਬੇ ਦੇ ਲੋਕਾਂ ਤੋਂ ਵਿਕਾਸ ਪੁਰਖ ਵਜੋਂ ਵੋਟ ਮੰਗਣਗੇ। ਦੂਜੇ ਪਾਸੇ ਮੁੱਖ ਮੰਤਰੀ ਦਾ ਉਮੀਦਵਾਰ ਫਿਰਕੂ ਰਾਜਨੀਤੀ ਨੂੰ ਅੱਗੇ ਰੱਖ ਕੇ ਸਾਰੇ ਚੋਣ ਪ੍ਰਬੰਧ 'ਤੇ ਨਜ਼ਰ ਰੱਖੇਗਾ।

ਜੇ ਬਿਹਾਰ ਵਾਂਗ ਮੁੱਖ ਮੰਤਰੀ ਦਾ ਉਮੀਦਵਾਰ ਪਹਿਲਾਂ ਐਲਾਨ ਨਾ ਹੋਇਆ ਤਾਂ ਭਾਜਪਾ ਦਾ ਇਹ ਸ਼ਾਹ-ਸਵਾਰ ਸਾਡੇ ਸਾਹਮਣੇ ਡਬਲ ਰੋਲ ਵਿਚ ਵਿਖਾਈ ਦੇਵੇਗਾ। ਬਿਹਾਰ ਚੋਣਾਂ ਦੇ ਆਰੰਭ ਵਿਚ ਆਪਣੀਆਂ ਰੈਲੀਆਂ 'ਚ ਸਰਕਾਰ ਦੀ ਪ੍ਰਾਪਤੀਆਂ ਦਾ ਜ਼ੋਰ-ਸ਼ੋਰ ਨਾਲ ਹੋ-ਹੱਲਾ ਮਚਾਉਣ ਤੋਂ ਬਾਅਦ ਵੀ ਬਿਹਾਰ ਦੇ ਲੋਕਾਂ ਤੋਂ ਕੋਈ ਤਸੱਲੀਬਖ਼ਸ਼ ਜਵਾਬ ਨਾ ਮਿਲਣ ਤੋਂ ਹਤਾਸ਼ ਮੋਦੀ ਨੇ ਫ਼ਿਰਕਾਪ੍ਰਸਤੀ ਦਾ ਕਾਰਡ ਖੁੱਲ੍ਹ ਕੇ ਖੇਡਿਆ। ਨੌਕਰੀਆਂ ਵਿਚ ਮੁਸਲਮਾਨਾਂ ਲਈ ਰਾਖਵੇਂਕਰਨ ਦੀ ਮੁਖ਼ਾਲਫ਼ਤ ਤੋਂ ਲੈ ਕੇ ਦਾਦਰੀ ਮੀਟ ਕਾਂਡ ਤਕ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਏ। ਚੋਣਾਂ ਨਜ਼ਦੀਕ ਆਉਂਦਿਆਂ ਤਕ ਤਾਂ ਵਿਕਾਸ ਦਾ ਮੁੱਦਾ ਕਾਫ਼ੀ ਪਿੱਛੇ ਰਹਿ ਗਿਆ। ਭਾਜਪਾ ਦੇ ਰਣਨੀਤੀਕਾਰਾਂ ਦਾ ਮੱਤ ਸੀ ਕਿ ਲੋਕ ਸਭਾ ਚੋਣਾਂ ਵਿਚ ਫਿਰਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬਿਹਾਰ ਦੀਆਂ ਜ਼ਿਆਦਾਤਰ ਸੀਟਾਂ ਜਿੱਤ ਚੁੱਕੀ ਭਾਜਪਾ ਨੂੰ ਇਕ ਵਾਰ ਫਿਰ ਅਜਿਹੀ ਰਾਜਨੀਤੀ ਦਾ ਫ਼ਾਇਦਾ ਮਿਲੇਗਾ, ਪਰ ਨਿਤੀਸ਼ ਅਤੇ ਲਾਲੂ ਦੀ ਜੋੜੀ ਨੇ ਭਾਜਪਾ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ।

ਬਹੁਤੀ ਸੰਭਾਵਨਾ ਹੈ ਕਿ ਉਤਰ ਪ੍ਰਦੇਸ਼ ਵਿਚ ਵੀ ਭਾਜਪਾ ਦੀ ਚੋਣ ਰਣਨੀਤੀ ਬਿਹਾਰ ਨਾਲ ਮੇਲ ਖਾਣ ਵਾਲੀ ਹੀ ਹੋਵੇਗੀ। ਯੂ.ਪੀ. ਤੋਂ ਭਾਜਪਾ ਦੇ ਸਭ ਤੋਂ ਜਾਣੇ ਪਛਾਣੇ ਚਿਹਰੇ ਰਾਜਨਾਥ ਸਿੰਘ ਵੱਲੋਂ ਚੋਣਾਂ ਵਿਚ ਸਿੱਧੀ ਭਾਗੀਦਾਰੀ ਤੋਂ ਪੈਰ ਖਿੱਚਣ ਤੋਂ ਬਾਅਦ ਸੂਬੇ ਅੰਦਰ ਕੋਈ ਅਜਿਹਾ ਆਗੂ ਨਹੀਂ ਹੈ ਜੋ ਮੁਲਾਇਮ ਅਤੇ ਮਾਇਆਵਤੀ ਦੀ ਸ਼ਖ਼ਸੀਅਤ ਦੇ ਨੇੜੇ ਤੇੜੇ ਵੀ ਹੋਵੇ। ਭਾਜਪਾ ਪ੍ਰਧਾਨ ਮੰਤਰੀ ਨੂੰ ਹੀ ਅੱਗੇ ਕਰ ਕੇ ਇਹ ਚੋਣਾਂ ਲੜੇਗੀ। ਮੋਦੀ ਵੱਲੋਂ ਦੋਹਰੀ ਭੂਮਿਕਾ ਵਿਚ ਚੋਣ ਪ੍ਰਚਾਰ ਕੀਤਾ ਜਾਵੇਗਾ। ਲਗਦਾ ਇਹੀ ਹੈ ਕਿ ਦੋ ਪੜਾਵਾਂ 'ਤੇ ਪ੍ਰਚਾਰ ਹੋਵੇਗਾ। ਪਹਿਲੇ ਪੜਾਅ ਵਿਚ ਮੋਦੀ ਵਿਕਾਸ ਅਤੇ ਚੰਗੇ ਸ਼ਾਸਨ ਦੀਆਂ ਗੱਲਾਂ ਕਰਨਗੇ ਜਦੋਂਕਿ ਸਥਾਨਕ ਆਗੂ ਫਿਰਕੂ ਆਧਾਰ 'ਤੇ ਵੋਟਾਂ ਦਾ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਕਾਰਜ ਲਈ ਕੈਰਾਨਾ ਵਰਗੇ ਹੋਰ ਬਹੁਤ ਸਾਰੇ ਮੁੱਦਿਆਂ ਨੂੰ ਉਛਾਲਿਆ ਜਾਵੇਗਾ। ਅਜਿਹੀ ਰਾਜਨੀਤੀ ਨੂੰ ਕਲਾ ਦਾ ਦਰਜਾ ਦੇ ਚੁੱਕੀ ਭਾਜਪਾ ਲਈ ਇਹ ਕੋਈ ਮੁਸ਼ਕਿਲ ਕਾਰਜ ਨਹੀਂ ਹੈ। ਬਿਹਾਰ ਤੋਂ ਉਲਟ ਯੂ.ਪੀ. ਵਿਚ ਸਪਾ ਅਤੇ ਬਸਪਾ ਤੋਂ ਭਾਜਪਾ ਨੂੰ ਇਸ ਮਾਮਲੇ 'ਚ ਅਸਿੱਧੇ ਤੌਰ 'ਤੇ ਸਮਰਥਨ ਵੀ ਮਿਲ ਸਕਦਾ ਹੈ ਕਿਉਂਕਿ ਸਮਾਜਵਾਦੀ ਪਾਰਟੀ ਅਤੇ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਦੀ ਅੱਖ ਮੁਸਲਿਮ ਵੋਟ 'ਤੇ ਹੈ। ਭਾਜਪਾ ਦੀ ਫਿਰਕੂ ਰਾਜਨੀਤੀ ਨਾਲ ਇਹ ਦੋਵੇਂ ਪਾਰਟੀਆਂ ਮੁਸਲਿਮ ਵੋਟ ਨੂੰ ਆਪਣੇ ਵੱਖ ਵਿਚ ਭੁਗਤਣ ਦੀ ਆਸ ਕਰ ਰਹੀਆਂ ਹਨ।

ਬਿਹਾਰ ਚੋਣ ਨਤੀਜਿਆਂ ਤੋਂ ਮਾਯੂਸ ਹੋਈ ਭਾਜਪਾ ਯੂ.ਪੀ. ਚੋਣਾਂ ਨੂੰ ਲੈ ਕੇ ਬਹੁਤ ਫ਼ਿਕਰਮੰਦ ਹੈ। ਉਸ ਦਾ ਮੰਨਣਾ ਹੈ ਕਿ ਬਿਹਾਰ ਤੋਂ ਉਲਟ ਯੂ.ਪੀ. ਵਿਚ ਭਾਜਪਾ ਵਿਰੋਧੀ ਪਾਰਟੀਆਂ ਦਾ ਕੋਈ ਮਜ਼ਬੂਤ ਗਠਜੋੜ ਨਹੀਂ ਹੈ। ਉਹ ਮੁਲਾਇਮ ਸਿੰਘ ਅਤੇ ਮਾਇਆਵਤੀ ਦੀ ਦੂਰੀ ਦਾ ਫ਼ਾਇਦਾ ਉਠਾਉਣ ਦੇ ਫ਼ਿਰਾਕ ਵਿਚ ਹੈ। ਲੋਕ ਸਭਾ ਚੋਣਾਂ ਵਿਚ ਅਜਿਹਾ ਹੀ ਹੋਇਆ ਸੀ, ਪਰ ਲੰਮੇ ਸਮੇਂ ਤੋਂ ਯੂ.ਪੀ. ਦੀ ਸੱਤਾ ਤੋਂ ਦੂਰ ਰਹੀ ਭਾਜਪਾ ਲਈ ਲਖਨਊ ਦੀ ਗੱਦੀ ਹਾਸਲ ਕਰਨਾ ਸੌਖਾ ਨਹੀਂ ਹੈ। ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਸੂਬੇ ਵਿਚ ਹੋਈਆਂ ਅੱਠ ਵਿਧਾਨ ਸਭਾ ਦੀਆਂ ਉਪ ਚੋਣਾਂ ਵਿਚ ਸਪਾ ਅਤੇ ਬਸਪਾ ਨੇ ਆਪਸੀ ਤਾਲਮੇਲ ਕਰ ਕੇ ਭਾਜਪਾ ਨੂੰ ਕਰਾਰੀ ਹਾਰ ਦਿਤੀ ਸੀ ਅਤੇ ਭਾਜਪਾ ਨੂੰ ਬਹੁਤ ਮੁਸ਼ਕਿਲ ਨਾਲ ਸਿਰਫ਼ ਇੱਕ ਸੀਟ ਮਿਲ ਸਕੀ ਸੀ।

ਭਾਜਪਾ ਨੂੰ ਪੂਰੀ ਆਸ ਹੈ ਕਿ ਯੂ.ਪੀ. ਵਿਚ ਉਸ ਨੂੰ ਨਿਤੀਸ਼ ਅਤੇ ਲਾਲੂ ਵਰਗੇ ਗਠਜੋੜ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਮੁਲਾਇਮ ਅਤੇ ਮਾਇਆਵਤੀ ਵਿਚ ਕਸ਼ੀਦਗੀ ਫ਼ਿਲਹਾਲ ਕੁਝ ਵਧੀ ਹੀ ਹੈ, ਘਟੀ ਨਹੀਂ। ਭਾਜਪਾ ਇਸ ਨੂੰ ਵਧੀਆ ਸ਼ਗਨ ਮੰਨਦੇ ਹੋਏ ਯੂ.ਪੀ. ਹਰ ਹਾਲ ਵਿਚ ਫ਼ਤਿਹ ਕਰਨਾ ਚਾਹੁੰਦੀ ਹੈ। -0-

# ਬਾਜ਼ਾਰ ਤੇ ਪੂੰਜੀ ਵਿਚਕਾਰ ਟਕਰਾਅ

ਅਭੈ ਕੁਮਾਰ ਦੂਬੇ

ਭਾਰਤੀ ਆਰਥਿਕਤਾ ਵਿਚ ਪੂੰਜੀਪ੍ਰਸਤੀ ਅਤੇ ਬਾਜ਼ਾਰਪ੍ਰਸਤੀ ਵਿਚਕਾਰ ਜੰਗ ਚੱਲ ਰਹੀ ਹੈ। ਸਾਰੀ ਦੁਨੀਆ ਲਈ ਇਹ ਦਵੰਦ ਦਿਲਚਸਪੀ ਦਾ ਸਬੱਬ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਅਹੁਦਾ ਸੰਭਾਲਦਿਆਂ ਹੀ ਆਪਣਾ ਕੇਂਦਰੀ ਥੀਸਸ ਇਹ ਕਹਿ ਕੇ ਬਿਆਨ ਕਰ ਦਿਤਾ ਸੀ ਕਿ 'ਬਿਜ਼ਨੈਸ ਫ੍ਰੈਂਡਲੀ' ਅਤੇ 'ਪੀਪਲਜ਼ ਫ੍ਰੈਂਡਲੀ' ਹੋਣਾ ਇਕੋ ਹੀ ਗੱਲ ਹੈ। ਧਿਆਨ ਰਹੇ ਕਿ ਉਨ੍ਹਾਂ ਨੇ 'ਮਾਰਕੀਟ ਫ੍ਰੈਂਡਲੀ' ਹੋਣ ਦੀ ਗੱਲ ਨਹੀਂ ਸੀ ਕਹੀ। ਹੋ ਸਕਦਾ ਹੈ ਕਿ ਉਹ ਮਾਰਕੀਟ ਅਤੇ ਬਿਜ਼ਨੈੱਸ ਨੂੰ ਸਮਾਨਅਰਥੀ ਮੰਨ ਕੇ ਚੱਲ ਰਹੇ ਹੋਣ, ਪਰ ਆਰਥਿਕ ਮਾਹਿਰਾਂ ਦਾ ਸੰਸਾਰ ਇਨ੍ਹਾਂ ਦੋਵਾਂ ਵਿਚ ਸਪਸ਼ਟ ਫ਼ਰਕ ਕਰਦਾ ਹੈ। ਇਸ ਦਾ ਪ੍ਰਭਾਵਸ਼ਾਲੀ ਸਬੂਤ ਉਦੋਂ ਮਿਲਿਆ ਜਦੋਂ ਲੰਡਨ ਦੇ ਗਲੋਬਲ ਥਿੰਕ ਟੈਂਕ 'ਲਿਗੇਟਮ ਇੰਸਟੀਚਿਊਟ' ਨੇ ਭਾਰਤੀ ਆਰਥਿਕਤਾ ਦੇ ਮੌਜੂਦਾ ਹਾਲਾਤ ਬਾਰੇ ਅਧਿਐਨ ਪੇਸ਼ ਕੀਤਾ। ਸਿਰਲੇਖ ਸੀ: 'ਐਂਟੀ ਕੰਪੀਟੀਟਿਵ ਮਾਰਕੀਟ ਡਿਸਟਾਰਸ਼ਨਜ਼ ਐਂਡ ਦਿਅਰ ਇੰਪੈਕਟ: ਏ ਕੇਸ ਸਟੱਡੀ ਆਫ ਇੰਡੀਆ'। ਇਸ ਦੇ ਚਾਰ ਲੇਖਕਾਂ ਵਿਚੋਂ ਦੋ ਦਾ ਕਹਿਣਾ ਹੈ ਕਿ ਬਾਜ਼ਾਰ ਦੇ ਵਿਗਾੜ ਦੂਰ ਨਾ ਕਰਨ ਦਾ ਮਤਲਬ ਅਸਲ ਵਿਚ 'ਬਿਜ਼ਨੈੱਸ ਇਲੀਟ' (ਸਿਖਰਲੀਆਂ ਕਾਰਪੋਰੇਟ ਤਾਕਤਾਂ) ਦੇ ਨਿਹਿਤ ਸਵਾਰਥਾਂ ਦੀ ਸੇਵਾ ਕਰਨਾ ਹੈ।

ਯੂਰਪੀ ਸੰਘ 'ਚੋਂ ਬਰਤਾਨੀਆ ਦੇ ਬਾਹਰ ਨਿਕਲਣ ਦੀ ਘਟਨਾ ਨੇ ਬੇਹੱਦ ਬੇਰਹਿਮੀ ਨਾਲ ਭਾਰਤ ਸਾਹਮਣੇ ਇਕ ਗੱਲ ਪੂਰੀ ਤਰ੍ਹਾਂ ਸਾਫ਼ ਕਰ ਦਿਤੀ ਹੈ ਕਿ ਸੰਸਾਰੀਕਰਨ ਦਾ ਅਮਲ ਬਾਜ਼ਾਰਪ੍ਰਸਤੀ ਦੀ ਭਾਵਨਾ ਨਾਲ ਸ਼ੁਰੂ ਹੋਇਆ ਸੀ, ਪਰ ਇਸ ਨੇ ਮੁੱਖ ਤੌਰ 'ਤੇ ਬਾਜ਼ਾਰ ਦੀ ਸਮਰਥਾ ਦੀ ਕੀਮਤ 'ਤੇ ਪੂੰਜੀਪ੍ਰਸਤੀ ਨੂੰ ਹੀ ਬੜ੍ਹਾਵਾ ਦਿੱਤਾ ਹੈ। ਇਹ ਕੰਮ ਸੰਸਾਰੀਕਰਨ ਦੀ ਅਧੀਨਗੀ ਸਵੀਕਾਰ ਕਰ ਚੁੱਕੇ ਹਾਕਮਾਂ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਕਰਵਾਇਆ ਗਿਆ। ਨਤੀਜੇ ਵਜੋਂ ਵੱਖ-ਵੱਖ ਲੋਕਤੰਤਰਾਂ ਵਿਚ ਰਾਜਨੀਤਕ ਪ੍ਰਣਾਲੀਆਂ ਅਤੇ ਪਾਰਟੀ ਪ੍ਰਣਾਲੀਆਂ ਨੇ ਆਪੋ-ਆਪਣੀਆਂ ਆਰਥਿਕਤਾਵਾਂ ਵਿਚ ਬਾਜ਼ਾਰ ਅਤੇ ਉਸ ਵਿਚ ਹੋਣ ਵਾਲੀ ਮੁਕਾਬਲੇਬਾਜ਼ੀ ਨੂੰ ਨਿਆਂਪੂਰਨ ਬਣਾਉਣ ਜਾਂ ਮਜ਼ਬੂਤ ਕਰਨ ਦੀ ਥਾਂ ਵੱਡੀ ਪੂੰਜੀ ਦੇ ਹਿਤ ਵਿਚ ਵਿਗਾੜਾਂ ਨੂੰ ਪਾਲਿਆ-ਪੋਸਿਆ। ਇਕ ਤਰ੍ਹਾਂ ਦੀ ਨਿਰਲੱਜ ਕਾਰਪੋਰੇਟਪ੍ਰਸਤੀ ਦਾ ਰਵੱਈਆ ਪੇਸ਼ ਕੀਤਾ ਗਿਆ। ਅਜਿਹਾ ਕਰਦਿਆਂ ਉਨਾਂ ਨੇ ਨਾ ਸਿਰਫ ਆਪਣੇ ਦੇਸ਼ਾਂ ਵਿਚ ਸੰਸਾਰੀਕਰਨ ਦੀ ਅਟਲਤਾ ਸਥਾਪਿਤ ਕੀਤੀ, ਸਗੋਂ ਜਨਤਾ ਵਿਚ ਮੁੱਦਤਾਂ ਤੋਂ ਜੰਮੀਆਂ ਬੈਠੀਆਂ ਰਾਜਨੀਤਕ ਪਾਰਟੀਆਂ ਨੂੰ ਵੀ ਉਨ੍ਹਾਂ ਦੀ ਸਾਖ਼ ਤੋਂ ਵਾਂਝੀਆਂ ਕਰ ਦਿਤਾ। ਅੱਜ ਜਨਤਾ ਦਾ ਵੱਡਾ ਹਿੱਸਾ ਸਿਆਸੀ ਪਾਰਟੀਆਂ ਦੀ ਗੱਲ ਮੰਨਣ ਲਈ ਤਿਆਰ ਨਹੀਂ। ਜੇ ਅਜਿਹਾ ਨਾ ਹੁੰਦਾ ਤਾਂ ਬਰਤਾਨੀਆ ਦੀਆਂ ਦੋਵੇਂ ਵੱਡੀਆਂ ਪਾਰਟੀਆਂ, ਲੇਬਰ ਅਤੇ ਕੰਜ਼ਰਵੇਟਿਵ, ਵੱਲੋਂ ਯੂਰਪੀ ਸੰਘ ਵਿਚ ਬਣੇ ਰਹਿਣ ਦਾ ਸਮਰਥਨ ਕਰਨ ਦੇ ਬਾਵਜੂਦ 52 ਫ਼ੀਸਦੀ ਲੋਕ ਸੰਘ ਨੂੰ ਛੱਡਣ ਦੇ ਹੱਕ ਵਿਚ ਵੋਟ ਨਾ ਦਿੰਦੇ। ਜੇ ਅਜਿਹਾ ਨਾ ਹੁੰਦਾ ਤਾਂ ਦੁਨੀਆ ਭਰ ਵਿਚ ਉਦਾਰਤਾਵਾਦੀ, ਖੱਬੇ ਪੱਖੀ ਜਾਂ ਕੰਜ਼ਰਵੇਟਿਵ ਪਾਰਟੀਆਂ ਖ਼ੁਦ ਨੂੰ ਕਟਹਿਰੇ ਵਿਚ ਖੜ੍ਹੀਆਂ ਮਹਿਸੂਸ ਨਾ ਕਰ ਰਹੀਆਂ ਹੁੰਦੀਆਂ ਅਤੇ ਇਹ ਨੌਬਤ ਨਾ ਆਉਂਦੀ ਕਿ ਜਨਤਾ ਦੇ ਜੋ ਹਿੱਸੇ ਕਦੀ ਉਨ੍ਹਾਂ ਦੀ ਗੱਲ ਮੰਨਦੇ ਸਨ, ਉਹ ਸੱਜੇ ਪੱਖ ਦੇ ਉਸ ਭੈੜੇ ਸੰਸਕਰਨ ਵੱਲ ਝੁਕ ਰਹੇ ਹਨ ਜਿਸ ਨੂੰ ਇਹ ਪਾਰਟੀਆਂ ਹਮੇਸ਼ਾ ਸਖ਼ਤੀ ਨਾਲ ਖਾਰਜ ਕਰਦੀਆਂ ਰਹੀਆਂ ਹਨ।

ਜ਼ਾਹਰ ਹੈ ਕਿ 21ਵੀਂ ਸਦੀ ਦੀਆਂ ਭਾਰਤੀ ਅਤੇ ਸੰਸਾਰਕ ਸਥਿਤੀਆਂ ਵਿਚ ਪੂੰਜੀ ਅਤੇ ਬਾਜ਼ਾਰ ਦਾ ਇਹ ਦਵੰਦ ਹੀ ਆਰਥਿਕ ਜਗਤ ਦਾ ਮੁੱਖ ਅੰਤਰ-ਵਿਰੋਧ ਸਿੱਧ ਹੋਣ ਵਾਲਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਫਾਰਮੂਲੇ ਨਾਲ ਆਰਥਿਕ ਘਟਨਾਕ੍ਰਮ ਦੀ ਹਰ ਗੁੰਝਲ ਸਮਝ ਵਿਚ ਆ ਸਕਦੀ ਹੈ। ਦਰਅਸਲ ਆਰਥਿਕ ਜਗਤ ਵਿਚ ਕਈ ਤਰ੍ਹਾਂ ਦੀਆਂ ਤਾਕਤਾਂ ਅਤੇ ਪ੍ਰਭਾਵ ਇਕ-ਦੂਜੇ ਨੂੰ ਕੱਟਦਿਆਂ ਹੋਇਆਂ ਸਰਗਰਮ ਹਨ ਜਿਨ੍ਹਾਂ ਕਰਕੇ ਇਕ ਗੁੰਝਲਾਂ ਭਰਿਆ ਨਜ਼ਾਰਾ ਪੇਸ਼ ਹੁੰਦਾ ਹੈ। ਇਕ ਵੱਡੀ ਗੁੰਝਲ ਵਿਦੇਸ਼ੀ ਪੂੰਜੀ ਨੂੰ ਲੈ ਕੇ ਹੈ। ਸਰਕਾਰ ਨੇ ਜਿਵੇਂ ਕਈ ਖੇਤਰ ਸੌ ਫ਼ੀਸਦੀ ਅਤੇ ਬਿਨਾਂ ਸ਼ਰਤ ਵਿਦੇਸ਼ੀ ਪੂੰਜੀ ਲਈ ਖੋਲ੍ਹੇ ਹਨ,

> *ਫਿਲਹਾਲ ਸਥਿਤੀ ਇਹ ਹੈ ਕਿ ਉਦਾਰੀਕਰਨ ਦੇ 25 ਸਾਲ ਦਾ ਨਤੀਜਾ ਤਿੰਨ ਡੂੰਘੇ ਅਤੇ ਦੂਰਗਾਮੀ ਸੰਕਟਾਂ ਦੇ ਰੂਪ ਵਿਚ ਸਾਹਮਣੇ ਹੈ। ਅਰਥ ਸ਼ਾਸਤਰੀ ਦੀਪਕ ਨਾਇਰ ਮੁਤਾਬਕ, ਭਾਰਤੀ ਆਰਥਿਕਤਾ ਤਿੰਨ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ। ਧਿਆਨ ਰਹੇ ਕਿ ਨਾਇਰ, ਵੀ.ਪੀ. ਸਿੰਘ ਅਤੇ ਚੰਦਰਸ਼ੇਖਰ ਸਰਕਾਰ ਦੇ ਹੀ ਨਹੀਂ, ਸਗੋਂ ਨਰਸਿਮ੍ਹਾ ਰਾਓ ਸਰਕਾਰ ਦੇ ਸ਼ੁਰੂਆਤੀ ਦਿਨਾਂ ਵਿਚ ਵੀ ਮੁੱਖ ਆਰਥਿਕ ਸਲਾਹਕਾਰ ਸਨ। ਨਾਇਰ ਅਨੁਸਾਰ ਖੇਤੀ, ਸਨਅਤ ਤੇ ਬੁਨਿਆਦੀ ਢਾਂਚੇ ਦੇ ਖੇਤਰ ਇਸ ਕਦਰ ਸੰਕਟ ਵਿਚ ਹਨ ਕਿ ਇਨ੍ਹਾਂ ਕਰ ਕੇ ਆਰਥਿਕਤਾ ਦੀ ਚਾਲ ਠੱਪ ਪਈ ਹੈ।*

ਉਸ ਨਾਲ ਕਈ ਵਿਸ਼ਲੇਸ਼ਕਾਂ ਦਾ ਮੱਥਾ ਠਣਕਿਆ ਹੈ। ਸਵਾਲ ਉਠਾਇਆ ਜਾ ਰਿਹਾ ਹੈ ਕਿ, ਕੀ ਸਰਕਾਰ ਦੇਸ਼ੀ ਨਿਵੇਸ਼ ਦੀ ਲਗਾਤਾਰ ਗ਼ੈਰ-ਹਾਜ਼ਰੀ ਵਿਚ ਵਿਦੇਸ਼ੀ ਪੂੰਜੀ ਨੂੰ ਆਰਥਿਕ ਵਿਕਾਸ ਦਾ ਇੰਜਣ ਬਣਾਉਣਾ ਚਾਹੁੰਦੀ ਹੈ? ਸਵਾਲ ਇਹ ਹੈ ਕਿ, ਕੀ ਦੇਸ਼ੀ ਅਤੇ ਵਿਦੇਸ਼ੀ ਪੂੰਜੀ ਨੂੰ ਮੁਕਾਬਲੇਬਾਜ਼ੀ ਦੇ ਇਕੋ ਜਿਹੇ ਹਾਲਾਤ ਮੁਹੱਈਆ ਕਰਾਏ ਜਾਣਗੇ ਜਾਂ ਦੇਸ਼ੀ ਪੂੰਜੀਪਤੀਆਂ ਨੂੰ ਘਾਟੇ ਵਾਲੀ ਥਾਂ 'ਤੇ ਖਲੋ ਕੇ ਤਾਕਤਵਰ ਵਿਦੇਸ਼ੀ ਪੂੰਜੀ ਨਾਲ ਮੁਕਾਬਲਾ ਕਰਨਾ ਪਵੇਗਾ? ਵਿਦੇਸ਼ੀ ਪੂੰਜੀ ਜਦੋਂ ਵੀ ਸੌ ਫ਼ੀਸਦੀ ਅਤੇ ਬਿਨਾਂ ਸ਼ਰਤ ਸਰਗਰਮ ਹੋਣ ਦੀ ਇਜਾਜ਼ਤ ਹਾਸਲ ਕਰਦੀ ਹੈ ਤਾਂ ਪਹਿਲੀ ਗਾਜ ਉਸ ਦੇ ਦੇਸੀ ਸਹਿਯੋਗੀਆਂ 'ਤੇ ਹੀ ਡਿਗਦੀ ਹੈ। ਉਨ੍ਹਾਂ ਨੂੰ ਇਕਦਮ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ।

ਬਾਜ਼ਾਰਪ੍ਰਸਤੀ ਦੇ ਆਧਾਰ 'ਤੇ ਕੀਤੇ ਗਏ ਵਿਸ਼ਲੇਸ਼ਣ ਦੀ ਕਲਾਸਿਕ ਮਿਸਾਲ ਵੇਖਣੀ ਹੋਵੇ ਤਾਂ ਰੁਚਿਰ ਸ਼ਰਮਾ ਵਰਗੇ ਬਾਜ਼ਾਰਵਾਦੀਆਂ ਦੀ ਇਹ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ ਕਿ ਜਦੋਂ ਵੀ ਕਿਸੇ ਆਰਥਿਕਤਾ ਵਿਚ ਨਿੱਜੀ ਖੇਤਰ ਨੂੰ ਦਿੱਤਾ ਜਾਣ ਵਾਲਾ ਕਰਜ਼ਾ ਕੁੱਲ ਘਰੇਲੂ ਉਤਪਾਦਨ ਦੇ 40 ਫ਼ੀਸਦੀ ਦੇ ਬਰਾਬਰ ਹੋ ਜਾਂਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਨਵੇਂ ਆਰਥਿਕ ਸੰਕਟ ਦੀ ਜ਼ਮੀਨ ਬਣ ਰਹੀ ਹੈ। ਇਸੇ ਤਰ੍ਹਾਂ ਜੇ ਜ਼ਮੀਨ-ਜਾਇਦਾਦ, ਮਕਾਨਾਂ, ਸ਼ੇਅਰਾਂ ਅਤੇ ਬਾਂਡਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹੋਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਖੇਤਰ ਵਿਚ ਆਏ ਉਛਾਲ ਦੇ ਪਿੱਛੇ ਬੇਤਹਾਸ਼ਾ ਦਿੱਤੇ ਗਏ ਕਰਜ਼ਿਆਂ ਦੀ ਭੂਮਿਕਾ ਹੈ ਅਤੇ ਜੇ ਇਸੇ ਪੜਾਅ 'ਤੇ ਪੇਚ ਨਾ ਕੱਸੇ ਗਏ ਤਾਂ ਆਰਥਿਕ ਅਸਥਿਰਤਾ ਦਾ ਰਾਹ ਇਥੋਂ ਹੀ ਖੁੱਲ੍ਹੇਗਾ।

ਫਿਲਹਾਲ ਸਥਿਤੀ ਇਹ ਹੈ ਕਿ ਉਦਾਰੀਕਰਨ ਦੇ ਪਿਛਲੇ 25 ਸਾਲ ਦਾ ਨਤੀਜਾ ਤਿੰਨ ਡੂੰਘੇ ਅਤੇ ਦੂਰਗਾਮੀ ਸੰਕਟਾਂ ਦੇ ਰੂਪ ਵਿਚ ਸਾਹਮਣੇ ਆਇਆ ਹੈ। ਅਰਥ ਸ਼ਾਸਤਰੀ ਦੀਪਕ ਨਾਇਰ ਦਾ ਕਹਿਣਾ ਹੈ ਕਿ ਇਸ ਸਮੇਂ ਭਾਰਤੀ ਆਰਥਿਕਤਾ ਤਿੰਨ ਡੂੰਘੇ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ। ਧਿਆਨ ਰਹੇ ਕਿ ਨਾਇਰ, ਵੀ.ਪੀ. ਸਿੰਘ ਅਤੇ ਚੰਦਰਸ਼ੇਖਰ ਸਰਕਾਰ ਦੇ ਹੀ ਮੁੱਖ ਆਰਥਿਕ ਸਲਾਹਕਾਰ ਨਹੀਂ ਰਹੇ, ਸਗੋਂ ਨਰਸਿਮ੍ਹਾ ਰਾਓ ਸਰਕਾਰ ਦੇ ਸ਼ੁਰੂਆਤੀ ਦਿਨਾਂ ਵਿਚ ਵੀ ਉਹ ਹੀ ਮੁੱਖ ਆਰਥਿਕ ਸਲਾਹਕਾਰ ਸਨ। ਨਾਇਰ ਅਨੁਸਾਰ ਖੇਤੀ, ਸਨਅਤ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਇਸ ਕਦਰ ਸੰਕਟ ਵਿਚ ਹਨ ਕਿ ਉਨ੍ਹਾਂ ਕਰ ਕੇ ਆਰਥਿਕਤਾ ਦੀ ਚਾਲ ਠੱਪ ਪਈ ਹੋਈ ਹੈ। ਭਾਰਤੀ ਕਿਸਾਨ 60 ਦੇ ਦਹਾਕੇ ਤੋਂ ਵੀ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਪਿਛਲੇ 25 ਵਰ੍ਹਿਆਂ 'ਚ ਖੇਤੀ ਖੇਤਰ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਗ਼ੈਰ-ਖੇਤੀ ਖੇਤਰ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਦੇ 10ਵੇਂ ਹਿੱਸੇ ਤੋਂ ਵੀ ਘੱਟ ਰਹਿ ਰਹੀ ਹੈ।

ਨਾਇਰ ਤਾਂ ਇਹ ਵੀ ਮੰਨਦੇ ਹਨ ਕਿ ਸਨਅਤੀ ਉਤਪਾਦਨ ਦੇ ਖੇਤਰ 'ਤੇ ਨਜ਼ਰ ਮਾਰਿਆਂ ਅ-ਸਨਅਤੀਕਰਨ ਦਾ ਰੁਝਾਨ ਨਜ਼ਰ ਆਉਂਦਾ ਹੈ। ਬੁਨਿਆਦੀ ਢਾਂਚੇ ਦੇ ਖੇਤਰ ਦੀ ਸਥਿਤੀ ਇਹ ਹੈ ਕਿ ਬਿਜਲੀ, ਸੜਕ, ਆਵਾਜਾਈ, ਬੰਦਰਗਾਹ ਅਤੇ ਸੰਚਾਰ ਦੀਆਂ ਸਹੂਲਤਾਂ ਨਾਕਾਫ਼ੀ ਹਨ ਅਤੇ ਜੋ ਹਨ ਵੀ, ਉਨ੍ਹਾਂ ਦਾ ਇਕ ਵੱਡਾ ਹਿੱਸਾ ਨਵੀਨੀਕਰਨ ਦੀ ਘਾਟ ਕਾਰਨ ਬੁਰੀ ਹਾਲਤ ਦਾ ਸ਼ਿਕਾਰ ਹੈ। ਇਨ੍ਹਾਂ ਕਾਰਨਾਂ ਕਰਕੇ ਭਾਰਤੀ ਆਰਥਿਕਤਾ ਦੀਆਂ ਭਵਿੱਖੀ ਸੰਭਾਵਨਾਵਾਂ ਵੱਡੇ ਖ਼ਦਸ਼ਿਆਂ ਦੀਆਂ ਸ਼ਿਕਾਰ ਨਜ਼ਰ ਆ ਰਹੀਆਂ ਹਨ। ਇਨ੍ਹਾਂ ਤਿੰਨਾਂ ਵੱਡੇ ਸੰਕਟਾਂ ਦੇ ਨਾਲ-ਨਾਲ ਪ੍ਰੋਫੈਸਰ ਨਾਇਰ ਨੇ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਦੀ ਬੁਰੀ ਹਾਲਤ ਵੱਲ ਵੀ ਇਸ਼ਾਰਾ ਕੀਤਾ ਹੈ। -0-

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਲੋਹੜੀ ਦੀ ਰਸਮ ਤੇ ਗੀਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜੋ ਅਸੀਂ ਗਾਹੇ-ਬਗਾਹੇ ਆਪਣੇ ਪਾਠਕਾਂ ਨਾਲ ਸਾਂਝੀ ਕਰਦੇ ਰਹਾਂਗੇ। ਐਤਕੀਂ ਉਨ੍ਹਾਂ ਲੋਹੜੀ ਨਾਮ ਸਬੰਧਤ ਰਸਮਾਂ ਅਤੇ ਗੀਤਾਂ ਬਾਰੇ ਗੱਲਾਂ ਛੋਹੀਆਂ ਹਨ। -ਸੰਪਾਦਕ*

ਲੋਹੜੀ ਮੌਸਮੀ ਤਿਉਹਾਰ ਹੈ। ਇਸ ਨਾਲ ਪੰਜਾਬੀਆਂ ਦੀਆਂ ਕਈ ਰਸਮਾਂ ਜੁੜੀਆਂ ਹੋਈਆਂ ਹਨ। ਇਸ ਤਿਉਹਾਰ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਲੋਹੜੀ ਦਾ ਮੂਲ ਸ਼ਬਦ ਤਿਲ+ਰੋੜੀ ਹੈ ਜਿਸ ਤੋਂ 'ਤਿਲੋੜੀ' ਬਣਿਆ ਅਤੇ ਬਾਅਦ ਵਿਚ ਇਸ ਸ਼ਬਦ ਦਾ ਰੂਪਾਂਤਰ ਲੋਹੜੀ ਹੋ ਗਿਆ। ਡਾ. ਕਰਮਜੀਤ ਸਿੰਘ ਨੇ ਆਪਣੇ ਖੋਜ ਭਰਪੂਰ ਲੇਖ 'ਅਗਨੀ ਪੂਜਾ ਦਾ ਤਿਉਹਾਰ ਲੋਹੜੀ' ਵਿਚ ਇਹ ਸਪਸ਼ਟ ਕੀਤਾ ਹੈ ਕਿ ਲੋਹੜੀ 'ਅਗਨੀ ਪੂਜਾ' ਦਾ ਤਿਉਹਾਰ ਹੈ। ਇਸ ਦਾ ਸਬੰਧ ਪੂਰਵ-ਹੜੱਪਾ ਸਭਿਆਚਾਰ ਨਾਲ ਜਾ ਜੁੜਦਾ ਹੈ। ਆਮ ਲੋਕਾਂ ਨੇ ਇਸ ਪੂਜਾ ਨੂੰ ਆਪਣੇ ਢੰਗ ਨਾਲ ਜੀਵਤ ਰੱਖਿਆ ਹੈ। ਪੰਜਾਬੀ ਲੋਕਾਂ ਨੇ ਇਸ ਨੂੰ 'ਲੋਹੜੀ' ਦੇ ਰੂਪ ਵਿਚ ਸਾਂਭਿਆ ਅਤੇ ਪੋਹ ਮਹੀਨੇ ਦੀ ਆਖਰੀ ਰਾਤ ਲਈ ਰਾਖਵਾਂ ਕੀਤਾ ਹੈ। ਅਗਨੀ ਦੇਵ ਦੀ ਪੂਜਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਇਹ ਪੁੱਤਰ ਦੀ ਦਾਤ ਦਿੰਦਾ ਹੈ।

ਸਾਡੇ ਸਭਿਆਚਾਰ ਵਿਚ ਲੋਹੜੀ ਦਾ ਤਿਉਹਾਰ ਨਵ-ਜਨਮੇ ਜਾਂ ਨਵ-ਵਿਆਹੇ ਪੁੱਤਰ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ 'ਗਏ ਸਿਆਲ ਲੋਹੜੀ'। ਪਹਿਲਾਂ-ਪਹਿਲ ਲੋਹੜੀ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ ਜਾਂ ਲੋਹੜੀ ਵਾਲੇ ਦਿਨ ਸਹੁਰੇ ਘਰ ਵਸਦੀਆਂ ਭੈਣਾਂ ਦੇ ਘਰਾਂ ਵਿਚ ਭਰਾ ਆਪਣੀਆਂ ਭੈਣਾਂ ਲਈ ਰਿਉੜੀਆਂ, ਮੂੰਗਫ਼ਲੀ, ਪਿੰਨੀਆਂ, ਕੱਪੜੇ ਆਦਿ ਲੋਹੜੀ ਦੇ ਰੂਪ ਵਿਚ ਲੈ ਕੇ ਪੁੱਜਦੇ ਸਨ। ਇਸ ਦਿਨ ਭੈਣਾਂ ਆਪਣੇ ਵੀਰਾਂ ਨੂੰ ਉਡੀਕਦੀਆਂ, ਬਨੇਰਿਆਂ ਤੋਂ ਕਾਂ ਉਡਾਉਂਦੀਆਂ ਸਨ। ਜੇ ਘਰ ਆਏ ਵੀਰ ਦੀ ਸੱਸ ਜਾਂ ਨਣਦ ਆਉ-ਭਗਤ ਨਾ ਕਰੇ ਜਾਂ ਮੱਥੇ ਵੱਟ ਪਾ ਲਵੇ ਤਾਂ ਉਦਾਸ ਹੋ ਜਾਂਦੀਆਂ ਸਨ। ਜੇ ਕਿਸੇ ਕਾਰਨ ਵੀਰ ਲੋਹੜੀ ਲੈ ਕੇ ਨਾ ਪੁੱਜੇ ਤਾਂ ਹਾਉਕੇ ਭਰਦੀਆਂ, ਧੂੰਏਂ ਦੇ ਪੱਜ ਰੋਂਦੀਆਂ ਸਨ।

ਲੋਹੜੀ ਦਾ ਤਿਉਹਾਰ ਲੋਹੜੀ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਪਿੰਡਾਂ ਵਿਚ ਕੁੜੀਆਂ ਅਤੇ ਮੁੰਡੇ ਟੋਲੀਆਂ ਬੰਨ੍ਹ ਕੇ ਮੋਢਿਆਂ ਤੇ ਝੋਲੇ ਟੰਗੀ ਲੋਹੜੀ ਵਾਲਿਆਂ ਦੇ ਘਰ ਲੋਹੜੀ ਮੰਗਣ ਜਾਂਦੇ ਸਨ। ਇਨ੍ਹਾਂ ਟੋਲੀਆਂ ਵਲੋਂ ਲੋਹੜੀ ਮੰਗਣ ਵੇਲੇ ਹਰ ਘਰ ਦੇ ਬੂਹੇ ਦੇ ਬਾਹਰ ਜਾਂ ਵਿਹੜੇ ਵਿਚ ਖੜ੍ਹ ਕੇ ਗੀਤ ਗਾਏ ਜਾਂਦੇ ਸਨ। ਘਰ ਵਾਲਿਆਂ ਵਲੋਂ ਮੂੰਗਫ਼ਲੀ, ਰਿਉੜੀਆਂ, ਚਿੜਵੇ, ਗੁੜ, ਗੱਚਕ, ਪਾਥੀਆਂ ਆਦਿ ਲੋਹੜੀ ਮੰਗਣ ਵਾਲਿਆਂ ਦੇ ਝੋਲਿਆਂ ਵਿਚ ਪਾਏ ਜਾਂਦੇ ਸਨ। ਪੈਸੇ ਵੀ ਦਿਤੇ ਜਾਂਦੇ ਸਨ। ਪਰਦੇਸਾਂ ਵਿਚ ਇਹ ਤਿਉਹਾਰ ਜਨਵਰੀ ਮਹੀਨੇ ਦੇ ਲੋਹੜੀ ਦੇ ਨਾਲ ਲਗਦੇ ਵੀਕੈਂਡ (ਹਫ਼ਤੇ ਦੇ ਅਖ਼ੀਰ ਭਾਵ ਸ਼ਨਿਚਰਵਾਰ) ਨੂੰ ਮਨਾਇਆ ਜਾਂਦਾ ਹੈ। ਪੋਹ (ਜਨਵਰੀ) ਦੇ ਮਹੀਨੇ ਤਕਰੀਬਨ ਹਰ ਵੀਕੈਂਡ 'ਤੇ ਹੀ ਲੋਹੜੀ ਦਾ ਸਮਾਗਮ ਹੁੰਦਾ ਹੈ।

**ਕੁੜੀਆਂ ਵਲੋਂ ਗਾਏ ਜਾਣ ਵਾਲੇ ਗੀਤ:**

ਲੋਹੜੀਏ ਨੀ!
ਗਿੱਗੇ ਮੌਲ਼ੀਏ ਨੀ।
ਗਿੱਗਾ ਜੰਮਿਆ ਨੀ,
ਗੁੜ ਵੰਡਿਆ ਨੀ।
ਗੁੜ ਦੀਆਂ ਰੋੜੀਆਂ ਨੀ,
ਭੰਨ ਮਰੋੜੀਆਂ ਨੀ।
ਭਰਾਮਾਂ ਜੋੜੀਆਂ ਨੀ,
ਨੀ ਤੇਰਾ ਗਿੱਗੜਾ।
ਜੀਵੇ ਟੋਪੀ ਵਾਲੜਾ,
ਜੀਵੇ ਭੈਣ-ਭਤੀਜੜਾ।
ਇਹ ਮੇਰੀ ਲੋਹੜੀ ਸੁਲੱਖਣੀ,
ਲੋਹੜੀ ਨੂੰ ਗੁੜ ਦੀ ਰੋੜੀ ਪਾਇਓ ਜੀ।

ਸੋਟੀ ਨੀ ਇਕ ਸੋਟੀ ਨੀ,
ਰੱਬ ਦੇਵੇ ਵੀਰਾ ਵੌਂਟ੍ਹੀ ਨੀ।
ਇਸ ਵੌਂਟ੍ਹੀ ਵੇਲ ਵਧਾਈ ਜੀ,
ਘਰ ਵਿਹੜੇ ਮਹਿਕ ਲਗਾਈ ਜੀ।
ਇਸ ਵੌਂਟ੍ਹੀ ਦੇ ਲੰਮੇ ਵਾਲ਼,
ਸੀਸ ਗੁੰਦਾਵੇ ਚੰਬੇ ਨਾਲ਼।
ਸੋਈ ਚੰਬਾ ਲੋੜੀਦਾ,
ਇਕ ਬਾਲਣ ਚਾਹੀਏ ਲੋਹੜੀ ਦਾ।

ਨੀ ਲੋਹੜੀਏ ਪਕਾਵੇ ਇਹਦੀ ਅੰਮਾਂ,
ਨੀ ਲੋਹੜੀਏ ਜਿਹਦਾ ਜੂੜਾ ਲੰਮਾ।

ਕੰਡਾ ਨੀ, ਲੋਕੜੀਓ ਕੰਡਾ।
ਕੰਡਾ ਨੀ, ਲੋਕੜੀਓ ਕੰਡਾ।
ਇਸ ਕੰਡੇ ਦੇ ਨਾਲ ਕਲੀਰੇ,
ਜੁੱਗ ਜੀਵਣ ਨੀ ਭੈਣੇ ਤੇਰੇ ਵੀਰੇ।
ਇਨ੍ਹਾਂ ਵੀਰਾਂ ਨੇ ਪਾ ਲਈ ਹੱਟੀ,
ਇਸ ਹੱਟੀ ਦਾ ਬੂਹਾ ਉਚਾ,
ਇਸ ਭਾਬੋ ਦਾ ਚੂੜਾ ਸੁੱਚਾ।

ਸੁਣ ਲੋਹੜੀਏ! ਚਾਰ ਨਿੰਬੂ ਪੱਕੇ।
ਸੁਣ ਲੋਹੜੀਏ! ਭਾਬੋ ਚੜ੍ਹ ਗਈ ਯੱਕੇ।
ਸੁਣ ਲੋਹੜੀਏ! ਭਾਬੋ ਕੁੱਛੜ ਗਿੱਗਾ।
ਸੁਣ ਲੋਹੜੀਏ! ਮੈਂ ਸੁਣਿਆ ਭਤੀਜਾ।
ਸੁਣ ਲੋਹੜੀਏ! ਭਤੀਜੇ ਪੈਰੀਂ ਕੜੀਆਂ।
ਸੁਣ ਲੋਹੜੀਏ! ਕਿਸ ਸੁਨਿਆਰੇ ਘੜੀਆਂ।
ਸੁਣ ਲੋਹੜੀਏ! ਪਹਿਨਣ ਵਾਲਾ ਹੀਰਾ।
ਸੁਣ ਲੋਹੜੀਏ! ਦੀਵਾਲੀ ਵਾਲਾ ਦੀਵਾ।

ਚੰਨ ਪਕਾਵੇ ਰੋਟੀਆਂ, ਤਾਰਾ ਕਰੇ ਪਰਸੋ।
ਨੀ ਹੋ! ਤਾਰਾ ਕਰੇ ਰਸੋ।
ਸੱਸੂ ਮੈਨੂੰ ਆਖਦੀ, ਘਿਓ ਵਿਚ ਮੈਦਾ ਗੋ।
ਨੀ ਹੋ! ਘਿਓ ਵਿਚ ਮੈਦਾ ਗੋ।
ਘਿਓ ਵਿਚ ਮੈਦਾ ਥੋੜ੍ਹਾ ਪਿਆ,
ਸੱਸੂ ਮੈਨੂੰ ਗਾਲ੍ਹੀਆਂ ਕੱਢੇ।
ਨੀ ਹੋ! ਸੱਸੂ ਮੈਨੂੰ ਗਾਲ੍ਹੀਆਂ ਕੱਢੇ।
ਨਾ ਕੱਢ ਸੱਸੂ ਗਾਲ੍ਹੀਆਂ,
ਇਥੇ ਮੇਰਾ ਕੌਣ ਸੁਣੇ।
ਨੀ ਹੋ! ਇਥੇ ਮੇਰਾ ਕੌਣ ਸੁਣੇ।
ਮਹਿਲਾਂ ਓਹਲੇ ਵੀਰ ਖੜ੍ਹਾ,
ਰੋ-ਰੋ ਅੱਖੀਆਂ ਭਰੇ।
ਨੀ ਹੋ! ਰੋ-ਰੋ ਅੱਖੀਆਂ ਭਰੇ।
ਨਾ ਰੋ ਵੀਰਾ ਮੇਰਿਆ,
ਭੈਣਾਂ ਦੇ ਦੁਖ ਬੜੇ।
ਨੀ ਹੋ! ਭੈਣਾਂ ਦੇ ਦੁਖ ਬੜੇ।
ਪਰਸੋ-ਰਸੋਅ ਭਾਵ ਰਸੋਈ ਕਰਨਾ।

ਅੰਬੇ ਨੀ ਮਾਂ ਮੇਰੇ ਅੰਬੇ,
ਮੇਰੇ ਸੱਤ ਭਰਾ ਮੰਗੇ।
ਮੇਰਾ ਇਕ ਭਰਾ ਕੁਆਰਾ,
ਉਹ ਕੌਡੀ ਖੇਡਣ ਵਾਲਾ।
ਉਹ ਕੌਡੀ ਕਿੱਥੇ ਖੇਡੇ,
ਲਹੌਰ ਸ਼ਹਿਰ ਖੇਡੇ।
ਲਹੌਰ ਸ਼ਹਿਰ ਉਚਾ,
ਮੇਰੇ ਮਨ ਨੂੰ ਲੱਗੇ ਸੁੱਚਾ।
ਮੈਂ ਬਾਗ਼ਾਂ ਵਿਚ ਖਲੋਤੀ ,
ਮੇਰੇ ਮਨ ਨੂੰ ਲੱਗੇ ਮੋਤੀ।

ਲੋਹੜੀ ਦਾ ਮਹੀਨਾ ਚੜ੍ਹਿਆ,
ਵੀਰ ਮੇਰਾ ਘਰ ਆਇਆ।
ਨਾ ਮੇਰੀ ਨਣਦੇ ਲੱਸੀ ਦਿਤੀ,
ਨਾ ਮੇਰਾ ਵੀਰ ਬੁਲਾਇਆ।
ਲੱਸੀ ਛੱਡ ਮੈਂ ਦੁੱਧ ਪਿਲਾਮਾਂ,
ਪੀ ਮੇਰੀ ਅੰਮਾ ਜਾਇਆ।

ਅਸੀਂ ਆਈਆਂ ਕੁੜੇ!
ਅਸੀਂ ਆਈਆਂ ਕੁੜੇ!
ਆਈਆਂ ਲੰਬੜਾਂ ਦੇ ਵਿਹੜੇ ਕੁੜੇ!
ਲੰਬੜਾਂ ਨੇ ਕੀ ਕੁਛ ਦਿਤਾ ਕੁੜੇ!
ਦਿਤੀਆਂ ਲੇਫ਼ ਤਲਾਈਆਂ ਕੁੜੇ!
ਲੇਫ਼ੀਂ ਕੌਣ ਕੌਣ ਸੁੱਤਾ ਕੁੜੇ!
ਸੁੱਤਾ ਭੈਣ ਦਾ ਵੀਰਾ ਕੁੜੇ!
ਸੁੱਤੇ ਨੂੰ ਕੌਣ ਜਗਾਵੇ ਕੁੜੇ!
ਜਗਾਵੇ ਇਹਦੀ ਅੰਮਾਂ ਕੁੜੇ!
ਲਿਆਵੇ ਦੁੱਧ ਦਾ ਛੰਨਾ ਕੁੜੇ!
ਛੰਨੇ ਦੇ ਵਿਚ ਮੇਵਾ ਕੁੜੇ!
ਜੁੱਗ ਜੀਵੇ ਬੱਚੜਾ ਤੇਰਾ ਕੁੜੇ!

ਤਿਲ ਚੌਲੀਏ ਨੀ, ਗਿੱਗਾ ਮੌਲੀਏ ਨੀ।
ਗਿੱਗਾ ਜੰਮਿਆਂ ਨੀ, ਗੁੜ ਵੰਡਿਆ ਨੀ।

ਤੇਰੇ ਵਿਹੜੇ ਵਿਚ ਮਸ਼ੀਨ,
ਤੇਰਾ ਪੁੱਤ ਬੜਾ ਸ਼ੁਕੀਨ।
ਲਾਉਂਦਾ ਪਾਊਡਰ ਤੇ ਕਰੀਮ,
ਪਾਉਂਦਾ ਪੈਂਟ ਤੇ ਕਮੀਜ਼।

ਤੇਰੇ ਵਿਹੜੇ ਵਿਚ ਕੜਾਹੀ,
ਤੇਰਾ ਪੁੱਤ ਬਣੇ ਸਿਪਾਹੀ।

ਹੁੱਲੇ ਨੀ ਮਾਂ ਹੁੱਲੇ,
ਦੋ ਬੇਰੀ ਪੱਤਰ ਝੁੱਲੇ।
ਦੋ ਝੁੱਲ ਪਈਆਂ ਖਜੂਰਾਂ,
ਖਜੂਰਾਂ ਸੁੱਟਿਆ ਮੇਵਾ।
ਇਸ ਮੁੰਡੇ ਦਾ ਕਰੋ ਮੰਗੇਵਾ,
ਇਸ ਮੁੰਡੇ ਦੀ ਵਹੁਟੀ ਨਿੱਕੜੀ।
ਜੋ ਖਾਂਦੀ ਚੂਰੀ ਕੁੱਟੜੀ,
ਤੂੰ ਤੇ ਆਪ ਬੜੀ ਸ਼ੁਕੀਨ,
ਲਾਮੇਂ ਪਾਊਡਰ ਤੇ ਕਰੀਮ।
ਤੇਰੇ ਬੂਹੇ ਅੱਗੇ ਛੈਣਾਂ,
ਵੇਲਾਂ ਦੇਣ ਮੁੰਡੇ ਦੀਆਂ ਭੈਣਾਂ।
ਤੇਰੀ ਬਲਦਾਂ ਦੀ ਪੰਜਾਲੀ,
ਤੇਰੇ ਪੋਤੇ ਹੋਵਣ ਚਾਲੀ।
ਤੇਰੇ ਬੂਹੇ ਅੱਗੇ ਚੇਨ,
ਮੁੰਡਿਆ ਵੌਂਟ੍ਹੀ ਲਿਆਵੀਂ ਮੇਮ।

ਚੰਨ ਚਾਨਣੀ ਰਾਤ ਨੀ ਕੁੜੀਓ,
ਤਾਰਿਆਂ ਝੁੰਮਰ ਪਾਇਆ।
ਕਿਹੜੀ ਦੂਰ ਵਸੇਂਦੀ ਦਾ ਅੱਜ,
ਵੀਰਨ ਲੋਹੜੀ ਲਿਆਇਆ।
ਉਠ ਕੁੜੇ ਤੂੰ ਅਨੀਤਾ ਕੁੜੀਏ,
ਤੇਰਾ ਵੀਰਨ ਆਇਆ।
ਸਭੋ ਸਹੇਲੀਆਂ ਪੁੱਛਣ ਲੱਗੀਆਂ,
ਕੀ ਕੁਛ ਵੀਰਾ ਲਿਆਇਆ।
ਆਉਂਦਾ ਚੜ੍ਹ ਪਲੰਘ 'ਤੇ ਬੈਠਾ,
ਲੱਸੀ ਦਾ ਤ੍ਰਿਹਾਇਆ।
ਕੱਚੀ ਲੱਸੀ ਕਦੇ ਨਾ ਦੇਮਾਂ,
ਕੜ੍ਹਦਾ ਦੁੱਧ ਬਣਾਇਆ।
ਪੀ ਲੈ ਪੀ ਲੈ ਅੰਮਾਂ ਜਾਇਆ,
ਲੱਪ ਕੁ ਮਿੱਠਾ ਪਾਇਆ।



*ਲੋਹੜੀ ਦੇ ਤਿਉਹਾਰ ਮੌਕੇ ਪੈਂਦੇ ਗਿੱਧੇ ਦੀ ਝਲਕ।*

ਵੌਂਟ੍ਹੀ ਕੁੱਟ-ਕੁੱਟ ਭਰਿਆ ਥਾਲ।
ਵੌਂਟ੍ਹੀ ਬਵ੍ਹੇ ਨਣਾਨਾਂ ਨਾਲ,
ਨਣਾਨ ਤੇ ਵੱਡੀ ਭਰਜਾਈ।
ਚੁੱਕ ਕੁੜਮਾਂ ਦੇ ਘਰ ਆਈ,
ਚੁੱਕ ਕੁੜਮਾਂ ਦੇ ਘਰ ਆਈ।

ਗਿੱਗਾ ਜੰਮਿਆ ਸੀ ਰਾਤ,
ਗੁੜ ਪਾ ਲਿਆ ਪਰਾਤ।
ਗਿੱਗਾ ਜੰਮਿਆਂ ਸੀ ਓਹਲੇ,
ਗੁੜ ਪਾ ਲਿਆ ਭੜੋਲੇ।
ਗਿੱਗਾ ਹਰੀ ਹਰੀ ਕਮਾਦੀ,
ਵੇ ਲੜਾਕੀ ਤੇਰੀ ਦਾਦੀ।
ਗਿੱਗਾ ਸਿੱਪੀ ਵਿਚ ਘਿਓ,
ਵੇ ਅਮੀਰ ਤੇਰਾ ਪਿਓ।
ਤੇਰੇ ਚੌਂਕੇ ਵਿਚ ਛਾਬਾ,
ਵੇ ਕੰਜੂਸ ਤੇਰਾ ਬਾਬਾ।

ਸਾਡੇ ਪੈਰਾਂ ਹੇਠ ਸਿਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।
ਸਾਡੇ ਪੈਰਾਂ ਹੇਠਾਂ ਰੋੜ,
ਸਾਨੂੰ ਛੇਤੀ-ਛੇਤੀ ਤੋਰ।
ਤੁਹਾਡੇ ਕੋਠੇ 'ਤੇ ਪਰਨਾਲਾ,
ਸਾਨੂੰ ਉਤੋਂ ਪੈਂਦਾ ਪਾਲ਼ਾ।

ਆਇਆ ਵਰ੍ਹੇ ਦਿਨਾਂ ਦਾ ਦਿਨ,
ਬੀਬੀ ਕਰ ਲੈ ਦਾਨ ਪੁੰਨ।
ਤੇਰੇ ਕੋਠੇ ਉਤੇ ਮੋਰ,
ਰੱਬ ਮੁੰਡਾ ਦੇਵੇ ਹੋਰ।
ਤੇਰਾ ਉਹ ਵੀ ਜੀਊਗਾ,
ਨੀ ਰੱਬ ਹੋਰ ਦੇਊਗਾ।
ਸਾਨੂੰ ਪਾਓ ਲੋਹੜੀ,
ਤੁਹਾਡੀ ਜੀਵੇ ਜੋੜੀ।
ਹੇਠਾਂ ਗੜਵਾ ਉਤੇ ਕਟੋਰਾ,
ਪੀ ਮੇਰੀ ਅੰਮਾਂ ਜਾਇਆ।
ਲੱਡੂ, ਪਿੰਨੀਆਂ, ਚੂੜਾ, ਕੰਙਣ,
ਸਭ ਕੁਛ ਖੋਲ੍ਹ ਦਿਖਾਇਆ।
ਚੰਨ ਚਾਨਣੀ ਰਾਤ ਨੀ ਕੁੜੀਓ,
ਤਾਰਿਆਂ ਝੁੰਮਰ ਪਾਇਆ।

ਕਾਕਾ ਮਾਰ ਫ਼ੁੱਲਾਂ ਨੂੰ ਅੱਡੀ,
ਤੇਰੀ ਉਮਰ ਹੋਵੇਗੀ ਵੱਡੀ।
ਤੇਰੇ ਬੂਹੇ ਅੱਗੇ ਆਈਆਂ,
ਲੈ ਕੇ ਜਾਣਾ ਹੈ ਵਧਾਈਆਂ।
ਤੇਰੇ ਕੋਠੇ ਤੇ ਅਖ਼ਰੋਟ,
ਸਾਨੂੰ ਦੇ ਦੇ ਸੌ ਦਾ ਨੋਟ।

**ਲੋਹੜੀ ਮੰਗਣ ਵੇਲੇ ਮੁੰਡਿਆਂ ਦੇ ਗੀਤ:**

ਲੋਹੜੀ ਮੰਗਣ ਵੇਲੇ ਮੁੰਡੇ ਵੀ ਵੱਖ-ਵੱਖ ਟੋਲੀਆਂ ਵਿਚ ਲੋਹੜੀ ਮੰਗਦੇ ਸਨ। ਲੋਹੜੀ ਮੰਗਣ ਵੇਲੇ ਮੁੰਡਿਆਂ ਵਲੋਂ ਖ਼ਾਸ ਗੀਤ ਸੁੰਦਰ-ਮੁੰਦਰੀਏ ਗਾਇਆ ਜਾਂਦਾ ਸੀ। 'ਸੁੰਦਰ ਮੁੰਦਰੀਏ' ਨਾਂ ਦੇ ਪ੍ਰਸਿੱਧ ਗੀਤ ਨਾਲ ਮੁਗ਼ਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਲ ਸਬੰਧਤ ਕਹਾਣੀ ਜੁੜੀ ਹੋਈ ਹੈ। ਇਸ ਕਹਾਣੀ ਦਾ ਜ਼ਿਕਰ ਡਾ. ਸੁਹਿੰਦਰਬੀਰ ਸਿੰਘ ਵਲੋਂ ਫ਼ੇਸ ਬੁੱਕ 'ਤੇ ਲੋਹੜੀ ਬਾਰੇ ਲਿਖੇ ਲੇਖ ਵਿਚ ਵਿਸਥਾਰ ਨਾਲ ਕੀਤਾ ਗਿਆ ਹੈ:

ਇਕ ਪਿੰਡ ਵਿਚ ਇਕ ਗ਼ਰੀਬ ਬ੍ਰਾਹਮਣ ਰਹਿੰਦਾ ਸੀ। ਉਸ ਦੀਆਂ ਦੋ ਮੁਟਿਆਰ ਧੀਆਂ ਦਾ ਨਾਮ ਸੁੰਦਰੀ ਅਤੇ ਮੁੰਦਰੀ ਸੀ। ਉਹ ਦੋਵੇਂ ਮੰਗੀਆਂ ਹੋਈਆਂ ਸਨ। ਉਸ ਇਲਾਕੇ ਦਾ ਮੁਸਲਮਾਨ ਹਾਕਮ ਜਵਾਨ ਕੁੜੀਆਂ ਨੂੰ ਚੁੱਕ ਕੇ ਲੈ ਜਾਂਦਾ ਸੀ। ਬ੍ਰਾਹਮਣ ਨੂੰ ਪਤਾ ਲੱਗਾ ਕਿ ਉਸ ਦੀਆਂ ਧੀਆਂ ਦੇ ਹੁਸਨ ਦਾ ਚਰਚਾ ਹਾਕਮ ਤੱਕ ਪੁੱਜ ਗਿਆ ਹੈ। ਉਸ ਨੇ ਕੁੜੀਆਂ ਦੇ ਸਹੁਰੇ ਘਰ ਜਾ ਕੇ ਮਿੰਨਤ ਕੀਤੀ ਕਿ ਉਹ ਉਸ ਦੀਆਂ ਧੀਆਂ ਨੂੰ ਵਿਆਹ ਤੋਂ ਬਿਨਾਂ ਹੀ ਆਪਣੇ ਘਰ ਲੈ ਜਾਣ। ਹਾਕਮ ਤੋਂ ਡਰਦੇ ਹੋਣ ਕਰ ਕੇ ਉਨ੍ਹਾਂ ਨੇ ਸਾਫ਼ ਨਾਂਹ ਕਰ ਦਿਤੀ। ਬ੍ਰਾਹਮਣ ਵਿਚ ਇਕੋ ਸਮੇਂ ਦੋਵੇਂ ਵਿਆਹ ਕਰਨ ਦੀ ਹਿੰਮਤ ਨਹੀਂ ਸੀ। ਉਹ ਨਿਰਾਸ਼ ਹੋ ਕੇ ਘਰ ਵੱਲ ਮੁੜ ਪਿਆ। ਰਸਤੇ ਵਿਚ ਜੰਗਲ ਪੈਂਦਾ ਸੀ। ਉਸ ਜੰਗਲ ਵਿਚ ਦੁੱਲਾ ਭੱਟੀ ਨਾਂ ਦਾ ਡਾਕੂ ਰਹਿੰਦਾ ਸੀ ਜਿਸ ਤੋਂ ਸਭ ਡਰਦੇ ਸਨ, ਪਰ ਦੁੱਲਾ ਗ਼ਰੀਬਾਂ ਦਾ ਹਮਦਰਦ ਸੀ। ਉਹ ਲੁੱਟ ਦਾ ਮਾਲ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਬ੍ਰਾਹਮਣ ਨੇ ਦੁੱਲੇ ਕੋਲ ਜਾ ਕੇ ਆਪਣਾ ਦੁਖ਼ੜਾ ਸੁਣਾਇਆ। ਦੁੱਲੇ ਨੇ ਕਿਹਾ ਕਿ ਤੂੰ ਕੋਈ ਫ਼ਿਕਰ ਨਾ ਕਰ, ਤੇਰੀਆਂ ਧੀਆਂ ਮੇਰੀਆਂ ਧੀਆਂ ਹਨ। ਉਨ੍ਹਾਂ ਦਾ ਵਿਆਹ ਮੈਂ ਹੱਥੀਂ ਕਰਾਂਗਾ। ਤੂੰ ਬੇਫਿਕਰ ਹੋ ਕੇ ਆਪਣੇ ਘਰ ਵੱਲ ਮੁੜ ਜਾਹ।

ਦੁੱਲੇ ਨੇ ਕੁੜੀਆਂ ਦੇ ਬਾਪ ਤੋਂ ਸਹੁਰਿਆਂ ਦਾ ਪਤਾ-ਟਿਕਾਣਾ ਪੁੱਛ ਕੇ ਵਿਆਹ ਧਰ ਦਿਤਾ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦੇ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿਚ ਵਿਆਹ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜਾਂ ਇੱਕਠੀਆਂ ਕਰ ਕੇ ਅੱਗ ਬਾਲ਼ੀ ਗਈ। ਪਿੰਡ ਵਿਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ, ਉਨ੍ਹਾਂ ਨੇ ਵੀ ਸੁੰਦਰੀ-ਮੁੰਦਰੀ ਦੇ ਵਿਆਹ 'ਤੇ ਕੁਝ ਗੁੜ, ਦਾਣੇ ਆਦਿ ਦੇ ਰੂਪ ਵਿਚ ਦਾਨ ਦਿਤਾ। ਦੁੱਲੇ ਕੋਲ ਦਾਨ ਦੇਣ ਲਈ ਇਕ ਲੱਪ ਸ਼ੱਕਰ ਹੀ ਸੀ। ਕੁੜੀਆਂ ਦੀਆਂ ਡੋਲੀਆਂ ਤੁਰ ਗਈਆਂ। ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਧੰਨਵਾਦ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਹੀ ਲੋਹੜੀ ਦਾ ਰਿਵਾਜ ਪੈ ਗਿਆ। ਇਸ ਕਰ ਕੇ ਹੀ ਲੋਹੜੀ ਦੇ ਦਿਨ ਦੁੱਲੇ ਅਤੇ ਸੁੰਦਰੀ-ਮੁੰਦਰੀ ਨੂੰ ਯਾਦ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿਚ ਵੀ ਇਹ ਗੀਤ ਹੀ ਸਭ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਹੈ:

ਸੁੰਦਰ ਮੁੰਦਰੀਏ- ਹੋ!
ਤੇਰਾ ਕੌਣ ਵਿਚਾਰਾ- ਹੋ!
ਦੁੱਲਾ ਭੱਟੀ ਵਾਲਾ- ਹੋ!
ਦੁੱਲੇ ਧੀ ਵਿਆਹੀ- ਹੋ!
ਸੇਰ ਸ਼ੱਕਰ ਪਾਈ- ਹੋ!
ਕੁੜੀ ਦਾ ਲਾਲ ਪਟਾਕਾ- ਹੋ!
ਕੁੜੀ ਦਾ ਸਾਲੂ ਪਾਟਾ- ਹੋ!
ਸਾਲੂ ਕੌਣ ਸਮੇਟੇ- ਹੋ!
ਚਾਚੇ ਚੂਰੀ ਕੁੱਟੀ- ਹੋ!
ਜ਼ਿਮੀਦਾਰਾਂ ਲੁੱਟੀ- ਹੋ!
ਜ਼ਿਮੀਦਾਰ ਸਦਾਓ- ਹੋ!
ਗਿਣ-ਗਿਣ ਪੌਲੇ ਲਾਓ- ਹੋ!
ਇਕ ਪੌਲਾ ਘਟ ਗਿਆ।
ਜ਼ਿਮੀਦਾਰ ਨੱਸ ਗਿਆ।

ਢੇਰਨੀ ਜੀ ਢੇਰਨੀ।
ਚੁੱਲ੍ਹੇ ਮਗਰ ਫ਼ੇਰਨੀ।
ਚੁੱਲ੍ਹਾ ਨਹੀਉਂ ਟੱਕਰਦਾ
ਦੇ ਭੜੋਲਾ ਸ਼ੱਕਰ ਦਾ।
ਸ਼ੱਕਰ ਤੇਰੀ ਕੌੜੀ।
ਦੇ ਗੁੜ ਦੀ ਰੋੜੀ
ਗੁੜ ਤੇਰਾ ਮਿੱਠਾ।
ਦੇ ਰੁਪਈਆ ਚਿੱਟਾ।
ਰੁਪਈਆ ਤੇਰਾ ਖੋਟਾ।
ਦੇ ਬੂਰਾ ਝੋਟਾ।
ਬੂਰਾ ਝੋਟਾ ਮਾਰਦਾ।
ਮੈਂ ਨਈਂ ਤੇਰੇ ਨਾਲ਼ ਦਾ।

ਤੁਹਾਡੇ ਕੋਠੇ 'ਤੇ ਪਰਾਤ,
ਸਾਨੂੰ ਉਤੋਂ ਪੈਂਦੀ ਰਾਤ।
ਅੰਦਰ ਵੜਦੀ ਜਾਂਦੀ ਆ,
ਦਲੀਲਾਂ ਕਰਦੀ ਜਾਂਦੀ ਆ।
ਅੰਦਰ ਵੱਟੇ ਨਾ ਖੜਕਾ,
ਸਾਨੂੰ ਦੂਰੋਂ ਨਾ ਡਰਾ।
ਕੰਘਾ ਜੀ ਕੰਘਾ,
ਇਹ ਘਰ ਚੰਗਾ।

ਕੁੱਪੀਆਂ ਜੀ ਕੁੱਪੀਆਂ,
ਅਸਮਾਨ ਜਾ ਕੇ ਲੁੱਟੀਆਂ।
ਅਸਮਾਨ ਪੁਰਾਣਾ,
ਧੋਬੀ ਦਾਣਾ।
ਧੋਬੀ ਦੇ ਬੱਚੇ,
ਬਿੱਲੀ ਢੋਲਕੀ ਵਜਾਵੇ,
ਚੂਹਾ ਨੱਚੇ।

ਜਿਸ ਘਰ ਤੋਂ ਲੋਹੜੀ ਨਾ ਮਿਲੇ, ਉਥੇ ਗਾਇਆ ਜਾਂਦਾ ਹੈ:

ਹੁੱਕਾ ਜੀ ਹੁੱਕਾ,
ਇਹ ਘਰ ਭੁੱਖਾ। -0-

ਗੁਰਮਤਿ ਵਿਚਾਰ

# ਅਖੰਡ ਪਾਠ ਜਾਂ...

***ਸਿੱਖ ਧਰਮ ਦੇ ਬਾਨੀਆਂ ਨੇ ਸਿੱਖੀ ਵਿਚੋਂ ਕਰਮ-ਕਾਂਡ ਨੂੰ ਮਨਫੀ ਕੀਤਾ ਸੀ ਪਰ ਅਸੀਂ ਸਭ ਜਾਣਦੇ ਹਾਂ ਕਿ ਅੱਜ ਫਿਰ ਉਹ ਕਰਮ-ਕਾਂਡ ਭਾਰੂ ਹੋ ਚੁਕਾ ਹੈ। ਜਿਸ ਬ੍ਰਾਹਮਣਵਾਦ ਵਿਰੁਧ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਖਬਰਦਾਰ ਕੀਤਾ ਸੀ, ਅੱਜ ਉਹ ਫਿਰ ਭਾਰੂ ਹੋ ਰਿਹਾ ਹੈ ਅਤੇ ਅਸੀਂ ਗੁਰੂ ਦੀਆਂ ਸਿੱਖਿਆਵਾਂ ਤੋਂ ਬੇਮੁਖ ਹੁੰਦੇ ਜਾ ਰਹੇ ਹਾਂ। ਹਥਲੇ ਲੇਖ ਵਿਚ ਲੇਖਿਕਾ ਗੁਰਜੀਤ ਕੌਰ ਨੇ ਇਸ ਬੇਮੁਖਤਾ ਅਤੇ ਕਰਮ-ਕਾਂਡ ਉਪਰ ਹੀ ਉਂਗਲ ਉਠਾਈ ਹੈ। ਇਸ ਲੇਖ ਨੂੰ ਛਾਪਣ ਪਿਛੇ ਸਾਡਾ ਮਕਸਦ ਪਾਠਕਾਂ ਨੂੰ ਇਸ ਪੱਖ ਬਾਰੇ ਸੁਚੇਤ ਕਰਨਾ ਹੈ। ਇਸ ਪ੍ਰਤੀ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

'ਅਖੰਡ' ਦਾ ਅਰਥ ਹੈ, ਖੰਡਿਤ ਨਾ ਹੋਣ ਵਾਲਾ ਜਾਂ ਬਗੈਰ ਰੁਕੇ, ਪ੍ਰਵਾਹ ਹੇਠ ਚੱਲਣ ਵਾਲਾ। ਜੇ ਇਸ ਦਾ ਸਬੰਧ ਬਾਣੀ ਦੇ ਗਾਇਨ ਜਾਂ ਉਚਾਰਨ ਨਾਲ ਜੋੜ ਦਿਤਾ ਜਾਵੇ ਤਾਂ ਫਿਰ ਅਰਥ ਬਣਦਾ ਹੈ- ਬਗੈਰ ਰੁਕਿਆਂ ਬਾਣੀ ਦਾ ਉਚਾਰਨ।

ਕੁਝ ਵਕਤ ਪਹਿਲਾਂ ਦੀ ਗੱਲ ਹੈ, ਮੈਂ ਗੁਰਦੁਆਰੇ ਵਿਚ ਪਾਠ ਦੀ ਰੌਲ ਉਤੇ ਬੈਠੀ ਸੀ ਅਤੇ ਪਾਠ ਤੇਜ਼ ਰਫਤਾਰ ਨਾਲ ਕਰ ਰਹੀ ਸੀ। ਭਾਈ ਸਾਹਿਬ ਆਏ ਤੇ ਕਹਿਣ ਲੱਗੇ ਕਿ ਪਾਠ ਹੌਲੀ ਕਰਾਂ, ਕਿਉਂਕਿ ਇਉਂ ਤਾਂ ਪਾਠ 48 ਘੰਟਿਆਂ ਤੋਂ ਪਹਿਲਾਂ ਸਮਾਪਤ ਹੋ ਜਾਵੇਗਾ! ਮੈਂ ਵਿਚੇ ਹੀ ਬੋਲ ਪਈ ਕਿ ਜੇ ਮੈਂ ਪਾਠ ਦੀ ਰਫਤਾਰ ਬਦਲੀ ਤਾਂ ਪੜ੍ਹਨ ਲੱਗਿਆਂ ਬਹੁਤ ਗਲਤੀਆਂ ਕਰਾਂਗੀ। ਰੌਲ ਤੋਂ ਬਾਅਦ ਭਾਈ ਸਾਹਿਬ ਉਚੇਚੇ ਤੌਰ 'ਤੇ ਮੇਰੇ ਕੋਲ ਆਏ ਅਤੇ ਮੈਨੂੰ ਤਾਕੀਦ ਕਰਨ ਲੱਗੇ

ਗੁਰਜੀਤ ਕੌਰ
ਫੋਨ: 713-469-2474

ਕਿ ਇਸ ਤਰ੍ਹਾਂ ਪਾਠ ਦੌਰਾਨ ਗੱਲਬਾਤ ਕੀਤਿਆਂ ਪਾਠ ਖੰਡਿਤ ਹੋ ਜਾਂਦਾ ਹੈ।

ਇਸ ਤੋਂ ਬਾਅਦ ਮੇਰੇ ਜ਼ਿਹਨ ਵਿਚ ਕਈ ਸਵਾਲ ਉਠੇ। ਮੈਂ ਸੋਚਿਆ, ਜੇ ਬੋਲਿਆਂ ਪਾਠ ਖੰਡਿਤ ਹੁੰਦਾ ਹੈ ਤਾਂ ਰੌਲ ਦੇਣ ਵਾਲੇ ਜਦੋਂ ਬਾਣੀ ਪੜ੍ਹਦਿਆਂ ਇਕ ਦੂਜੇ ਨੂੰ ਘੜੀਆਂ ਵਿਖਾਉਂਦੇ ਪੁੱਛਦੇ ਹੁੰਦੇ ਨੇ ਕਿ ਉਸ ਦੀ ਰੌਲ ਕਦੋਂ ਸਮਾਪਤ ਹੁੰਦੀ ਹੈ; ਜਾਂ ਜਦੋਂ ਕੌਲੀ 'ਤੇ ਚਮਚਾ ਖੜਕਾਉਂਦੇ ਨੇ ਕਿ ਅਗਲਾ ਬੰਦਾ ਆ ਜਾਓ, ਕੀ ਉਦੋਂ ਪਾਠ ਖੰਡਿਤ ਨਹੀਂ ਹੁੰਦਾ? ਜੇ ਬਾਣੀ ਪੜ੍ਹਦਿਆਂ 48 ਦੀ ਬਜਾਏ 52 ਘੰਟੇ ਵੀ ਹੋ ਗਏ, ਤਾਂ ਕਿਹੜਾ ਗੁਰੂ ਨੇ ਸਰਾਪ ਦੇ ਦੇਣਾ ਹੈ!

ਜੇ ਅਗਾਂਹ ਅਰਥ ਕਰੀਏ ਤਾਂ ਖੰਡਿਤ ਸ਼ਬਦ ਬੇਅਦਬੀ ਨਾਲ ਵੀ ਜੁੜਦਾ ਹੈ। ਪਾਠ ਕਰਦਿਆਂ ਜੇ ਇਹੀ ਧਿਆਨ ਵਿਚ ਰਿਹਾ ਕਿ ਅਗਲਾ ਬੰਦਾ ਕਿਤੇ ਲੇਟ ਨਾ ਹੋ ਜਾਵੇ, ਜਾਂ ਫਿਰ ਪਾਠ ਨੂੰ 48 ਘੰਟਿਆਂ ਵਿਚ ਸਮਾਪਤ ਕਰਨਾ ਹੈ, ਤੇ ਸਾਰਾ ਧਿਆਨ ਪਾਠ ਦੀ ਸਪੀਡ ਉਤੇ ਹੀ ਹੋਵੇ, ਇਹਦੇ ਨਾਲ ਕਿਹੜਾ ਬਾਣੀ ਖੰਡਿਤ ਨਹੀਂ ਹੋਈ! ਮੇਰੀ ਜਾਚੇ, ਇਹ ਪਰੰਪਰਾ ਅਖੰਡ ਪ੍ਰਵਾਹ ਦੀ ਹੈ, ਨਾ ਕਿ ਅਖੰਡ ਪਾਠ ਦੀ, ਕਿਉਂਕਿ ਪਾਠ ਦਾ ਉਰਦੂ ਵਿਚ ਅਰਥ ਹੈ 'ਸ਼ਬਦ' ਤੇ ਅੰਗਰੇਜ਼ੀ ਵਿਚ 'ਲੈਸਨ' ਜਿਸ ਦਾ ਸਿਧ-ਪਧਰਾ ਮਤਲਬ ਹੈ ਕਿ ਕੁਝ ਗ੍ਰਹਿਣ ਕਰਨਾ। ਹੁਣ ਦੱਸੋ ਕਿ ਅਸੀਂ ਪਾਠ ਤੋਂ ਬਾਅਦ ਕੀ ਗ੍ਰਹਿਣ ਕਰਦੇ ਹਾਂ?

ਅਜੋਕੇ ਸਮੇਂ ਵਿਚ ਇੰਨੀ ਮਨਮਤ ਦੇ ਪ੍ਰਭਾਵ ਹੇਠ ਬਾਣੀ ਦਾ ਵਜੂਦ ਕਰਮ-ਕਾਂਡ ਪੁਗਾਉਣ ਦਾ ਸਰੋਤ ਬਣ ਕੇ ਰਹਿ ਗਿਆ ਹੈ। ਮਿਸਾਲ ਦੇ ਤੌਰ 'ਤੇ, ਅਖੰਡ ਪਾਠ ਸੁੱਖਣਾ। ਇਕ ਗੱਲ ਬੜੀ ਹਸਾਉਣੀ ਵੇਖਣ ਨੂੰ ਮਿਲਦੀ ਹੈ ਕਿ ਜੇ ਤਾਂ ਸ਼ਰਤ ਜਿੱਤ ਗਏ, ਫਿਰ ਤਾਂ ਪਾਠ ਦਾ ਸੁਨੇਹਾ ਹਰ ਘਰ ਪਹੁੰਚ ਗਿਆ, ਤੇ ਜੇ ਹਾਰ ਗਏ ਤਾਂ ਮੈਂ ਅੱਜ ਤੱਕ ਕੋਈ ਇਹ ਕਹਿੰਦਾ ਨਹੀਂ ਸੁਣਿਆ ਕਿ ਮੇਰਾ ਕੰਮ ਨਹੀਂ ਹੋਇਆ, ਮੈਂ ਤਾਂ ਸ਼ੁਕਰਾਨੇ ਵਜੋਂ ਕਰਾ ਰਿਹਾ ਹਾਂ ਕਿ ਖਬਰੇ ਇਹਦੇ ਵਿਚ ਗੁਰੂ ਮੈਨੂੰ ਕੀ ਨਸੀਹਤ ਦੇਣੀ ਸੀ।

ਹੁਣ ਆਈਏ ਦੁਨਿਆਵੀ ਕਾਰਨਾਂ ਵੱਲ ਜਿਨ੍ਹਾਂ ਦੀ ਅਗਵਾਈ ਹੇਠ ਬਾਣੀ ਦੇ ਲੜੀਵਾਰ ਉਚਾਰਨ ਨੂੰ ਪਾਠ ਦਾ ਦਰਜਾ ਮਿਲਦਾ ਹੈ। ਬੱਚੇ ਦੀ ਪੈਦਾਇਸ਼, ਖਾਸ ਕਰ ਕੇ ਪੁੱਤਰ ਦੀ ਪੈਦਾਇਸ਼ ਉਤੇ, ਜੇ ਪੁੱਤਰ ਅਰਜੋਈਆਂ ਕਰ ਕੇ ਮਿਲਿਆ ਹੋਵੇ ਤਾਂ ਫਿਰ ਸੁੱਖੇ ਹੋਏ ਪਾਠ ਦੀ। ਹੁਣ ਪਾਠ ਕਰਾਉਣ ਵਾਲਾ ਦੱਸੇ ਕਿ ਬਾਣੀ ਵਿਚ ਕਿਥੇ ਧੀ ਦੀ ਨਿਖੇਧੀ ਤੇ ਪੁੱਤਰ ਦੀ ਉਸਤਤ ਹੋਈ ਹੈ; ਜਾਂ ਫਿਰ ਇਹ ਲਿਖਿਆ ਹੈ ਕਿ ਜੇ ਪੁੱਤਰ ਅਰਜੋਈਆਂ ਨਾਲ ਮਿਲਿਆ ਤਾਂ ਉਚਾਰਨ ਲਗਾਤਾਰ 48 ਘੰਟੇ ਕਰਾਇਓ, ਇਸ ਨਾਲ ਬੁਢਾਪੇ ਦੇ ਸਹਾਰੇ ਦੀ ਗਾਰੰਟੀ ਮਿਲ ਜਾਵੇਗੀ। ਜਿੰਨਾ ਕੁ ਮੈਨੂੰ ਸਮਝ ਆਇਆ ਹੈ, ਬਾਣੀ ਵਿਚ ਲਿਖਿਆ ਹੈ ਕਿ ਜਨਨੀ ਆਪਣੇ ਪੁੱਤਰ ਨੂੰ ਵੱਡਿਆਂ ਹੁੰਦੇ ਵੇਖ ਕੇ ਖੁਸ਼ ਹੁੰਦੀ ਹੈ, ਪਰ ਉਹ ਇਹ ਨਹੀਂ ਵਿਚਾਰਦੀ ਕਿ ਉਹਦੀ ਉਮਰ ਦਿਨੋ-ਦਿਨ ਘਟ ਰਹੀ ਹੈ। ਇਹ ਕਿਥੇ ਲਿਖਿਆ ਹੈ ਕਿ ਪਾਠ ਦੇ ਭੋਗ ਤੋਂ ਬਾਅਦ ਨਾਨਕੇ, ਧੀ ਦੇ ਸਹੁਰੇ ਹਰ ਇਕ ਜੀਅ ਲਈ ਸੁਗਾਤਾਂ ਲਿਆਉਣ? ਜੇ ਪਾਠ ਕਰਾਉਣ ਵਾਲੇ ਕੋਲ ਬਹਾਨਾ ਹੈ ਕਿ ਪੁੱਤਾਂ ਨਾਲ ਸੰਸਾਰ ਵਿਚ ਗੰਢ ਪੈਂਦੀ ਹੈ (ਜੋ ਬਾਣੀ ਦਾ ਮਨਮਤ ਭਰਿਆ ਭਾਵ-ਅਰਥ ਹੈ), ਇਸ ਹਿਸਾਬ ਨਾਲ ਤਾਂ ਗੁਰੂ ਗੋਬਿੰਦ ਸਿੰਘ ਦਾ ਨਾਂ ਤਾਂ ਅਠਾਰਵੀਂ ਸਦੀ ਦੇ ਅਰੰਭ ਵਿਚ ਹੀ ਲੁਪਤ ਹੋ ਜਾਣਾ ਚਾਹੀਦਾ ਸੀ!

ਅਗਲਾ ਕਾਰਨ ਹੈ ਵਿਆਹ ਦਾ ਸਮਾਂ। ਭਾਈਆਂ ਨਾਲ ਰਕਮ ਤੈਅ ਕਰ ਲਈ ਜਾਂਦੀ ਹੈ। ਹੁਣ ਭਾਈ ਜਾਣੇ ਤੇ ਉਹਦਾ ਕੰਮ, ਅਸੀਂ ਤਾਂ ਨਾਈ ਕੋਲ ਵੀ ਜਾਣਾ ਹੈ, ਡੀ.ਜੇ. ਦਾ ਪ੍ਰਬੰਧ ਵੀ ਕਰਨਾ ਹੈ, ਸਭ ਤੋਂ ਅਹਿਮ ਕੰਮ- ਸ਼ਰਾਬ ਦਾ ਪ੍ਰਬੰਧ ਵੀ ਕਰਨਾ ਹੈ। ਇਹ ਕੰਮ ਕਿਸੇ ਵੀ ਹਾਲ ਭੁੱਲਣਾ ਨਹੀਂ ਚਾਹੀਦਾ, ਕਿਉਂਕਿ ਪਾਰਟੀ ਵੇਲੇ 'ਉਚੇ ਵਿਚਾਰ' ਵੱਜਣੇ ਨੇ- ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ!... ਚਲੋ ਘਰ ਦੀ ਨਾ ਸਹੀ, ਠੇਕੇ ਦੀ ਹੀ ਸਹੀ। ਪਾਠ ਕਰਾਉਣ ਦਾ ਮਕਸਦ ਤਾਂ ਸੀ, ਗੁਰੂ ਦੀ ਆਗਿਆ ਲੈ ਕੇ ਸਾਰੇ ਕੰਮ ਕਰਨੇ; ਪਰ ਭੰਗ, ਮੱਛੀ, ਸੁਰਾਪਾਨ ਬਾਰੇ ਗੁਰੂ ਦੇ ਕੀ ਵਿਚਾਰ ਸਨ, ਇਹ ਵੀ ਕਿਸੇ ਰੌਲ ਦੇਣ ਵਾਲੇ ਤੋਂ ਪੁੱਛ ਲਏ ਹੁੰਦੇ! ਹੱਥ ਵਿਚ ਗਲਾਸ ਫੜੇ ਹੋਏ ਨੇ, ਤੇ ਡੀ.ਜੇ. ਉਤੇ ਸਾਹਿਤ ਅਕਾਦਮਿਕ ਪੁਰਸਕਾਰ ਦੀ ਹੱਕਦਾਰ, ਸਾਹਿਤ ਦੀ ਪਰਮ ਸਤਿਕਾਰਯੋਗ ਰਚਨਾ ਵੱਜਦੀ ਹੈ- ਫੱਤੋ ਦੇ ਯਾਰ ਬੜੇ ਨੇ, ਕਿੱਦਾਂ ਪਰਪੋਜ਼ ਕਰਾਂ?... ਮੇਰੇ ਖਿਆਲ ਵਿਚ 'ਫੱਤੋ' ਕੋਈ ਮੁਟਿਆਰ ਹੈ; ਅਸ਼ਕੇ ਸਭਿਆਚਾਰ ਦੇ ਸੇਵਕ ਅਖਵਾਉਣ ਵਾਲਿਆਂ ਇਨ੍ਹਾਂ ਕਲਾਕਾਰਾਂ ਦੇ! ਇੰਨਾ ਉਚਾ ਜ਼ਿਹਨੀ ਮਿਆਰ! ਅੱਜ ਇਹ ਧੀਆਂ ਨੂੰ ਪੁਣਦੇ ਨੇ, ਉਹ ਦਿਨ ਦੂਰ ਨਹੀਂ ਜਦੋਂ ਮਾਂਵਾਂ ਦੀ ਵੀ ਪੁਣਨਗੇ- ਬੀਬੀ ਦੇ ਯਾਰ ਬੜੇ ਨੇ, ਕਿੱਦਾਂ ਅਫ਼ਸੋਸ ਕਰਾਂ! ਸ਼ਾਬਾਸ਼ੇ! ਕੀ ਤ੍ਰਾਸਦੀ ਹੈ। ਇਤਿਹਾਸ ਦੱਸਦਾ ਹੈ ਕਿ ਗੈਰ-ਸਿੱਖ ਧੀ, ਆਪਣੇ ਬਚਾਉ ਲਈ ਕਿਸੇ ਸਿੱਖ ਅੱਗੇ ਗੁਹਾਰ ਲਾਉਂਦੀ ਸੀ, ਅੱਜ ਅਸੀਂ ਬਾਣੀ ਅੱਗੇ ਸਿਰ ਝੁਕਾਉਣ ਵਾਲੇ...? ਕੀ ਜਵਾਨ ਧੀਆਂ ਸਾਡੇ ਵੱਲ ਨਹੀਂ?

ਵਾਰੀ ਆਈ ਦੁਨੀਆਂ ਨੂੰ ਅਲਵਿਦਾ ਕਹਿਣ ਦੀ। ਅਖੰਡ ਪਾਠ ਦਾ ਭੋਗ ਪਿਆ। ਭਾਈਆਂ ਨੂੰ ਤਾਂ ਕੀਰਤਨ ਤੋਂ ਬਾਅਦ ਬਗੈਰ ਪੁੱਛਿਆਂ ਜਾਣ ਦਿਤਾ ਕਿ ਕਿਹੜੇ ਪੰਨੇ ਉਤੇ ਹਦਾਇਤ ਸੀ ਕਿ ਪਗੜੀ ਪੇਕਿਆਂ ਜਾਂ ਪੁੱਤਰ ਦਿਆਂ ਸਹੁਰਿਆਂ ਵੱਲੋਂ ਹੋਵੇ? ਚਲੋ, ਬਾਣੀ ਵਿਚ ਇਹ ਹਦਾਇਤ ਜੇ ਨਾ ਹੋਵੇ ਤਾਂ ਆਪਣੇ ਇਤਿਹਾਸ ਵੱਲ ਝਾਤ ਮਾਰੀਏ ਕਿ ਜਿੰਨਾ ਕੁ ਸਿੱਖਾਂ ਨੂੰ ਮਿਟਾਇਆ ਗਿਆ ਹੈ, ਜੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਪਏ ਨੇ, ਉਸ ਹਿਸਾਬ ਨਾਲ ਤਾਂ ਕੱਪੜੇ ਦੇ ਵਪਾਰੀ ਤਾਂ ਫਿਰ ਸੁਨਿਆਰਿਆਂ ਤੋਂ ਵੱਧ ਪੈਸੇ ਕਮਾਉਂਦੇ ਹੋਣਗੇ।

ਅਜੋਕੇ ਸਮੇਂ ਵਿਚ ਅਖੰਡ ਪਾਠ ਆਪਣੇ ਆਪ ਵਿਚ ਹੋਰ ਸਬੰਧਤ ਰਸਮਾਂ ਵਿਚੋਂ ਇਕ ਰਸਮ ਹੀ ਸਮਝਿਆ ਜਾਂਦਾ ਹੈ। ਰਸਮਾਂ ਦੀ ਤਰਤੀਬ ਵਿਚ ਇਸ ਦਾ ਪਹਿਲਾ ਜਾਂ ਆਖਰੀ ਨੰਬਰ ਹੁੰਦਾ ਹੈ। ਉਦੋਂ ਫਿਰ ਅਖੰਡ ਪਾਠ 'ਸ੍ਰੀ ਟਾਈਮਜ਼ ਲਗਜ਼ਰੀ ਬਫ਼ੇ' ਵਿਚੋਂ ਨਿਬੜਦਾ ਹੈ। ਮੈਂ ਸ਼ਾਇਦ ਹੀ ਕਿਸੇ ਕਰਮਾਂਵਾਲੇ ਨੂੰ ਵੇਖਿਆ ਹੋਵੇ, ਜਿਹੜਾ ਅਗਲੇ ਘਰ ਪਾਠ ਪੜ੍ਹਨ ਲਈ ਹਾਜ਼ਰੀ ਲਗਾਵੇ, ਨਹੀਂ ਤਾਂ ਪਦਾਰਥ ਤੇ ਪਦਾਰਥ ਬਣਦੇ ਹੁੰਦੇ ਨੇ। ਜੇ ਕਿਸੇ ਨਾਲ ਨਾਂਹ ਦੇ ਬਰਾਬਰ ਕਿਸੇ ਨੂੰ ਮਤਲਬ ਹੁੰਦਾ ਹੈ, ਤਾਂ ਉਹ ਹੁੰਦੀ ਹੈ ਗੁਰੂ ਦੀ ਬਾਣੀ। ਬਾਹਰ ਇਕ ਢਾਣੀ ਕੁਰਸੀਆਂ ਡਾਹ ਕੇ ਬੈਠੀ ਹੁੰਦੀ ਹੈ, ਬਾਬਾ ਤੇ ਬੀਬੀ ਬਾਦਲ ਦੀਆਂ ਬਦਖੋਈਆਂ ਕਰਨ ਵਿਚ ਮਸਰੂਫ। ਚਲੋ, ਉਨ੍ਹਾਂ ਤਾਂ ਸਾਫ ਦਰਸਾ ਦਿਤਾ ਕਿ ਉਨ੍ਹਾਂ ਦੀਆਂ ਮਾੜੀਆਂ ਕਰਤੂਤਾਂ ਗੁਰੂ ਦੀ ਸਿੱਖਿਆ ਨਾ ਮੰਨਣ ਕਰ ਕੇ ਨੇ, ਪਰ ਇਹ ਤ੍ਰਾਸਦੀ ਤੁਸੀਂ ਆਪਣੇ ਆਪ 'ਤੇ ਕਿਉਂ ਵਾਪਰਨ ਦੇ ਰਹੇ ਹੋ? ਨੌਵੇਂ ਮਹੱਲੇ ਦੇ ਸਲੋਕਾਂ ਵੇਲੇ ਅਸੀਂ ਅੰਦਰ ਆਉਣਾ ਹੈ ਤਾਂ ਉਹ ਅਰੰਭ ਹੀ ਇਸ ਵਿਚਾਰ ਤੋਂ ਹੋਣੇ ਨੇ, ਗੋਬਿੰਦ ਦੇ ਗੁਣ ਨਾ ਗਾ ਕੇ ਜਨਮ ਨੂੰ ਬੇਅਰਥ ਬਣਾ ਲਿਆ, ਇਹ ਗੱਲ ਸਾਡੇ ਸਾਰਿਆਂ ਦੇ ਸਿਰਾਂ ਤੋਂ ਲੰਘ ਗਈ।

ਬਾਣੀ ਦਾ ਉਚਾਰਣ ਭਾਵੇਂ ਅਖੰਡ ਨਾ ਵੀ ਹੁੰਦਾ, ਪਰ ਗੁਰੂ ਦੀ ਬਾਣੀ ਦਾ ਭਾਵ ਤਾਂ ਅਖੰਡ ਸੀ। ਅਸੀਂ ਆਪੋ-ਆਪਣੇ ਪਖੰਡ ਜੋੜ ਦਿੱਤੇ। ਭਗਤ ਨਾਮਦੇਵ ਲੰਗਰ ਦਾ ਭੋਗ ਲਗਵਾਉਣ ਬਾਰੇ ਆਪਣੀ ਤਕਰੀਰ ਪੇਸ਼ ਕਰਦੇ ਪਏ ਨੇ ਤੇ ਉਹੀ ਰੌਲ ਦੇਣ ਵਾਲਾ ਬੰਦਾ ਕਹਿ ਰਿਹਾ ਹੈ, "ਭੈਣ ਜੀ, ਥਾਲ ਸਜਾ ਦਿੱਤਾ? ਮਹਾਰਾਜ ਨੂੰ ਭੋਗ ਲਵਾਉਣਾ ਹੈ।" ਸਦਕੇ ਤੁਹਾਡੇ! ਬੰਦਾ ਪੁੱਛੇ ਕਿ ਬਾਣੀ ਮੁਤਾਬਕ ਤਾਂ ਰੱਬ ਦਾ ਕੋਈ ਆਕਾਰ ਨਹੀਂ, ਫਿਰ ਇਸ ਬੰਦੇ ਨੂੰ ਕਿਹੜੇ ਵੇਲੇ ਪਰਮਾਤਮਾ ਨੇ ਆਪਣਾ 'ਡਾਈਟ ਪਲੈਨ' ਦੇ ਦਿਤਾ। ਫਿਰ ਮੈਨੂੰ ਅੱਜ ਤੱਕ ਸਮਝ ਨਹੀਂ ਆਇਆ ਕਿ ਤਾਬਿਆ ਦੇ ਲਾਗੇ ਘੜਾ ਕਿਉਂ ਪਿਆ ਹੁੰਦਾ ਹੈ। ਬਾਣੀ ਦੇ ਰਚਨਹਾਰਿਆਂ ਨੇ ਤਾਂ ਜੁੱਤੀਆਂ ਗੰਢਦਿਆਂ, ਖੱਡੀ 'ਤੇ ਤੰਦਾਂ ਪਾਉਂਦਿਆਂ, ਕਿਰਸਾਨੀ ਕਰਦਿਆਂ ਆਦਿ



ਹਰ ਅਵਸਥਾ ਵਿਚ ਬਾਣੀ ਲਿਖੀ ਹੋਈ ਹੈ। ਕੀ ਆਦਿ ਗ੍ਰੰਥ ਦੀ ਸਥਾਪਨਾ ਵੇਲੇ ਵੀ ਪਾਣੀ ਦਾ ਘੜਾ ਭਰ ਕੇ ਰੱਖਿਆ ਹੋਵੇਗਾ?

ਇਕ ਦਿਨ ਕਿਸੇ ਪਾਠੀ ਸਿੰਘ ਨਾਲ ਗੱਲ ਕਰਨ ਦਾ ਮੌਕਾ ਮਿਲਿਆ। ਮੈਂ ਕਿਸੇ ਘਰ ਅਖੰਡ ਪਾਠ ਉਤੇ ਗਈ ਹੋਈ ਸੀ। ਮੈਂ ਉਸ ਨੂੰ ਪੁੱਛਿਆ, ਉਸ ਨੂੰ ਨਹੀਂ ਲੱਗਦਾ ਕਿ ਅਖੰਡ ਪਾਠ ਦੀ ਇਹ ਪ੍ਰਥਾ ਨਹੀਂ ਹੋਣੀ ਚਾਹੀਦੀ, ਕਿਉਂਕਿ ਗੁਰੂ ਦਾ ਹੁਕਮ ਹੈ ਕਿ ਗਾਵੀਏ ਸੁਣੀਏ ਅਤੇ ਭਾਵ ਅਰਥ ਨੂੰ ਜ਼ਿੰਦਗੀ ਵਿਚ ਲਾਗੂ ਕਰੀਏ। ਜੇ ਇਹ ਸੱਚ ਨਾ ਹੁੰਦਾ ਤਾਂ ਗੁਰੂ ਨੇ ਸਿਰਫ ਸੁਣੀਏ ਹੀ ਕਹਿਣਾ ਸੀ। ਨਾਲੇ ਜੇ ਕੋਈ ਡਿਗਰੀ ਲੈਣੀ ਹੈ ਤਾਂ ਪੜ੍ਹਨਾ ਵੀ ਤਾਂ ਆਪ ਹੀ ਨੂੰ ਪਵੇਗਾ। ਲੋਕੀਂ ਦੂਸਰੇ ਦੇਸ਼ ਵਿਚ ਬੈਠੇ ਕਿਸੇ ਗੁਰਧਾਮ ਵਿਚ ਅਖੰਡ ਪਾਠਾਂ ਦੀ ਲਿਸਟ ਵਿਚ ਆਪਣਾ ਨਾਂ ਲਿਖਾ ਕੇ ਪੈਸੇ ਦੇ ਦਿੰਦੇ ਨੇ, ਜੇ ਉਹੀ ਬੰਦੇ ਕਿਸੇ ਨੂੰ ਪੈਸਾ ਦੇ ਕੇ ਆਪਣੇ ਬੱਚੇ ਦੇ ਫਰਜ਼ੀ ਇਮਤਿਹਾਨ ਦਿਵਾ ਦੇਣ ਅਤੇ ਇਸ ਦੀ ਮੁਨਿਆਦੀ ਉਹ ਹਰ ਪਾਸੇ ਕਰਨ, ਤਾਂ ਫਿਰ ਬਾਣੀ ਨੂੰ ਕਿਸੇ ਹੋਰ ਤੋਂ ਪੜ੍ਹਾਉਣ ਤੋਂ ਪਹਿਲਾਂ ਅਸੀਂ ਸੌਦਾ ਪੱਤਰ ਕਿਉਂ ਦਿੰਦੇ ਹਾਂ?

ਇਸ ਗੱਲਬਾਤ ਦਾ ਨਤੀਜਾ ਇਹ ਹੋਇਆ ਕਿ ਭੋਗ ਵੇਲੇ ਮੇਰੇ 'ਤੇ ਤੋਹਮਤ ਲੱਗੀ ਕਿ ਮੈਂ ਸੰਗਤ ਨੂੰ ਬਾਣੀ ਤੋਂ ਤੋੜਦੀ ਹਾਂ। ਕੀਰਤਨ ਕਰਨ ਵਾਲੇ ਦਾ ਬਿਆਨ ਸੀ, "ਸਾਧ ਸੰਗਤ ਜੀ, ਸਾਡੇ ਸਿੱਖਾਂ ਵਿਚ ਹੀ ਕਈ ਇਹੋ ਜਿਹੇ ਸਰੀਰ ਮਿਲ ਜਾਂਦੇ ਨੇ ਜਿਹੜੇ ਸਾਨੂੰ ਇਕੱਠਿਆਂ ਬੈਠਿਆਂ ਨਹੀਂ ਦੇਖਣਾ ਚਾਹੁੰਦੇ।" ਕੀ ਇਹ ਮੁਮਕਿਨ ਨਹੀਂ ਕਿ ਮੇਰੇ ਵਰਗੇ ਸਰੀਰਾਂ ਤੋਂ ਬਚਣ ਲਈ ਭਾਈ ਸਾਹਿਬ ਕਿਸੇ ਪ੍ਰਕਾਰ ਦੇ ਸੌਦਾ ਪੱਤਰ ਤੇ ਤੈਅਸ਼ੁਦਾ ਰਕਮ ਬਗੈਰ ਹਰ ਮਹੀਨੇ ਲੋਕਾਂ ਨੂੰ ਆਪਣੇ ਘਰ ਬੁਲਾ ਕੇ ਆਪ ਹੀ ਪਾਠ ਦੀ ਸੇਵਾ ਕਰ ਲਿਆ ਕਰਨ!

ਜੇ ਕਿਸੇ ਨੂੰ ਪੁੱਛਿਆ ਜਾਵੇ ਕਿ ਅਖੰਡ ਪਾਠ ਕਿਉਂ ਕਰਾਉਂਦੇ ਹੋ, ਤਾਂ ਸ਼ਾਇਦ ਉਤਰ ਮਿਲੇ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਪਾਸੋਂ ਕਰਵਾਇਆ। ਸੌ ਫੀਸਦੀ ਦਰੁਸਤ ਹੈ ਇਹ ਤੱਥ, ਪਰ ਧਿਆਨ ਨਾਲ ਇਤਿਹਾਸ ਨੂੰ ਪੜਚੋਲੀਏ। ਗੁਰੂ ਦਾ ਸੰਕਲਪ ਸਿਰਫ ਬਾਣੀ ਦਾ ਉਚਾਰਣ ਕਰਾਉਣਾ ਨਹੀਂ ਹੋ ਸਕਦਾ। ਗੁਰੂ ਸਾਹਿਬ ਨੇ ਇਕ ਚਾਨਣ ਮੁਨਾਰੇ ਦਾ ਸੰਪਾਦਨ ਕਰਵਾਇਆ ਸੀ, ਜਿਹੜੀ ਬਾਣੀ ਸਧਾਰਨ ਇਨਸਾਨ ਨੂੰ ਮਰਜੀਵੜੇ ਵਿਚ ਤਬਦੀਲ ਕਰਨ ਦੀ ਤਾਕਤ ਰੱਖਦੀ ਸੀ। ਉਸ ਸਮੇਂ ਹਰ ਬੰਦਾ ਸਮਾਪਤੀ ਤੋਂ ਬਾਅਦ ਹੀ ਉਠਿਆ ਹੋਣਾ ਹੈ ਤੇ ਜਿਸ ਪ੍ਰਵਾਹ ਨਾਲ ਬਾਣੀ ਦਾ ਉਚਾਰਨ ਹੁੰਦਾ ਹੋਵੇਗਾ, ਉਦੋਂ 48 ਘੰਟੇ ਲੱਗੇ ਹੋਣਗੇ। ਹੁਣ 48 ਘੰਟੇ ਤਾਂ ਰਵਾਇਤ ਬਣ ਗਏ, ਪਰ ਗੁਰੂ ਜਾਂ ਉਸ ਦੇ ਸਿੰਘਾਂ ਨੇ ਜਿਹੜੀ ਦ੍ਰਿੜਤਾ ਦਾ ਮੁਜਾਹਰਾ ਕੀਤਾ ਸੀ, ਅਸੀਂ ਉਸ ਦੀ ਰੀਸ ਕਰ ਸਕਦੇ ਹਾਂ? ਹੁਣ ਜੰਗਲ ਵਿਚ ਮੋਰ ਕਦੋਂ ਨੱਚਿਆ; ਕਿਹਨੂੰ, ਕੀ ਪਤਾ? ਇਸੇ ਤਰ੍ਹਾਂ ਸਾਡੇ ਉਹਲੇ ਕੋਈ ਕੀ ਪੜ੍ਹ ਗਿਆ, ਸਾਨੂੰ ਕੀ ਪਤਾ? 48 ਘੰਟੇ ਦੇ ਪਾਠ ਦੀ ਥਾਂ 480 ਘੰਟੇ ਆਪ ਲਾਏ ਹੁੰਦੇ ਤਾਂ ਉਸ ਦਾ ਲਾਭ ਵੀ ਸਾਨੂੰ ਹੁੰਦਾ ਤੇ ਅੱਜ ਅਖੌਤੀ ਬਾਬਿਆਂ ਜਾਂ ਪ੍ਰਚਾਰਕਾਂ ਪਾਸੋਂ ਸੁਣਾਈਆਂ ਜਾ ਰਹੀਆਂ ਮਨਘੜਤ ਸਾਖੀਆਂ ਦਾ ਜਵਾਬ ਵੀ ਸਾਡੇ ਕੋਲ ਹੁੰਦਾ।

ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਗੁਰੂ ਦੇ ਫਰਮਾਨ ਨਾਲ ਧ੍ਰੋਹ ਕਮਾ ਰਹੇ ਹਾਂ। ਅਸੀਂ ਰਹਿੰਦੇ ਕਿਤੇ ਹਾਂ ਤੇ ਪਾਠ ਦੁਨੀਆਂ ਦੇ ਕਿਸੇ ਦੂਜੇ ਕੋਨੇ ਵਿਚ ਕਰਵਾਉਂਦੇ ਹਾਂ ਜਿਸ ਦੀ ਵਾਰੀ ਵੀ ਅਜੇ ਸਾਲ ਬਾਅਦ ਆਉਣੀ ਹੁੰਦੀ ਹੈ। ਫਿਰ ਉਮੀਦ ਰੱਖਦੇ ਹਾਂ ਕਿ ਸਾਡਾ ਇਥੇ ਬੈਠਿਆਂ ਹੀ ਬਹੁਤ ਕੁਝ ਸੌਰ ਜਾਵੇ। ਚਲੋ, ਇਕ ਚੁਣੌਤੀ ਕਬੂਲ ਕਰੀਏ... ਬਿਮਾਰੀ ਮੈਨੂੰ ਹੈ ਤੇ ਦਵਾਈ ਪਾਠੀ ਸਿੰਘ ਨੂੰ ਖੁਆ ਦਈਏ, ਦੇਖੀਏ ਮੈਨੂੰ ਅਰਾਮ ਆਉਂਦਾ ਹੈ!

ਗੁਰਧਾਮਾਂ 'ਤੇ ਹਰ ਵੇਲੇ ਲੜੀਵਾਰ ਪਾਠ ਹੁੰਦੇ ਰਹਿੰਦੇ ਨੇ, ਫਿਰ ਭਾਈ ਮਹਿਤਾਬ ਸਿੰਘ ਨੂੰ ਗੁਰਧਾਮ ਦੀ ਪਵਿੱਤਰਤਾ ਕਾਇਮ ਰੱਖਣ ਲਈ ਕਿਰਪਾਨ ਕਿਉਂ ਚੁੱਕਣੀ ਪਈ? ਤੀਜਾ ਘੱਲੂਘਾਰਾ ਅਜੇ ਕੱਲ੍ਹ ਦੀ ਗੱਲ ਹੈ। ਹੁਣ ਅਸੀਂ ਇਹ ਵੇਖੀਏ ਕਿ ਕਿਸ ਨੂੰ ਚੇਤੇ ਹੈ ਕਿ ਕਿਸ ਨੇ ਕਿੰਨੇ ਪਾਠ ਕਰਵਾਏ? ਚੇਤੇ ਉਹ ਰਹਿ ਗਏ ਜਿਨ੍ਹਾਂ ਗੁਰੂ ਦੀ ਬਾਣੀ ਦਾ ਆਸਰਾ ਲੈ ਕੇ ਗੁਰੂ ਵੱਲੋਂ ਬਖਸ਼ੇ ਦ੍ਰਿੜਤਾ ਦੇ ਸੰਕਲਪ ਨੂੰ ਕਾਇਮ ਰੱਖਿਆ ਤੇ ਇਤਿਹਾਸ ਵਿਚ ਆਪਣੀ ਹੋਂਦ ਹਮੇਸ਼ਾ ਲਈ ਅਮਿੱਟ ਕੀਤੀ। ਇਨ੍ਹਾਂ ਘਟਨਾਵਾਂ ਤੋਂ ਘੱਟ ਤੋਂ ਘੱਟ ਮੈਨੂੰ ਤਾਂ ਇਹ ਸਮਝ ਲਗਦੀ ਹੈ ਕਿ ਇਕੱਲੀ ਬਾਣੀ ਪੜ੍ਹਨ ਨਾਲ ਹੀ ਮੁਸੀਬਤਾਂ ਦੇ ਹੱਲ ਨਹੀਂ ਹੁੰਦੇ। ਗੁਰੂ ਅਤੇ ਗੁਰੂ ਦੇ ਵਿਚਾਰ ਦੀ ਰੱਖਿਆ ਵੀ ਗੁਰੂ ਦੇ ਵਿਚਾਰ ਪਾਸੋਂ ਹੀ ਸਿੱਖਣੀ ਪੈਂਦੀ ਹੈ।

-0-

ਗੁਰਬਾਣੀ ਗਿਆਨ

# ਸਾਵਣਿ ਸਰਸੀ ਕਾਮਣੀ ਚਰਨ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ
ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ
ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ ਕਰਿ
ਸਬਦਿ ਸਵਾਰਣਹਾਰੁ॥
ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ॥

ਸ੍ਰੀ ਗੁਰੂ ਅਰਜਨ ਦੇਵ ਬਾਰਹ ਮਾਹ ਅੰਦਰ ਸਾਉਣ ਮਹੀਨੇ ਦੀ ਵਰਖਾ ਰੁੱਤ ਦਾ ਦ੍ਰਿਸ਼ਟਾਂਤ ਦਿੰਦੇ ਆਖਦੇ ਹਨ, ਹੇ ਭਾਈ! ਜਿਵੇਂ ਸਾਉਣ ਦੀ ਵਰਖਾ ਨਾਲ ਸਾਰੀ ਬਨਸਪਤੀ ਹਰੀ-ਭਰੀ ਹੋ ਉਠਦੀ ਹੈ, ਇਵੇਂ ਹੀ ਜੀਵ ਰੂਪੀ ਕਾਮਣੀ, ਭਾਵ ਇਸਤਰੀ ਦਾ ਹਿਰਦਾ ਵੀ ਇਸ ਰੁੱਤ ਵਿਚ ਪ੍ਰਭੂ ਦੇ ਪ੍ਰੇਮ ਨਾਲ ਖਿੜ ਉਠਦਾ ਹੈ, ਜਿਸ ਦਾ ਪ੍ਰਭੂ ਨਾਲ ਪਿਆਰ ਹੈ, ਉਸ ਦਾ ਮਨ, ਤਨ ਜਦ ਨਾਮ ਰੰਗ 'ਚ ਰੰਗੇ ਜਾਂਦੇ ਹਨ ਤਾਂ ਪ੍ਰਭੂ ਦਾ ਨਾਂ ਹੀ ਉਸ ਦਾ ਆਸਰਾ ਬਣ ਜਾਂਦਾ ਹੈ।

ਬਿਖਿਆ ਰੰਗ ਕੂੜਾਵਿਆ
ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ॥

ਸਤਿਗੁਰੂ ਪਾਤਸ਼ਾਹ ਆਖਦੇ ਹਨ, ਹੇ ਭਾਈ! ਜੋ ਵਡਭਾਗੇ ਮਨੁੱਖ ਪ੍ਰਭੂ ਰੰਗ ਵਿਚ ਰੰਗੇ ਗਏ ਹਨ, ਉਨ੍ਹਾਂ ਨੂੰ ਮਾਇਆ ਦੇ ਸਾਰੇ ਹੀ ਨਜ਼ਾਰੇ ਝੂਠੇ ਤੇ ਸੁਆਹ ਵਰਗੇ ਲਗਦੇ ਹਨ; ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਹੇ ਭਾਈ! ਜਿਵੇਂ ਸੰਸਾਰ ਨੂੰ ਸਾਵਣ ਦੀ ਵਰਖਾ ਪਿਆਰੀ ਲੱਗਦੀ ਹੈ, ਉਵੇਂ ਹੀ ਪ੍ਰਭੂ ਪਿਆਰਿਆਂ ਨੂੰ ਨਾਮ ਰੂਪੀ ਵਰਖਾ ਦੀ ਬੂੰਦ ਅਤਿ ਸੁਹਾਵਣੀ ਤੇ ਪਿਆਰੀ ਲੱਗਦੀ ਹੈ, ਪਰ ਇਸ ਅੰਮ੍ਰਿਤਮਈ ਬੂੰਦ ਨੂੰ ਵਡਭਾਗੇ ਜੀਵ ਗੁਰੂ ਦੀ ਮਿਹਰ ਨਾਲ ਹੀ ਪੀ ਸਕਦੇ ਹਨ।

ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ॥

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਜਿਸ ਮਿਹਰਬਾਨ ਪ੍ਰਭੂ ਦੀ ਕ੍ਰਿਪਾ ਸਦਕਾ ਇਹ ਸਾਰਾ ਵਣੁ ਤਿਣੁ, ਭਾਵ ਸਾਰੀ ਬਨਸਪਤੀ ਅਤੇ ਸਾਰਾ ਸੰਸਾਰ ਹਰਾ-ਭਰਾ ਹੋ ਰਿਹਾ ਹੈ, ਉਹ ਪਰਮ ਪਰਮੇਸ਼ਰ ਤਾਂ ਸਦਾ ਹੀ ਅਟੱਲ ਰਹਿਣ ਵਾਲਾ ਹੈ ਤੇ ਉਸ ਮਾਲਕ ਦੀ ਮਹਿਮਾ ਹੀ ਬੇਅੰਤ ਹੈ। ਹੇ ਭਾਈ! ਉਸ ਪ੍ਰਭੂ ਨੂੰ ਮਿਲਣ ਲਈ ਮੇਰਾ ਮਨ ਵੀ ਹਰ ਵੇਲੇ ਤੜਫਦਾ ਹੈ, ਪਰ ਪ੍ਰਭੂ ਦੀ ਮਿਹਰ ਸਦਕਾ ਹੀ ਜੀਵ ਦਾ ਉਸ ਨਾਲ ਮੇਲ ਹੋ ਸਕਦਾ ਹੈ।

ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ ਕਰਿ
ਸਬਦਿ ਸਵਾਰਣਹਾਰੁ॥

ਸਤਿਗੁਰੂ ਪਾਤਸ਼ਾਹ ਵਿਸਮਾਦ ਵਿਚ ਆਏ ਹੋਏ ਪ੍ਰਭੂ ਪਿਆਰਿਆਂ ਨੂੰ ਮੁਖ਼ਾਤਬ ਹੁੰਦੇ ਹਨ, ਹੇ ਭਾਈ! ਜਿਨ੍ਹਾਂ ਪ੍ਰਭੂ ਪਿਆਰੀਆਂ ਆਤਮਾਵਾਂ ਨੇ ਉਸ ਪਰਮਾਤਮਾ ਦਾ ਮਿਲਾਪ ਪਾਇਆ ਹੈ, ਮੈਂ ਉਨ੍ਹਾਂ ਸਖੀਆਂ ਤੋਂ ਬਲਿਹਾਰੇ, ਸਦਕੇ ਜਾਂਦਾ ਹਾਂ। ਇਹ ਨਾਨਕ ਬੇਨਤੀ ਕਰਦਾ ਹੈ, ਪ੍ਰਭੂ ਜੀ ਆਪਣੀ ਮਿਹਰ ਕਰ ਕੇ ਮੈਨੂੰ ਵੀ ਗੁਰੂ ਰਾਹੀਂ ਸ਼ਬਦ ਭਾਵ ਨਾਮ ਦੀ ਦਾਤ ਦੇ ਕੇ ਮੇਰਾ ਇਹ ਜੀਵਨ ਸਵਾਰ ਦੇਵੋ ਜੀ।

ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਸਾਉਣ ਉਨ੍ਹਾਂ ਜੀਵ ਰੂਪੀ ਸੁਹਾਗਣਾਂ ਲਈ ਸੁਖਦਾਈ ਅਤੇ ਸੁਹਾਵਣਾ ਹੈ ਜਿਨ੍ਹਾਂ ਆਪਣੇ ਆਤਮਕ ਰੂਪੀ ਗਲੇ ਵਿਚ ਪ੍ਰਭੂ ਸਿਮਰਨ ਦਾ ਹਾਰ ਬਣਾ ਕੇ ਪਾਇਆ ਹੈ। ਉਨ੍ਹਾਂ ਹੀ ਜੀਵ ਰੂਪੀ ਸੁਹਾਗਣਾਂ ਨੂੰ ਪ੍ਰਭੂ ਦਾ ਮਿਲਾਪ ਸਾਉਣ ਦੀ ਸੋਹਣੀ ਰੁੱਤ ਵਿਚ ਪ੍ਰਾਪਤ ਹੁੰਦਾ ਹੈ ਜੋ ਉਹਦੇ ਰੰਗ ਵਿਚ ਰੰਗੀਆਂ ਗਈਆਂ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਆਪਣਿਆਂ ਹੀ ਡੋਬਿਆ ਬੰਦਾ ਬਹਾਦਰ ਦਾ ਬੇੜਾ

***ਸਿੱਖ ਯੋਧੇ ਬਾਬਾ ਬੰਦਾ ਬਹਾਦਰ ਜਿਸ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਮੌਕੇ 'ਪੰਜਾਬ ਟਾਈਮਜ਼' ਵੱਲੋਂ ਲਗਾਤਾਰ ਲੇਖ ਆਪਣੇ ਪਾਠਕਾਂ ਲਈ ਛਾਪੇ ਜਾ ਰਹੇ ਹਨ, ਬਾਰੇ ਇਸ ਵਾਰ ਛਾਪੇ ਜਾ ਰਹੇ ਲੇਖ ਵਿਚ ਸੁਰਜੀਤ ਸਿੰਘ ਪੰਛੀ ਨੇ ਮਾਤਾ ਸੁੰਦਰੀ, ਬਾਬਾ ਬੰਦਾ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਬਾਰੇ ਕੁਝ ਤੱਥ ਸਾਂਝੇ ਕੀਤੇ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਬੰਦਾ ਬਹਾਦਰ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਚ ਆਪਣੇ ਹੀ ਸ਼ਾਮਲ ਸਨ। ਲੇਖਕ ਦਾ ਦਾਅਵਾ ਹੈ ਕਿ ਉਸ ਨੇ ਇਹ ਤੱਥ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ ਚੂੜਾਮਣੀ, ਕਰਤਾਰ ਸਿੰਘ ਕਲਾਸ ਵਾਲੀਆ, ਕਰਨ ਸਿੰਘ ਹਿਸਟੋਰੀਅਨ, ਖਜ਼ਾਨ ਸਿੰਘ ਅਤੇ ਡਾ. ਸੁਖਦਿਆਲ ਸਿੰਘ ਦੀਆਂ ਪੁਸਤਕਾਂ ਦੇ ਆਧਾਰ ਉਤੇ ਜੁਟਾਏ ਹਨ।***

ਫਰੱਖਸੀਅਰ ਨੇ ਸਿੱਖ ਲਹਿਰ ਨੂੰ ਦਬਾਉਣ ਲਈ ਰਾਜਨੀਤੀ ਅਤੇ ਫੌਜੀ ਸ਼ਕਤੀ ਵਰਤਣ ਦਾ ਨਿਸ਼ਚਾ ਕੀਤਾ। ਉਹ ਨਿਰਾਸ਼ ਸੀ ਕਿ ਪੂਰੇ ਸਾਧਨ ਹੁੰਦਿਆਂ ਵੀ ਮੁਗਲ ਸਰਕਾਰ, ਇਕ ਸਿੱਖ ਨੇਤਾ ਨੂੰ ਫੜਨ ਵਿਚ ਅਸਫਲ ਹੋ ਗਈ ਹੈ। ਉਸ ਨੂੰ ਸਲਾਹ ਦਿੱਤੀ ਗਈ ਕਿ ਗੁਰੂ ਗੋਬਿੰਦ ਸਿੰਘ ਦੀਆਂ ਵਿਧਵਾਵਾਂ ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ਜੋ ਦਿੱਲੀ ਰਹਿੰਦੀਆਂ ਸਨ, ਰਾਹੀਂ ਕੋਈ ਤਰਕੀਬ ਸੋਚੀ ਜਾਵੇ।

'ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ' ਦੇ ਕਰਤਾ ਡਾ. ਸੁਖਦਿਆਲ ਸਿੰਘ ਪੰਨਾ 65 ਉਤੇ ਲਿਖਦੇ ਹਨ: "ਉਸ (ਬਹਾਦਰ ਸ਼ਾਹ) ਨੇ ਦਿੱਲੀ ਵਿਚ ਰਹਿ ਰਹੀ ਮਾਤਾ ਸੁੰਦਰੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ (ਬੁਰਹਾਨਪੁਰ ਵਾਲਾ) ਨੂੰ ਵੀ ਆਪਣੇ ਨਾਲ ਮਿਲਾ ਲਿਆ। ਇਹ ਅਜੀਤ ਸਿੰਘ ਕਹਿਣ ਨੂੰ ਭਾਵੇਂ ਮਾਤਾ ਸੁੰਦਰੀ ਦਾ ਮੁਤਬੰਨਾ ਪੁੱਤਰ ਕਿਹਾ ਜਾਂਦਾ ਸੀ, ਪਰ ਇਸ ਦਾ ਨਾ ਖਾਲਸੇ ਦੇ ਸੰਘਰਸ਼ ਨਾਲ ਅਤੇ ਨਾ ਹੀ ਸਿੱਖ ਧਰਮ ਦੇ ਪ੍ਰਚਾਰ ਨਾਲ ਕੋਈ ਸਬੰਧ ਸੀ। ਇਸ ਨੂੰ ਲੋੜ ਪੈਣ ਉਤੇ ਬਾਦਸ਼ਾਹ ਆਪਣੀ ਹਿਰਾਸਤ ਵਿਚ ਲੈ ਲੈਂਦਾ ਸੀ ਅਤੇ ਇਉਂ ਹਕੂਮਤ ਦੀ ਮਦਦ ਲਈ ਇਸ ਨੂੰ ਵਰਤਿਆ ਜਾਂਦਾ ਸੀ। ਹੋ ਸਕਦਾ ਹੈ ਕਿ ਇਸ ਗੱਲ ਦਾ ਮਾਤਾ ਸੁੰਦਰੀ ਨੂੰ ਪਤਾ ਹੀ ਨਾ

**ਸੁਰਜੀਤ ਸਿੰਘ ਪੰਛੀ**
**ਫੋਨ: 661-827-8256**

ਹੋਵੇ, ਜਾਂ ਇਹ ਵੀ ਹੋ ਸਕਦਾ ਹੈ ਕਿ ਮਾਤਾ ਜੀ ਵੀ ਘਰੇਲੂ ਨਜ਼ਰਬੰਦੀ ਵਿਚ ਰੱਖੇ ਗਏ ਹੋਣ। ਬਾਦਸ਼ਾਹ ਨੇ ਬੰਦਾ ਸਿੰਘ ਬਹਾਦਰ ਦੀ ਤਾਕਤ ਘਟਾਉਣ ਲਈ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਭਾਈ ਮਨੀ ਸਿੰਘ ਕੋਲੋਂ ਖੋਹ ਕੇ ਇਸ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਦੇ ਦਿਤਾ। ਇਹ ਗੱਲ 26 ਸਤੰਬਰ 1710 ਦੀ ਹੈ।"

ਡਾ. ਸੁਖਦਿਆਲ ਸਿੰਘ ਅੱਗੇ ਪੰਨਾ 81 ਉਤੇ ਲਿਖਦੇ ਹਨ: "ਬਾਦਸ਼ਾਹ 3 ਮਈ 1711 ਨੂੰ ਹੁਸ਼ਿਆਰਪੁਰ ਪਹੁੰਚ ਗਿਆ। ਇਥੇ ਅਜੀਤ ਸਿੰਘ ਪਹਿਲੀ ਜੂਨ 1711 ਨੂੰ ਬਾਦਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਪੰਜ ਮੋਹਰਾਂ ਨਜ਼ਰਾਨੇ ਵਜੋਂ ਪੇਸ਼ ਕੀਤੀਆਂ, ਬਾਦਸ਼ਾਹ ਨੇ ਉਸ ਨੂੰ ਤੋਹਫਾ ਦਿਤਾ।"

ਬਾਬਾ ਬਿਨੋਦ ਸਿੰਘ ਅਤੇ ਉਸ ਦੇ ਪੁੱਤਰ ਕਾਹਨ ਸਿੰਘ ਦਾ ਮਾਤਾ ਸੁੰਦਰੀ ਅਤੇ ਅਜੀਤ ਸਿੰਘ ਨਾਲ ਲਗਾਤਾਰ ਸੰਪਰਕ ਸੀ। ਬਾਬਾ ਬਿਨੋਦ ਸਿੰਘ ਨੂੰ ਤਾਂ ਉਹ ਰਾਹ-ਦਸੇਰਾ ਸਮਝਦੇ ਸਨ। ਅਜੀਤ ਸਿੰਘ ਦੀਆਂ ਸਾਰੀਆਂ ਕਾਰਵਾਈਆਂ ਪਿਛੇ ਬਾਬਾ ਬਿਨੋਦ ਸਿੰਘ ਦਾ ਹੱਥ ਸੀ।

ਰਤਨ ਸਿੰਘ ਭੰਗੂ ਅਨੁਸਾਰ, ਭਾਈ ਨੰਦ ਲਾਲ ਅਤੇ ਗਿਆਨੀ ਗਿਆਨ ਸਿੰਘ ਮੁਤਾਬਕ ਦੀਵਾਨ ਰਾਮ ਦਿਆਲ ਨੂੰ ਬਾਦਸ਼ਾਹ ਨੇ ਮਾਤਾ ਸੁੰਦਰੀ ਕੋਲ ਭੇਜਿਆ। ਭਾਈ ਨੰਦ ਲਾਲ ਨੇ ਮਾਤਾ ਨੂੰ ਬਾਦਸ਼ਾਹ ਦਾ ਸੁਨੇਹਾ ਦਿਤਾ:

ਬੰਦੈ ਤੁਮਰੋ ਸਭ ਕੰਮ ਕੀਯੋ।
ਸਾਹਿਬਜ਼ਾਦਨ ਬਦਲਾ ਲੀਯੋ।
ਪਰਬਤੀਅਨ ਕੋ ਦਈ ਸਜਾਇ,
ਉਨ ਕੀਨੋ ਸੋਊ ਲੀਨੋ ਪਾਇ।
ਅਬ ਹਮ ਪਾਸ ਉਸ ਲੇਹੁ ਬੁਲਾਇ,
ਉਸ ਕੀ ਗੁਜਰ ਉਸ ਦੇਵੈ ਲਾਇ। (ਭੰਗੂ)

ਮਾਤਾ ਜੀ ਨੇ ਇਸ ਚਾਲ ਨੂੰ ਸਮਝਦਿਆਂ ਪਲਟਵਾਂ ਉਤਰ ਦਿਤਾ:

ਵਹਿ ਹਮਰੀ ਕਬ ਮਾਨੈ ਬਾਤ।
ਬਹੁਤ ਫੌਜ ਵਹਿ ਰਖਤਾ ਜਾਤ। (ਭੰਗੂ)

ਭਾਈ ਨੰਦ ਲਾਲ ਨੇ ਫਿਰ ਸਲਾਹ ਦਿੱਤੀ:

ਜੌ ਨ ਲਿਖੋ ਤਉ ਸਾਹਿ ਰਿਸਾਵੈ।
ਵਹ ਜਾਨਹਿ ਇਨ ਸੱਦਯੋ ਆਵੈ।
ਤੁਮ ਲਿਖ ਭੇਜੋ ਅਪਨੀ ਓਰ।
ਮੰਨੈ ਨ ਮੰਨੈ ਵਹਿ ਅਪਨੈ ਜੋਰ।
ਤੁਮ ਅਪਨੀ ਸੁਰਖਰੋਈ ਕਰੋ।
ਭਾਵੈਂ ਨ ਮੰਨੈ ਵਹਿ ਅਪਨੈ ਲੋਰ। (ਭੰਗੂ)

ਭਾਈ ਨੰਦ ਲਾਲ ਨੇ ਸਲਾਹ ਦਿਤੀ ਕਿ ਤੁਸੀਂ ਲਿਖ ਕੇ ਆਪਣੇ ਗਲੋਂ ਲਾਹੋ। ਮਾਤਾ ਜੀ ਨੇ ਕਿਹਾ, ਤੂੰ ਚਿੱਠੀ ਲਿਖ ਕੇ ਗੁਰੂ ਜੀ ਦੀ ਮੋਹਰ ਲਾ ਦੇ।

ਕਾਰਜ ਤੁਮਨੇ ਬਹੁ ਕਰੇ
ਗੁਰ ਘਰ ਕੇ ਭਾਰੇ।
ਅਰ ਸਹਾਇਤਾ ਪੰਥ ਕੀ
ਤੁਮ ਕਰੀ ਅਪਾਰੇ।
ਅਬ ਤੁਮ ਲਰਨਾ ਛੋਡ ਕੇ,
ਹਰਿ ਕੇ ਗੁਨ ਗਾਵੋ।
ਜਗੀਰਾਂ ਲੈ ਸਾਹਿ ਤੇ, ਘਰ ਬੈਠੇ ਖਾਵੋ।
(ਗਿਆਨੀ ਗਿਆਨ ਸਿੰਘ)

ਬੰਦੇ ਬਹਾਦਰ ਨੇ ਭਰੇ ਦਰਬਾਰ ਵਿਚ ਚਿੱਠੀ ਪੜ੍ਹਵਾਈ ਤੇ ਕਿਹਾ:

ਬੰਦੇ ਚਿੱਠਾ ਸੁਨਿ ਕਹਯੋ
ਕਿ ਤਿਰੀਆ ਕੀ ਬਾਤ।
ਹਮ ਤੁਰਕਨ ਕੇ ਹੱਥ ਲਗੇਂ
ਛਡੇ ਨ ਹਮਰੀ ਜਾਤ। (ਭੰਗੂ)

ਗਿਆਨੀ ਗਿਆਨ ਸਿੰਘ ਇਸ ਚਿੱਠੀ ਦਾ ਉਤਰ ਲਿਖਦੇ ਹਨ:

ਜਾਗੀਰਾਂ ਤੁਰਕੈਨ ਤੇ, ਜੇ ਹਮ ਲੈ ਬੈਹੈਂ।
ਜੱਥਾ ਪੰਥ ਕਾ ਜੋ ਅਹੇ, ਫਿਰ ਟੂਟ ਜੈਹੈ।
ਇਕ ਇਕ ਕੋ ਫੜ ਮਾਰ ਹੈਂ
ਫਿਰ ਪੇਸ਼ ਨ ਜੈ ਹੈਂ।
ਚਾਲਾ ਤੁਰਕਨ ਜੋ ਕਰਿਓ
ਹਮ ਸਬ ਸਮਝੈ ਹੈਂ।

---

ਔਰ ਬਾਤ ਸਬ ਮਾਨ ਹੈਂ
ਹਮ ਤੁਮਰੀ ਮਾਈ।
ਮੇਲ ਕਰਨ ਤੁਰਕਾਨ ਸੈ
ਨਹਿ ਮੰਨੈਂ ਕਦਾਈ।
ਦਸਮ ਗੁਰੂ ਪਕਰਾਇਓ
ਸ਼ਸਤ੍ਰ ਮੁਹਿ ਕਰ ਮੈਂ।
ਸੋ ਹਮ ਕਬੀ ਨ ਛੋੜ ਹੈਂ
ਜੋ ਲੌ ਤਨ ਧਰ ਮੈਂ।

ਬੰਦਾ ਬਹਾਦਰ ਤੁਰਕਾਂ ਦੀਆਂ ਚਾਲਾਂ ਸਮਝਦਾ ਸੀ। ਉਹ ਮਾਤਾ ਜੀ ਦੇ ਕਹੇ 'ਤੇ ਆਤਮ-ਸਮਰਪਣ ਲਈ ਤਿਆਰ ਨਹੀਂ ਸੀ। ਉਹ ਕਹਿੰਦਾ ਹੈ ਕਿ ਦਸਵੇਂ ਗੁਰੂ ਨੇ ਮੇਰੇ ਹੱਥ ਸ਼ਸਤਰ ਫੜਾਏ ਹਨ। ਜਦ ਤੱਕ ਤਨ ਵਿਚ ਜਾਨ ਹੈ, ਉਹ ਸ਼ਸਤਰ ਨਹੀਂ ਛੱਡੇਗਾ।

ਖਜ਼ਾਨ ਸਿੰਘ, ਡਾ. ਸੁਖਦਿਆਲ ਸਿੰਘ, ਡਾ. ਮਹਿੰਦਰ ਕੌਰ ਗਿੱਲ ਆਦਿ ਲਿਖਦੇ ਹਨ ਕਿ ਫਰੱਖਸੀਅਰ ਨੇ ਮਾਤਾਵਾਂ ਨੂੰ ਘਰੇ ਨਜ਼ਰਬੰਦ ਕਰ ਲਿਆ। ਉਸ ਨੇ ਸੋਚਿਆ ਸੀ ਕਿ ਉਹ (ਬੰਦਾ ਬਹਾਦਰ) ਮਾਤਾਵਾਂ ਨੂੰ ਬਚਾਉਣ ਖਾਤਰ ਆਤਮ-ਸਮਰਪਣ ਕਰ ਦੇਵੇਗਾ, ਪਰ ਅਜਿਹਾ ਨਾ ਹੋਇਆ। ਸਲਾਹਕਾਰਾਂ ਨੇ ਸਲਾਹ ਦਿਤੀ ਕਿ ਮਾਤਾ ਜੀ ਤੋਂ ਇਸ ਤਰ੍ਹਾਂ ਦੀ ਚਿੱਠੀ ਲਿਖਵਾਓ:

ਅਬ ਨੰਦ ਲਾਲ ਭਿਜਾਇ ਕੈ
ਅਖਵਾਵੋ ਦੁਇ ਬਾਤ।
ਕਹੈ ਬੰਦੇ ਪੈ ਨਹਿ ਰਹੈ
ਜਿਤਨੀ ਹੈ ਕਰਾਮਾਤਿ।
ਔਰ ਜੋ ਤੁਮਰੈ ਸਿੰਘ ਸਜੂਦ (ਸ਼ਸਤਰਧਾਰੀ)
ਨਾਹਿ ਬੰਦੇ ਕੇ ਰਹੈਂ ਮਜੂਦ।
(ਗਿਆਨੀ ਗਿਆਨ ਸਿੰਘ)

ਮਾਤਾ ਸੁੰਦਰੀ ਨੇ ਬੰਦੇ 'ਤੇ ਵਿਰੋਧੀਆਂ ਵੱਲੋਂ ਲਾਏ ਦੋਸ਼ (ਜਿਵੇਂ ਪੰਥ ਚਲਾਉਣ, ਗੁਰੂ ਕਹਾਉਣ, ਜਤ-ਸਤ ਗਵਾਉਣ ਅਤੇ ਨਾਲਾਇਕ ਆਦਿ) ਲਾਏ ਅਤੇ ਲਿਖਿਆ ਕਿ ਜੇ ਤੂੰ ਹੁਕਮ ਨਾ ਮੰਨਿਆ ਤਾਂ ਲਿਖ ਕੇ ਦੇਹ ਕਿ ਤੂੰ ਸਿੱਖ ਨਹੀਂ:

ਬਾਤ ਨਾ ਮਾਨਤ ਜੇ ਮਮ ਯਾਹੀ।
ਤੇ ਲਿਖ ਦੇਹ ਸਿੱਖ ਮੈਂ ਨਾਹੀਂ।

ਬੰਦੇ ਨੇ ਉਤਰ ਦਿਤਾ:

ਬੰਦੇ ਕਹਯੋ ਮੈਂ ਤਵ (ਤੇਰਾ) ਸਿੱਖ ਨਾਹੀਂ।
ਮੈਂ ਬੈਰਾਗੀ ਬੈਸਨੋ ਆਹੀਂ। (ਭੰਗੂ)

ਪੱਤਰ ਪੜ੍ਹ ਕੇ ਬੰਦਾ ਬਹਾਦਰ ਨੇ ਡੂੰਘਾ ਸਾਹ ਲਿਆ ਤੇ ਸਿੰਘਾਂ ਨੂੰ ਕਿਹਾ, "ਪ੍ਰਭੂ ਦੀ ਪਰਬਲ ਭਾਵੀ, ਮਾਤਾ ਦੇ ਦੁਆਰੇ ਆ ਗਈ ਹੈ। ਦਿਸਦਾ ਹੈ, ਮੈਨੂੰ ਤੇ ਸਿੰਘਾਂ ਨੂੰ ਬਹੁਤ ਦੁੱਖ ਦੇਵੇਗੀ।"

ਬੰਦਾ ਸਿੰਘ ਦੀ ਚਿੱਠੀ ਪੜ੍ਹ ਕੇ ਮਾਤਾ ਨੇ ਬੰਦੇ ਉਤੇ ਦੋਸ਼ ਲਾ ਕੇ ਸਿੰਘਾਂ ਨੂੰ ਉਸ ਦਾ ਸਾਥ ਛੱਡਣ ਲਈ ਕਿਹਾ। ਸਿੰਘਾਂ ਨੇ ਕਿਹਾ ਕਿ ਜੇ ਅਸੀਂ ਲੜਨਾ ਛੱਡ ਦਿਤਾ ਤਾਂ ਪਾਤਸ਼ਾਹੀ ਕਿਵੇਂ ਲਵਾਂਗੇ? ਲੁੱਟ-ਮਾਰ ਕਰ ਕੇ ਗੁਜ਼ਾਰਾ ਕਿਵੇਂ ਕਰਾਂਗੇ? ਮਾਤਾ ਨੇ ਕਿਹਾ, "ਪਾਤਸ਼ਾਹੀ ਦਾ ਦਾਅਵਾ ਬਣਾਈ ਰੱਖੋ। ਗੁਰਿਆਈ ਗੁਰੂ ਜੀ ਪੰਥ ਨੂੰ ਦੇ ਗਏ ਹਨ। ਮੈਂ ਤੁਹਾਨੂੰ ਗੁਜ਼ਾਰੇ ਲਈ ਧਨ ਦੇਵਾਂਗੀ। ਬਾਕੀ ਤੁਸੀਂ ਗੁਰੂ ਘਰ ਤੋਂ ਲੈ ਲੈਣਾ। ਜੋ ਕੁਝ ਮੰਗੋਗੇ ਦੇਵਾਂਗੀ, ਬੰਦਾ ਸਿੰਘ ਦਾ ਸਾਥ ਛੱਡੋ।"

ਜਦੋਂ ਮਾਤਾ ਨੇ ਇਹ ਲਿਖ ਭੇਜਿਆ ਤਾਂ ਕੁਝ ਸਿੰਘਾਂ ਨੇ ਮੰਨ ਲਿਆ। ਤੁਰਕਾਂ ਦਾ ਤੀਰ ਚੱਲ ਗਿਆ। ਪੰਥ ਵਿਚ ਫੁੱਟ ਪੈ ਗਈ। ਪੰਥ ਦੇ ਦੋ ਧੜੇ ਤੱਤ ਖਾਲਸਾ ਅਤੇ ਬੰਦਈ ਖਾਲਸਾ ਬਣ ਗਏ।

ਕਰਮ ਸਿੰਘ ਹਿਸਟੋਰੀਅਨ 'ਬੰਦਾ ਬਹਾਦਰ ਅਤੇ ਬੰਦਾ ਸਿੰਘ ਕੌਨ ਥਾ?' ਵਿਚ ਭਾਵੇਂ ਰਤਨ ਸਿੰਘ ਭੰਗੂ ਵੱਲੋਂ ਲਾਏ ਦੋਸ਼ਾਂ ਨਾਲ ਸਹਿਮਤ ਦਿਸਦਾ ਹੈ, ਪਰ ਉਹ ਇਹ ਵੀ ਕਹਿੰਦਾ ਹੈ, "ਪੰਜ ਸਿੰਘ ਭੁਜੰਗੀ ਆਪ ਨਾਲ ਸ਼ਾਮਲ ਹੋ ਗਿਆ ਅਤੇ ਇਹ ਜਥਾ ਬੰਦਾ ਸਿੰਘ ਬਹਾਦਰ ਤੋਂ ਅੱਡ ਹੋ ਕੇ ਅੰਮ੍ਰਿਤਸਰ ਆ ਗਿਆ।" ਫਿਰ ਲਿਖਦੇ ਹਨ,

***ਕੋਟ ਮਿਰਜ਼ਾ ਖਾਂ ਕਿਲ੍ਹਾ ਸੀ। ਜਦੋਂ ਜਹਾਂਦਾਰ ਸ਼ਾਹ ਅਤੇ ਭਰਾਵਾਂ ਵਿਚਕਾਰ ਗੱਦੀ ਲਈ ਘਰੇਲੂ ਜੰਗ ਚੱਲ ਰਹੀ ਸੀ, ਤੇ ਫਿਰ ਫਰੱਖਸੀਅਰ, ਜਹਾਂਦਾਰ ਸ਼ਾਹ ਨੂੰ ਮਾਰ ਕੇ ਦਿੱਲੀ ਦੇ ਤਖ਼ਤ ਉਤੇ ਬੈਠਾ ਤਾਂ ਇਸ ਸਮੇਂ ਦੌਰਾਨ ਬੰਦਾ ਬਹਾਦਰ ਨੇ ਪਹਾੜ ਤੋਂ ਆ ਕੇ ਕਲਾਨੌਰ ਅਤੇ ਬਟਾਲੇ ਦੇ ਵਿਚਕਾਰ ਕੋਟ ਮਿਰਜ਼ਾ ਖਾਂ ਦੇ ਸਥਾਨ ਉਤੇ ਕਿਲ੍ਹਾ ਉਸਾਰਿਆ।***

"ਗੁਰੂ ਦੇ ਸਿੱਖ ਤਾਂ ਨੀਤੀ ਦੇ ਖਿਆਲ ਨਾਲ ਬੰਦਾ ਬਹਾਦਰ ਨੂੰ ਕੁਝ ਨਹੀਂ ਸੀ ਆਖਦੇ, ਪਰ ਭੁਜੰਗੀ ਪਾਰਟੀ ਖੁੱਲ੍ਹੇ ਤੌਰ ਉਤੇ ਬੰਦਾ ਸਿੰਘ ਬਹਾਦਰ ਦੇ ਵਿਰੁਧ ਸੀ ਅਤੇ ਕਿਸੇ ਨੀਤੀ ਆਦਿ ਦਾ ਖਿਆਲ ਨਾ ਕਰਦੇ ਹੋਏ ਬੰਦਾ ਬਹਾਦਰ ਨੂੰ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦਾ ਵਿਰੋਧ ਕਰਨ ਵਾਲਾ ਆਖਦੇ ਸਨ। ਇਹ ਭੁਜੰਗੀ ਪਾਰਟੀ ਪਿੱਛੋਂ ਤੱਤ ਖਾਲਸਾ ਨਾਂ ਨਾਲ ਪ੍ਰਸਿੱਧ ਹੋਈ।"



ਸਰਹਿੰਦ ਦੇ ਕਿਲ੍ਹੇ ਦੀ ਇਕ ਝਲਕ। ਸਰਹਿੰਦ ਦੀ ਲੜਾਈ ਬੰਦਾ ਬਹਾਦਰ ਦੀ ਵੱਡੀ ਤੇ ਅਹਿਮ ਲੜਾਈ ਸੀ ਜਿਸ ਵਿਚ ਉਸ ਦੀ ਜਿੱਤ ਹੋਈ।

ਗੱਲ ਵਧਦੀ-ਵਧਦੀ ਵਧ ਗਈ। ਬਾਬਾ ਬਿਨੋਦ ਸਿੰਘ, ਕਾਹਨ ਸਿੰਘ ਅਤੇ ਮੀਰੀ ਸਿੰਘ ਜੋ ਗੁਰੂ ਜੀ ਦੁਆਰਾ ਬੰਦਾ ਬਹਾਦਰ ਨੂੰ ਜਥੇਦਾਰ



ਚਿਤਰਕਾਰ ਕਿਰਪਾਲ ਸਿੰਘ ਵੱਲੋਂ ਬਣਾਇਆ ਬੰਦਾ ਬਹਾਦਰ ਦਾ ਸੰਸਾਰ ਪ੍ਰਸਿੱਧ ਚਿੱਤਰ ਜਿਸ ਵਿਚ ਉਹ ਕਿਲ੍ਹੇ ਉਤੇ ਬੈਠਾ ਹੈ।

ਬਣਾਉਣ ਦੇ ਸਮੇਂ ਤੋਂ ਹੀ ਨਾਰਾਜ਼ ਸਨ। ਬਾਬਾ ਬਿਨੋਦ ਸਿੰਘ ਨੇ ਨਾਂਦੇੜ ਸਾਹਿਬ ਵਿਚ ਗੁਰੂ ਜੀ ਦੁਆਰਾ ਬੰਦਾ ਬਹਾਦਰ ਦੇ ਗਲ ਵਿਚ ਪਾਈ ਕਿਰਪਾਨ ਲੁਹਾਈ ਸੀ। ਮੁਤਬੰਨੇ ਪੁੱਤਰ ਅਜੀਤ ਸਿੰਘ ਨਾਲ ਮਿਲ ਕੇ ਬੰਦੇ ਵਿਰੁਧ ਅਫਵਾਹਾਂ ਫੈਲਾਉਣ ਵਿਚ ਸਾਥੀ ਸੀ। ਬਾਬਾ ਬਿਨੋਦ ਸਿੰਘ, ਮਾਤਾ ਸੁੰਦਰੀ ਦੁਆਰਾ ਮਜਬੂਰੀ ਵੱਸ ਲਿਖੀਆਂ ਚਿੱਠੀਆਂ ਦਾ ਲਾਭ ਉਠਾ ਕੇ ਬੰਦਾ ਸਿੰਘ ਬਹਾਦਰ ਨਾਲੋਂ 500 ਸਿੰਘਾਂ ਨੂੰ ਲੈ ਕੇ ਕੋਟ ਮਿਰਜ਼ਾ ਖਾਂ ਤੋਂ ਨਿਕਲ ਗਿਆ। ਜਿਹੜੇ ਜਕੋ-ਤਕੀ ਵਿਚ ਸਨ, ਉਹ ਬਾਬਾ ਬਿਨੋਦ ਸਿੰਘ ਨਾਲ ਜਾ ਰਲੇ। ਇਸ ਤਰ੍ਹਾਂ ਗਿਣਤੀ 15000 ਹੋ ਗਈ।

ਕੋਟ ਮਿਰਜ਼ਾ ਖਾਂ ਕਿਲ੍ਹਾ ਸੀ। ਸਾਲ 1712 ਤੋਂ 1713 ਤੱਕ ਜਦੋਂ ਜਹਾਂਦਾਰ ਸ਼ਾਹ ਅਤੇ ਭਰਾਵਾਂ ਵਿਚਕਾਰ ਗੱਦੀ ਲਈ ਘਰੇਲੂ ਜੰਗ ਚੱਲ ਰਹੀ ਸੀ, ਤੇ ਫਿਰ ਫਰੱਖਸੀਅਰ, ਜਹਾਂਦਾਰ ਸ਼ਾਹ ਨੂੰ ਮਾਰ ਕੇ ਦਿੱਲੀ ਦੇ ਤਖ਼ਤ ਉਤੇ ਬੈਠਾ ਤਾਂ ਇਸ ਸਮੇਂ ਦੌਰਾਨ ਬੰਦਾ ਬਹਾਦਰ ਨੇ ਪਹਾੜ ਤੋਂ ਆ ਕੇ ਕਲਾਨੌਰ ਅਤੇ ਬਟਾਲੇ ਦੇ ਵਿਚਕਾਰ ਕੋਟ ਮਿਰਜ਼ਾ ਖਾਂ ਦੇ ਸਥਾਨ ਉਤੇ ਕਿਲ੍ਹਾ ਉਸਾਰਿਆ। ਫਾਸਟਰ ਅਤੇ ਮੈਲਕਮ ਨੇ ਗਲਤੀ ਨਾਲ ਇਸ ਕਿਲ੍ਹੇ ਨੂੰ ਲੋਹਗੜ੍ਹ ਲਿਖ ਦਿੱਤਾ ਅਤੇ ਇਸ ਦਾ ਭੁਲੇਖਾ ਮੁਖਲਸਪੁਰ ਵਾਲੇ ਕਿਲ੍ਹੇ ਲੋਹਗੜ੍ਹ ਨਾਲ ਪੈਣ ਲੱਗਿਆ।

ਰਤਨ ਸਿੰਘ ਭੰਗੂ, ਸੰਤੋਖ ਸਿੰਘ ਚੂੜਾਮਣੀ, ਗਿਆਨੀ ਗਿਆਨ ਸਿੰਘ, ਕਰਤਾਰ ਸਿੰਘ ਕਲਾਸਵਾਲੀਆ, ਖਜ਼ਾਨ ਸਿੰਘ ਤੇ ਕਰਮ ਸਿੰਘ ਹਿਸਟੋਰੀਅਨ ਅਨੁਸਾਰ ਫੁੱਟ ਪੈਣ 'ਤੇ ਬਾਦਸ਼ਾਹ ਨੇ ਤੱਤ ਖਾਲਸੇ ਨੂੰ ਦੁਸ਼ਾਲੇ, ਹਥਿਆਰ ਅਤੇ ਹੋਰ ਵਸਤਾਂ ਦੇ ਤੋਹਫੇ ਦਿੱਤੇ। ਕਾਹਨ ਸਿੰਘ, ਮੀਰੀ ਸਿੰਘ, ਭਗਤੇ ਦਾ ਫਤਹਿ ਸਿੰਘ ਅਤੇ ਸ਼ਾਮ ਸਿੰਘ ਨਾਰੰਗਵਾਲੀਆ ਦੇ ਅਧੀਨ 5000 ਸਿੱਖਾਂ ਨੂੰ ਲਾਹੌਰ ਦੇ ਨਵਾਬ ਨੇ ਭਰਤੀ ਕਰ ਲਿਆ। ਹਰ ਘੋੜਸਵਾਰ ਨੂੰ 30 ਰੁਪਏ ਮਹੀਨਾ, ਪਿਆਦੇ ਨੂੰ 15 ਰੁਪਏ ਮਹੀਨਾ ਅਤੇ ਹਰ ਸਰਦਾਰ ਨੂੰ 5 ਰੁਪਏ ਰੋਜ਼ਾਨਾ ਦਿਤੇ ਗਏ। ਜਿਨ੍ਹਾਂ ਸਿੱਖ ਨੇ ਅੰਮ੍ਰਿਤਸਰ ਰਹਿਣ ਨੂੰ ਤਰਜੀਹ ਦਿਤੀ, ਉਨ੍ਹਾਂ ਨੂੰ 5000 ਰੁਪਏ ਮਹੀਨਾ ਦਿਤੇ। ਲੰਗਰ ਅਤੇ ਘੋੜਿਆਂ ਲਈ ਦਾਣੇ-ਚਾਰੇ ਖਾਤਰ ਝਬਾਲ ਦਾ ਪਰਗਣਾ ਦਿੱਤਾ ਗਿਆ।

ਕੁਝ ਇਤਿਹਾਸਕਾਰ ਇਹ ਘਟਨਾ ਗੁਰਦਾਸ ਨੰਗਲ ਦੀ ਗੜ੍ਹੀ ਦੀ ਲਿਖਦੇ ਹਨ ਜੋ ਸਹੀ ਨਹੀਂ ਹੈ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਬਾਬਾ ਬਿਨੋਦ ਸਿੰਘ ਦਾ ਬੰਦਾ ਬਹਾਦਰ ਨਾਲ ਲੜਾਈ ਦੇ ਢੰਗ-ਤਰੀਕਿਆਂ 'ਤੇ ਵਿਵਾਦ ਹੋਇਆ ਅਤੇ ਇਹ ਘੋੜੇ ਉਤੇ ਸਵਾਰ ਹੋ ਕੇ ਦੁਸ਼ਮਣ ਦੀ ਫੌਜ ਵਿਚੋਂ ਬਾਹਰ ਨਿਕਲ ਗਿਆ। ਫੌਜ ਤਾਂ ਕੁੱਤੇ, ਬਿੱਲੀ, ਚਿੜੀ ਆਦਿ ਨੂੰ ਵੀ ਨਹੀਂ ਨਿਕਲਣ ਦੇ ਰਹੀ ਸੀ, ਫਿਰ ਬਿਨੋਦ ਸਿੰਘ ਕਿਵੇਂ ਨਿਕਲ ਗਿਆ? ਸਵਾਲ ਹੈ- ਉਹ ਇਕੱਲਾ ਗਿਆ ਜਾਂ ਹੋਰ ਵੀ ਨਾਲ ਗਏ? ਇਹ ਇਤਿਹਾਸਕਾਰ ਇਹ ਨਹੀਂ ਦੱਸਦੇ ਕਿ ਉਹ ਗਏ ਕਿਥੇ? ਉਨ੍ਹਾਂ ਨੇ ਕੀ ਕੋਈ ਲੜਾਈ ਕੀਤੀ? ਸਪਸ਼ਟ ਹੈ ਕਿ ਉਹ ਕੋਟ ਮਿਰਜ਼ਾ ਖਾਂ ਤੋਂ ਬੰਦੇ ਦਾ ਸਾਥ ਛੱਡ ਗਏ ਸਨ।

ਗਿਆਨੀ ਗਿਆਨ ਸਿੰਘ, ਖਜ਼ਾਨ ਸਿੰਘ ਤੇ ਕਰਤਾਰ ਸਿੰਘ ਕਲਾਸਵਾਲੀਆ ਅਨੁਸਾਰ ਸਰਕਾਰ ਨਾਲ ਤੱਤ ਖਾਲਸੇ ਨੇ ਹੇਠ ਲਿਖੀਆਂ ਸ਼ਰਤਾਂ ਉਤੇ ਇਕਰਾਰਨਾਮਾ ਵੀ ਕੀਤਾ:

1. ਪੰਥ ਖਾਲਸਾ ਬਾਦਸ਼ਾਹ ਦੇ ਕਿਸੇ ਇਲਾਕੇ 'ਤੇ ਕਬਜ਼ਾ ਨਹੀਂ ਕਰੇਗਾ। 2. ਪੰਜਾਬ ਉਤੇ ਬਾਹਰੀ ਦੁਸ਼ਮਣ ਦੇ ਹਮਲੇ ਸਮੇਂ ਖਾਲਸਾ, ਸੂਬੇਦਾਰ ਦੀ ਮਦਦ ਕਰੇਗਾ। 3. ਖਾਲਸੇ ਦੀ ਜਾਗੀਰ ਅਤੇ ਨਕਦ ਰਕਮ ਵਿਚ ਕੋਈ ਕਟੌਤੀ ਨਹੀਂ ਹੋਵੇਗੀ। 4. ਜਬਰੀ ਧਰਮ ਪਰਿਵਰਤਨ 'ਤੇ ਰੋਕ ਲੱਗੇਗੀ। 5. ਧਾਰਮਿਕ ਰਹੁ-ਰੀਤਾਂ ਦੀ ਸਭ ਨੂੰ ਆਜ਼ਾਦੀ ਹੋਵੇਗੀ। 6. ਗੈਰ-ਮੁਸਲਮਾਨਾਂ ਤੋਂ ਜਜ਼ੀਆ ਨਹੀਂ ਲਿਆ ਜਾਵੇਗਾ। 7. ਸਿੱਖ ਵਾਹੀਕਾਰਾਂ ਤੋਂ ਅੱਧਾ ਭੂਮੀ ਲਗਾਨ ਵਸੂਲਿਆ ਜਾਵੇਗਾ। 8. ਪੰਜਾਬ ਵਿਚ ਗਊ ਹੱਤਿਆ 'ਤੇ ਪਾਬੰਦੀ ਲਾਈ ਜਾਵੇਗੀ। 9. ਗੈਰ-ਮੁਸਲਿਮ ਇਸਤਰੀਆਂ ਦੀ ਇੱਜ਼ਤ ਦੀ ਰੱਖਿਆ ਕੀਤੀ ਜਾਵੇਗੀ। 10. ਉਹ ਬੰਦੇ ਦੀ ਸਹਾਇਤਾ ਨਹੀਂ ਕਰਨਗੇ।

ਅੱਗੇ ਜਾ ਕੇ ਜਦੋਂ ਮੁਗਲਾਂ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕੀਤੇ ਤਾਂ ਸਿੰਘਾਂ ਨੇ ਪਛਤਾਉਣਾ ਸ਼ੁਰੂ ਕੀਤਾ। ਗਿਆਨੀ ਗਿਆਨ ਸਿੰਘ ਪਛਤਾਵੇ ਦੇ ਕਾਰਨਾਂ ਉਤੇ ਚਾਨਣ ਪਾਉਂਦੇ ਹਨ:

ਜਬ ਜਾਗੀਰ ਰੁਜੀਨਾ ਤੁਰਕਨ
ਸਿੰਘਨ ਕਾ ਬੰਦ ਕੀਓ।
ਇਤ ਉਤ ਖਿੰਡੇ ਸਿੰਘ ਤਬ ਸਬ ਹੀ
ਜਥਾ ਨ ਏਕ ਰਹੀਓ।
ਬੰਦੇ ਕੇ ਬਚਨੋਂ ਕੋ ਕਰਕੈ
ਯਾਦ ਲੱਗੇ ਪਛਤਾਵਨ।
ਬਹੁਤ ਸਿੰਘ ਨਿਜ ਨਿਜ ਘਰ ਜਾ ਕੈ
ਖੇਤੀ ਲੱਗੇ ਕਰਾਵਨ।
ਇਤ ਦਿਸ ਨਾਜ਼ਮ ਟੋਡੀ ਕੇ ਨੇ
ਡੌਂਡੀ ਇਹੁ ਫਿਰਵਾਈ।
ਜੋ ਬੰਦੇ ਕੇ ਵੇਲੇ ਸਿੰਘਨ
ਜ਼ੋਰ ਜ਼ੁਲਮ ਸੰਗਾਈ।
ਜਿਸ ਕਾ ਕੁਝ ਨੁਕਸਾਨ ਕਰੀਓ ਹੈ
ਸੋ ਹਮ ਪੈ ਦਿਹੁ ਅਰਜ਼ੀ।
ਜਾਇਦਾਦ ਸਿੰਘਨ ਕੀ ਸੈਂ
ਹਮ ਦਿਲਵਾਵਨ ਕੇ ਮਰਜ਼ੀ।
ਸਿੰਘਨ ਉਪਰ ਪਈ ਹਜ਼ਾਰੋਂ
ਅਰਜ਼ੀ ਤਬ ਬਿਨ ਦੇਰੀ।
ਜਿਨਕਾ ਨਹਿ ਨੁਕਸਾਨ ਭਯੋ ਥਾ
ਉਨ ਭੀ ਕਰੀ ਬਧੇਰੀ।

ਹਾਕਮਾਂ ਨੇ ਬਿਨਾ ਸਬੂਤ ਲਿਆਂ ਤੇ ਸਿੰਘਾਂ ਦਾ ਕੋਈ ਉਜ਼ਰ ਸੁਣਿਆਂ, ਸਿੰਘਾਂ ਦੀ ਜਾਇਦਾਦ ਦੀ ਨਿਲਾਮੀ ਕਰਵਾਈ। ਇਸ ਤਰ੍ਹਾਂ ਬੰਦਾ ਬਹਾਦਰ ਆਪਣੇ ਥਾਂ ਉਤੇ ਸਹੀ ਸੀ। ਬਾਬਾ ਬਿਨੋਦ ਸਿੰਘ ਆਦਿ ਹੀ ਬਾਬੇ ਬੰਦੇ ਦਾ ਬੇੜਾ ਡੋਬਣ ਵਿਚ ਵੱਡਾ ਹਿੱਸਾ ਪਾਉਣ ਵਾਲੇ ਸਨ।

ਸ਼ਰਧਾ ਦੇ ਫੁੱਲ

# ਲੋਕ ਕਵੀ ਸੰਤ ਰਾਮ ਉਦਾਸੀ ਦਾ ਦੁਖਾਂਤ

ਮਰਹੂਮ ਸੰਤ ਰਾਮ ਉਦਾਸੀ 'ਤੇ ਜਿੰਨਾ ਸਰੀਰਕ ਤਸ਼ੱਦਦ ਪੁਲਿਸ ਨੇ ਕੀਤਾ, ਓਨਾ ਕੁ ਮਾਨਸਿਕ ਤਸ਼ੱਦਦ ਉਹਦੇ ਕੁਝ 'ਸਾਥੀਆਂ' ਨੇ ਵੀ ਕੀਤਾ। ਉਸ ਨੂੰ ਅਗੇਤੀ ਮੌਤ ਵੱਲ ਧੱਕਣ ਲਈ ਦੋਹਾਂ ਧਿਰਾਂ ਦਾ ਰੋਲ ਰਿਹਾ। ਜਿਨ੍ਹਾਂ ਸਾਥੀਆਂ ਨੇ ਉਹਨੂੰ ਸੰਭਾਲਣਾ ਸੀ, ਉਹੀ ਉਹਦੇ ਉਤੇ ਉਜਾਂ ਲਾਉਂਦੇ ਰਹੇ ਤੇ ਬਦਨਾਮ ਕਰਦੇ ਰਹੇ। ਉਹਦੀ ਅਣਿਆਈ ਮੌਤ ਅਤੇ ਲਾਵਾਰਸ ਲਾਸ਼ ਵਜੋਂ ਉਹਦੇ ਦਾਹ ਸੰਸਕਾਰ ਲਈ ਦੋਹੇਂ ਧਿਰਾਂ ਜ਼ਿੰਮੇਵਾਰ ਹਨ। ਉਹ ਕੈਸੇ 'ਸਾਥੀ' ਸਨ ਜਿਹੜੇ ਉਹਦੀ ਮੌਤ ਦੀ ਖਬਰ ਵੀ ਉਹਦੇ ਪਰਿਵਾਰ ਤਕ ਨਹੀਂ ਸਨ ਪੁਚਾ ਸਕੇ!



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕੁਝ ਇਹੋ ਜਿਹੇ ਵਿਚਾਰ ਟੋਰਾਂਟੋ ਦੀ ਇਕ ਸਭਾ ਵਿਚ ਜੁੜੇ ਪੰਜਾਬੀ ਲੇਖਕਾਂ ਨੇ ਸਾਂਝੇ ਕੀਤੇ। ਸਬੱਬ ਬਣਿਆ ਸੁਖਿੰਦਰ ਦੇ ਮੈਗਜ਼ੀਨ 'ਸੰਵਾਦ' ਦਾ 'ਲੋਕ ਕਵੀ ਸੰਤ ਰਾਮ ਉਦਾਸੀ' ਅੰਕ। ਉਸ ਵਿਚ ਉਦਾਸੀ ਦੀਆਂ ਰਚਨਾਵਾਂ ਦੇ ਨਾਲ ਨਾਲ 22 ਲੇਖਕਾਂ ਦੇ ਨਿਬੰਧ ਸ਼ਾਮਲ ਹਨ। ਰਿਲੀਜ਼ ਸਮਾਗਮ ਦਾ ਮੁੱਖ ਬੁਲਾਰਾ ਸੀ, ਵਰਿਆਮ ਸਿੰਘ ਸੰਧੂ। ਵਿਚਾਰ-ਵਟਾਂਦਰੇ ਵਿਚ ਤੱਤ ਕੱਢਿਆ ਗਿਆ ਕਿ ਲੋਕ ਕਵੀ ਉਦਾਸੀ ਨਾਲ ਭਾਣਾ ਅਨਿਆਂ ਹੋਇਆ। ਉਹਨੂੰ ਜਿਊਂਦੇ ਜੀਅ ਵੀ ਦੁੱਖ ਝੱਲਣੇ ਪਏ ਤੇ ਮਰ ਜਾਣ ਪਿੱਛੋਂ ਵੀ ਉਹਦੀ ਰੂਹ ਨੂੰ ਸਕੂਨ ਨਾ ਮਿਲਿਆ। ਉਹਦੀ ਦੇਣ ਦੀ ਉਹ ਕਦਰ ਨਹੀਂ ਪਾਈ ਗਈ ਜਿਸ ਦਾ ਉਹ ਹੱਕਦਾਰ ਸੀ।

ਉਦਾਸੀ ਸੱਚਮੁੱਚ ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ ਸੀ ਜੋ ਸਿਖਰ ਦੁਪਹਿਰੇ ਛਿਪ ਗਿਆ। ਜਦੋਂ ਉਹ ਗਾਉਂਦਾ ਤਾਂ ਉਹਦੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ ਸੀ। ਮਲਵਈ ਪੁੱਠ ਵਾਲੀ ਆਵਾਜ਼ ਨਾਲ ਚੁਫੇਰਾ ਲਰਜ਼ ਉਠਦਾ। ਉਹ ਹਜ਼ਾਰਾਂ ਸਰੋਤਿਆਂ ਦੇ 'ਕੱਠਾਂ ਨੂੰ ਕੀਲ ਲੈਂਦਾ। ਜਿੰਨੇ ਜਾਨਦਾਰ ਉਹਦੇ ਗੀਤ ਸਨ, ਉਨੀ ਹੀ ਧੜੱਲੇਦਾਰ ਉਹਦੀ ਆਵਾਜ਼ ਸੀ। ਉਹ ਹਿੱਕ ਦੇ ਤਾਣ ਨਾਲ ਗਾਉਂਦਾ:

ਦੇਸ਼ ਹੈ ਪਿਆਰਾ ਸਾਨੂੰ
ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ।
ਅਸਾਂ ਤੋੜ ਦੇਣੀ, ਅਸਾਂ ਤੋੜ ਦੇਣੀ
ਲਹੂ ਪੀਣੀ ਜੋਕ ਹਾਣੀਆਂ...।

1967 ਵਿਚ ਮੈਂ ਦਿੱਲੀ ਤੋਂ ਢੁੱਡੀਕੇ ਆਇਆ ਤਾਂ ਉਦਾਸੀ ਦੇ ਗੀਤਾਂ ਦੀ ਗੁੱਡੀ ਚੜ੍ਹ ਰਹੀ ਸੀ। ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਿਆ ਸੀ ਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ ਸੀ। ਉਹਦੇ ਗੀਤ ਵੱਡੇ 'ਕੱਠਾਂ ਨੂੰ ਬੰਨ੍ਹ ਬਿਠਾਉਂਦੇ। ਟੋਲੀਆਂ ਦੀਆਂ ਟੋਲੀਆਂ ਉਹਨੂੰ ਇਉਂ ਸੁਣਨ ਜਾਂਦੀਆਂ ਜਿਵੇਂ ਕਦੇ ਸ਼ੌਂਕੀ, ਸੀਤਲ ਤੇ ਯਮਲੇ ਨੂੰ ਸੁਣਨ ਜਾਂਦੀਆਂ ਸਨ। ਸ਼ਿਵ ਕੁਮਾਰ ਦੀ ਆਪਣੀ ਥਾਂ ਸੀ, ਉਦਾਸੀ ਆਪਣੀ ਥਾਂ ਬਣਾ ਰਿਹਾ ਸੀ। ਸ਼ਿਵ ਬਿਰਹਾ ਗਾਉਂਦਾ ਸੀ, ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ ਸੀ।

ਉਹਦਾ ਬਚਪਨ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀਆਂ ਤੁਰਸ਼ੀਆਂ 'ਚ ਬੀਤਿਆ। ਪਿੰਡੋਂ ਦਸ ਪੜ੍ਹ ਕੇ ਉਹ ਭੈਣੀ ਸਾਹਿਬ ਚਲਾ ਗਿਆ। ਕੁਝ ਸਮਾਂ ਪੌਂਗ ਡੈਮ 'ਤੇ ਮੁਣਸ਼ੀ ਦੀ ਨੌਕਰੀ ਕੀਤੀ। ਫਿਰ ਬਖਤਗੜ੍ਹ ਤੋਂ ਜੇ.ਬੀ.ਟੀ. ਕਰ ਕੇ ਪ੍ਰਾਇਮਰੀ ਸਕੂਲ ਬੀਹਲੇ ਅਧਿਆਪਕ ਲੱਗ ਗਿਆ ਤੇ ਪਜਾਮੇ ਦੀ ਥਾਂ ਪੈਂਟ ਪਾਉਣ ਲੱਗਾ। ਪਿੰਡ ਦੇ ਬੰਦੇ ਝੇਡਾਂ ਕਰਦੇ, "ਢੇਡ ਪੈਂਟਾਂ ਪਾ-ਪਾ ਦਿਖਾਉਂਦੈ!"

ਉਹਦੇ ਕੁੱਕਰਿਆਂ ਦਾ ਇਲਾਜ ਕਰਾਉਣ ਲਈ ਉਹਦੀ ਮਾਂ ਉਹਨੂੰ ਸਾਧੂ ਈਸ਼ਰ ਦਾਸ ਉਦਾਸੀ ਦੇ ਡੇਰੇ ਲੈ ਗਈ ਸੀ। ਸੰਤ ਰਾਮ ਦਾ ਉਸ ਡੇਰੇ ਵਿਚ ਆਉਣ ਜਾਣ ਹੋ ਗਿਆ। ਉਹਦੇ ਦਾਦੇ ਨੇ ਉਹਨੂੰ 'ਉਦਾਸੀ' ਕਹਿਣਾ ਸ਼ੁਰੂ ਕਰ ਦਿੱਤਾ ਜੋ ਸੰਤ ਰਾਮ ਦੇ ਨਾਂ ਨਾਲ ਤਖ਼ੱਲਸ ਵਾਂਗ ਜੁੜ ਗਿਆ। ਮਾਪੇ ਨਾਮਧਾਰੀਏ ਹੋਣ ਕਾਰਨ ਉਸ ਨੂੰ ਧਰਮ ਦੀ ਗੁੜ੍ਹਤੀ ਬਚਪਨ ਵਿਚ ਹੀ ਮਿਲ ਗਈ ਸੀ। ਉਸ ਨੇ ਆਪਣੇ ਗੀਤਾਂ ਤੇ ਨਜ਼ਮਾਂ ਵਿਚ ਇਨਕਲਾਬੀ ਸਿੱਖ ਵਿਰਸੇ ਦੀ ਖ਼ੂਬ ਵਰਤੋਂ ਕੀਤੀ। ਉਹਦੇ ਗੀਤਾਂ ਤੇ ਕਵਿਤਾਵਾਂ ਉਤੇ ਕੁਝ ਕੱਟੜ ਮਾਰਕਸਵਾਦੀ ਆਲੋਚਕਾਂ ਦਾ ਕਿੰਤੂ ਹੈ ਕਿ ਉਸ ਵਿਚ ਧਾਰਮਿਕਤਾ ਦਾ ਅੰਸ਼ ਹੱਦੋਂ ਵੱਧ ਹੈ। ਉਸ ਨੇ ਸਿੱਖੀ ਦੇ ਇਨਕਲਾਬੀ ਵਿਰਸੇ ਨੂੰ ਲਾਲ ਇਨਕਲਾਬ ਲਿਆਉਣ ਲਈ ਰੱਜ ਕੇ ਵਰਤਿਆ ਤੇ ਉਚੀ ਸੁਰ ਵਿਚ ਗਾਇਆ:

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।
ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਜਦੋਂ ਉਹਨੂੰ ਲਾਲ ਕਿਲੇ ਦੇ ਕਵੀ ਦਰਬਾਰ ਵਿਚ ਸੱਦਿਆ ਜਾਂਦਾ ਤਾਂ ਉਹ ਗਾਉਂਦਾ:

ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।
ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ,
ਅਜੇ ਮਨ ਮੱਤੀਆਂ ਕਰੇ...।

ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦੇ ਜੋ ਕੈਦ ਹੈ,
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੀਦ ਹੈ।
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ
ਤੇਰੇ ਮਹਿਲੀਂ ਵੜੇ ਕਿ ਵੜੇ...।

ਉਦਾਸੀ ਆਮ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਬਿੰਬਾਵਲੀ, ਛੰਦ, ਗੀਤਾਂ ਦੀ ਤਰਜ਼ ਤੇ ਦਰਦ ਭਿੱਜੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ ਸੀ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਗਾਉਂਦਾ, ਕਦੇ ਦੇਸ਼ ਪਿਆਰ ਦਾ, ਕਦੇ ਧੀ ਦੀ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ ਤੇ ਕਦੇ ਸੁੱਤੇ ਕਿਰਤੀਆਂ ਨੂੰ ਜਗਾਉਂਦਾ:

ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ
ਜੜ੍ਹ ਵੈਰੀ ਪੁੱਟ ਵੇ, ਪੁੱਟ ਵੇ ਪੁੱਟਣ ਦਾ ਵੇਲਾ...।

ਉਸ ਨੇ ਇਨਕਲਾਬੀ ਜੁਝਾਰੂਆਂ ਵੱਲੋਂ ਲਿਖਿਆ:

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।
ਬਦਲਾ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ...।

ਉਹਦੇ ਗੀਤਾਂ ਦੇ ਬਿੰਬ, ਤੁਲਨਾਵਾਂ ਤੇ ਅਲੰਕਾਰ ਮੌਲਿਕ ਸਨ ਜੋ ਕਿਰਤੀ ਕਾਮਿਆਂ ਦੇ ਕਿੱਤਿਆਂ ਵਿਚੋਂ ਲਏ ਗਏ ਸਨ:

ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ 'ਤੇ,
ਅਸੀਂ ਲੁੱਟ ਦਾ ਤਾਪ ਨਾ ਚੜ੍ਹਨ ਦੇਣਾ...।
ਅਸੀਂ ਗਭਰੂ ਤੂਤ ਦੀ ਛਿਟੀ ਵਰਗੇ
ਜਿੰਨਾ ਛਾਂਗੋਗੇ ਓਨਾ ਹੀ ਫੈਲਾਂਗੇ...।
ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ ਜੱਗਿਆ...।

ਉਹ ਵਿਦੇਸ਼ ਗਿਆ ਤਾਂ ਉਸ ਨੂੰ ਪਰਵਾਸੀਆਂ ਦੇ ਦੁੱਖਾਂ-ਦਰਦਾਂ ਦਾ ਡੂੰਘਾ ਅਹਿਸਾਸ ਹੋਇਆ। ਉਸ ਨੇ ਗੀਤ ਗਾਇਆ:

ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ,
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ।
ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ,
ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ।
ਮੈਨੂੰ ਲੈ ਜਾ ਨੀ ਹਵਾਏ ਮੇਰੇ ਦੇਸ਼,
ਕਰੇ ਜੋਦੜੀ ਨੀ ਇਕ ਦਰਵੇਸ਼...।

ਉਹਦੀਆਂ ਅੱਖਾਂ ਤਾਂ ਚੁੰਨ੍ਹੀਆਂ ਸਨ ਹੀ, ਦਾੜ੍ਹੀ ਵੀ ਖੋਦੀ ਸੀ ਜੋ ਠੋਡੀ ਉਤੇ ਵੱਧ ਤੇ ਜਾਭਾਂ ਉਤੇ ਘੱਟ ਸੀ। ਨੱਕ ਤਿੱਖਾ ਸੀ, ਮੁੱਛਾਂ ਪਤਲੀਆਂ ਤੇ ਰੰਗ ਸਾਂਵਲਾ। ਖੱਬੀ ਅੱਖ 'ਚ ਟੀਰ ਸੀ। ਪੁਲਿਸ ਤਸ਼ੱਦਦ ਨਾਲ ਅੱਖਾਂ ਦੀ ਜੋਤ ਹੋਰ ਵੀ ਘਟ ਗਈ। ਉਹ ਕਾਲੀ ਐਨਕ ਲਾਉਂਦਾ। ਨਕਸਲਬਾੜੀ ਦੌਰ ਵਿਚ ਉਸ ਉਤੇ ਅੰਨ੍ਹਾਂ ਜਬਰ ਢਾਹਿਆ ਗਿਆ। ਉਹਦੀ ਨੌਕਰੀ ਵੀ ਖਤਰੇ ਵਿਚ ਪਈ ਰਹੀ ਪਰ ਉਹ ਦੁੱਖ-ਤਕਲੀਫਾਂ ਸਹਿੰਦਾ ਗਾਉਂਦਾ ਰਿਹਾ:

ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ
ਸਾਡੀ ਭਾਵੇਂ ਜੜ੍ਹ ਨਾ ਰਹੇ।
ਲੋਕ ਵੇ! ਅੱਗ 'ਚ ਜਿੰਦੜੀ ਨੂੰ ਦੇਣਾ ਝੋਕ ਵੇ।
ਜਿਹੜੀ ਖੂਨ ਹੈ ਕਿਰਤ ਦਾ ਪੀਂਦੀ,
ਤੋੜ ਦੇਣੀ ਤਨ ਦੇ ਉਤੋਂ ਜੋਕ ਵੇ!
ਲੋਕੀਂ ਹੁਣ ਨਿਕਲ ਪਏ ਹਿੱਕਾਂ ਠੋਕ ਵੇ...।

ਉਹਦੀ ਪਹਿਲੀ ਗ੍ਰਿਫਤਾਰੀ 1969-70 ਵਿਚ ਹੋਈ। ਪਤਨੀ ਨੂੰ ਬੱਚੇ ਚੁੱਕ ਕੇ ਪੇਕੀਂ ਜਾਣਾ ਪਿਆ। ਪੁਲਿਸ ਉਹਦੇ ਮਗਰ ਲੱਗੀ ਰਹੀ। 1972-73 'ਚ ਪੁਲਿਸ ਨੇ ਉਸ ਨੂੰ ਚੁੱਕਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਲਿਆ ਸੁੱਟਿਆ। ਕਈ ਦਿਨਾਂ ਦੀ ਕੁੱਟ-ਮਾਰ ਪਿੱਛੋਂ ਨਾ ਉਹਤੋਂ ਖੜ੍ਹਾ ਹੋਇਆ ਜਾਂਦਾ, ਨਾ ਤੁਰਿਆ ਜਾਂਦਾ। ਪੁਲਿਸ ਵਾਲੇ ਨਾਲੇ ਕੁੱਟੀ ਜਾਂਦੇ ਨਾਲੇ ਕਹੀ ਜਾਂਦੇ, "ਤੇਰੇ 'ਚੋਂ ਮਾਓ ਕੱਢਣਾ!" ਉਹਦੀ ਬੁੱਢੀ ਮਾਂ ਤੇ ਬਿਮਾਰ ਭਰਾ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੇ। ਡਰ ਸੀ ਉਦਾਸੀ ਨੂੰ ਕਿਤੇ ਮਾਰ ਖਪਾ ਨਾ ਦਿੱਤਾ ਹੋਵੇ!

ਬੁੱਢੜੀ ਦਾ ਜੁਆਨ ਪੁੱਤ ਬੈਰਕ ਦੇ ਫਰਸ਼ 'ਤੇ ਮੂੰਹ ਭਾਰ ਬੇਸੁਰਤ ਪਿਆ ਸੀ। ਸਿਪਾਹੀ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, "ਓਏ ਉਦਾਸੀ, ਓਏ ਉਦਾਸੀ, ਉਠ ਓਏ, ਦੇਖ ਤੇਰੀ ਮਾਂ ਤੈਨੂੰ ਮਿਲਣ ਆਈ ਐ। ਉਠ, ਨਹੀਂ ਤਾਂ ਮਰਜੂ ਵਿਚਾਰੀ ਉਹ ਵੀ।" ਮਾਂ ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ, ਕਿਤੇ ਉਹ ਸੱਚੀਂ ਨਾ ਸਾਹ ਖਿੱਚ ਜੇ। ਦੂਰ ਦੀ ਸੋਚ ਕੇ ਉਹਨੇ ਮਾਂ ਨੂੰ ਕਿਹਾ, "ਬੇਬੇ ਮੈਂ ਠੀਕ-ਠਾਕ ਆਂ। ਤੂੰ ਕਿਤੇ ਮਮਤਾ 'ਚ ਸਾਹ ਨਾ ਚੜ੍ਹਾ ਲਈਂ, ਏਥੇ ਫੇਰ ਕੌਣ ਸਾਂਭੂਗਾ ਤੈਨੂੰ?" ਬੱਸ ਏਨੀ ਮੁਲਾਕਾਤ ਕਰਨ ਦਿੱਤੀ ਸੀ ਮੌਕੇ ਦੀ ਪੁਲਿਸ ਨੇ।

ਸਹਿਣੇ ਦੀ ਪੁਲਿਸ ਦੇ ਛਾਪੇ ਤਾਂ ਆਮ ਪੈਂਦੇ ਰਹਿੰਦੇ ਸਨ। 'ਕੇਰਾਂ ਪਟਿਆਲੇ ਦੀ ਪੁਲਿਸ ਵੀ ਆ ਪਈ। ਉਹਨੇ ਘਰ ਵਾਲੀ ਤੇ ਜੁਆਕਾਂ ਦੀ ਵੀ ਧੂਹ-ਘੜੀਸ ਕੀਤੀ। ਉਦਾਸੀ ਦੇ ਨਾਲ ਉਹਦੇ ਪਰਿਵਾਰ ਨੇ ਵੀ ਅਤਿਅੰਤ ਦੁੱਖ ਝੱਲੇ।

ਫਿਰ ਐਮਰਜੈਂਸੀ ਲੱਗ ਗਈ। ਪੁਲਿਸ ਨੇ ਫੜਨਾ ਤੇ ਤਸ਼ੱਦਦ ਕਰਨਾ। ਉਦਾਸੀ ਦੀ ਕਮਜ਼ੋਰ ਨਿਗ੍ਹਾ ਹੋਰ ਕਮਜ਼ੋਰ ਹੋ ਗਈ, ਹੱਡਾਂ ਦੇ ਜੋੜ ਦਰਦ ਕਰਨ ਲੱਗੇ ਤੇ ਯਾਦਦਾਸ਼ਤ ਘਟ ਗਈ। ਉਹ ਪਤਨੀ ਨੂੰ ਅਕਸਰ ਕਹਿੰਦਾ, "ਮੇਰਾ ਕੀ ਪਤੈ, ਮੈਨੂੰ ਕਦੋਂ ਪੁਲਸ ਮਾਰ ਦੇਵੇ। ਤੂੰ ਜੁਆਕਾਂ ਦਾ ਧਿਆਨ ਰੱਖੀਂ।" ਜਦੋਂ ਉਹਦਾ ਕੋਈ ਸਾਥੀ ਪੁਲਿਸ ਮੁਕਾਬਲੇ 'ਚ ਮਾਰਿਆ ਜਾਂਦਾ ਤਾਂ ਉਹ ਮਸੋਸਿਆ ਜਾਂਦਾ। ਰਾਤਾਂ ਨੂੰ ਉਭੜਵਾਹੇ ਉਠਦਾ। ਮੋਏ ਸਾਥੀਆਂ ਦੀ ਯਾਦ ਵਿਚ ਗੀਤ ਗਾਉਂਦਾ:

ਜਿਥੇ ਗਏ ਹੋ ਅਸੀਂ ਵੀ ਆਏ ਜਾਣੋ
ਬਲਦੀ ਚਿਖਾ ਹੁਣ ਠੰਢੀ ਨੀ ਹੋਣ ਦੇਣੀ।
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ
ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ...।

ਉਦਾਸੀ ਦੇ ਗੀਤਾਂ ਵਿਚ ਜਿਥੇ ਲੋਹੜੇ ਦਾ ਵੇਗ ਤੇ ਗਾਉਣ ਦੀ ਬੁਲੰਦੀ ਸੀ, ਉਥੇ ਉਸ ਦੀ ਸ਼ਖਸੀਅਤ ਦੇ ਕੁਝ ਉਲਾਰ ਪੱਖ ਵੀ ਸਨ। ਕੁਝ ਐਬ ਉਹਦੇ ਸਾਥੀਆਂ ਨੇ ਉਹਦੇ ਨਾਂ ਜਾਣ ਬੁੱਝ ਕੇ ਜੋੜ ਰੱਖੇ ਸਨ। ਉਹਨੂੰ ਦਿਲਾਸੇ ਦੇਣ ਦੀ ਥਾਂ ਡਿਪ੍ਰੈਸ਼ਨ ਵੱਲ ਧੱਕ ਰਹੇ ਸਨ। ਉਦਾਸੀ ਦਾ ਪਰਿਵਾਰ ਵਧ ਗਿਆ ਤੇ ਖਰਚੇ ਵੀ ਵਧ ਗਏ ਜੋ ਮਾਮੂਲੀ ਤਨਖਾਹ ਨਾਲ ਪੂਰੇ ਨਾ ਹੁੰਦੇ। ਬਿਰਧ ਮਾਂ ਸਣੇ ਅੱਠਾਂ ਜੀਆਂ ਦਾ ਟੱਬਰ ਸੀ। ਤਿੰਨ ਧੀਆਂ ਤੇ ਦੋ ਪੁੱਤ ਪੜ੍ਹਦੇ ਸਨ। ਕਾਪੀਆਂ, ਕਿਤਾਬਾਂ, ਲੀੜੇ ਕੱਪੜੇ ਤੇ ਹੋਰ ਵੀਹ ਖਰਚੇ। ਹੱਥ ਤੰਗ ਸੀ। ਉਹ ਅਨੰਦ ਕਾਰਜਾਂ 'ਤੇ ਜਾਣ ਲੱਗ ਪਿਆ। ਜੋ ਪੈਸੇ ਸਿਹਰੇ ਤੇ ਸਿੱਖਿਆ ਪੜ੍ਹਨ ਵਾਲਿਆਂ ਨੂੰ ਮਿਲਣੇ ਹੁੰਦੇ, ਉਹ ਉਦਾਸੀ ਨੂੰ ਮਿਲ ਜਾਂਦੇ। ਇਸ ਗੱਲੋਂ ਉਹਦੇ ਸਾਥੀ ਨਿੰਦਦੇ ਤੇ ਮਿਹਣੇ ਮਾਰਦੇ, "ਤੂੰ ਭਾਈਆਂ ਵਾਲਾ ਰਥ ਫੜ ਲਿਆ!"

ਉਹਦੇ ਇਨਕਲਾਬੀ ਸਾਥੀ ਇੰਜ ਪੈਸੇ ਕਮਾਉਣ ਦੀ ਨੁਕਤਾਚੀਨੀ ਤਾਂ ਕਰਦੇ ਪਰ ਮਦਦ ਨਾ ਕਰਦੇ। ਕੋਈ ਅਦਾਰਾ ਉਹਦੀ ਆਰਥਕ ਮਦਦ ਲਈ ਨਾ ਨਿਤਰਿਆ। ਕਈ ਸਾਥੀ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਦੇ ਤੇ ਕਈ ਵਾਰ ਆਪਣੇ ਸਟੇਜਾਂ 'ਤੇ ਵੀ ਨਾ ਚੜ੍ਹਨ ਦਿੰਦੇ। ਉਦਾਸੀ ਦੇ ਦਿਲ 'ਤੇ ਜੋ ਬੀਤਦੀ, ਉਹਦਾ ਦੁੱਖ ਓਹੀ ਜਾਣਦਾ ਸੀ। ਫਿਰ ਵੀ ਸਰਕਾਰੀ ਅਫਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁਧ ਬੋਲਦਾ ਰਿਹਾ। ਅਨੰਦ ਕਾਰਜਾਂ ਉਤੇ ਉਹ ਅਕਸਰ 'ਡੋਲੀ' ਨਾਂ ਦਾ ਗੀਤ ਗਾਉਂਦਾ:



ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ
ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ...।

ਉਹ ਵਿਆਹਾਂ 'ਤੇ ਜਾਂਦਾ ਤਾਂ ਵਿਆਹਾਂ ਵਾਲਾ ਖਾਣ-ਪੀਣ ਵੀ ਕਰ ਲੈਂਦਾ। ਉਹਦੇ ਪ੍ਰਸ਼ੰਸਕ ਉਹਨੂੰ ਦਾਰੂ ਪਿਆ ਕੇ ਗੀਤ ਸੁਣਦੇ ਤੇ ਪਿੱਛੋਂ ਉਹਦੀ ਪੀਤੀ ਨੂੰ ਨਿੰਦਦੇ। ਦਿਨ ਦਿਹਾਰ ਤੋਂ ਹਫਤੇਵਾਰ 'ਤੇ ਆਇਆ ਉਹ ਨਿੱਤ ਦਾ ਪਿਆਕ ਬਣ ਗਿਆ। ਪੀਣ 'ਤੇ ਉਹਦਾ ਕੰਟਰੋਲ ਨਾ ਰਿਹਾ।

ਸਾਹਿਤ ਟਰੱਸਟ ਢੁੱਡੀਕੇ ਨੇ ਮਾਇਕ ਮਦਦ ਕਰਦਿਆਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ ਉਦਾਸੀ ਨੂੰ ਦਿੱਤਾ। ਫਿਰ ਜਗਦੇਵ ਸਿੰਘ ਜੱਸੋਵਾਲ ਨੇ ਉਹਦਾ ਸਨਮਾਨ ਸਿੱਕਿਆਂ ਨਾਲ ਤੋਲ ਕੇ ਕੀਤਾ। ਉਹਦੇ ਕਾਮਰੇਡ ਯਾਰਾਂ ਨੇ ਇਸ ਦਾ ਬੁਰਾ ਮਨਾਇਆ ਤੇ ਮਤੇ ਪਾਸ ਕਰ ਦਿੱਤੇ ਕਿ ਉਦਾਸੀ ਨੂੰ ਹੁਣ ਆਪਣੀਆਂ ਸਟੇਜਾਂ 'ਤੇ ਨਹੀਂ ਚੜ੍ਹਨ ਦੇਣਾ ਤੇ ਪ੍ਰਚਾਰ ਕੀਤਾ ਕਿ ਉਹ ਹੁਣ ਪਹਿਲਾਂ ਵਾਲਾ ਉਦਾਸੀ ਨਹੀਂ ਰਿਹਾ। ਪ੍ਰੋਲੇਤਾਰੀ ਤੋਂ ਪੈਸੇ ਦਾ ਪੁੱਤ ਬਣ ਗਿਐ! ਉਹ ਇਨਕਲਾਬੀ ਨਹੀਂ, ਸ਼ਰਾਬੀ ਕਵੀ ਹੈ। ਇਉਂ ਉਸ ਦੇ ਸਾਥੀਆਂ ਨੇ ਹੀ ਉਸ ਨੂੰ ਅਗਲਾ ਰਾਹ ਵਿਖਾ ਦਿੱਤਾ!

1986 ਵਿਚ ਉਦਾਸੀ ਨੂੰ ਹਜ਼ੂਰ ਸਾਹਿਬ ਤੋਂ ਚਿੱਠੀ ਆਈ ਕਿ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਕਵੀ ਦਰਬਾਰ 'ਤੇ ਆਵੇ। ਕਵੀ ਦਰਬਾਰ 3 ਨਵੰਬਰ ਨੂੰ ਸੀ। ਦੁਚਿੱਤੀ ਵਿਚ ਚਲਾ ਗਿਆ। 5 ਨਵੰਬਰ ਨੂੰ ਦਿਨੇ ਵੀ ਤੇ ਰਾਤ ਨੂੰ ਵੀ ਉਡੀਕ ਹੁੰਦੀ ਰਹੀ ਪਰ ਉਹ ਵਾਪਸ ਨਾ ਆਇਆ। 6 ਨਵੰਬਰ ਦਾ ਦਿਨ ਵੀ ਲੰਘ ਗਿਆ। 7 ਨਵੰਬਰ ਨੂੰ ਉਹਦੀ ਪਤਨੀ ਨਸੀਬ ਕੌਰ ਬੱਚਿਆਂ ਨੂੰ ਕਹਿਣ ਲੱਗੀ, "ਅੱਜ ਤਾਂ ਥੋਡੇ ਭਾਪੇ ਨੇ ਜ਼ਰੂਰ ਈ ਰਾਤ ਆਲੀ ਗੱਡੀ ਆ ਜਾਣੈ।"


ਪਰ ਭਾਪੇ ਦੇ ਆਉਣ ਦੀ ਥਾਂ ਤਾਰ ਆਈ ਕਿ ਸੰਤ ਰਾਮ ਉਦਾਸੀ ਮਨਵਾੜ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਵਿਚ ਮੁਰਦਾ ਪਾਇਆ ਗਿਆ। 8 ਨਵੰਬਰ ਨੂੰ ਰੇਲਵੇ ਪੁਲਿਸ ਦੀ ਤਾਰ ਆਈ ਕਿ ਸੰਤ ਰਾਮ ਉਦਾਸੀ ਦੀ ਮ੍ਰਿਤਕ ਦੇਹ ਲੈ ਜਾਓ। 9 ਨਵੰਬਰ ਨੂੰ ਮਨਵਾੜ ਅਤੇ ਹਜ਼ੂਰ ਸਾਹਿਬ ਤੋਂ ਵੀ ਤਾਰਾਂ ਆ ਗਈਆਂ। ਪਹਿਲੀ ਤਾਰ ਮਿਲਦੇ ਹੀ ਉਦਾਸੀ ਦਾ ਵੱਡਾ ਭਰਾ ਤੇ ਨਸੀਬ ਕੌਰ ਦਾ ਭਰਾ ਮਨਵਾੜ ਸਟੇਸ਼ਨ ਵੱਲ ਚੱਲ ਪਏ।

ਪੰਜਾਬੀ ਯੂਨੀਵਰਸਿਟੀ ਵਾਲਾ ਪ੍ਰੋਫੈਸਰ ਬਲਕਾਰ ਸਿੰਘ ਵੀ ਹਜ਼ੂਰ ਸਾਹਿਬ ਗਿਆ ਸੀ। ਉਸ ਨੇ ਵਾਪਸੀ ਗੱਡੀ ਚੜ੍ਹਨ ਲਈ ਉਦਾਸੀ ਨੂੰ 'ਵਾਜ ਮਾਰ ਦਿੱਤੀ। ਤੋੜ ਦਾ ਭੰਨਿਆ ਉਦਾਸੀ ਉਹਦੇ ਨਾਲ ਰਿਕਸ਼ੇ 'ਤੇ ਚੜ੍ਹ ਗਿਆ। ਕਵੀ ਦਰਬਾਰ ਵਿਚ ਉਸ ਨੇ ਵਿਤੋਂ ਬਾਹਰੇ ਜ਼ੋਰ ਨਾਲ ਗਾਇਆ ਸੀ। ਤਬੀਅਤ ਠੀਕ ਨਾ ਹੋਣ ਕਾਰਨ ਉਸ ਨੂੰ ਡੱਬੇ ਦੇ ਉਪਰਲੇ ਫੱਟੇ 'ਤੇ ਸੁਆ ਦਿੱਤਾ ਗਿਆ। ਮਨਵਾੜ ਸਟੇਸ਼ਨ ਉਤੇ ਹਾਲ ਪੁੱਛਿਆ ਤਾਂ ਕੋਈ ਜਵਾਬ ਨਾ ਮਿਲਿਆ। ਹਿਲੂਣਿਆਂ ਤਾਂ ਭੌਰ ਉਡਾਰੀ ਮਾਰ ਚੁੱਕਾ ਸੀ!

ਬਲਕਾਰ ਸਿੰਘ ਨੇ ਸਟੇਸ਼ਨ ਦੀ ਪੁਲਿਸ ਨੂੰ ਉਦਾਸੀ ਦੀ ਸ਼ਨਾਖਤ ਦਿੱਤੀ। ਦੱਸਿਆ ਕਿ ਇਸ ਕਵੀ ਨੂੰ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਜਾਣਦੇ ਹਨ। ਮਨਵਾੜ ਦੇ ਸਿੱਖਾਂ ਨੇ ਲਾਸ਼ ਸੰਭਾਲ ਲਈ ਤੇ ਬਲਕਾਰ ਸਿੰਘ ਪਰਿਵਾਰ ਨੂੰ ਸੋਗੀ ਖ਼ਬਰ ਦੇਣ ਲਈ ਗੱਡੀ ਚੜ੍ਹ ਗਿਆ। ਉਹ ਬਰਨਾਲੇ ਪਹੁੰਚਾ ਜਿਥੇ ਲੇਖਕਾਂ ਦੀ ਸਭਾ ਹੋ ਰਹੀ ਸੀ। ਸਭਾ ਨੂੰ ਉਦਾਸੀ ਦੀ ਮ੍ਰਿਤੂ ਬਾਰੇ ਦੱਸਿਆ। ਸਭਾ ਦੇ ਮੈਂਬਰਾਂ ਨੇ ਹਾਮੀ ਭਰੀ ਕਿ ਉਹ ਰਾਏਸਰ ਉਦਾਸੀ ਦੇ ਪਰਿਵਾਰ ਨੂੰ ਦੱਸ ਦੇਣਗੇ। ਪਰ ਦੱਸਣ ਕੋਈ ਨਾ ਗਿਆ!

ਉਦਾਸੀ ਸਾਡਾ ਅਜ਼ੀਮ ਸ਼ਾਇਰ ਸੀ ਜੋ 1939 ਤੋਂ 86 ਤਕ ਜੀਵਿਆ। ਉਸ ਦੇ ਕਾਵਿ ਸੰਗ੍ਰਿਹ 'ਲਹੂ ਭਿੱਜੇ ਬੋਲ', 'ਚੌ-ਨੁਕਰੀਆਂ ਸੀਖਾਂ' ਤੇ 'ਸੈਨਤਾਂ' ਉਸ ਦੀ ਹਯਾਤੀ ਵਿਚ ਛਪੇ। ਪਿੱਛੋਂ ਉਸ ਦੇ ਅਣਛਪੇ ਗੀਤਾਂ ਤੇ ਕਵਿਤਾਵਾਂ ਦਾ ਸੰਗ੍ਰਿਹ 'ਕੰਮੀਆਂ ਦਾ ਵਿਹੜਾ' ਛਪਿਆ। ਉਹ ਕੈਨੇਡਾ ਗਿਆ ਪਰ ਹੋਰ ਕਈ ਸਾਥੀਆਂ ਵਾਂਗ ਉਥੇ ਪੱਕੇ ਹੋਣ ਦਾ ਜੁਗਾੜ ਕਰਨੋਂ ਇਨਕਾਰ ਕਰਦਾ। ਕਮਰਸ਼ਲ ਗਾਇਕੀ ਨੂੰ ਲੱਤਾਂ ਮਾਰਦਾ ਰਿਹਾ। ਅਖੀਰ ਤਕ ਲਾਲ ਸਲਾਮ ਕਹਿੰਦਾ ਰਿਹਾ। ਕੈਸੀ ਵਿਡੰਬਨਾ ਹੈ ਕਿ ਉਦਾਸੀ ਦੀ ਦੇਹ ਦਾ ਅੰਤਮ ਸੰਸਕਾਰ ਉਹਦੇ ਸਾਥੀਆਂ ਵੱਲੋਂ ਲਾਲ ਸਲਾਮ ਕਹੇ ਬਿਨਾਂ ਮਨਵਾੜ ਦੇ ਸਿੱਖਾਂ ਨੇ ਇਕ ਸਿੱਖ ਦੀ ਲਾਵਾਰਸ ਲਾਸ਼ ਵਜੋਂ ਕੀਤਾ। 12 ਨਵੰਬਰ ਨੂੰ ਉਦਾਸੀ ਦੇ ਦੋਵੇਂ ਰਿਸ਼ਤੇਦਾਰਾਂ ਨੇ ਆ ਕੇ ਦੱਸਿਆ ਕਿ ਉਹਦੇ ਫੁੱਲ ਗੋਦਾਵਰੀ ਨਦੀ 'ਚ ਤਾਰ ਆਏ ਹਨ ਤੇ ਉਹਦਾ ਬੈਗ ਲੈ ਆਏ ਹਨ। ਅਜਿਹੀ ਹੋਣੀ ਸੀ ਇਸ ਇਨਕਲਾਬੀ ਲੋਕ ਕਵੀ ਦੀ! ਉਦਾਸੀ ਦੀ ਵਸੀਅਤ ਹੈ:

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ,
ਰੇਤੇ 'ਚ ਨਾ ਰਲਾਇਓ।
ਮੇਰੀ ਵੀ ਕੀ ਜ਼ਿੰਦਗੀ ਸੀ,
ਇੱਕ ਬੂਰ ਸਰਕੜੇ ਦਾ।
ਆਹਾਂ ਦਾ ਇੱਕ ਸੇਕ ਕਾਫੀ,
ਤੀਲੀ ਬੇਸ਼ੱਕ ਨਾ ਲਾਇਓ।
ਵਲਗਣ 'ਚ ਕੈਦ ਹੋਣਾ,
ਮੇਰੇ ਨਹੀਂ ਮੁਆਫਿਕ।
ਯਾਰਾਂ ਦੇ ਵਾਂਗ, ਅਰਥੀ ਤੇ ਹੀ ਜਲਾਇਓ।
ਹੋਣਾ ਨਹੀਂ ਮੈਂ ਚਾਹੁੰਦਾ,
ਸੜ ਕੇ ਸੁਆਹ ਇੱਕ ਵੇਰਾਂ।
ਜਦ ਜਦ ਢਲੇਗਾ ਸੂਰਜ,
ਕਣ ਕਣ ਮੇਰਾ ਜਲਾਇਓ।
ਜੀਵਨ ਤੇ ਮੌਤ ਤਾਈਂ,
ਆਉਂਦੇ ਬੜੇ ਚੁਰਾਹੇ।
ਜਿਸ ਦਾ ਪੰਧ ਬਿਖੇੜਾ,
ਓਸੇ ਹੀ ਰਾਹ ਜਾਇਓ।



'ਸੰਵਾਦ' ਦਾ 'ਲੋਕ ਕਵੀ ਸੰਤ ਰਾਮ ਉਦਾਸੀ' ਅੰਕ ਰਿਲੀਜ਼ ਕਰਦੇ ਹੋਏ ਲੇਖਕ

# ਮੂੰਹ-ਮੁਹਾਰਨੀ

**ਜ਼ਿੰਦਗੀ ਦਾ ਨਾਦ**

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਹ ਇਸ ਤੋਂ ਪਹਿਲਾਂ ਨੈਣਾਂ ਦੇ ਤੀਰ ਚਲਾ ਚੁਕੇ ਹਨ ਅਤੇ ਦਿਲ ਦੀਆਂ ਬਾਤਾਂ ਪਾ ਚੁਕੇ ਹਨ ਅਤੇ ਕਈਆਂ ਦੇ ਕੰਨਾਂ 'ਚ ਫੂਕ ਮਾਰ ਚੁਕੇ ਹਨ, ਕੰਨਾਂ 'ਚ ਪਾਈਆਂ ਨੱਤੀਆਂ, ਮੁਰਕੀਆਂ, ਬੁੰਦੇ, ਝੁਮਕੇ ਆਦਿ ਸ਼ਖਸੀ ਸੁੰਦਰਤਾ ਨੂੰ ਚਾਰ ਚੰਨ ਲਾਉਣ ਦੀ ਬਾਤ ਸੁਣਾ ਚੁਕੇ ਹਨ। ਹਥਲੇ ਲੇਖ ਵਿਚ ਉਨ੍ਹਾਂ ਕਿਸੇ ਦੇ ਮੂੰਹੋਂ ਵੀ ਗੱਲ ਖੋਹੀ ਹੈ ਅਤੇ ਕਿਸੇ ਦੇ ਮੂੰਹ 'ਤੇ ਵੀ ਮਾਰੀ ਹੈ। ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਨੂੰ ਇਹ ਨਸੀਹਤ ਵੀ ਦਿੱਤੀ ਹੈ ਕਿ ਮੂੰਹ ਦੀਆਂ ਲੁਭਾਉਣੀਆਂ ਲੱਜਤਾਂ ਵਿਚ ਗੁਆਚਣ ਦੀ ਬਜਾਏ, ਇਸ ਦੀਆਂ ਨਿਆਮਤਾਂ ਨੂੰ ਅਪਨਾਉਣ ਅਤੇ ਤਰਕਸੰਗਤੀ ਰਾਹਾਂ ਨੂੰ ਮੰਜ਼ਲ-ਮਾਰਗ ਬਣਾਉਣ ਵੰਨੀਂ ਕਦਮ ਜਰੂਰ ਪੁੱਟਣਾ, ਤੁਹਾਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਣਗੀਆਂ। -ਸੰਪਾਦਕ*

ਮੂੰਹ, ਮਨੁੱਖੀ ਦਿੱਖ, ਚਿਹਰੇ ਦਾ ਸਰੂਪ, ਮੁੱਖੜੇ ਦਾ ਅਹਿਮ ਅੰਗ, ਨਕਸ਼ਾਂ ਦੀ ਨਿਸ਼ਾਨਦੇਹੀ, ਸਰੀਰਕ ਊਰਜਾ ਦਾ ਸਰੋਤ, ਬੋਲਬਾਣੀ ਦਾ ਬਿੰਬ ਅਤੇ ਖੁਦ 'ਚੋਂ ਖੁਦਾ ਲਈ ਹੂਕ।

ਮੂੰਹ, ਰੂਹ ਦਾ ਰੱਜ, ਜੁਬਾਨ ਦਾ ਚੱਜ। ਪੇਟ-ਪੂਰਤੀ ਦਾ ਦੁਆਰ ਅਤੇ ਸਵਾਦ ਸਾਧਨਾਂ ਦਾ ਆਧਾਰ। ਬਹੁਤ ਸਾਰੇ ਸਰੋਕਾਰਾਂ ਦਾ ਆਧਾਰ ਜਿਹੜੇ ਅਸੀਂ ਜਾਣੇ-ਅਣਜਾਣੇ ਦਰ-ਕਿਨਾਰ ਕਰੀ ਰੱਖਦੇ। ਮੂੰਹ ਵਿਚਲੇ ਦੰਦਾਂ ਦੀ ਬਤੀਸੀ, ਸਦਾ ਹਰਕਤ ਵਿਚ ਰਹਿਣ ਵਾਲਾ ਜੁਬਾਨ-ਰੂਪੀ ਮਾਸ ਦਾ ਲੋਥੜਾ, ਹੋਠ ਆਦਿ ਮੂੰਹ ਦਾ ਸੁਹੱਪਣ ਵੀ ਹੁੰਦੇ ਤੇ ਕੋਝਾਪਣ ਵੀ। ਇਹ ਅੰਗ ਮੂੰਹ ਨੂੰ ਕਿਹੜਾ ਰੂਪ ਦਿੰਦੇ ਅਤੇ ਅਸੀਂ ਇਨ੍ਹਾਂ ਰਾਹੀਂ ਖੁਦ ਦੇ ਕਿਸ ਰੂਪ, ਆਵੇਸ਼ ਤੇ ਚੇਤਨਾ ਨੂੰ ਪ੍ਰਗਟ ਕਰਦੇ, ਇਹ ਸਾਡੇ 'ਤੇ ਹੀ ਨਿਰਭਰ ਕਰਦਾ।

ਮੂੰਹ ਨਾਲ ਜੁੜੀਆਂ ਹੋਈਆਂ ਨੇ ਬਹੁਤ ਸਾਰੀਆਂ ਕਿਰਿਆਵਾਂ। ਹਰ ਰੋਜ਼ ਮੂੰਹ ਨਾਲ ਸਬੰਧਤ ਅੰਗ ਬਾਖੂਬੀ ਨਿਭਾਉਂਦੇ ਵੱਖ-ਵੱਖ ਕਾਰਜ। ਭਾਵੇਂ ਇਹ ਦੰਦਾਂ ਨਾਲ ਚਿੱਥ ਕੇ ਰੋਟੀ ਖਾਂਦਿਆਂ, 'ਰੋਟੀ ਪੀਓ ਅਤੇ ਪਾਣੀ ਖਾਓ' ਦੇ ਸੱਚ ਨੂੰ ਸਿੱਧ ਕਰਨਾ ਹੋਵੇ, ਜੀਭ ਨਾਲ ਰੱਸ ਚੱਖਣਾ ਹੋਵੇ, ਜੀਭ ਰਾਹੀਂ ਭਾਵਾਂ ਨੂੰ ਜੁਬਾਨ ਦੇਣੀ ਹੋਵੇ, ਬੁੱਲੀਆਂ 'ਤੇ ਮਲਿਆ ਹੋਇਆ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਦਮੜੀ ਦਾ ਸੱਕ ਜਾਂ ਦੰਦਾਸਾ ਹੋਵੇ ਤੇ ਮੇਲਦਾ ਹਾਸਾ ਹੋਵੇ, ਕਿਸੇ ਦੇ ਹੋਠਾਂ ਨੂੰ ਸਹਿਲਾਉਣਾ ਹੋਵੇ, ਕੋਸੇ ਚੁੰਮਣਾਂ ਰਾਹੀਂ ਅੰਤਰੀਵ ਵਿਚ ਉਤਰਨਾ ਹੋਵੇ ਜਾਂ ਬੁੱਲ ਨਾਲ ਬੁੱਲ ਜੋੜ ਨੇ ਵਿਸਮਾਦੀ ਅਨੰਦ ਮਾਨਣਾ ਹੋਵੇ।

ਮੂੰਹ, ਮਨੁੱਖ ਦੀ ਹੋਂਦ ਨੂੰ ਸਿੱਧ ਕਰਨ ਦਾ ਸਾਜ਼, ਹਉਮੈ ਦਾ ਦਮਗਜ਼ਾ ਅਤੇ ਖੁਦੀ ਨੂੰ ਵਿਸਥਾਰਨ ਦਾ ਸਾਧਨ।

ਮੂੰਹ ਹੀ ਸਬੱਬ ਬਣਦਾ ਹੈ ਮੂਕ ਭਾਸ਼ਾ ਰਾਹੀਂ ਅੰਤਰੀਵ ਨੂੰ ਫਰੋਲਣ ਦਾ ਜਾਂ ਕਿਸੇ ਦੀ ਸਾਹ-ਰਗ 'ਚ ਤੱਤਾ ਸਾਹ ਘੋਲਣ ਦਾ।

ਬੰਦ ਮੂੰਹ ਬਹੁਤ ਸਾਰੇ ਭੇਤਾਂ ਨੂੰ ਗੁੱਝੇ ਰੱਖਣ ਦੇ ਸਮਰੱਥ ਜਦ ਕਿ ਹੱਥ ਸਭ ਤੋਂ ਇਮਾਨਦਾਰ ਹੁੰਦੇ ਜੋ ਤੁਹਾਡੇ ਸਰੀਰਕ ਭਾਵਾਂ ਨੂੰ ਪੇਸ਼ ਕਰਨ ਤੋਂ ਬਗੈਰ ਨਹੀਂ ਰਹਿ ਸਕਦੇ।

ਮੂੰਹ ਨੂੰ ਲੋੜ ਅਨੁਸਾਰ ਅਤੇ ਨਿਯਮਿਤ ਸਮੇਂ 'ਤੇ ਸਹੀ ਸੰਦਰਭ ਵਿਚ ਖੋਲ੍ਹਣ, ਸਹੀ ਵਰਤੋਂ ਅਤੇ ਇਸ ਰਾਹੀਂ ਉਪਜਦੀਆਂ ਬੁਰਾਈਆਂ ਤੇ ਚੰਗਿਆਈਆਂ ਬਾਰੇ ਸੁਚੇਤ ਕਰਦਿਆਂ ਗੁਰਬਾਣੀ ਦਾ ਫੁਰਮਾਨ ਹੈ,

ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥੧॥ (ਪੰਨਾ 1288)

ਜਾਂ

ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥ (ਪੰਨਾ 1289)

ਮੂੰਹ ਮਨੁੱਖੀ ਲੋਕ ਧਾਰਾ ਨਾਲ ਜੁੜਿਆ ਅਜਿਹਾ ਸ਼ਬਦ ਹੈ ਜਿਸ ਨਾਲ ਜੁੜੇ ਹੋਏ ਨੇ ਬਹੁਤ ਸਾਰੇ ਅਖਾਣ, ਲੋਕ-ਤੱਥ, ਜੀਵਨ-ਵਿਚਾਰ ਅਤੇ ਜੀਵਨ-ਜੁਗਤਾਂ। ਭੁੱਖ, ਪਿਆਸ, ਪੀੜਾ, ਖੁਸ਼ੀ, ਹਉਕਾ, ਹੇਰਵਾ ਅਤੇ ਹਿਚਕੀ ਨੂੰ ਜ਼ਾਹਰ ਕਰਨ ਲਈ ਸਭ ਤੋਂ ਪਹਿਲਾਂ ਮੂੰਹ ਹੀ ਸਾਡਾ ਸਾਧਨ ਬਣਦਾ ਅਤੇ ਅਸੀਂ ਆਪਾ ਪ੍ਰਗਟਾਉਂਦੇ।

ਮੂੰਹ, ਮਾਨਵਤਾ ਦਾ ਆਧਾਰ ਵੀ ਅਤੇ ਅਮਾਨਵੀ ਵਰਤਾਰਿਆਂ ਦੀ ਧਰਾਤਲ ਵੀ। ਇਹ ਇਸ ਗੱਲ 'ਤੇ ਨਿਰਭਰ ਕਰਦਾ ਕਿ ਮੂੰਹ ਕਿਹੜੇ ਪਾਸੇ ਨੂੰ ਮੁੜਦਾ, ਕਿਸ ਦੀ ਹੇਕ ਜਾਂ ਹੁੰਗਾਰਾ ਬਣਦਾ ਅਤੇ ਕਿਹੜੀ ਵਿਚਾਰਧਾਰਾ ਦਾ ਧਾਰਨੀ ਹੋ ਕੇ ਸਮਾਜ 'ਚ ਆਪਣੀ ਅਵਾਜ਼ ਬੁਲੰਦ ਕਰਦਾ।

ਕੁਝ ਲੋਕਾਂ ਦੇ ਮੂੰਹ 'ਚੋਂ ਕੁਹਜ ਉਛਲਦਾ ਜੋ ਸਾਥੀਆਂ, ਸਬੰਧਾਂ ਤੇ ਸਨੇਹੀਆਂ ਨੂੰ ਪੀੜਾ ਦੇਣ ਵਿਚੋਂ ਹੀ ਸਵੈ ਲਈ ਖੁਸ਼ੀ ਅਤੇ ਤਸੱਲੀ ਭਾਲਦੇ ਜਦ ਕਿ ਕੁਝ ਦੇ ਮੁਖਾਰਬਿੰਦ ਵਿਚੋਂ ਸੁੱਚੇ ਬੋਲਾਂ ਦੇ ਸੂਹੇ ਫੁੱਲ ਕਿਰਦੇ ਜੋ ਸਮਾਜ ਤੇ ਮਾਨਵੀ ਵਰਤਾਰੇ ਨੂੰ ਸੁਹੱਪਣ ਬਖਸ਼ਦੇ।

ਕਿਸੇ ਦਾ ਮੂੰਹ ਰੱਖਣ ਲਈ ਆਪਣੀ ਸੋਚ-ਧਾਰਨਾ ਦੀ ਬਲੀ ਵਾਲੇ ਲੋਕ ਸਮਾਜ ਦਾ ਕਲੰਕ। ਉਨ੍ਹਾਂ ਲਈ ਸਮਾਜਿਕ ਸੂਝ, ਬੰਦਿਆਈ ਭਰਪੂਰ ਕਾਰਜ ਜਾਂ ਸੰਤੁਲਿਤ ਸੋਚ ਨੂੰ ਦਿਤੀ ਹੋਈ ਤਿਲਾਂਜਲੀ ਹੀ ਹੁੰਦੀ ਜੋ ਮਨੁੱਖੀ ਹੋਂਦ ਦੀ ਸਿਮਟਣੀ ਬਣ ਜਾਂਦੀ।

ਛੋਟਾ ਦਿਮਾਗ ਅਤੇ ਵੱਡੇ ਮੂੰਹ ਵਾਲੇ ਲੋਕ ਸਮਾਜ ਦਾ ਤਿੜਕਿਆ ਬਿੰਬ ਹੁੰਦੇ ਜਿਨ੍ਹਾਂ ਕਰਕੇ ਪਰਿਵਾਰ, ਸਮਾਜ ਤੇ ਭਾਈਚਾਰਿਆਂ ਵਿਚ ਖਿਚੋਤਾਣ ਪੈਦਾ ਹੁੰਦੀ। ਤਿੜਕੀਆਂ ਕੰਧਾਂ ਅਤੇ ਚਸਕਦੇ ਬੂਹੇ-ਬਾਰੀਆਂ ਦਾ ਦਰਦ, ਘਰ ਦੇ ਸੁਖਦ ਅਹਿਸਾਸ ਨੂੰ ਲੀਰਾਂ ਕਰ ਦਿੰਦਾ। ਜਦ ਕਿ ਵੱਡੇ ਦਿਮਾਗ ਅਤੇ ਛੋਟੇ ਮੂੰਹ ਦਾ ਰਿਸ਼ਤਾ ਮਨੁੱਖਤਾ ਲਈ ਬਹੁਤ ਹੀ ਅਹਿਮ। ਇਸ ਦੀ ਅਹਿਮੀਅਤ ਸਮਝਣ ਵਾਲੇ ਇਸ 'ਤੇ ਪਹਿਰਾ ਦਿੰਦੇ ਜਿਸ ਨਾਲ ਉਨ੍ਹਾਂ ਦੇ ਪਰਿਵਾਰਕ ਰਿਸ਼ਤਿਆਂ ਵਿਚਲੀ ਪਾਕੀਜ਼ਗੀ, ਪਕੇਰਾਪਣ ਅਤੇ ਪਹਿਚਾਣ ਨੂੰ ਨਵੇਂ ਬਿੰਬ ਮਿਲਦੇ।

ਬਹੁਤ ਜਰੂਰੀ ਹੁੰਦਾ ਏ ਕਿ ਮੂੰਹ ਖੋਲ੍ਹਣ ਤੋਂ ਪਹਿਲਾਂ ਦਿਮਾਗ ਦੀ ਸੰਦੂਕੜੀ ਨੂੰ ਖੋਲ੍ਹ ਕੇ ਸਮਝ, ਸਿਆਣਪ ਤੇ ਸ਼ਬਦਾਂ ਵਿਚਲਾ ਸਮਤੋਲ ਬਣਾਇਆ ਜਾਵੇ ਕਿਉਂਕਿ ਮੂੰਹ 'ਚੋਂ ਨਿਕਲੇ ਲਫਜ਼ ਕਦੇ ਪਰਤ ਕੇ ਵਾਪਸ ਨਹੀਂ ਆਉਂਦੇ।

ਮੂੰਹ ਨੂੰ ਥੋੜ੍ਹਾ ਖੋਲ੍ਹਣਾ ਅਤੇ ਦਿਮਾਗੀ ਤੰਦਰੁਸਤੀ ਨੂੰ ਚਿਰੰਜੀਵ ਰੱਖਣਾ ਹੀ ਚੰਗੇਰੀ ਜੀਵਨ-ਜਾਚ। ਚੰਗਾ ਹੋਵੇਗਾ ਜੇ ਅਸੀਂ ਖੁਦ ਨੂੰ ਦਿਮਾਗੀ ਚੇਤਨਾ ਅਤੇ ਮੂੰਹ ਦੇ ਨਿੱਕੇਪਣ ਦਾ ਅਹਿਸਾਸ ਕਰਵਾਉਂਦੇ ਰਹੀਏ।

ਜਦ ਕੋਈ ਨਿੱਕਾ ਮੂੰਹ, ਵੱਡੀ ਬਾਤ ਦੇ ਅਰਥ ਫਰੋਲਦਿਆਂ ਖੁਦ ਦਾ ਵਿਸ਼ਲੇਸ਼ਣ ਕਰਦਾ ਤਾਂ ਵਿਅਕਤੀ ਆਪਣੇ ਆਪ ਦੇ ਸਭ ਤੋਂ ਨਜ਼ਦੀਕ ਹੁੰਦਾ। ਅਜਿਹੀ ਨੇੜਤਾ ਹੀ ਸਰਬਮੁੱਖੀ ਵਿਕਾਸ ਦਾ ਆਧਾਰ ਬਣਦੀ।

ਮੂੰਹ ਮੰਗੀ ਦਾਤ ਜਦ ਸਾਡੀ ਝੋਲੀ ਪੈਂਦੀ ਤਾਂ ਬਹੁਤੀ ਵਾਰ ਅਸੀਂ ਸ਼ੁਕਰਗੁਜ਼ਾਰ ਹੋਣ ਦੀ ਬਜਾਏ, ਨਾ-ਸ਼ੁਕਰੇ ਪਲਾਂ ਦਾ ਠੂਠੇ ਫੜ ਕੇ ਸਵਾਲੀ ਬਣ ਬਹਿੰਦੇ। ਇਸ ਨਾ-ਸ਼ੁਕਰੇਪਣ ਵਿਚੋਂ ਹੀ



ਉਪਜੀ ਏ ਅਜੋਕੀ ਮਨੁੱਖੀ ਸੰਤਾਪ ਦੀ ਹੋਣੀ।

ਬੱਚਾ ਮੂੰਹ ਚਿੜਾਉਂਦਾ ਤਾਂ ਅਸੀਂ ਇਸ 'ਚੋਂ ਖੁਸ਼ੀ ਤੇ ਖੇੜਾ ਕਿਆਸਦੇ। ਸਾਨੂੰ ਨੀਵਾਂ ਦਿਖਾਉਣ ਲਈ ਜਦ ਕੋਈ ਮੂੰਹ ਦੇ ਕੋਝੇ ਰੂਪ ਬਣਾਉਂਦਾ ਤਾਂ ਸਾਡੀ ਸੰਵੇਦਨਾ ਡੰਗੀ ਜਾਂਦੀ। ਅਸੀਂ ਭੜਕ ਪੈਂਦੇ ਅਤੇ ਇਸ ਭੜਕਾਹਟ ਵਿਚੋਂ ਹੀ ਸਾਡਾ ਖੋਖਲਾਪਣ ਨਜ਼ਰ ਆਉਂਦਾ। ਦਰਅਸਲ ਹਰ ਵਿਅਕਤੀ ਦੇ ਅੰਦਰ ਇਕ ਕੂੜੇਦਾਨ ਵੀ ਹੁੰਦਾ ਜਿਸ ਵਿਚ ਈਰਖਾ, ਕਰੋਧ, ਸਾੜਾ, ਗੁੱਸਾ, ਢੀਠਤਾ, ਕਮੀਨਗੀ, ਝੂਠ, ਫਰੇਬ, ਲਾਲਚ ਆਦਿ ਸਾਂਭਿਆ ਹੁੰਦਾ ਜੋ ਇਨ੍ਹਾਂ ਨਾਲ ਤੁਹਾਨੂੰ ਲਬੇੜ ਸਕਦਾ ਹੈ ਜਾਂ ਉਸ ਦੀ ਆਤਮਾ ਦੇ ਆਲ੍ਹੇ 'ਚ ਫੁੱਲਦਾਨ ਹੁੰਦਾ ਹੈ ਜਿਸ ਵਿਚ ਪਿਆਰ, ਆਪਣਾਪਣ, ਹਲੀਮੀ, ਮਿਲਵਰਤਣ, ਸ਼ੁਭ-ਵਿਚਾਰ, ਸਨੇਹੀ-ਕਾਮਨਾ, ਸੇਵਾ-ਭਾਵਨਾ ਦੇ ਸੱਜਰੇ ਫੁੱਲ ਹੁੰਦੇ ਜੋ ਮਹਿਕਾਂ ਤੇ ਰੰਗਾਂ ਦੇ ਸੰਧਾਰੇ ਵੰਡਦਾ, ਜੀਵਨੀ ਕਿਰਤ-ਸਾਧਨਾ 'ਚ ਹਮੇਸ਼ਾ ਜੁਟਿਆ ਰਹਿੰਦਾ।

ਮੂੰਹ, ਮੁਹਤਾਜੀ ਵੀ ਤੇ ਮੁਹੱਬਤ ਵੀ, ਮੰਨਤ ਵੀ ਤੇ ਮੰਗਤਾ ਵੀ, ਮਜ਼ਮਾ ਵੀ ਤੇ ਮਹਿਫਿਲ ਵੀ, ਮੋਹਵੰਤਾ ਵੀ ਤੇ ਮੋਹਭੰਗਤਾ ਵੀ, ਮਨਮਾਨੀ ਵੀ ਤੇ ਮਨਧੀਰਤਾ ਵੀ, ਮੌਜ-ਮਸਤੀ ਵੀ ਤੇ ਮਲੰਗੀਪੁਣਾ ਵੀ ਅਤੇ ਮੇਲਾ ਵੀ ਤੇ ਮੌਨ ਵੀ। ਇਕ ਸ਼ਖਸ ਕਿਸ ਰੂਪ ਵਿਚ ਤੁਹਾਡੇ ਸਾਹਮਣੇ ਰੂਬਰੂ ਹੁੰਦਾ, ਇਹ ਉਸ ਦੇ ਸਰੋਕਾਰ ਤੇ ਸ਼ਖਸੀ ਬਿੰਬ 'ਤੇ ਜ਼ਿਆਦਾਤਰ ਨਿਰਭਰ ਕਰਦਾ।

ਜਦ ਕਿਸੇ ਵਿਅਕਤੀ ਦੀ ਆਸਥਾ ਸਿਖਰ 'ਤੇ ਪਹੁੰਚਦੀ ਤਾਂ ਉਹ ਸਵੈ-ਸੰਤੁਸ਼ਟੀ ਵਿਚੋਂ ਹੀ ਖੁਦ ਨੂੰ ਤਲਾਸ਼ਦਾ। ਉਸ ਦੇ ਅੰਤਰੀਵ ਵਿਚ "ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ" ਦੀ ਧੁਨੀ ਗੂੰਜਦੀ।

ਜਦ ਮੂੰਹ ਵਿਚੋਂ ਨਿਕਲੀ ਹਰ ਮੰਗ ਪੂਰੀ ਹੋਣ ਲੱਗ ਪਵੇ ਤਾਂ ਜੀਵਨ ਸਹਿਲ ਲੱਗਦਾ। ਜਦ ਅਜਿਹੇ ਲੋਕਾਂ ਦੇ ਜੀਵਨ-ਪੰਧ ਵਿਚ ਮੁਸ਼ਕਲਾਂ ਦਾ ਪਹਾੜ ਉਗਦਾ ਤਾਂ ਜ਼ਿੰਦਗੀ ਦੁਸ਼ਵਾਰ ਲੱਗਦੀ। ਪਰਿਵਾਰਕ ਤਾਣਾ-ਬਾਣਾ ਉਲਝ ਜਾਂਦਾ। ਵਿਗੜੇ ਹੋਏ ਕਾਕੇ ਅਤੇ ਵੈਲੀ ਸਰਦਾਰ, ਆਪਣੀ ਅਤੇ ਖਾਨਦਾਨ ਦੀ ਸ਼ਾਨ ਰੋਲਣ ਦੇ ਰਾਹ ਤੁਰ ਪੈਂਦੇ। ਪਰ ਜਦ ਕੁਝ ਮੰਗਣ ਤੋਂ ਪਹਿਲਾਂ ਬੱਚੇ ਦੇ ਮਨ ਅੰਦਰ ਡਰ, ਬੇਬਸੀ ਪੈਦਾ ਹੋ ਜਾਵੇ। ਇਸ ਮੰਗ ਕਾਰਨ ਮਾਪਿਆਂ ਦੇ ਮਨਾਂ ਵਿਚ ਪੈਦਾ ਹੋਣ ਵਾਲੀ ਫਿਕਰਮੰਦੀ ਅਤੇ ਤਰਸਯੋਗਤਾ ਦਾ ਕਿਆਸ ਉਗਣ ਲੱਗ ਪਵੇ ਤਾਂ ਮੰਗਾਂ ਮੰਗੀਆਂ ਨਹੀਂ ਜਾਂਦੀ ਸਗੋਂ ਖੂਨ-ਪਸੀਨੇ ਦੀ ਕਮਾਈ ਕਰਦਿਆਂ, ਕਿਰਤ ਵਿਚੋਂ ਸੁਪਨਿਆਂ ਦੀ ਭਰਵੀਂ ਫਸਲ ਉਗਾਉਣੀ ਪੈਂਦੀ ਜਿਸ ਦੇ ਸੁਨਹਿਰੀ ਦਾਣੇ ਆਰ-ਪਰਿਵਾਰ ਲਈ ਮਾਣ-ਸਨਮਾਨ ਦਾ ਪ੍ਰਚਮ ਬਣਦੇ। ਅਜਿਹੇ ਬੱਚੇ ਵੱਡੇ ਹੋ ਕੇ ਪਰਿਵਾਰ ਤੇ ਸਮਾਜ ਦਾ ਮੁਹਾਂਦਰਾ ਰੁਸ਼ਨਾਉਂਦੇ।

ਮੂੰਹ ਨੂੰ ਤਾਲਾ ਲਾ ਕੇ ਜਿਊਣ ਨੂੰ ਜਿਊਣਾ ਨਹੀਂ ਕਿਹਾ ਜਾ ਸਕਦਾ। ਇਸ ਨਾਲ ਦਮ ਤੋੜ ਦਿੰਦੀ ਏ ਆਸਾਂ, ਉਮੀਦਾਂ, ਚਾਅਵਾਂ ਤੇ ਸੁਪਨਿਆਂ ਦੀ ਨਸਲ। ਇਹ ਤਾਂ ਨਰਕ ਭੋਗਣਾ ਹੁੰਦਾ ਜਿਸ ਨਾਲ ਹਰ ਸਾਹ ਸੰਗ ਕੰਡਿਆਂ ਦੀ ਪੀੜ ਮਿਲਦੀ।

ਮੂੰਹ ਬੰਦ ਕਰਕੇ ਜੋਰ ਜਬਰੀ ਕਰਨ ਵਾਲੇ, ਮਾਸੂਮਾਂ ਦੀ ਪੱਤ ਰੋਲਣ ਵਾਲੇ ਅਤੇ ਅਬਲਾਵਾਂ ਦੇ ਸਿਰ 'ਤੇ ਚਿੱਟੀਆਂ ਚੁੰਨੀਆਂ ਤਾਣਨ ਵਾਲਿਆਂ ਲਈ ਜਦ ਚਿੱਟੀ ਚੁੰਨੀ, ਗੱਲ 'ਚ ਪਈ ਫਾਹੀ ਦਾ ਰੂਪ ਧਾਰ ਪਵੇ ਤਾਂ ਗੂੰਗੇ ਮੂੰਹਾਂ ਵਿਚੋਂ ਨਿਕਲੇ ਅਬੋਲ ਹੀ ਜੁਲਮ ਦਾ ਸਰਬਨਾਸ਼ ਕਰਨ ਲਈ ਕਾਫੀ ਹੁੰਦੇ। ਯਾਦ ਰੱਖਣਾ! ਅਨਾਥ, ਲਤਾੜੇ ਅਤੇ ਗਰੀਬ ਲੋਕਾਂ ਦੇ ਬੋਲਾਂ ਨੂੰ ਦਬਾਇਆ ਜਾ ਸਕਦਾ ਏ, ਡਰ ਦੇ ਬੋਝ ਥੱਲੇ ਲੁਕੋਣ ਦਾ ਭਰਮ ਪੈਦਾ ਕੀਤਾ ਜਾ ਸਕਦਾ ਏ ਪਰ ਉਸ ਦੀ ਅੰਦਰਲੀ ਉਥਲ-ਪੁਥਲ, ਮਨ ਵਿਚ ਪੈਦਾ ਹੋ ਰਿਹਾ ਰੋਹ ਅਤੇ ਅੰਤਰੀਵ ਵਿਚ ਬਲ ਰਿਹਾ ਵਿਦਰੋਹ ਜਦ ਬਾਹਰ ਨਿਕਲਦਾ ਤਾਂ ਕੁਕਰਮੀ ਨੂੰ ਭਸਮ ਕਰ ਦਿੰਦਾ।

ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਦੀ ਅਸਲੀਅਤ ਜਦ ਜੱਗ-ਜ਼ਾਹਰ ਹੁੰਦੀ ਤਾਂ ਉਹ ਨੀਚਤਾ ਦੀ ਅਜਿਹੀ ਰਸਾਤਲ ਬਣ ਜਾਂਦੇ ਕਿ ਜਿਸ ਤੋਂ ਨੀਚਤਾ ਖੁਦ ਹੀ ਸ਼ਰਮਸਾਰ ਹੁੰਦੀ। ਖੁਦ ਨੂੰ ਕਿੰਨਾ ਵੀ ਵਡਿਆ ਲਓ, ਇਸ ਦੇ ਕੋਈ ਅਰਥ ਨਹੀਂ। ਦੁਨੀਆਂ ਦੀਆਂ ਨਜ਼ਰਾਂ ਵਿਚ ਤੁਸੀਂ ਕੀ ਹੋ, ਇਸ ਦੇ ਬਹੁਤ ਹੀ ਗੂੜੇ ਅਤੇ ਅਮਿੱਟ ਅਰਥ ਹੁੰਦੇ।

ਮੂੰਹਾਂ ਦੀ ਮੰਗਵੀਂ ਧਾੜ, ਰੌਲੇ-ਰੱਪੇ ਤੱਕ ਹੀ ਸੀਮਤ ਹੁੰਦੀ ਏ। ਕੁਝ ਕਰ ਗੁਜਰਨ ਲਈ ਲਹੂ ਵਿਚ ਲੋਅ, ਹੋਸ਼ ਵਿਚ ਜੋਸ਼ ਅਤੇ ਖੂਨ ਵਿਚ ਜਨੂਨ ਦਾ ਕਦਮ-ਕਾਫਲਾ ਬਣਨਾ ਪੈਂਦਾ। ਅਜਿਹੇ ਕਾਫਲੇ ਹੀ ਗਿੱਦੜ ਭੱਬਕੀਆਂ ਦੀ ਹਿੱਕ ਦਾ ਖੰਜਰ ਬਣਦੇ।

ਮੂੰਹ ਜਦ ਮੋਹ-ਮੁਹੱਬਤ ਦੀ ਮੁਹਾਰਨੀ ਰੱਟਦਾ ਤਾਂ ਇਸ ਨਾਲ ਜਗਦੀਆਂ ਜੀਵਨ-ਜੋਤਾਂ। ਇਨ੍ਹਾਂ ਦੀ ਰੌਸ਼ਨੀ ਵਿਚ ਜੀਵਨੀ ਖੁੰਜਿਆਂ ਵਿਚ ਚਾਨਣ ਦਾ ਪਹੁ-ਫੁਟਾਲਾ ਹੁੰਦਾ। ਕੁਫਰ, ਕੁੜਿਤਣ, ਕਲੇਸ਼ ਅਤੇ ਕੜਵਾਹਟ ਦੀ ਕਾਲਖੀ ਧੁੰਦ ਛੱਟਦੀ ਅਤੇ ਚਾਨਣ-ਪੈੜਾਂ ਜੀਵਨ-ਨਾਦ ਬਣਦੀਆਂ।

ਮੂੰਹ ਨਾਲ ਹੀ ਰਿਸ਼ਤੇ, ਸਬੰਧ ਅਤੇ ਸਮਾਜ ਸਿਰਜਿਆ ਜਾਂਦਾ। ਇਸ ਲਈ ਮੂੰਹ ਨਾਲ ਅਜਿਹੇ ਹਰਫ-ਜੁਗਤ ਦਾ ਵਣਜ ਕਰੀਏ ਕਿ ਪਿਆਰ-ਸੁਨੇਹਾ, ਸੁਪਨ-ਸੰਦੇਸ਼ ਅਤੇ ਸਿਫਤਿ-ਸਾਲਾਹ ਵਿਚੋਂ ਹੀ ਆਪਣੇ ਆਪ ਨੂੰ ਨਿਹਾਰਨ ਅਤੇ ਨਿਖਾਰਨ ਦਾ ਸਬੱਬ ਬਣੇ।

ਮੂੰਹ ਦੀਆਂ ਲੁਭਾਉਣੀਆਂ ਲੱਜਤਾਂ ਵਿਚ ਗੁਆਚਣ ਦੀ ਬਜਾਏ, ਇਸ ਦੀਆਂ ਨਿਆਮਤਾਂ ਨੂੰ ਅਪਨਾਉਣ ਅਤੇ ਤਰਕਸੰਗਤੀ ਰਾਹਾਂ ਨੂੰ ਮੰਜ਼ਲ-ਮਾਰਗ ਬਣਾਉਣ ਵੰਨੀਂ ਕਦਮ ਜਰੂਰ ਪੁੱਟਣਾ, ਤੁਹਾਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਣਗੀਆਂ।

ਆਮੀਨ।

## ਮਘਦਾ ਰਹੀਂ ਵੇ ਸੂਰਜਾ

*ਸੰਤ ਰਾਮ ਉਦਾਸੀ*

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ,
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਰੂਹ ਬਣਗੀ ਇੱਕ ਹਾਵਾ ਹੈ,
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ,
ਜਿੱਥੇ ਕੈਦ ਅਣਖ ਦਾ ਲਾਵਾ ਹੈ,
ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਲੋਕ ਬੜੇ ਮਜ਼ਬੂਰ ਜਿਹੇ,
ਦਿੱਲੀ ਦੇ ਦਿਲ ਤੋਂ ਦੂਰ ਜਿਹੇ,
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ,
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਬੰਦਾ ਜੰਮਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ,
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ,
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਹਾਰ ਮੰਨ ਲਈ ਚਾਵਾਂ ਨੇ,
ਜਿੱਥੇ ਕੂੰਜ ਘੇਰ ਲਈ ਕਾਂਵਾਂ ਨੇ,
ਜਿੱਥੇ ਅਣਵਿਆਹੀਆਂ ਹੀ ਮਾਂਵਾਂ ਨੇ,
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜੇ ਸੋਕਾ ਇਹ ਹੀ ਸੜਦੇ ਨੇ,
ਜੇ ਡੋਬਾ ਇਹ ਹੀ ਮਰਦੇ ਨੇ,
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ,
ਜਿੱਥੇ ਫਸਲਾਂ ਨੇ ਛੱਡ ਜਾਂਦੀਆਂ ਅਰਮਾਨ ਤਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਰੋਟੀ ਵਿਚ ਮਨ ਘੁੱਟਿਆ ਹੈ,
ਜਿੱਥੇ ਨ੍ਹੇਰਾ ਦੱਬ ਕੇ ਜੁਟਿਆ ਹੈ,
ਜਿੱਥੇ ਗੈਰਤ ਦਾ ਤਗ ਟੁੱਟਿਆ ਹੈ,
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਤੂੰ ਆਪਣਾ ਆਪ ਮਚਾਂਦਾ ਹੈਂ,
ਪਰ ਆਪਾ ਹੀ ਰੁਸ਼ਨਾਂਦਾ ਹੈਂ,
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ,
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

## ਚੰਨ ਜਿਵੇਂ ਬੱਦਲਾਂ 'ਚੋਂ

ਆਈ ਏ ਬਸੰਤ ਨੱਚਦੀ,
ਲੈ ਕੇ ਖਿੜੇ ਹੋਏ ਫੁੱਲਾਂ ਦੀ ਕਿਆਰੀ।
ਚੰਨ ਜਿਵੇਂ ਬੱਦਲਾਂ 'ਚੋਂ,
ਹੋਵੇ ਉਤਰਿਆ ਮਾਰ ਕੇ ਉਡਾਰੀ।

ਰੱਬ ਨੇ ਸੁਨੇਹਾ ਸਾਨੂੰ ਫੁੱਲਾਂ ਹੱਥ ਘੱਲਿਆ।
ਸਤਿਗੁਰੂ ਰਾਮ ਸਿੰਘ ਤੁਸਾਂ ਤਾਈਂ ਘੱਲਿਆ।
ਆਏ ਜਿਹੜੇ ਰਾਹਾਂ ਤੋਂ,
ਉਹਨਾਂ ਰਾਹਾਂ ਤੋਂ ਮੈਂ ਜਾਵਾਂ ਬਲਿਹਾਰੀ।
ਆਈ ਏ ਬਸੰਤ ਨੱਚਦੀ...।

ਘੁੰਢ ਚੁੱਕ-ਚੁੱਕ ਉਹਨੂੰ ਕਲੀਆਂ ਨੇ ਤੱਕਿਆ।
ਕੱਢ ਕੇ ਕਸੀਰ ਉਹਨੂੰ ਬੱਲੀਆਂ ਨੇ ਤੱਕਿਆ।
ਕੀਤਾ ਏ ਦੀਦਾਰ ਜਿਸ ਨੇ,
ਉਹਨੂੰ ਚੜ੍ਹ ਗਈ ਏ ਨਾਮ ਦੀ ਖੁਮਾਰੀ।
ਆਈ ਏ ਬਸੰਤ ਨੱਚਦੀ...।

**ਜੰਗਲਨਾਮਾ-11**

**ਬਸਤਰ ਦੇ ਜੰਗਲਾਂ ਵਿਚ**

**ਸਤਨਾਮ**



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।...*

# ਸਾਂਝ ਦੀਆਂ ਬਰਕਤਾਂ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਖ਼ੇਮੇ ਵਿਚ ਮੇਰੇ ਚੌਵੀ ਘੰਟੇ ਰਹਿ ਗਏ ਹਨ। ਸ਼ਾਇਦ ਸਾਰਾ ਖ਼ੇਮਾ ਹੀ ਉਸ ਤੋਂ ਬਾਅਦ ਉਠ ਜਾਵੇਗਾ। ਉਹ ਆਪਣਾ ਮਾਲ-ਅਸਬਾਬ ਇਕੱਠਾ ਕਰਨਗੇ ਤੇ ਕਿਸੇ ਪਾਸੇ ਵੱਲ ਕੂਚ ਕਰ ਜਾਣਗੇ। ਖ਼ਾਨਾਬਦੋਸ਼ ਕਬੀਲਿਆਂ ਵਾਂਗ ਗੁਰੀਲਿਆਂ ਦਾ ਇਹ ਕਬੀਲਾ ਵੀ ਇਕ ਥਾਂ ਨਹੀਂ ਟਿਕਦਾ। ਇਸ ਨੂੰ ਉਹ ਆਪਣੀ ਭਾਸ਼ਾ ਵਿਚ 'ਮੋਬਿਲਿਟੀ' ਕਹਿੰਦੇ ਹਨ, ਯਾਨਿ ਗਤੀਸ਼ੀਲ ਰਹਿਣਾ। ਰਮਤੇ ਜੋਗੀਆਂ ਵਾਂਗ ਇਕ ਤੋਂ ਦੂਸਰੀ ਥਾਂ, ਦੂਸਰੀ ਤੋਂ ਤੀਸਰੀ।

ਸ਼ਾਮ ਨੂੰ ਆਈ ਟੀਮ ਨੂੰ ਉਸੇ ਤਰ੍ਹਾਂ ਖ਼ੁਸ਼-ਆਮਦੀਦ ਕਹੀ ਗਈ, ਜਿਵੇਂ ਸਾਡੇ ਆਉਣ ਉਤੇ ਕਹੀ ਗਈ ਸੀ। ਇਸੇ ਤਰ੍ਹਾਂ ਹੀ ਜਾਣ ਵਾਲਿਆਂ ਨੂੰ ਅਲਵਿਦਾ ਕਹੀ ਜਾਂਦੀ ਹੈ। ਸਾਰਾ ਖ਼ੇਮਾ ਇਕ ਥਾਂ ਇਕੱਠਾ ਹੁੰਦਾ ਹੈ ਅਤੇ ਜਾਣ ਵਾਲਿਆਂ ਨੂੰ ਹੱਥ ਮਿਲਾ ਕੇ ਅਤੇ ਸਲਾਮ ਕਹਿ ਕੇ ਤੋਰਦਾ ਹੈ। ਕੀ ਪਤਾ ਫਿਰ ਕੋਈ ਕਦੋਂ ਮਿਲੇ, ਮਿਲੇ ਜਾਂ ਨਾ ਹੀ ਮਿਲੇ। ਇਹ ਉਸੇ ਤਰ੍ਹਾਂ ਹੈ ਜਿਵੇਂ ਲਾਮ 'ਤੇ ਜਾਣਾ ਹੋਵੇ। ਇਹ ਲਾਮ ਹੀ ਹੈ, ਲਗਾਤਾਰ ਦੀ ਲਾਮ। ਜਿਹੜੀ ਟੁਕੜੀ ਅਗਾਂਹ ਜਾਵੇਗੀ, ਉਹ ਵਾਪਸ ਪਰਤੇਗੀ ਵੀ ਕਿ ਨਹੀਂ, ਇਸ ਦਾ ਕੋਈ ਭਰੋਸਾ ਨਹੀਂ। ਸੋ, ਉਹ ਪੂਰੇ ਤਿਹੁ ਨਾਲ ਮਿਲਦੇ ਤੇ ਵਿਛੜਦੇ ਹਨ। ਖ਼ੁਸ਼ ਹੋ ਕੇ ਆਮਦੀਦ ਕਹਿੰਦੇ ਹਨ, ਖ਼ੁਸ਼ ਹੋ ਕੇ ਵਿਦਾ ਕਰਦੇ ਹਨ। ਇਸ ਤਰ੍ਹਾਂ ਨਾਲ ਉਹ ਇਕ ਦੂਸਰੇ ਨੂੰ ਹੌਸਲਾ ਵੀ ਬਖ਼ਸ਼ਦੇ ਹਨ ਅਤੇ ਤਾਕਤ ਵੀ ਦਿੰਦੇ ਹਨ। ਅਜਿਹਾ ਕਰਨਾ ਉਨ੍ਹਾਂ ਦੇ ਅਕੀਦੇ ਨੂੰ ਹੋਰ ਵੀ ਪੱਕਾ ਕਰਦਾ ਹੈ। ਨਵੇਂ ਆਏ ਲੋਕਾਂ ਨੂੰ ਤੁਸੀਂ ਪਛਾਣਦੇ ਨਹੀਂ ਹੋ, ਪਰ ਤੁਸੀਂ ਗਰਮਜੋਸ਼ੀ ਨਾਲ ਮਿਲਦੇ ਹੋ ਜਿਵੇਂ ਮੁੱਦਤਾਂ ਤੋਂ ਜਾਣਦੇ ਹੋਵੋ ਤੇ ਮੁੱਦਤਾਂ ਪਿਛੋਂ ਹੀ ਮਿਲ ਰਹੇ ਹੋਵੋ। ਮਿਲਣ ਤੇ ਵਿਦਾ ਹੋਣ ਦਾ ਇਹ ਤਰੀਕਾ ਉਨ੍ਹਾਂ ਦੀ ਜ਼ਿੰਦਗੀ ਦੇ ਤੌਰ ਦੀ ਦੇਣ ਹੈ, ਉਸ ਵਿਚੋਂ ਉਪਜੀ ਹੋਈ ਜ਼ਰੂਰਤ ਹੈ ਜਿਸ ਨੇ ਆਪਣਾ ਢੰਗ ਖ਼ੁਦ ਹੀ ਪੈਦਾ ਕਰ ਲਿਆ ਹੈ।

"ਲਓ, ਹੋ ਗਿਆ ਮਹਾਂ-ਭੋਜ!" ਰਾਤ ਨੂੰ ਜਦ ਥਾਲੀ ਵਿਚ ਸ਼ਿਕਾਰ ਦੇ ਮਾਸ ਨਾਲ ਚੌਲ ਮਿਲੇ ਤਾਂ ਕੋਸਾ ਬੋਲਿਆ।

ਨਾਲ ਦੇ ਕਿਸੇ ਪਿੰਡ ਤੋਂ ਕਬਾਇਲੀ ਲੋਕ ਜੰਗਲੀ ਸੂਰ ਦਾ ਸ਼ਿਕਾਰ ਕਰ ਲਿਆਏ ਸਨ। ਉਹ ਚਾਹੁੰਦੇ ਸਨ ਕਿ ਪਿੰਡ ਵੱਲੋਂ ਕੈਂਪ ਵਾਲਿਆਂ ਨੂੰ ਵਿਸ਼ੇਸ਼ ਦਾਅਵਤ ਦਿੱਤੀ ਜਾਵੇ। ਉਨ੍ਹਾਂ ਨੇ ਆਪ ਹੀ ਰਿੱਧਾ, ਪਕਾਇਆ ਤੇ ਪਰੋਸਿਆ।

ਅਰਬ ਵਿਚ ਊਠ, ਇਰਾਨ ਵਿਚ ਘੋੜੇ, ਬਰਾਜ਼ੀਲ ਵਿਚ ਕੀੜੇ ਮਕੌੜੇ, ਯੂਰਪ ਅਮਰੀਕਾ ਵਿਚ ਗਾਂ ਅਤੇ ਚੀਨ ਵਿਚ ਹਰ ਉਹ ਜੀਵ ਜਿਸ ਦੀ ਪਿੱਠ ਅੰਬਰ ਵੱਲ ਹੈ, ਲੋਕਾਂ ਦਾ ਰਵਾਇਤੀ ਖਾਣਾ ਹਨ। ਆਦਮੀ ਤੋਂ ਬਿਨਾਂ ਹਰ ਕਿਸੇ ਦੀ ਪਿੱਠ ਆਸਮਾਨ ਵੱਲ ਹੈ। ਸੋ, ਮਨੁੱਖ ਤੋਂ ਬਿਨਾ ਹਰ ਚੀਜ਼ ਹਲਾਲ ਹੈ। ਬਸਤਰ ਦੇ ਆਦਿਵਾਸੀਆਂ ਵਿਚ ਹਰ ਦੇਸ਼ ਦੇ ਲੋਕਾਂ ਦੀ ਵਿਸ਼ੇਸ਼ਤਾਈ ਮੌਜੂਦ ਹੈ; ਯਾਨਿ, ਜੋ ਕੁਝ ਵੀ ਮਿਲ ਗਿਆ, ਹਰ ਲਿਆ। ਬੇਸ਼ੱਕ, ਕਿਸੇ ਉਤੇ ਵੀ ਕੋਈ ਬੰਧੇਜ ਨਹੀਂ ਹੈ। ਕੋਈ ਕੁਝ ਖਾਵੇ, ਜਾਂ ਨਾ ਖਾਵੇ, ਉਸ ਦੀ ਇੱਛਾ। ਇਸ ਲਈ, ਜਿਸ ਦਿਨ ਮਾਸ ਰਿੱਧਾ ਜਾਂਦਾ ਹੈ, ਉਸ ਦਿਨ ਕੋਈ ਨਾ ਕੋਈ ਦਾਲ ਜਾਂ ਸਬਜ਼ੀ ਜ਼ਰੂਰ ਬਣਾਈ ਜਾਂਦੀ ਹੈ।

ਅੱਜ ਖਾਣ ਪੀਣ ਉਤੇ ਕੋਈ ਚਰਚਾ ਨਹੀਂ ਚੱਲੀ।

ਗੁਰੀਲਾ ਲੰਗਰ ਅਜਿਹੀ ਥਾਂ ਹੈ ਜਿਥੇ ਸਾਰਾ ਗੁਰੀਲਾ ਕਬੀਲਾ ਦਿਨ ਵਿਚ ਤਿੰਨ ਵਾਰ ਇਕੱਠਾ ਹੁੰਦਾ ਹੈ। ਜੇ ਸ਼ਾਮ ਦੀ ਚਾਹ ਦਾ ਸਮਾਂ ਵੀ ਇਸ ਵਿਚ ਜੋੜ ਲਿਆ ਜਾਵੇ ਤਾਂ ਅਜਿਹਾ ਚਾਰ ਵਾਰ ਹੋ ਜਾਂਦਾ ਹੈ, ਪਰ ਸ਼ਾਮ ਦੀ ਚਾਹ ਦਾ ਵਕਤ ਲੰਬਾ ਸਮਾਂ ਚੱਲਦਾ ਹੈ, ਕੋਈ ਆ ਗਿਆ, ਕੋਈ ਚਲਾ ਗਿਆ। ਇਹ ਇਕੱਠ ਉਨ੍ਹਾਂ ਨੂੰ ਸਜੀਵ ਰਿਸ਼ਤੇ ਵਿਚ ਬੰਨ੍ਹਦੇ ਹਨ, ਉਨ੍ਹਾਂ ਦੀ ਸਾਂਝ ਨੂੰ ਮਜ਼ਬੂਤ ਕਰਦੇ ਹਨ। ਖ਼ੇਮੇ ਦਾ ਲੰਗਰ ਆਪਣੇ ਆਪ ਵਿਚ ਹੀ ਸੰਸਥਾ ਹੈ ਜਿਹੜੀ ਦੂਰੀ ਮੇਸਦੀ ਹੈ ਅਤੇ ਸਮੂਹਿਕਤਾ ਦਾ ਅਹਿਸਾਸ ਭਰਦੀ ਹੈ। ਗੁਰੀਲਿਆਂ ਦੀ ਇਹ ਸ਼ਾਨਦਾਰ ਵਿਵਸਥਾ ਕਿਸੇ ਪੁਰਾਣੇ ਯੁੱਗ ਦੀ ਰਹਿੰਦ-ਖੂੰਹਦ ਨਹੀਂ ਹੈ, ਅੱਜ ਦੀ ਜ਼ਰੂਰਤ ਹੈ, ਹਾਲ ਦਾ ਸਜਿੰਦ ਹਿੱਸਾ ਹੈ। ਕਿਸੇ ਤੋਂ ਕੁਝ ਛੁਪਿਆ ਹੋਇਆ ਨਹੀਂ, ਤਾਲੇ ਪਿਛੇ ਬੰਦ ਨਹੀਂ। ਹਰ ਚੀਜ਼ ਹਰ ਕਿਸੇ ਦੇ ਸਾਹਮਣੇ ਹੈ, ਹਰ ਕਿਸੇ ਦੇ ਵਾਸਤੇ ਹੈ। ਘਰਾਂ ਦੀਆਂ ਚਾਰ ਦੀਵਾਰੀਆਂ ਨਾਲ ਪੈਦਾ ਹੁੰਦੀਆਂ ਦੂਰੀਆਂ ਅਤੇ ਓਹਲੇ ਏਥੇ ਮੌਜੂਦ ਨਹੀਂ ਹਨ। ਇਹ ਆਉਣ ਵਾਲੇ ਸਮਾਜ ਦਾ ਨਿੱਕਾ ਜਿਹਾ, ਪਰ ਮਹੱਤਵਪੂਰਨ ਝਲਕਾਰਾ ਹੈ। ਬਿਨਾਂ ਸ਼ੱਕ, ਏਥੇ ਵੀ ਤਫ਼ਰਕਾ ਰੱਖਿਆ ਜਾਂਦਾ ਹੈ। ਕੁਝ ਵਾਸਤੇ ਰਿਆਇਤ ਵਰਤੀ ਜਾਂਦੀ ਹੈ ਜਦਕਿ ਦੂਸਰੇ ਇਸ ਤੋਂ ਵਾਂਝੇ ਰਹਿੰਦੇ ਹਨ। ਔਰਤ ਗੁਰੀਲਿਆਂ ਵਾਸਤੇ ਗੁੜ ਅਤੇ ਆਂਡਿਆਂ ਦਾ ਵਿਸ਼ੇਸ਼ ਪ੍ਰਬੰਧ ਹੈ, ਭਾਵੇਂ ਅਜਿਹੀਆਂ ਕਈ ਹਨ ਜਿਹੜੀਆਂ ਆਂਡੇ ਨਹੀਂ ਖਾਂਦੀਆਂ। ਜੇ ਤੁਸੀਂ ਆਦਮੀ ਹੋ ਅਤੇ ਬਿਮਾਰ ਜਾਂ ਕਮਜ਼ੋਰ ਨਹੀਂ ਹੋ, ਤਾਂ ਇਹ ਤੁਹਾਨੂੰ ਨਹੀਂ ਮਿਲਣਗੇ। ਔਰਤ ਗੁਰੀਲਿਆਂ ਨੂੰ ਇਕ ਵਿਸ਼ੇਸ਼ ਰਿਆਇਤ ਹੋਰ ਵੀ ਹੈ: ਮੂੰਗਫਲੀ ਦਾ ਕੋਟਾ। ਇਨ੍ਹਾਂ ਵਖਰੇਵਿਆਂ ਉਪਰ ਤੁਸੀਂ ਖ਼ਫ਼ਾ ਨਹੀਂ ਹੋ ਸਕਦੇ। ਇਹ ਤੁਹਾਨੂੰ ਨਾਜਾਇਜ਼ ਮਹਿਸੂਸ ਨਹੀਂ ਹੁੰਦੇ।

ਤੁਸੀਂ ਚਾਹੋਗੇ ਕਿ ਲੰਗਰ ਦੀ ਅਜਿਹੀ ਵਿਵਸਥਾ ਸਮੁੱਚੇ ਸਮਾਜ ਵਿਚ ਹੀ ਫੈਲ ਜਾਵੇ, ਕਿ ਤਰ੍ਹਾਂ ਤਰ੍ਹਾਂ ਦੇ ਲਜ਼ੀਜ਼ ਖਾਣੇ ਜਿਹੜੇ ਅਮੀਰ ਘਰਾਂ ਵਿਚ, ਆਲੀਸ਼ਾਨ ਹੋਟਲਾਂ ਵਿਚ ਅਤੇ ਹਾਕਮਾਂ ਦੀਆਂ ਮੇਜ਼ਾਂ ਉਤੇ ਪਰੋਸੇ ਜਾਂਦੇ ਹਨ, ਉਹ ਹਰ ਕਿਸੇ ਦੀ ਪਹੁੰਚ ਵਿਚ ਆ ਜਾਣ। ਮਿਲੇ ਤਾਂ ਹਰ ਕਿਸੇ ਨੂੰ ਇਕੋ ਜਿਹੀ ਮਿਲੇ। ਗੱਲ ਇਹ ਸਿੱਧੀ ਜਿਹੀ ਹੈ, ਪਰ ਵਾਪਰ ਇਹ ਉਥੇ ਹੀ ਸਕਦੀ ਹੈ ਜਿਥੇ ਇਹੋ ਜਿਹੇ ਲੋਕ ਹੋਣ। ਜਿਥੇ ਲੰਗਰ ਮਹਿਜ਼ ਰਸਮ ਨਾ ਹੋਵੇ, ਰੈਲਿਕ ਨਾ ਹੋਵੇ, ਸਗੋਂ ਅਤਿ ਜ਼ਰੂਰੀ ਸਮਾਜਕ ਸੰਸਥਾ ਬਣ ਜਾਵੇ। ਇਹ ਸਿੱਧੀ ਜਿਹੀ ਗੱਲ ਮਹਾਨ ਕੋਸ਼ਿਸ਼ ਦੀ ਮੰਗ ਕਰਦੀ ਹੈ। ਇਹ ਖ਼ੇਮਾ ਅਜਿਹੀ ਕੋਸ਼ਿਸ਼ ਕਰਨ ਵਾਲਿਆਂ ਦਾ ਹੀ ਹੈ। ਐਤੂ, ਪਵਨ, ਸ਼੍ਰੀ ਕਾਂਤ, ਕੋਸਾ, ਰੰਗੰਨਾ, ਬਾਸੂ, ਸਾਰੇ ਹੀ ਜੀਅ-ਜਾਨ ਨਾਲ ਇਸ ਵਿਚ ਲੱਗੇ ਹੋਏ ਹਨ।

*ਅਰਬ ਵਿਚ ਊਠ, ਇਰਾਨ ਵਿਚ ਘੋੜੇ, ਬਰਾਜ਼ੀਲ ਵਿਚ ਕੀੜੇ ਮਕੌੜੇ, ਯੂਰਪ ਅਮਰੀਕਾ ਵਿਚ ਗਾਂ ਅਤੇ ਚੀਨ ਵਿਚ ਹਰ ਉਹ ਜੀਵ ਜਿਸ ਦੀ ਪਿੱਠ ਅੰਬਰ ਵੱਲ ਹੈ, ਲੋਕਾਂ ਦਾ ਰਵਾਇਤੀ ਖਾਣਾ ਹਨ। ਆਦਮੀ ਤੋਂ ਬਿਨਾਂ ਹਰ ਕਿਸੇ ਦੀ ਪਿੱਠ ਆਸਮਾਨ ਵੱਲ ਹੈ। ਸੋ, ਮਨੁੱਖ ਤੋਂ ਬਿਨਾ ਹਰ ਚੀਜ਼ ਹਲਾਲ ਹੈ। ਬਸਤਰ ਦੇ ਆਦਿਵਾਸੀਆਂ ਵਿਚ ਹਰ ਦੇਸ਼ ਦੇ ਲੋਕਾਂ ਦੀ ਵਿਸ਼ੇਸ਼ਤਾਈ ਮੌਜੂਦ ਹੈ; ਯਾਨਿ, ਜੋ ਕੁਝ ਵੀ ਮਿਲ ਗਿਆ, ਹਰ ਲਿਆ। ਬੇਸ਼ੱਕ, ਕਿਸੇ ਉਤੇ ਵੀ ਕੋਈ ਬੰਧੇਜ ਨਹੀਂ ਹੈ। ਕੋਈ ਕੁਝ ਖਾਵੇ, ਜਾਂ ਨਾ ਖਾਵੇ, ਉਸ ਦੀ ਇੱਛਾ। ਇਸ ਲਈ, ਜਿਸ ਦਿਨ ਮਾਸ ਰਿੱਧਾ ਜਾਂਦਾ ਹੈ, ਉਸ ਦਿਨ ਕੋਈ ਨਾ ਕੋਈ ਦਾਲ ਜਾਂ ਸਬਜ਼ੀ ਜ਼ਰੂਰ ਬਣਾਈ ਜਾਂਦੀ ਹੈ।*



---

**ਖੇਮੇ 'ਚ ਆਖਰੀ ਦਿਨ:** ਸਵੇਰੇ ਜਦ ਉਠਿਆ ਤਾਂ ਰੰਗੰਨਾ ਸਾਹਮਣੇ ਮਿਲਿਆ। ਕੋਸਾ ਤੜਕਸਾਰ ਹੀ ਸੈਂਟਰੀ ਪੋਸਟ 'ਤੇ ਜਾ ਚੁੱਕਾ ਸੀ।

ਰੋਲ ਕਾਲ ਤੋਂ ਪਿਛੋਂ ਪੰਜ ਨਾਮ ਬੋਲੇ ਗਏ ਜਿਨ੍ਹਾਂ ਨੇ ਮੇਰੇ ਨਾਲ ਰਵਾਨਾ ਹੋਣਾ ਸੀ। ਸੋ, ਛੇ ਜਣੇ ਅੱਜ ਉਥੋਂ ਵਿਦਾ ਹੋ ਜਾਣੇ ਸਨ। ਅਜੇ ਹਾਜ਼ਰੀ ਖ਼ਤਮ ਹੀ ਹੋਈ ਸੀ ਕਿ ਪੰਡਾਂ ਚੁੱਕੀ ਚਾਰ ਜਣੇ ਉਥੇ ਪਹੁੰਚ ਗਏ। ਸਰਦੀਆਂ ਵਾਸਤੇ ਗਰਮ ਕੱਪੜੇ ਅਤੇ ਹੋਰ ਸਾਮਾਨ ਆ ਗਿਆ ਸੀ। ਹਰ ਕਿਸੇ ਨੂੰ ਕਹਿ ਦਿਤਾ ਗਿਆ ਕਿ ਉਹ ਆਪਣੀ ਆਪਣੀ ਜ਼ਰੂਰਤ ਪੂਰੀ ਕਰ ਲਵੇ।

"ਠੰਢ ਵਧ ਜਾਵੇਗੀ। ਮੰਕੀ ਕੈਪ ਲੈ ਲਵੋ।" ਸ਼੍ਰੀ ਕਾਂਤ ਨੇ ਮੈਨੂੰ ਠੰਢ ਦਾ ਪ੍ਰਬੰਧ ਕਰ ਲੈਣ ਲਈ ਫਿਰ ਕਿਹਾ।

"ਮੇਰੇ ਸਿਰ ਨੂੰ ਠੰਢ ਨਹੀਂ ਲਗਦੀ।" ਮੇਰੇ ਇੰਨਾ ਕਹਿਣ ਉਤੇ ਉਹ ਮੁਸਕਰਾ ਪਿਆ।

"ਇਸ ਦਾ ਮਤਲਬ ਤੁਹਾਨੂੰ ਠੰਢ ਲਗਦੀ ਹੀ ਨਹੀਂ, ਕਿਉਂਕਿ ਸਭ ਨੂੰ ਇਹ ਸਿਰ ਤੋਂ ਲਗਦੀ ਹੈ।" ਪਵਨ ਮੈਨੂੰ ਸੰਬੋਧਨ ਹੋਇਆ।

"ਲਗਦੀ ਹੈ, ਪਰ ਪੈਰਾਂ ਤੋਂ।"

"ਇਸ ਤਰ੍ਹਾਂ ਵੀ ਹੁੰਦਾ ਹੈ।" ਉਸ ਨੇ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ।

ਨਾਸ਼ਤੇ ਤੋਂ ਬਾਅਦ ਸ਼੍ਰੀ ਕਾਂਤ ਮੇਰੇ ਤੰਬੂ ਵੱਲ ਆ ਗਿਆ। ਅਸੀਂ ਪਹਿਲਾਂ ਵਾਲੇ ਹੀ ਬੈਂਚ ਉਤੇ ਬੈਠ ਗਏ।

"ਸ਼ੁਰੂ ਕਰੀਏ?" ਮੈਂ ਸ਼੍ਰੀ ਕਾਂਤ ਨੂੰ ਪੁੱਛਿਆ।

"ਹਾਂ।"

"ਸ਼ਹਿਰਾਂ ਅਤੇ ਕਸਬਿਆਂ ਵਿਚ ਜਨ ਸੰਗਠਨ ਕਿਵੇਂ ਚੱਲਦੇ ਹਨ?"

"ਸ਼ਹਿਰਾਂ ਵਿਚ ਪੁਲਿਸ ਦਾ ਜਬਰ ਬਹੁਤ ਜ਼ਿਆਦਾ ਹੈ। ਸੰਗਠਨਾਂ ਨੂੰ ਖੜ੍ਹਾ ਰੱਖਣਾ ਹੀ ਬਹੁਤ ਮੁਸ਼ਕਿਲ ਹੈ। ਅਸੀਂ ਜਥੇਬੰਦੀ ਬਣਾਉਂਦੇ ਹਾਂ, ਪੁਲਿਸ ਤੋੜ ਦਿੰਦੀ ਹੈ। ਇਥੋਂ ਤੱਕ ਕਿ ਜਮਹੂਰੀ ਹੱਕਾਂ ਦੀ ਲਹਿਰ ਚਲਾਉਣ ਵਾਲਿਆਂ ਨੂੰ ਵੀ ਕੰਮ ਨਹੀਂ ਕਰਨ ਦਿੰਦੀ।"

"ਪਰ ਸੰਗਠਨਾਂ ਬਿਨਾਂ ਪਰਚਾਰ ਤੇ ਹੋਰ ਸਰਗਰਮੀਆਂ ਕਿਵੇਂ ਹੋਣਗੀਆਂ?"

"ਕੋਸ਼ਿਸ਼ ਕਰਦੇ ਰਹਾਂਗੇ। ਤਰ੍ਹਾਂ ਤਰ੍ਹਾਂ ਦੇ ਸੰਗਠਨ ਬਣਾਵਾਂਗੇ, ਪਰ ਇਕ ਵਾਰ ਜਿਹੜਾ ਕਾਰਕੁਨ ਨਜ਼ਰ ਵਿਚ ਆ ਜਾਂਦਾ ਹੈ, ਉਹ ਭਾਵੇਂ ਕੁਝ ਵੀ ਕਰੇ, ਪੁਲਿਸ ਉਸ ਉਤੇ ਨਜ਼ਰ ਰੱਖਦੀ ਹੈ। ਜਦ ਜੀ ਚਾਹੇ, ਫੜ ਲੈਂਦੀ ਹੈ, ਜਾਂ ਇਥੋਂ ਤੱਕ ਕਿ ਮਾਰ ਵੀ ਦਿੰਦੀ ਹੈ। ਸਾਡੇ ਕੋਲ ਕਾਰਕੁਨਾਂ ਦੀ ਵੀ ਬਹੁਤ ਘਾਟ ਹੈ। ਸ਼ਹਿਰਾਂ ਵਿਚ ਲਹਿਰ ਨੂੰ ਅਸਰਅੰਦਾਜ਼ ਕਰਨ ਦੇ ਹੋਰ ਸਾਧਨਾਂ ਦੇ ਨਾਲ ਨਾਲ ਸਭ ਤੋਂ ਜ਼ਰੂਰੀ ਚੀਜ਼ ਪੇਂਡੂ ਇਲਾਕੇ ਵਿਚ ਗੁਰੀਲਾ ਜੰਗ ਦਾ ਵਿਕਸਤ ਹੋਣਾ ਹੈ। ਜਿੰਨਾ ਹੀ ਅਸੀਂ ਇਸ ਨੂੰ ਫ਼ੈਲਾਉਣ ਅਤੇ ਮਜ਼ਬੂਤ ਕਰਨ ਵਿਚ ਕਾਮਯਾਬ ਹੋਵਾਂਗੇ, ਉਨਾ ਹੀ ਸ਼ਹਿਰਾਂ ਵਿਚਲਾ ਆਧਾਰ ਵਧੇਗਾ। ਇਨਕਲਾਬੀ ਤਾਕਤਾਂ ਨੂੰ ਸ਼ਹਿਰਾਂ ਵਿਚ ਲੰਬਾ ਸਮਾਂ ਗੁਪਤ ਰੂਪ ਵਿਚ ਕੰਮ ਕਰਨਾ ਪਵੇਗਾ ਅਤੇ ਕਾਰਕੁਨਾਂ ਨੂੰ ਨਸ਼ਰ ਹੋਣ ਤੋਂ ਬਚਾਉਣਾ ਪਵੇਗਾ।" ਸ਼੍ਰੀ ਕਾਂਤ ਨੇ ਸ਼ਹਿਰੀ ਕੰਮ ਬਾਬਤ ਕਿਹਾ।

"ਪਰ ਇਕ ਹਿੱਸਾ ਤਾਂ ਹਮੇਸ਼ਾ ਹੀ ਨਸ਼ਰ ਹੋਇਆ ਕਰਦਾ ਹੈ। ਉਸ ਨੂੰ ਫੜਨ ਜਾਂ ਮਾਰਨ ਦੀ ਹਕੂਮਤ ਨੂੰ ਸਿਆਸੀ ਕੀਮਤ ਚੁਕਾਉਣ ਵਾਸਤੇ ਮਜਬੂਰ ਕਰਨਾ ਕੀ ਜ਼ਰੂਰੀ ਨਹੀਂ ਹੈ?"

"ਇਹ ਜ਼ਰੂਰੀ ਹੈ। ਅਸੀਂ ਇਸ ਦੀ ਕੋਸ਼ਿਸ਼ ਵੀ ਕਰਦੇ ਹਾਂ। ਸਾਡੇ ਸੰਗਠਨ ਅਨੇਕਾਂ ਮੁਜ਼ਾਹਰੇ ਕਰਦੇ ਹਨ, ਫਿਰ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਵਿਆਪਕ ਪੱਧਰ ਉਤੇ ਪਰਚਾਰ ਜਥੇਬੰਦ ਕਰਨ ਦੀ ਜ਼ਰੂਰਤ ਹੈ। ਸਾਨੂੰ ਇਹਦੇ ਵਾਸਤੇ ਖੁੱਲ੍ਹੇ ਤੇ ਗੁਪਤ, ਦੋਨੋਂ ਤਰ੍ਹਾਂ ਦੇ ਇਨਕਲਾਬੀ ਪਰਚਿਆਂ ਦੀ ਜ਼ਰੂਰਤ ਹੈ। ਪਾਬੰਦੀ ਦੀ ਹਾਲਤ ਨੇ ਸਾਡੇ ਵਾਸਤੇ ਹੋਰ ਵੀ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਅਸੀਂ ਇਸ ਦਾ ਹੱਲ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ। ਸਿਆਸੀ ਕੀਮਤ ਵਸੂਲਣ ਵਾਸਤੇ ਵਿਆਪਕ ਜਨਤਕ ਲਾਮਬੰਦੀ ਜ਼ਰੂਰੀ ਹੈ ਅਤੇ ਲਾਮਬੰਦੀ ਵਾਸਤੇ ਜਨ-ਸੰਗਠਨ। ਇਹ ਸੰਗਠਨ ਹੀ ਸ਼ਹਿਰਾਂ ਵਿਚ ਸਾਡੇ ਕੰਮ ਦੀ ਰੀੜ੍ਹ ਹੋਣਗੇ। ਮਜ਼ਦੂਰ ਜਮਾਤ ਦੀ ਸ਼ਹਿਰਾਂ ਵਿਚਲੀ ਲਹਿਰ ਅਤੇ ਗੁਰੀਲਾ ਜੰਗ ਦਰਮਿਆਨ ਗੂੜ੍ਹਾ ਰਿਸ਼ਤਾ ਸਥਾਪਤ ਕਰਨਾ ਸਾਡੀ ਜ਼ਰੂਰਤ ਹੈ ਜਿਸ ਵਿਚ ਗੁਰੀਲਾ ਜੰਗ ਕੇਂਦਰੀ ਭੂਮਿਕਾ ਨਿਭਾਵੇਗੀ।" ਸ਼੍ਰੀ ਕਾਂਤ ਛੋਟੇ ਛੋਟੇ ਵਾਕਾਂ ਵਿਚ ਆਪਣੀ ਗੱਲ ਕਰਦਾ ਹੈ।

ਸ਼੍ਰੀ ਕਾਂਤ ਨੂੰ ਪੱਕਾ ਯਕੀਨ ਹੈ ਕਿ ਲੋਕਾਂ ਕੋਲ ਉਨ੍ਹਾਂ ਦੀ ਆਪਣੀ ਸੈਨਾ ਤੋਂ ਬਿਨਾਂ ਕੁਝ ਨਹੀਂ ਹੁੰਦਾ। ਇਸ ਤੋਂ ਬਿਨਾਂ ਹੋਰ ਚੀਜ਼ਾਂ ਨੂੰ ਹਾਸਲ ਕਰ ਪਾਉਣਾ ਅਸੰਭਵ ਹੈ। ਰਾਜਸੀ ਤਾਕਤ ਜਨਤਾ ਦੀ ਹਥਿਆਰਬੰਦ ਤਾਕਤ ਤੋਂ ਬਿਨਾਂ ਹੱਥ ਵਿਚ ਨਹੀਂ ਲਈ ਜਾ ਸਕਦੀ। ਜਿਥੇ ਜਨਤਾ ਕੋਲ ਆਪਣੀ ਤਾਕਤ ਨਹੀਂ ਹੈ, ਉਥੇ ਉਸ ਕੋਲ ਮਜਬੂਰੀ ਤੇ ਲਾਚਾਰੀ ਬਿਨਾਂ ਕੁਝ ਨਹੀਂ ਹੈ। ਜੰਗਲ ਇਸ ਦੀ ਸਪਸ਼ਟ ਉਦਾਹਰਣ ਹੈ ਜਿਥੇ ਜਨਤਾ ਭਾਵੇਂ ਗਰੀਬ ਹੈ, ਪਰ ਉਹ ਜਬਰ ਤੋਂ ਮੁਕਤ ਹੈ। ਇਹ ਜਨਤਾ ਦੀਆਂ ਆਪਣੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ।

ਸ਼੍ਰੀ ਕਾਂਤ ਜਜ਼ਬਾਤੀ ਬਿਲਕੁਲ ਨਹੀਂ ਹੈ। ਉਹ ਵਿਸ਼ਵਾਸ ਨਾਲ ਭਰਿਆ ਹੋਇਆ ਦਿਸਦਾ ਹੈ। ਉਸ ਨੂੰ ਯਕੀਨ ਹੈ ਕਿ ਉਹ ਜੋ ਕੁਝ ਚਾਹੁੰਦੇ ਹਨ, ਉਹ ਕਰ ਲੈਣਗੇ। ਉਸ ਦੇ ਚਿਹਰੇ ਤੋਂ ਸਿਰੜ ਝਲਕਦਾ ਹੈ। ਉਸ ਨੂੰ ਕੋਈ ਵੀ ਗੱਲ ਕਹੋ, ਉਹ ਧਿਆਨ ਨਾਲ ਸੁਣੇਗਾ। ਕੋਈ ਵੀ ਸੁਝਾਅ ਦਿਓ, ਉਸ ਉਤੇ ਗ਼ੌਰ ਕਰੇਗਾ ਅਤੇ ਉਸ ਦੀ ਵਿਹਾਰਿਕਤਾ ਜਾਨਣ ਦੀ ਕੋਸ਼ਿਸ਼ ਕਰੇਗਾ।

ਸ਼੍ਰੀ ਕਾਂਤ ਕਹਿੰਦਾ ਹੈ ਕਿ ਹਥਿਆਰਬੰਦ ਜੱਦੋਜਹਿਦ ਦੇ ਨਾਲ ਲਗਵੇਂ ਇਲਾਕੇ ਉਪਰ ਉਨ੍ਹਾਂ ਦਾ ਜ਼ੋਰਦਾਰ ਪ੍ਰਭਾਵ ਹੈ। ਹਾਲਾਤ ਅਣਸੁਖਾਵੇਂ ਹੋਣ ਦੇ ਬਾਵਜੂਦ ਜ਼ਮੀਨ ਜ਼ਰਖ਼ੇਜ਼ ਹੈ ਅਤੇ ਜਨਤਾ ਲਾਜ਼ਮੀ ਹੀ ਉਨ੍ਹਾਂ ਦਾ ਸਾਥ ਦੇਵੇਗੀ।


ਸਾਡੀ ਗੱਲਬਾਤ ਜਲਦੀ ਖ਼ਤਮ ਹੋ ਗਈ। ਅਸੀਂ ਘੁੱਟ ਕੇ ਹੱਥ ਮਿਲਾਏ, ਫਿਰ ਕਦੇ ਮਿਲਣ ਦੀ ਕਾਮਨਾ ਕੀਤੀ ਅਤੇ ਅਲੱਗ ਹੋ ਗਏ।

ਸ਼੍ਰੀ ਕਾਂਤ ਅਤੇ ਉਸ ਵਰਗਿਆਂ ਦੀ ਦੁਨੀਆਂ ਵੱਖਰੀ ਹੀ ਦੁਨੀਆਂ ਹੈ। ਛੋਟੀ ਜਿਹੀ ਦੁਨੀਆਂ ਜਿਹੜੀ ਉਨ੍ਹਾਂ ਨੇ ਖ਼ੁਦ ਹੀ ਸਿਰਜੀ ਹੈ। ਉਹ ਸਭ ਪਾਸੇ ਫ਼ੈਲ ਜਾਣਾ ਲੋਚਦੇ ਹਨ। ਮੈਂ ਕਈ ਵਾਰ ਸੋਚਿਆ ਕਿ ਥੋੜ੍ਹੀ ਜਿਹੀ ਤਾਕਤ ਨਾਲ ਉਹ ਚਾਰੇ ਪਾਸੇ ਕਿਵੇਂ ਛਾਅ ਸਕਦੇ ਹਨ! ਛੋਟੀ ਜਿਹੀ ਤਾਕਤ ਲੱਖਾਂ ਕਰੋੜਾਂ ਉਤੇ ਕਿਵੇਂ ਫ਼ੈਲ ਸਕਦੀ ਹੈ! ਪਰ ਉਨ੍ਹਾਂ ਨੂੰ ਯਕੀਨ ਹੈ ਕਿ ਇਸੇ ਤਰ੍ਹਾਂ ਹੀ ਹੋਵੇਗਾ। ਇਤਿਹਾਸ ਇਸੇ ਤਰ੍ਹਾਂ ਹੀ ਅਗਾਂਹ ਵਧੇਗਾ। ਉਹ ਖ਼ੁਦ ਨੂੰ ਨਵੇਂ ਭਵਿਖ ਦਾ ਬੀਜ ਖਿਆਲ ਕਰਦੇ ਹਨ ਜਿਹੜਾ ਫੁੱਟ ਰਿਹਾ ਹੈ ਅਤੇ ਜਿਸ ਨੇ ਕੱਲ੍ਹ ਨੂੰ ਵੱਡਾ ਹੋ ਕੇ ਵਿਸ਼ਾਲ ਰੁੱਖ ਬਨਣਾ ਹੈ। ਇਹ ਲੋਹੜੇ ਦਾ ਆਤਮ-ਵਿਸ਼ਵਾਸ ਹੈ। ਆਤਮ-ਵਿਸ਼ਵਾਸ ਦੀ ਇੰਤਹਾ ਹੈ। ਆਤਮ-ਵਿਸ਼ਵਾਸ ਜਿਹੜਾ ਕਿਸੇ ਵੀ ਮੁਸ਼ਕਿਲ ਸਰ ਕਰਨ ਲਈ ਤਤਪਰ ਦਿਖਾਈ ਦਿੰਦਾ ਹੈ। ਉਨ੍ਹਾਂ ਕੋਲ ਇਤਿਹਾਸ ਦੀਆਂ ਅਨੇਕਾਂ ਉਦਾਹਰਣਾਂ ਹਨ ਜਿਨ੍ਹਾਂ ਵਿਚ ਇਸੇ ਤਰ੍ਹਾਂ ਵਾਪਰਿਆ ਸੀ। ਉਹ ਉਨ੍ਹਾਂ ਵਿਚ ਹੀ ਇਕ ਹੋਰ ਉਦਾਹਰਣ ਜੋੜ ਦੇਣ ਦਾ ਤਹੱਈਆ ਕਰੀ ਬੈਠੇ ਹਨ। ਉਹ ਕਹਿੰਦੇ ਹਨ, ਸਾਡਾ ਮਕਸਦ ਸਰਬ-ਉਚ ਹੈ, ਮਨੁੱਖਤਾਵਾਦੀ ਹੈ, ਮਨੁੱਖੀ ਆਸ਼ਿਆਂ ਦੇ ਮੁਤਾਬਕ ਹੈ। ਮਕਸਦ ਦੀ ਪਵਿਤਰਤਾ ਅਤੇ ਅਟੱਲਤਾ ਨੇ ਉਨ੍ਹਾਂ ਨੂੰ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਦੀ ਹਿੰਮਤ ਦਿੱਤੀ ਹੈ। ਉਹ ਮੌਤ ਦੀ ਪਰਵਾਹ ਨਹੀਂ ਕਰਦੇ। ਇਸੇ ਲਈ ਜ਼ਿੰਦਗੀ ਨੂੰ ਮਾਣ ਰਹੇ ਹਨ। ਅਜੀਬ ਹੈ ਇਹ ਮਾਨਣਾ ਵੀ! ਨਾ ਖਾਣ ਨੂੰ ਚੰਗਾ, ਨਾ ਬਿਮਾਰੀਆਂ ਤੋਂ ਬਚਾਅ, ਨਾ ਸੁੱਖ, ਨਾ ਸਹੂਲਤ। ਖ਼ਾਨਾਬਦੋਸ਼ੀ ਅਲੱਗ। ਅੱਜ ਚੁੱਲ੍ਹਾ ਏਥੇ, ਕੱਲ ਉਥੇ ਅਤੇ ਪਰਸੋਂ ਨੂੰ ਪਤਾ ਨਹੀਂ ਫ਼ਾਕਾ ਹੀ ਕੱਟਣਾ ਪਵੇ। ਇਹੋ ਜਿਹੇ ਨੇ ਇਹ ਆਦਮੀ, ਇਹੋ ਜਿਹੇ ਨੇ ਉਨ੍ਹਾਂ ਦੇ ਅਕੀਦੇ, ਤੇ ਇਹੋ ਜਿਹੀ ਹੈ ਉਨ੍ਹਾਂ ਦੀ ਜ਼ਿੰਦਗੀ। ਆਉਣ ਵਾਲੇ ਦਿਨਾਂ ਵਿਚ ਮੈਂ ਦੇਖਾਂਗਾ ਕਿ ਉਹ ਜੰਗਲ ਵਿਚ ਕਿਵੇਂ ਵਿਚਰਦੇ ਹਨ, ਕੀ ਕੀ ਕਰਦੇ ਹਨ।

ਸ਼ਾਮ ਨੂੰ ਸਾਢੇ ਪੰਜ ਵਜੇ ਸੀਟੀ ਦੀ ਆਵਾਜ਼ ਆਈ ਤਾਂ ਸਾਰਾ ਖ਼ੇਮਾ ਇਕ ਥਾਂ ਲਾਈਨਾਂ ਵਿਚ ਖੜ੍ਹਾ ਹੋ ਗਿਆ। ਜਾਣ ਵਾਲਿਆਂ ਛੇਆਂ ਦੀ ਲਾਈਨ ਅਲੱਗ ਸੀ। ਅਸੀਂ ਹਰ ਕਿਸੇ ਕੋਲ ਪਹੁੰਚੇ, ਹੱਥ ਮਿਲਾਏ, ਸਲਾਮ ਕਹੀ ਅਤੇ ਪਗਡੰਡੀ ਪੈ ਕੇ ਖ਼ੇਮੇ ਤੋਂ ਬਾਹਰ ਨਿਕਲ ਆਏ।


*(ਚਲਦਾ)*

*ਸ਼ਾਮ ਨੂੰ ਸਾਢੇ ਪੰਜ ਵਜੇ ਸੀਟੀ ਦੀ ਆਵਾਜ਼ ਆਈ ਤਾਂ ਸਾਰਾ ਖ਼ੇਮਾ ਇਕ ਥਾਂ ਲਾਈਨਾਂ ਵਿਚ ਖੜ੍ਹਾ ਹੋ ਗਿਆ। ਜਾਣ ਵਾਲਿਆਂ ਛੇਆਂ ਦੀ ਲਾਈਨ ਅਲੱਗ ਸੀ। ਅਸੀਂ ਹਰ ਕਿਸੇ ਕੋਲ ਪਹੁੰਚੇ, ਹੱਥ ਮਿਲਾਏ, ਸਲਾਮ ਕਹੀ ਅਤੇ ਪਗਡੰਡੀ ਪੈ ਕੇ ਖ਼ੇਮੇ ਤੋਂ ਬਾਹਰ ਨਿਕਲ ਆਏ।*



# ਕਿਰਮਚੀ ਲਕੀਰਾਂ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

'ਕਿਰਮਚੀ ਲਕੀਰਾਂ' ਅੰਮ੍ਰਿਤਾ ਪ੍ਰੀਤਮ ਦਾ ਸਮਕਾਲੀ ਸ਼ਖਸੀਅਤਾਂ ਨਾਲ ਮੁਲਾਕਾਤਾਂ ਦਾ ਸੰਗ੍ਰਿਹ ਹੈ। ਕਿਰਮਚੀ ਗੂੜ੍ਹਾ ਊਦਾ, ਅਰਗਵਾਨੀ ਰੰਗ ਹੁੰਦਾ ਹੈ। ਲਾਲ ਜਾਂ ਲਾਲੀ ਦੀ ਭਾਅ ਮਾਰਦੇ ਰੰਗਾਂ ਦੇ ਨਾਂ ਡੂੰਘੇ ਜਜ਼ਬਿਆਂ ਦੇ ਪ੍ਰਤੀਕ ਹਨ। ਗੌਰ ਕਰੋ, "ਨੀ ਮੇਰਾ ਭਰਾ ਆਇਆ, ਜਾਣੋਂ ਕੰਧਾਂ ਨੂੰ ਲਾਲੀਆਂ ਚੜ੍ਹ ਗਈਆਂ।" ਸੋ ਕਿਰਮਚੀ ਲਕੀਰਾਂ ਦਾ ਭਾਵ ਹੈ, ਨਾਮੀ ਸ਼ਖਸੀਅਤਾਂ ਬਾਰੇ ਮਨ 'ਚ ਗੂੜ੍ਹੇ ਜਜ਼ਬਾਤੀ ਪ੍ਰਭਾਵ ਉਕਰਨ ਵਾਲੀਆਂ ਮੁਲਾਕਾਤਾਂ। ਰਵੀ ਸਚਦੇਵਾ ਦੀ ਇਕ ਕਹਾਣੀ ਵਿਚ 'ਕਿਰਮਚੀ ਲੀਕਾਂ' ਸ਼ਬਦ ਜੁੱਟ ਵਰਤਿਆ ਗਿਆ ਹੈ, "ਉਹ ਮੁੰਡਾ ਕੁੜੀ ਦੇ ਬਦਨ ਦੀਆਂ ਗੁਲਾਈਆਂ 'ਤੇ ਗੁੰਦਵੇਂ, ਲਚਕੀਲੇ ਅੰਗਾਂ ਦੇ ਰਹੱਸ ਨੂੰ ਆਪਣੀਆਂ ਅੱਖਾਂ ਨਾਲ ਸਕੈਨ ਕਰਨ ਵਿਚ ਮਸਤ ਹੋ ਗਿਆ। ਬਾਹਰਲੀ ਗਰਮੀ ਨੂੰ ਅੰਦਰੂਨੀ ਗਰਮੀ ਕੱਟ ਰਹੀ ਸੀ। ਉਹਦੇ ਰੋਮ-ਰੋਮ 'ਚ ਦੌੜਦੀਆਂ ਏਨ੍ਹਾਂ ਕਿਰਮਚੀ ਲੀਕਾਂ ਨੇ ਉਹਨੂੰ ਅਧੂਰੀ ਦਿਹਾੜੀ ਦੇ ਫਿਕਰ ਤੋਂ ਮੁਕਤ ਕਰ ਦਿੱਤਾ।"

ਰੰਗਾਂ ਦੀ ਪਛਾਣ ਅਤੇ ਇਨ੍ਹਾਂ ਦੀ ਸ਼ਬਦਾਵਲੀ ਬਾਰੇ ਔਰਤਾਂ ਦੀ ਜਾਣਕਾਰੀ ਦਾ ਕੋਈ ਸਾਨੀ ਨਹੀਂ। ਭਾਵੇਂ ਅੱਜ ਕਲ੍ਹ ਵੀ ਸਥਿਤੀ ਇਹੋ ਹੀ ਹੈ ਪਰ ਹੁਣ ਬਹੁਤ ਘਟ ਔਰਤਾਂ ਨੂੰ ਰੰਗਾਂ ਬਾਰੇ ਠੇਠ ਪੰਜਾਬੀ ਸ਼ਬਦਾਂ ਦਾ ਗਿਆਨ ਰਹਿ ਗਿਆ ਹੈ। ਇਹ ਗੱਲ ਸ਼ਹਿਰੀ ਔਰਤਾਂ 'ਤੇ ਵਧੇਰੇ ਢੁਕਦੀ ਹੈ। ਬਹੁਤੀਆਂ ਕਿਰਮਚੀ ਰੰਗ ਨੂੰ ਵੀ ਕ੍ਰਿਮਜ਼ਨ ਕਲਰ ਹੀ ਆਖਣਗੀਆਂ, "ਹਾਏ ਨੀ ਕਿੰਨਾ ਸੁਹਣਾ ਕ੍ਰਿਮਜ਼ਨ ਕਲਰ ਦਾ ਬਲਾਊਜ਼ ਪਾਇਆ ਉਸ ਨੇ।" ਡੁਬਦਾ ਸੂਰਜ ਕਈ ਰੰਗ ਬਦਲਦਾ ਹੈ, ਉਨ੍ਹਾਂ ਵਿਚੋਂ ਇਕ ਕਿਰਮਚੀ ਹੈ, ਸ਼ਿਵ ਕੁਮਾਰ ਦੀ ਗਵਾਹੀ ਲੈਂਦੇ ਹਾਂ:

ਪੰਚਮ ਦਾ ਚੰਨ ਵੇਖ ਰਿਹਾ ਸੀ
ਆਥਣ ਵੇਲਾ ਹੋਇਆ।
ਲਹਿੰਦੇ ਦੇ ਪੱਤਣਾਂ ਦਾ ਅੰਬਰ
ਲਾਲ ਕਿਰਮਚੀ ਹੋਇਆ।

ਕਿਰਮਚੀ ਸ਼ਬਦ ਦਾ ਇਕ ਰੁਪਾਂਤਰ ਹਿਰਮਚੀ ਜਾਂ ਹੁਰਮਚੀ ਵੀ ਹੈ ਜੋ ਆਮ ਕਰਕੇ ਇੱਟਾਂ 'ਤੇ ਫੇਰਨ ਵਾਲੀ ਲਾਲ ਰੰਗ ਦੀ ਮਿੱਟੀ ਨੂੰ ਕਿਹਾ ਜਾਂਦਾ ਹੈ। ਮੋਹਨ ਸਿੰਘ ਦੇ 'ਨਾਨਕਾਇਣ' ਵਿਚ ਗੁਰੂ ਨਾਨਕ ਦੇ ਤਲਵੰਡੀ ਵਿਚ ਪ੍ਰਗਟ ਹੋਣ ਦਾ ਜ਼ਿਕਰ ਇਸ ਤਰ੍ਹਾਂ ਹੋਇਆ ਹੈ,

ਮੋੜਿਆ ਸੂਰਜ ਰੱਥ ਨੇ ਲਹਿੰਦੇ ਵੱਲ ਮੁਹਾਣ।
ਰੰਗਲੀ ਆਥਣ ਉਤਰੀ ਤਲਵੰਡੀ 'ਤੇ ਆਣ।
ਅੱਥਰੇ ਘੋੜੇ ਰੱਥ ਦੇ ਗੁਲਨਾਰੀ ਤੇ ਸੇਤ।
ਮਹਿੰਦੀ ਰੰਗੇ, ਹੁਰਮਚੀ, ਮੁਸ਼ਕੀ ਅਤੇ ਕੁਮੇਤ।

ਕਿਰਮਚੀ ਸਿਰਫ ਰੰਗ ਦਾ ਹੀ ਨਾਂ ਨਹੀਂ, ਰੰਜਕ ਅਰਥਾਤ ਰੰਗਣ ਵਾਲੇ ਪਦਾਰਥ ਦਾ ਨਾਂ ਵੀ ਹੈ। ਆਮ ਤੌਰ 'ਤੇ ਰੰਗਾਈ ਦਾ ਕੰਮ ਕਪੜਿਆਂ ਲਈ ਹੀ ਹੁੰਦਾ ਸੀ। ਪੁਰਾਣੇ ਜ਼ਮਾਨੇ ਵਿਚ ਰੰਗ ਕੁਦਰਤੀ ਵਸਤਾਂ ਜਿਵੇਂ ਜੜ੍ਹਾਂ, ਸੱਕਾਂ, ਪੱਤਿਆਂ, ਕੀੜੇ-ਮਕੌੜਿਆਂ ਤੇ ਹੋਰ ਕੁਦਰਤੀ ਵਸਤਾਂ ਤੋਂ ਬਣਾਏ ਜਾਂਦੇ ਸਨ। ਮਿਸਾਲ ਵਜੋਂ ਮਜੀਠ ਬੂਟੇ ਤੋਂ ਲਾਲ ਰੰਗ ਅਤੇ ਘੋਗਾ ਮੱਛੀ ਤੋਂ ਜਾਮਨੀ ਰੰਗ ਬਣਾਇਆ ਜਾਂਦਾ ਸੀ। ਇਸ ਤਰ੍ਹਾਂ ਕਿਰਮਚੀ ਰੰਗ ਕਰਮੇਜ਼ (Kermes) ਨਾਂ ਦੇ ਕੀਟ ਦੀ ਮਦੀਨ





ਤੋਂ ਤਿਆਰ ਹੁੰਦਾ ਸੀ। ਇਹ ਜੀਵ ਇਕ ਖਾਸ ਤਰ੍ਹਾਂ ਦੇ ਬਲੂਤ ਵਿਚ ਪਲਦਾ ਹੈ। ਇਸ ਤੋਂ ਕਿਰਮਚੀ ਰੰਗ ਹਾਸਿਲ ਕਰਨ ਦੀ ਵਾਰਤਾ ਬਹੁਤ ਰੌਚਿਕ ਹੈ। ਔਰਤ ਬੱਚਾ ਪੈਦਾ ਕਰਨ ਲਈ ਕਿੰਨੀ ਜੰਮਣ ਪੀੜਾ ਸਹਿੰਦੀ ਹੈ ਪਰ ਇਸ ਕੀਟ ਦੀ ਮਦੀਨ ਤਾਂ ਆਪਣੀ ਔਲਾਦ ਪੈਦਾ ਕਰਦਿਆਂ ਆਪਣੀ ਜਾਨ ਤੱਕ ਨਿਛਾਵਰ ਕਰ ਦਿੰਦੀ ਹੈ। ਹੋਰ ਕੀਟਾਂ ਦੀ ਤਰ੍ਹਾਂ ਮਦੀਨ ਕਰਮੇਜ਼ ਦੀਆਂ ਵੀ ਲੱਤਾਂ ਹੁੰਦੀਆਂ ਹਨ ਪਰ ਜਦ ਆਂਡੇ ਦੇਣ ਦਾ ਸਮਾਂ ਆਉਂਦਾ ਹੈ ਤਾਂ ਇਸ ਦੀਆਂ ਲੱਤਾਂ ਅਲੋਪ ਹੋ ਜਾਂਦੀਆਂ ਹਨ। ਆਂਡੇ ਦੇਣ ਤੋਂ ਪਹਿਲਾਂ ਮਾਦਾ ਕਰਮੇਜ਼ ਦਰਖਤ 'ਤੇ ਇਕ ਲੇਸਦਾਰ ਪਦਾਰਥ ਛਡਦੀ ਹੈ ਤੇ ਇਸ ਦੀ ਸਹਾਇਤਾ ਨਾਲ ਆਪਣੇ ਆਪ ਨੂੰ ਦਰਖਤ ਦੇ ਤਣੇ ਆਦਿ ਨਾਲ ਏਨੇ ਜ਼ੋਰ ਨਾਲ ਚਿਪਕਾ ਲੈਂਦੀ ਹੈ ਕਿ ਉਹ ਮੁੜ ਕੇ ਉਥੋਂ ਲਹਿ ਨਾ ਸਕੇ। ਇਸ ਤਰ੍ਹਾਂ ਉਸ ਦੇ ਦਿੱਤੇ ਆਂਡੇ ਬਾਹਰੀ ਖਤਰੇ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰਹਿੰਦੇ ਹਨ। ਆਂਡਿਆਂ 'ਚੋਂ ਲਾਰਵਾ ਨਿਕਲਣ ਪਿਛੋਂ ਬੱਚਿਆਂ ਦਾ ਆਪਣਾ ਜੀਵਨ ਚੱਕਰ ਸ਼ੁਰੂ ਹੋ ਜਾਂਦਾ ਹੈ ਪਰ ਕਰਮੇਜ਼ ਯੋਗ ਦਾ ਆਸਣ ਜਿਹਾ ਕਰਦੀ ਆਪਣੀ ਪੂਛ ਨੂੰ ਸਿਰ ਨਾਲ ਜੋੜ ਕੇ ਦਿਲ ਵਰਗੀ ਸ਼ਕਲ ਬਣਾ ਲੈਂਦੀ ਹੈ ਤੇ ਦਮ ਤੋੜ ਦਿੰਦੀ ਹੈ।

ਮਰਨ ਉਪਰੰਤ ਉਸ ਦਾ ਛੱਡਿਆ ਲੇਸਦਾਰ ਪਦਾਰਥ ਦਰਖਤ ਦੀਆਂ ਟਾਹਣੀਆਂ ਨੂੰ ਵੀ ਹਮੇਸ਼ਾ ਲਈ ਕਿਰਮਚੀ ਰੰਗ ਦੇ ਦਿੰਦਾ ਹੈ। ਇਸ ਜੀਵ ਦੇ ਮਰੇ ਹੋਏ ਜਿਸਮ ਨੂੰ ਸੁਕਾ ਕੇ ਪੀਸ ਲਿਆ ਜਾਂਦਾ ਹੈ ਜਿਸ ਤੋਂ ਫਿਰ ਕਿਰਮਚੀ ਰੰਗ ਬਣਾਇਆ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਇਸੇ ਨਾਲ ਰੇਸ਼ਮੀ ਅਤੇ ਊਨੀ ਕੱਪੜੇ ਰੰਗੇ ਜਾਂਦੇ ਸਨ। ਇਸ ਮਾਦਾ ਕੀਟ ਦਾ ਬਾਈਬਲ ਵਿਚ ਕਾਫੀ ਜ਼ਿਕਰ ਆਉਂਦਾ ਹੈ। ਹਿਬਰੂ ਵਿਚ ਇਸ ਕੀਟ ਨੂੰ ਟੋਲਾ ਕਿਹਾ ਗਿਆ ਹੈ ਜਿਸ ਦਾ ਅਰਥ ਹੈ, ਪੇਟੂ ਕਿਉਂਕਿ ਇਹ ਜੀਵ ਦਰਖਤ ਦੇ ਰਸ ਨੂੰ ਭੁੱਖੜਾਂ ਦੀ ਤਰ੍ਹਾਂ ਖਾਂਦਾ ਹੈ। ਇਕ ਭਜਨ ਵਿਚ ਈਸਾ ਕਹਿੰਦੇ ਹਨ, "ਮੈਂ ਕਿਰਮ ਹਾਂ।" ਇਸ ਕਥਨ ਦਾ ਭਾਵ ਹੈ ਕਿ ਈਸਾ ਨੇ ਇਸ ਕੀਟ ਵਾਂਗ ਲੱਕੜੀ ਦੀ ਸੂਲੀ 'ਤੇ ਚੜ੍ਹ ਕੇ ਆਪਣੀ ਔਲਾਦ (ਲੋਕਾਂ) ਖਾਤਰ ਕੁਰਬਾਨੀ ਦੇਣ ਦੀ ਭਵਿਖਵਾਣੀ ਕੀਤੀ ਹੈ।

ਉਪਰ ਜ਼ਿਕਰ ਕੀਤੇ ਜੀਵ ਦਾ ਅੰਗਰੇਜ਼ੀ ਨਾਂ ਕਰਮੇਜ਼ ਅਸਲ ਵਿਚ ਉਹੀ ਸ਼ਬਦ ਹੈ ਜਿਸ ਨੂੰ ਅਸੀਂ ਪੰਜਾਬੀ ਵਿਚ ਕਿਰਮ ਆਖਦੇ ਹਾਂ। ਚਿਰਕਾਲ ਤੋਂ ਹੀ ਭੂ-ਮਧ ਸਾਗਰ ਦੇ ਆਲੇ-ਦੁਆਲੇ ਦੇ ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਇਸ ਕੀਟ ਤੋਂ ਉਪਲਬਧ ਰੰਗ ਦੀ ਵਰਤੋਂ ਹੁੰਦੀ ਰਹੀ ਹੈ। ਇਸ ਲਈ ਇਸ ਦਾ ਜ਼ਿਕਰ ਅੰਗਰੇਜ਼ੀ ਸ਼ਬਦ ਤੋਂ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਕੁਝ ਇਕ ਵਾਰੀ ਆਇਆ ਹੈ ਜਿਵੇਂ 'ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥' (ਗੁਰੂ ਰਾਮ ਦਾਸ); 'ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ॥' (ਭਗਤ ਕਬੀਰ); 'ਰਕਤ ਕਿਰਮ ਮਹਿ ਨਹੀ ਸੰਘਾਰਿਆ', ਅਰਥਾਤ ਜਿਸ ਨੇ ਮਾਂ ਦੀ ਰੱਤ ਦੇ ਕਿਰਮਾਂ ਵਿਚ ਜੀਵ ਨੂੰ ਮਰਨ ਨਹੀਂ ਦਿੱਤਾ। ਕੀਟ ਜਾਂ ਕੀੜੇ ਦੀ ਤਰ੍ਹਾਂ ਕਿਰਮ ਦਾ ਅਰਥ ਤੁਛ, ਅਦਨਾ, ਕਮੀਨਾ ਵੀ ਹੈ ਜਿਵੇਂ 'ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ' (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)। ਇਸ ਦਾ ਅਰਥ ਲਹੂ ਵੀਰਯ ਵਿਚ ਸੂਖਮ ਬੀਜਰੂਪ ਵੀ ਹੈ ਜੋ ਉਤਪਤੀ ਦਾ ਕਾਰਨ ਹੈ।

'ਮਹਾਨ ਕੋਸ਼', ਪਲੈਟਸ ਦੇ ਕੋਸ਼ ਅਤੇ ਅਮਰਵੰਤ ਸਿੰਘ ਰਚਿਤ 'ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ' ਅਨੁਸਾਰ ਇਹ ਸ਼ਬਦ ਫਾਰਸੀ ਤੋਂ ਆਇਆ ਹੈ ਅਤੇ ਇਸ ਦੇ ਅਰਥ ਹਨ-ਕੀੜਾ, ਕੀਟ। ਇਸ ਸ਼ਬਦ ਦੇ ਪੁਰਾਤਨ ਰੂਪ ਪਹਿਲਵੀ ਅਤੇ ਜ਼ੰਦ ਵਿਚ ਵੀ ਮਿਲਦੇ ਹਨ। 'ਮਹਾਨ ਕੋਸ਼' ਨੇ ਤਾਂ ਇਸ ਨੂੰ ਬੈਕਟੀਰੀਆ ਵੀ ਕਹਿ ਮਾਰਿਆ ਹੈ ਜੋ ਬੈਕਟੀਰੀਆ ਬਾਰੇ ਅਜੋਕੀ ਸਮਝ ਅਨੁਸਾਰ ਢੁਕਦਾ ਨਹੀਂ। ਸੰਸਕ੍ਰਿਤ ਵਿਚ ਕਿਰਮ ਦੇ ਹੋਰ ਅਰਥ ਹਨ- ਮਕੜੀ, ਰੇਸ਼ਮ ਦਾ ਕੀੜਾ, ਕੀੜੀ, ਲਾਖ, ਖੋਲ ਵਾਲਾ ਕੀਟ ਆਦਿ। ਸਾਡੀ ਦਿਲਚਸਪੀ ਵਾਲਾ ਅਰਥ ਖੋਲ ਵਾਲਾ ਕੀਟ ਹੈ। ਖੋਲ ਵਾਲੇ ਕੀਟ ਜਿਵੇਂ ਪਹਿਲਾਂ ਵੀ ਸੰਕੇਤ ਦਿੱਤਾ ਜਾ ਚੁੱਕਾ ਹੈ, ਆਪਣੇ ਦੁਆਲੇ ਇਕ ਮੋਮ ਵਰਗਾ ਲੇਸਦਾਰ ਮਾਦਾ ਰਿਸਾ ਕੇ ਇਸ ਦੇ ਕਵਚ ਵਿਚ ਪਲਦੇ ਰਹਿੰਦੇ ਹਨ। ਇਨ੍ਹਾਂ ਦੀਆਂ ਮਦੀਨਾਂ ਦੇ ਖੋਲ ਗਤੀਹੀਣ ਹੁੰਦੇ ਹਨ ਅਤੇ ਇਹ ਹਮੇਸ਼ਾ ਕਿਸੇ ਬੂਟੇ ਨਾਲ ਚਿਪਕ ਕੇ ਉਨ੍ਹਾਂ ਤੋਂ ਖੁਰਾਕ ਚੂਸਦੀਆਂ ਰਹਿੰਦੀਆਂ ਹਨ। ਲਾਖ ਜੀਵ ਵੀ ਅਜਿਹੀ ਮਿਸਾਲ ਹੈ। ਕਿਰਮ ਤੋਂ ਕਿਰਮਾਂ ਨੂੰ ਮਾਰਨ ਵਾਲੀਆਂ ਔਸ਼ਧੀਆਂ ਲਈ ਸਮਾਸੀ ਸ਼ਬਦ ਬਣੇ ਕਿਰਮ-ਨਾਸ਼ਕ ਅਤੇ ਕਿਰਮਹਰ।

ਪਰ ਕਿਰਮਚੀ ਦੀ ਕਹਾਣੀ ਕੁਝ ਹੋਰ ਤਰ੍ਹਾਂ ਹੈ। ਬਹੁਤ ਸਾਰੇ ਸਰੋਤਾਂ ਅਨੁਸਾਰ ਇਸ ਦਾ ਮੁਢ ਬੱਝਾ ਸੰਸਕ੍ਰਿਤ ਦੇ 'ਕਿਰਮਜ' (ਕਿਰਮ+ਜ) ਤੋਂ ਜਿਸ ਵਿਚ 'ਜ' ਦਾ ਅਰਥ ਹੁੰਦਾ ਹੈ-ਉਪਜਿਆ, ਪੈਦਾ ਹੋਇਆ ਜਿਵੇਂ ਨੀਰਜ ਦਾ ਅਰਥ ਹੈ ਨੀਰ ਯਾਨਿ ਪਾਣੀ ਵਿਚ ਉਪਜਿਆ। ਸੋ ਕਿਰਮਜ ਦਾ ਅਰਥ ਬਣਿਆ, ਕਿਰਮ ਤੋਂ ਉਤਪੰਨ। ਇਸ ਲਈ ਕਿਰਮਜ ਸ਼ਬਦ ਕਿਰਮਾਂ ਤੋਂ ਪੈਦਾ ਹੁੰਦੇ ਹੋਰ ਕਈ ਕਿਸਮਾਂ ਦੇ ਪਦਾਰਥਾਂ ਖਾਸ ਤੌਰ 'ਤੇ ਰੰਗਾਂ ਲਈ ਵਰਤਿਆ ਜਾਂਦਾ ਇਕ ਆਮ ਸ਼ਬਦ ਹੈ ਜਿਵੇਂ ਲਾਖ। ਇਹ ਸ਼ਬਦ ਫਾਰਸੀ ਰਾਹੀਂ ਅਰਬੀ ਵਿਚ ਗਿਆ ਤਾਂ ਇਸ ਦਾ ਰੂਪ ਬਣ ਗਿਆ ਕਿਰਮਚ ਤੇ ਵਾਪਸ ਸਾਡੀਆਂ ਭਾਸ਼ਾਵਾਂ ਵਿਚ ਇਸੇ ਰੂਪ ਵਿਚ ਆ ਪਧਾਰਿਆ। ਇਹ ਸ਼ਬਦ ਅੱਗੇ ਹੋਰ ਯੂਰਪੀ ਭਾਸ਼ਾਵਾਂ ਵਿਚ ਵੀ ਚਲੇ ਗਿਆ। ਕਿਰਮਚ ਤੋਂ ਵਿਸ਼ੇਸ਼ਣ ਰੂਪ ਕਿਰਮਚੀ ਬਣ ਗਿਆ।

ਅਮਰਵੰਤ ਸਿੰਘ ਅਨੁਸਾਰ ਇਹ ਸ਼ਬਦ ਅਸਲ 'ਚ ਕਿਰਮਕਜ਼ ਭਾਵ ਰੇਸ਼ਮ ਦਾ ਕੀੜਾ ਹੈ ਕਿਉਂਕਿ ਇਸ ਕੀੜੇ ਨਾਲ ਰੇਸ਼ਮ ਨੂੰ ਸੁਰਖ ਰੰਗ ਚਾੜ੍ਹਿਆ ਜਾਂਦਾ ਹੈ ਤੇ ਇਸ ਨੂੰ ਸੰਖੇਪ ਕਰਕੇ ਕਿਰਮਿਜ਼ ਬਣਾ ਦਿੱਤਾ ਗਿਆ। ਪਰ ਕਿਰਮਕਜ਼ ਸ਼ਬਦ ਮੈਨੂੰ ਅਰਬੀ ਵਿਚ ਨਹੀਂ ਮਿਲਿਆ ਤੇ ਜਿਵੇਂ ਉਪਰ ਦੱਸਿਆ ਗਿਆ ਹੈ, ਇਹ ਰੇਸ਼ਮ ਬਣਾਉਣ ਵਾਲੇ ਕੀੜੇ ਲਈ ਵੀ ਵਰਤਿਆ ਜਾਂਦਾ ਹੈ।

ਸ਼ੁਰੂ ਵਿਚ ਦੱਸਿਆ ਗਿਆ ਅੰਗਰੇਜ਼ੀ ਸ਼ਬਦ ਕਰਮੇਜ਼ ਸੰਸਕ੍ਰਿਤ ਕਿਰਮਜ ਦਾ ਬਦਲਿਆ ਰੂਪ ਹੈ ਪਰ ਇਸ ਦਾ ਅਰਥ ਉਹ ਬਲੂਤ ਵੀ ਹੈ ਜਿਸ 'ਚ ਇਹ ਕੀਟ ਪਲਦੇ ਹਨ। ਇਹ ਸ਼ਬਦ ਸੰਸਕ੍ਰਿਤ ਕਿਰਮਜ ਤੋਂ ਮਧਕਾਲੀ ਲਾਤੀਨੀ ਰਾਹੀਂ ਹੋਰ ਯੂਰਪੀ ਭਾਸ਼ਾਵਾਂ ਫਰਾਂਸੀਸੀ, ਇਤਾਲਵੀ, ਸਪੇਨੀ ਵਿਚ ਦਾਖਲ ਹੋਇਆ। ਕਿਰਮ ਸ਼ਬਦ ਹਿੰਦ-ਯੂਰਪੀ ਖਾਸੇ ਵਾਲਾ ਹੈ ਤੇ ਵਿਦਵਾਨਾਂ ਨੇ ਇਸ ਦਾ ਭਾਰੋਪੀ ਮੂਲ 'ਕਵਰਮੀ' ਦੱਸਿਆ ਹੈ। ਇਸ ਤੋਂ ਅੰਗਰੇਜ਼ੀ ਸ਼ਬਦ Worm (ਵਰਮ), ਲਿਥੂਏਨੀਅਨ ਕਿਰਮਿਸ ਅਤੇ ਅਲਬੇਨੀਅਨ ਕਰਿੰਪ ਬਣੇ ਹਨ, ਸਭ ਦਾ ਅਰਥ ਕੀਟ ਹੀ ਹੈ। ਸ਼ੁਰੂ ਵਿਚ ਜ਼ਿਕਰ ਅਧੀਨ ਆਇਆ ਅੰਗਰੇਜ਼ੀ ਸ਼ਬਦ Crimson (ਕ੍ਰਿਮਜ਼ਨ) ਵੀ ਇਸੇ ਲੜੀ ਵਿਚ ਆਉਂਦਾ ਹੈ। ਇਹ ਸ਼ਬਦ ਲਾਤੀਨੀ Cremesinus ਤੋਂ ਬਣਿਆ ਜੋ ਪੰਦਰਵੀਂ ਸਦੀ ਵਿਚ ਅੰਗਰੇਜ਼ੀ ਵਿਚ ਆਇਆ। ਇਸ ਤਰ੍ਹਾਂ ਕ੍ਰਿਮਜ਼ਨ ਅਤੇ ਕਿਰਮਚੀ ਇਕੋ ਥੈਲੀ ਦੇ ਚੱਟੇ-ਵੱਟੇ ਹਨ। ਅੰਗਰੇਜ਼ੀ Carmine (ਕਿਰਮਚੀ), Vermeil (ਕਿਰਮਚੀ), Vermilion (ਸੰਧੂਰ) ਸ਼ਬਦ ਵੀ ਇਸੇ ਤੁਛ ਕਿਰਮ ਦੀ ਔਲਾਦ ਹਨ। ਮਧਕਾਲੀ ਫਰਾਂਸ 'ਚ ਵਰਮੇਲ ਰੰਜਕ ਦੀ ਵਰਤੋਂ ਲਾਲ ਵਾਈਨ ਨੂੰ ਹੋਰ ਗੂੜ੍ਹਾ ਕਰਨ ਲਈ ਕੀਤੀ ਜਾਂਦੀ ਸੀ।

---

# ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਗੁਰੂ ਨਾਨਕ ਦੇਵ ਦਾ ਇਹ ਅੰਮ੍ਰਿਤਮਈ ਪਾਵਨ ਸ਼ਬਦ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੀਆਂ ਉਪਰਲੀਆਂ ਪੰਕਤੀਆਂ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਦੇਵ, ਪਿਤਾ ਕਾਦਰ ਦੀ ਕੁਦਰਤ ਨੂੰ ਦੇਖ-ਦੇਖ ਵਿਸਮਾਦ ਹੋ ਰਹੇ ਹਨ। ਸਾਉਣ ਮਹੀਨਾ ਚੜ੍ਹ ਪਿਆ ਹੈ। ਆਸਮਾਨ 'ਤੇ ਮੇਘੜਾ ਆਪਣੀਆਂ ਫੌਜਾਂ ਨੂੰ ਲੈ ਕੇ ਗੜ-ਗੜ ਕਰਦਾ ਵਰਸਣ ਨੂੰ ਤਿਆਰ ਬੈਠਾ ਹੈ। ਕਾਲੀਆਂ ਘੋਰ ਘਟਾਵਾਂ ਚਾਰੇ ਪਾਸਿਉਂ ਉਮਡ-ਉਮਡ ਕੇ ਆ ਰਹੀਆਂ ਹਨ। ਕਾਲੀਆਂ ਘਟਾਵਾਂ ਆਉਂਦੀਆਂ ਦੇਖ ਚੰਚਲ ਸ਼ੋਖ ਹਵਾਵਾਂ ਵੀ ਵਜਦ ਵਿਚ ਆ ਗਈਆਂ ਅਤੇ ਲੱਗ ਪਈਆਂ ਮਸਤੀ ਵਿਚ ਝੂਮਣ। ਹਵਾਵਾਂ ਨੂੰ ਅਦਾਵਾਂ ਨਾਲ ਤੁਰਦਿਆਂ ਵੇਖ ਮੇਘੜੇ ਨੇ ਵੀ ਰਿਮ-ਝਿਮ, ਰਿਮ-ਝਿਮ ਵੱਸਣਾ ਸ਼ੁਰੂ ਕਰ ਦਿਤਾ। ਜਿਉਂ ਹੀ ਕਿਣ-ਮਿਣ ਕਣੀਆਂ ਧਰਤੀ ਦੀ ਤਪਸ਼ ਮੁਕਾਉਣ ਲੱਗੀਆਂ, ਸਾਰੀ ਹੀ ਬਨਸਪਤੀ ਲਹਿਰਾ ਉਠੀ। ਮੋਰ ਪੈਲਾਂ ਪਾਉਣ ਲੱਗ ਪਏ। ਕੋਇਲਾਂ ਨੇ ਅਤਿ ਮਿੱਠੀ ਸੁਰੀਲੀ ਆਵਾਜ਼ ਵਿਚ ਬਿਰਹਾ ਦੇ ਗੀਤ ਗਾਉਣੇ ਸ਼ੁਰੂ ਕਰ ਦਿਤੇ। ਬੀਂਡਿਆਂ ਨੇ ਆਪਣਾ ਰਾਗ ਅਲਾਪਿਆ ਤਾਂ ਨਾਲ ਹੀ ਪਪੀਹੇ ਨੇ ਵੀ ਪੀਉ ਪੀਉ ਆਖ ਆਪਣੇ ਪ੍ਰੀਤਮ ਨੂੰ ਆਵਾਜ਼ਾਂ ਦੇਣੀਆਂ ਜਦ ਸ਼ੁਰੂ ਕੀਤੀਆਂ ਤਾਂ ਭਲਾ ਜਗਤ ਗੁਰੂ ਨਾਨਕ ਬਾਬਾ ਕਿਵੇਂ ਨਾ ਆਪਣੇ ਕਾਦਰ ਨੂੰ ਯਾਦ ਕਰਦੇ!

ਇਸ ਅਨੰਦਮਈ ਨਜ਼ਾਰੇ ਨੂੰ ਵੇਖ ਸਤਿਗੁਰਾਂ ਆਖਿਆ, ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਗੁਰੂ ਜੀ ਨੇ ਉਸ ਮਿਹਰਬਾਨ ਪ੍ਰਭੂ ਦੇ ਪਿਆਰ ਵਿਚ ਭਿੱਜ ਕੇ ਸਤਿਸੰਗੀ ਅਤੇ ਰੱਬ ਦੇ ਪਿਆਰਿਆਂ ਨੂੰ ਭੈਣਾਂ ਦੇ ਨਾਮ ਨਾਲ ਮਿਠੜੀ ਆਵਾਜ਼ ਦਿਤੀ ਅਤੇ ਆਖਿਆ, ਭੈਣੋ ਸਾਵਣ ਆ ਗਿਆ ਹੈ। ਇਸ ਧਰਤੀ ਦੇ ਸਾਰੇ ਜੀਵ ਪਰਮਾਤਮਾ ਦਾ ਸ਼ੁਕਰ ਮਨਾ ਰਹੇ ਹਨ, ਆਉ ਭੈਣੋ ਅਸੀਂ ਵੀ ਸਾਰੇ ਮਿਲ ਕੇ ਉਸ ਪ੍ਰਭੂ ਦੀ ਉਸਤਤ ਦੇ ਗੀਤ ਗਾਵੀਏ ਅਤੇ ਸਾਉਣ ਦੀ ਸੋਹਣੀ ਵਰਖਾ ਰੁੱਤ ਦਾ ਅਨੰਦ ਮਾਣੀਏ। ਰਾਗ ਮਾਂਝ ਦੇ ਬਾਰਹ ਮਾਹ ਵਿਚ ਗੁਰੂ ਅਰਜਨ ਦੇਵ ਜੀ ਸਾਉਣ ਮਹੀਨੇ ਦੇ ਮਨਮੋਹਕ ਨਜ਼ਾਰਿਆਂ ਦਾ ਖੂਬਸੂਰਤ ਵਰਣਨ ਕਰਦੇ ਆਖਦੇ ਹਨ, ਹੇ ਭਾਈ! ਸਾਉਣ ਮਹੀਨਾ, ਵਰਖਾ ਦੀ ਰੁੱਤ, ਜਲ-ਥਲ ਹੋਈ ਧਰਤੀ, ਪੰਛੀਆਂ ਦਾ ਚਹਿਚਹਾਉਣਾ, ਠੰਢੀਆਂ ਹਵਾਵਾਂ ਅਤੇ ਹਰ ਪਾਸੇ ਛਾਈ ਹਰਿਆਲੀ, ਉਨ੍ਹਾਂ ਲਈ ਹੀ ਸੁਹਾਵਣੀ ਹੈ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦਾ ਹਾਰ ਬਣਾ ਕੇ ਆਪਣੇ ਗਲ ਵਿਚ ਪਾ ਲਿਆ ਹੈ, ਜੋ ਆਤਮਾਵਾਂ ਪ੍ਰਭੂ ਪਿਆਰੇ ਨਾਲ ਜੁੜ ਬੈਠੀਆਂ ਹਨ, ਉਹ ਹੀ ਸੁਹਾਗਣਾਂ ਹਨ ਅਤੇ ਸਾਵਣ ਵੀ ਉਨ੍ਹਾਂ ਲਈ ਹੀ ਸੁਹਾਵਣਾ ਹੈ, ਸੁਖਦਾਈ ਹੈ।

ਸਮਾਜਿਕ ਤੇ ਸੰਸਾਰਕ ਤੌਰ 'ਤੇ ਵੀ ਕਦੀ ਸਾਉਣ ਮਹੀਨੇ ਦੀ ਬਹੁਤ ਮਹਾਨਤਾ ਹੁੰਦੀ ਸੀ। ਖੇਤੀਬਾੜੀ ਦਾ ਸਾਰਾ ਦਾਰੋਮਦਾਰ ਕਦੀ ਮੀਂਹ ਉਤੇ ਹੀ ਹੁੰਦਾ ਸੀ, ਜਦ ਕਿਤੇ ਸਾਉਣ ਦਾ ਮੀਂਹ ਛੇਤੀ ਨਾ ਵੱਸਣਾ ਤਾਂ ਨਿੱਕੀਆਂ ਕੁੜੀਆਂ ਨੇ ਇਕੱਠਿਆਂ ਹੋ ਗੁੱਡੀ ਗੁੱਡਾ ਸਾੜਨ ਜਾਣਾ। ਰੱਬ ਨੂੰ ਆਵਾਜ਼ਾਂ ਦੇ ਕੇ ਆਖਣਾ, ਵੱਸ ਮੀਹਾਂ ਕਾਲਿਆ, ਮੈਂ ਗੁੱਡੀ-ਗੁੱਡਾ ਸਾੜਿਆ ਅਤੇ ਸੱਚੀ-ਮੁੱਚੀ ਰੱਬ ਨੇ ਵੀ ਬਾਲੜੀਆਂ ਦੀ ਆਵਾਜ਼ ਝੱਟ ਸੁਣ ਲੈਣੀ ਅਤੇ ਕਾਲੇ ਸਿਆਹ ਬੱਦਲ ਚੜ੍ਹ ਕੇ ਆ ਜਾਣੇ ਤੇ ਛਮ-ਛਮ ਵਰ੍ਹ ਕੇ ਗਲੀਆਂ ਛੱਪੜ ਇਕ-ਮਿਕ ਕਰ ਦੇਣੇ। ਨਿਆਣਿਆਂ ਨੇ ਨਾਲੇ ਮੀਂਹ ਵਿਚ ਨਹਾਉਣਾ, ਨੱਚਣਾ-ਟੱਪਣਾ ਤੇ ਨਾਲੇ ਗੀਤ ਗਾਉਣੇ- ਰੱਬਾ ਰੱਬਾ ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ; ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰਸਾਏ ਜ਼ੋਰੋ-ਜ਼ੋਰ।



ਬਾਰਸ਼ ਵੇਖ ਕੇ ਸਭ ਜੀਅ-ਜੰਤ ਝੂਮ ਉਠਣੇ, ਸਜ-ਵਿਆਹੀਆਂ ਨੇ ਪੇਕੇ ਪਿੰਡ ਪਿੱਪਲਾਂ ਉਤੇ ਪੀਂਘਾਂ ਪਾਉਣੀਆਂ ਤਾਂ ਨਾਲ ਹੀ ਕੁਦਰਤ ਰਾਣੀ ਨੇ ਵੀ ਮਚਲ ਉਠਣਾ। ਉਸ ਨੇ ਵੀ ਅਸਮਾਨ ਉਤੇ ਸਤਰੰਗੀ ਪੀਂਘ ਪਾ ਕੇ ਝੂਟੇ ਲੈਣੇ ਸ਼ੁਰੂ ਕਰ ਦੇਣੇ। ਇਕ ਪਾਸੇ ਸੱਤ ਰੰਗੀ ਪੀਂਘ 'ਤੇ ਬੈਠੀ ਕੁਦਰਤ ਰਾਣੀ ਅਤੇ ਦੂਜੇ ਪਾਸੇ ਧਰਤੀ ਦੀਆਂ ਧੀਆਂ ਨੇ ਜਿਦ-ਜਿਦ ਕੇ ਪੀਂਘਾਂ ਚੜ੍ਹਾਉਣੀਆਂ। ਕੁਦਰਤ ਰਾਣੀ ਨੇ ਤਾਂ ਦੋ-ਚਾਰ ਝੂਟੇ ਲੈ ਵਾਪਸ ਘਰ ਤੁਰ ਜਾਣਾ, ਪਰ ਧਰਤੀ ਦੀਆਂ ਧੀਆਂ ਨੇ ਖੂਬ ਪੀਂਘਾਂ ਝੂਟਣੀਆਂ, ਗੀਤ ਗਾਉਣੇ ਅਤੇ ਗਿੱਧੇ ਵੀ ਪਾਉਣੇ। ਹਰ ਘਰ ਪਰਿਵਾਰ ਵਿਚ ਖੀਰ ਤੇ ਮਿੱਠੇ ਪੂੜੇ ਪੱਕਣੇ। ਇਵੇਂ ਸਾਉਣ ਦਾ ਸਾਰਾ ਮਹੀਨਾ ਹੀ ਖੁਸ਼ੀਆਂ ਦੇ ਜਸ਼ਨ ਮਨਾਉਂਦਿਆਂ ਬਤੀਤ ਹੋਣਾ।

ਅੱਧੀ ਸਦੀ ਪਹਿਲਾਂ ਦੇ ਸਾਉਣ ਅਤੇ ਵਰਤਮਾਨ ਸਮੇਂ ਦੇ ਸਾਉਣ ਦਾ ਜ਼ਮੀਨ ਅਸਮਾਨ ਦਾ ਫਰਕ ਹੈ। ਯੁੱਗਾਂ ਜਿੰਨਾ ਫਰਕ! ਨਾ ਹੁਣ ਕੋਈ ਸਾਉਣ ਦੀ ਉਡੀਕ ਕਰਦਾ ਹੈ, ਨਾ ਗੁੱਡੀ-ਗੁੱਡਾ ਸਾੜਿਆ ਜਾਂਦਾ ਹੈ, ਨਾ ਖੀਰ ਪੂੜੇ ਪੱਕਦੇ ਹਨ ਅਤੇ ਨਾ ਹੀ ਕੋਈ ਸਾਉਣ ਨੂੰ ਵੇਖ ਕੇ ਪਿਆਰ ਦੇ ਗੀਤ ਗਾਉਂਦਾ ਹੈ, ਕਿਉਂਕਿ ਹੁਣ ਲੋਕਾਂ ਨੂੰ ਸਾਉਣ ਦੀ ਲੋੜ ਹੀ ਨਹੀਂ, ਫਸਲਾਂ ਲਈ ਮੋਟਰਾਂ ਤੇ ਇੰਜਣ, ਧਰਤੀ ਦੀ ਹਿੱਕ ਉਤੇ ਟਰੈਕਟਰ ਦਿਨ ਰਾਤ ਚੱਲ ਰਹੇ ਹਨ, ਦਰਖਤਾਂ ਦੀਆਂ ਠੰਢੀਆਂ ਛਾਂਵਾਂ ਦੀ ਥਾਂ ਘਰਾਂ ਵਿਚ ਏ.ਸੀ. ਡਿਊਟੀ ਦੇ ਰਹੇ ਹਨ, ਕੁਦਰਤੀ ਚੀਜ਼ਾਂ ਨਾਲੋਂ ਨਾਤਾ ਤੋੜ ਕੇ ਇਨਸਾਨ ਆਪਣੀ ਚਤੁਰਾਈ ਵਾਲੇ ਕੰਮ ਕਰ ਰਿਹਾ ਹੈ। ਇਸ ਚਤੁਰਾਈ ਨੇ ਜਿਥੇ ਪ੍ਰਦੂਸ਼ਣ ਨਾਲ ਹਵਾ ਵਿਚ ਜ਼ਹਿਰ ਭਰ ਦਿਤਾ ਹੈ, ਉਥੇ ਧਰਤੀ ਨੂੰ ਵੀ ਬੰਜਰ ਬਣਾ ਕੇ ਆਪਣੇ ਚਾਰ-ਚੁਫੇਰੇ ਨੂੰ ਰੋਗਗ੍ਰਸਤ ਕਰ ਲਿਆ ਹੈ। ਅਸੀਂ ਘਰਾਂ ਦੇ ਵਿਹੜਿਆਂ ਵਿਚੋਂ ਛਾਂਵਾਂ ਵਾਲੇ ਹਰੇ-ਭਰੇ ਦਰਖਤ ਵੱਢ ਕੇ ਖੁਸ਼ਹਾਲ ਜ਼ਿੰਦਗੀ ਨੂੰ ਆਪ ਹੀ ਚੁਣੌਤੀ ਦੇ ਲਈ ਹੈ। ਸਾਉਣ ਵੀ ਗਿਆ ਤੇ ਧਰਤੀ ਵਿਚੋਂ ਪਾਣੀ ਵੀ ਗਿਆ। ਨਦੀਆਂ ਨਾਲੇ ਸੁੱਕਦੇ ਵੇਖ ਹੁਣ ਹਰ ਬੰਦਾ ਸੋਚ ਰਿਹਾ ਹੈ, ਕੀ ਕਰਾਂ? ਬਾਹਰ ਬੈਠੇ ਪੰਜਾਬੀ ਵੀ ਸਾਉਣ ਮਹੀਨੇ ਨੂੰ ਭੁੱਲ-ਭੁਲਾ ਗਏ ਹਨ, ਪਰ ਨਵੀਂ ਪੀੜ੍ਹੀ ਦੀਆਂ ਮੁਟਿਆਰਾਂ ਤੀਆਂ ਦੇ ਮੇਲੇ ਲਾ ਕੇ ਬੀਤੇ ਸਮੇਂ ਨੂੰ ਯਾਦ ਕਰਨ ਦੀ ਕੋਸ਼ਿਸ਼ ਜ਼ਰੂਰ ਕਰ ਰਹੀਆਂ ਹਨ। ਚਲੋ, ਸਾਲ ਪਿੱਛੋਂ ਇਕ ਦਿਨ ਹੀ ਸਹੀ, ਯਾਦ ਕਰਨ ਲਈ ਇਕ ਦਿਨ ਵੀ ਬਹੁਤ ਹੈ। ਅਸੀਂ ਬਹੁਤ ਅੱਗੇ ਨਿਕਲ ਆਏ ਹਾਂ ਜਿਥੋਂ ਪਿੱਛੇ ਵੇਖਣਾ ਜਾਂ ਮੁੜਨਾ ਅਤਿ ਕਠਿਨ ਹੈ। ਫਿਰ ਵੀ ਬੇਨਤੀ ਹੈ ਕਿ ਆਓ! ਆਪਣੇ ਸ਼ਬਦ ਗੁਰੂ ਦੀ ਮੱਤ ਲੈ ਕੇ ਪਰਮਾਤਮਾ ਦੇ ਸ਼ੁਕਰਾਨੇ ਵਿਚ ਜੁੜੀਏ, ਉਹਦੀ ਸਿਫਤਿ-ਸਾਲਾਹ ਕਰੀਏ। ਸਤਿਗੁਰੂ ਆਵਾਜ਼ ਦੇ ਰਹੇ ਹਨ, ਭੈਣੇ ਸਾਵਣੁ ਆਇਆ।

## ਕਹਾਣੀ

# ਅਣਮੁੱਲੇ ਰਿਸ਼ਤੇ

ਨਵੀਂ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਚੱਲੀ ਤਾਂ ਪੂਰੀ ਗਹਿਮਾ-ਗਹਿਮੀ ਸੀ। ਹਰ ਕਿਸੇ ਨੂੰ ਆਪਣਾ ਟਿਕਾਣਾ ਮੱਲਣ ਦੀ ਕਾਹਲ ਸੀ। ਥੋੜ੍ਹੀ ਹੀ ਦੇਰ ਬਾਅਦ ਸਾਰੀਆਂ ਸਵਾਰੀਆਂ ਆਪੋ-ਅਪਣੀ ਥਾਂ 'ਤੇ ਟਿਕ ਗਈਆਂ ਤੇ ਕੁਝ ਸ਼ਾਂਤੀ ਜਿਹੀ ਹੋ ਗਈ। ਮੇਰੇ ਵਾਲੇ ਕੈਬਿਨ ਵਿਚ 7-8 ਕੁ ਮੁਸਾਫਿਰ ਆਹਮੋ-ਸਾਹਮਣੇ ਬੈਠੇ ਸਨ। ਆਪੋ ਵਿਚ ਗੱਲਾਂ ਦੀ ਸਾਂਝ ਵਧਣ ਲੱਗੀ। ਗੱਡੀਆਂ 'ਚ ਭੀੜ ਦੀਆਂ, ਗੰਦਗੀ ਦੀਆਂ, ਸੀਟਾਂ ਦੀ ਬਲੈਕ ਦੀਆਂ, ਰਾਜਨੀਤੀ ਤੇ ਭ੍ਰਿਸ਼ਟਾਚਾਰ ਦੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਗੱਲਾਂ ਮਘਣ ਲੱਗੀਆਂ। ਹਰ ਕੋਈ ਅਪਣੇ ਗਿਆਨ ਦੀ ਧਾਕ ਜਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਮੇਰੇ ਸਾਹਮਣੇ ਬੈਠਾ ਇੱਕ ਬਜ਼ੁਰਗ ਆਪਣੀ ਹੀ ਮਸਤੀ ਵਿਚ ਬਾਰੀ ਵਿਚੋਂ ਕਿਤੇ ਦੂਰ ਨਿਗਾਹ ਟਿਕਾਈ ਚੁੱਪ-ਚਾਪ ਬੈਠਾ ਸੀ।



ਜਗਮੀਤ ਸਿੰਘ ਪੰਧੇਰ
ਫੋਨ: 91-98783-37222

ਸ਼ਾਇਦ ਉਸ ਦੀ ਹਰ ਰੋਜ਼ ਹੀ ਚਲਦੀਆਂ ਅਜਿਹੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਹੌਲੀ-ਹੌਲੀ ਗੱਲਾਂ ਦਾ ਰੁਖ ਬਦਲਿਆ। ਇੱਕ ਦੂਜੇ ਨਾਲ ਵਾਕਫੀ ਹੋਣ ਲੱਗੀ।

"ਹਾਂ ਬਈ ਜੁਆਨਾ! ਕਿਵੇਂ ਸੁਸਤ ਜਿਹਾ ਬੈਠੈਂ, ਕਿੱਥੋਂ ਐਂ, ਕੀ ਕੰਮ ਕਾਰ ਕਰਦੈਂ?" ਇੱਕ ਦਮ ਹੀ ਕਈ ਸਵਾਲ ਮੇਰੇ ਵੱਲ ਨੂੰ ਆ ਗਏ।

"ਜੀ ਮੈਂ ਤਾਂ ਬਰਨਾਲੇ ਤੋਂ ਆਂ। ਸਰਕਾਰੀ ਸਕੂਲ 'ਚ ਅਧਿਆਪਕ ਆਂ।" ਮੈਂ ਆਪਣੀ ਵਾਰੀ ਛੇਤੀ ਲੰਘਾਉਣੀ ਚਾਹੀ।

"ਵਾਹ ਜੀ ਵਾਹ ਮਾਸਟਰ ਜੀ। ਫੇਰ ਤਾਂ ਨਾਲੇ ਚੋਪੜੀਆਂ ਨਾਲੇ ਦੋ ਦੋ। ਮਦਾਰੀ ਆਂਗੂੰ ਜੁਆਕਾਂ ਦੇ ਕੰਨ ਮਰੋੜੀ ਜਾਓ ਤੇ ਪੈਸਿਆਂ ਨਾਲ ਜੇਬਾਂ ਭਰੀ ਜਾਓ। ਵਿਹਲੇ ਦੇ ਵਿਹਲੇ।" ਉਨ੍ਹਾਂ ਵਿਚੋਂ ਇੱਕ ਜਣੇ ਨੇ ਹੱਥ 'ਤੇ ਹੱਥ ਮਾਰਦਿਆਂ ਮਖੌਲ ਜਿਹਾ ਉਡਾਇਆ।

ਮੇਰੇ ਮਨ ਵਿਚ ਕਾਫੀ ਕੁਝ ਆਇਆ ਕਹਿਣ ਵਾਸਤੇ ਪਰ ਉਨ੍ਹਾਂ ਕੋਲ ਸੁਣਨ ਦੀ ਵਿਹਲ ਕਿੱਥੇ ਸੀ। ਮੈਂ ਨਮੋਸ਼ੀ ਵਿਚ ਚੁੱਪ ਹੀ ਧਾਰ ਲਈ। ਮੈਂ ਵੇਖਿਆ ਕਿ ਸਾਹਮਣੇ ਬੈਠਾ ਬਜ਼ੁਰਗ ਬੋਲਣ ਵਾਲੇ ਵੱਲ ਟੇਢਾ ਜਿਹਾ ਝਾਕਿਆ। ਸਭ ਦਾ ਜੋਰ ਹੁਣ ਮਾਸਟਰਾਂ 'ਤੇ ਪਟਾ ਚਾੜ੍ਹਨ 'ਚ ਲੱਗ ਰਿਹਾ ਸੀ।

"ਪਹਿਲਾਂ ਕਹਿੰਦੇ ਹੁੰਦੇ ਸੀ ਬਈ ਫੌਜ ਤੇ ਸਕੂਲਾਂ ਦਾ ਮਹਿਕਮਾ ਬੜਾ ਸਾਫ-ਸੁਥਰੈ ਪਰ ਹੁਣ ਤਾਂ ਬੇੜਾ ਈ ਗਰਕ ਹੋ ਗਿਐ। ਹਰ ਰੋਜ ਵੱਡੇ-ਵੱਡੇ ਘਪਲੇ ਨੰਗੇ ਹੁੰਦੇ ਐ।" ਇੱਕ ਜਣਾ ਬੋਲਿਆ।

ਉਸ ਦੀ ਸੱਚੀ ਜਿਹੀ ਗੱਲ ਮੇਰੇ ਮਨ ਨੂੰ ਵੀ ਜਚੀ। ਮੇਰਾ ਧਿਆਨ ਬਾਹਰ ਵੱਲ ਗਿਆ ਤਾਂ ਗੱਡੀ ਪੂਰੀ ਤੇਜ ਰਫਤਾਰ ਨਾਲ ਨਿੱਕੇ ਮੋਟੇ ਸਟੇਸ਼ਨਾਂ ਨੂੰ ਪਿੱਛੇ ਛੱਡਦੀ ਹੋਈ ਦੌੜੀ ਜਾ ਰਹੀ ਸੀ। ਮੈਨੂੰ ਮਹਿਸੂਸ ਹੋਇਆ ਕਿ ਮੇਰੇ ਨਾਲ ਬੈਠੇ ਮੁਸਾਫਰ ਵੀ ਰੇਲ ਗੱਡੀ ਵਾਂਗੂੰ ਇੱਕ ਦੂਜੇ ਦੀ ਗੱਲ ਕੱਟਦੇ ਹੋਏ ਸਿਰਫ ਆਪਣੀ ਗੱਲ ਸੁਣਾਉਣ ਲਈ ਕਾਹਲੇ ਹੋਏ ਇੱਕ ਦੂਜੇ ਨੂੰ ਪਿੱਛੇ ਛੱਡਣ ਦੀ ਦੌੜ ਵਿਚ ਪੂਰਾ ਜੋਰ ਲਾ ਰਹੇ ਹਨ। ਮੈਂ ਦੇਖਿਆ, ਆਲੇ-ਦੁਆਲੇ ਤੋਂ ਬਿਲਕੁਲ ਬੇਖਬਰ ਮੇਰੇ ਸਾਹਮਣੇ ਬੈਠੇ ਭਲੇ ਜਿਹੇ ਬਜ਼ੁਰਗ ਨੇ ਆਪਣੇ ਝੋਲੇ ਵਿਚੋਂ ਰੋਟੀਆਂ ਵਾਲਾ ਪੋਣਾ ਕੱਢਿਆ ਤੇ ਹੌਲੀ-ਹੌਲੀ ਗੰਢ ਖੋਹਲ ਕੇ ਆਪਣੇ ਪੱਟਾਂ ਉਪਰ ਵਿਛਾ ਲਿਆ। ਬੜੇ ਹੀ ਸਹਿਜ ਨਾਲ ਸਭਨਾਂ ਵੱਲ ਦੇਖਦਿਆਂ ਬੋਲਿਆ, "ਲਓ ਬਈ ਸ਼ੇਰੋ, ਆ ਜੋ ਜੇ ਕਿਸੇ ਨੇ ਬੁਰਕੀ ਖਾਣੀ ਐਂ। ਹਨ ਤਾਂ ਭਾਂਵੇਂ ਦੋ ਹੀ ਪਰੌਂਠੀਆਂ ਪਰ ਵੰਡ ਕੇ ਛਕ ਲਾਂ'ਗੇ।"

ਕਈਆਂ ਨੇ ਮੂੰਹ ਜਿਹਾ ਮਰੋੜਿਆ ਤੇ ਕੁਝ ਨੇ ਨਾਂਹ-ਨਾਂਹ ਕਰਦਿਆਂ ਉਸ ਦਾ ਧੰਨਵਾਦ ਵੀ ਕੀਤਾ। ਮੈਨੂੰ ਉਸ ਦੇ ਬੋਲਾਂ ਵਿਚ ਇੱਕ ਖਾਸ ਤਰ੍ਹਾਂ ਦਾ ਨਿੱਘ ਜਿਹਾ ਮਹਿਸੂਸ ਹੋਇਆ। ਸ਼ਾਇਦ ਇਸ ਨਿੱਘ ਨਾਲ ਹੀ ਮੈਨੂੰ ਝਪਕੀ ਜਿਹੀ ਆ ਗਈ ਅਤੇ ਬਚਪਨ ਵਿਚ ਆਪਣੇ ਨਾਨਾ ਜੀ ਨਾਲ ਬਿਤਾਏ ਪਲਾਂ ਦੇ ਨਿੱਕੇ-ਨਿੱਕੇ ਤੇ ਮਿੱਠੇ-ਮਿੱਠੇ ਸੁਪਨਿਆਂ ਵਿਚ ਗੁਆਚ ਗਿਆ। ਅਚਾਨਕ ਝਟਕਾ ਜਿਹਾ ਲੱਗਣ ਨਾਲ ਮੇਰੀ ਅੱਖ ਖੁੱਲ੍ਹੀ ਤਾਂ ਦੇਖਿਆ ਕਿ ਗੱਡੀ ਅੰਬਾਲੇ ਦੇ ਸਟੇਸ਼ਨ 'ਤੇ ਖੜ੍ਹੀ ਸੀ। ਮੈਂ ਲੱਤਾਂ ਮੋਕਲੀਆਂ ਕਰਨ ਤੇ ਸੁਸਤੀ ਦੂਰ ਕਰਨ ਲਈ ਪਲੇਟਫਾਰਮ 'ਤੇ ਉਤਰ ਕੇ ਚਾਹ ਦਾ ਕੱਪ ਲੈ ਲਿਆ। ਪਰ ਪਤਾ ਨਹੀਂ ਕਿਉਂ ਮੇਰਾ ਦਿਮਾਗ ਮੇਰੇ ਨਾਨੇ ਅਤੇ ਕੈਬਨ ਵਿਚ ਮੇਰੇ ਸਾਹਮਣੇ ਬੈਠੇ ਬਜ਼ੁਰਗ ਦੇ ਅਕਸਾਂ ਦੀ ਸਮਰੂਪਤਾ ਵਿਚ ਉਲਝਿਆ ਪਿਆ ਸੀ। ਮੈਂ ਦੇਖਿਆ ਉਹੀ ਬਜ਼ੁਰਗ ਗੱਡੀ ਵਿਚੋਂ ਉਤਰ ਕੇ ਹੌਲੀ-ਹੌਲੀ ਮੇਰੇ ਵੱਲ ਨੂੰ ਆ ਰਿਹਾ ਸੀ। ਮੈਂ ਦੂਰੋਂ ਹੀ ਆਵਾਜ਼ ਮਾਰੀ, "ਆ ਜੋ ਬਾਪੂ ਜੀ, ਚਾਹ ਦਾ ਕੱਪ ਲੈ ਲੋ।"

"ਜਿਉਂਦਾ ਰਹਿ ਓਏ ਪੁੱਤਰਾ! ਪਰ ਮੈਂ ਚਾਹ ਨੀਂ ਪੀਂਦਾ।" ਆਖਦਿਆਂ ਉਹ ਮੇਰੇ ਵੱਲ ਨੂੰ ਮੁੜ ਪਿਆ।

"ਚਾਹ ਨੀ ਪੀਂਦੇ! ਪਰ ਕਿਉਂ? ਠੰਢ ਐ ਕੁਝ ਨਿੱਘ ਆ ਜੂ।" ਮੈਂ ਹੈਰਾਨੀ ਨਾਲ ਪੁੱਛਿਆ।

"ਨਿੱਘ ਚਾਹ 'ਚ ਨੀ ਹੁੰਦਾ ਪੁੱਤਰਾ। ਚਾਹ ਪਿਆਉਣ ਵਾਲੇ ਦੇ ਮਨ ਵਿਚ ਹੁੰਦੈ।" ਬੈਂਚ 'ਤੇ ਮੇਰੇ ਨਾਲ ਬੈਠਦਿਆਂ ਉਸ ਦੇ ਮੂੰਹੋਂ ਨਿਕਲਿਆ।

"ਮੈਂ ਸਮਝਿਆ ਨੀਂ ਜੀ?" ਹੱਥ 'ਚ ਫੜਿਆ ਚਾਹ ਦਾ ਕੱਪ ਬੈਂਚ 'ਤੇ ਰੱਖਦਿਆਂ ਮੈਂ ਉਸ ਵੱਲ ਧਿਆਨ ਕੀਤਾ।

"ਸਮਝਣ ਨੂੰ ਕੀ ਐ? ਤੂੰ ਮੈਨੂੰ ਚਾਹ ਦੀ ਸੁਲਾਹ ਮਾਰੀ। ਮੈਨੂੰ ਮਹਿਸੂਸ ਹੋਇਆ ਕਿ ਤੇਰੇ ਬੋਲਾਂ 'ਚ ਨਿੱਘ ਐ।" ਏਨਾ ਆਖਦਿਆਂ ਉਹ ਮੇਰੇ ਹੋਰ ਨੇੜੇ ਨੂੰ ਹੋ ਕੇ ਆਖਣ ਲੱਗਾ, "ਸੱਚ ਦੱਸਾਂ, ਪੂਰੇ ਚਾਰ ਸਾਲ ਹੋ'ਗੇ ਚਾਹ ਛੱਡੀ ਨੂੰ।"

"ਕਿਉਂ, ਕੋਈ ਤਕਲੀਫ ਹੋ ਗਈ ਸੀ?" ਮੇਰੇ ਮੂੰਹੋਂ ਅਚਾਨਕ ਨਿਕਲਿਆ।

"ਹਾਂਅ, ਬਹੁਤ ਭਿਆਨਕ ਤਕਲੀਫ," ਇੱਕ ਹਉਕਾ ਜਿਹਾ ਭਰ ਕੇ ਉਸ ਨੇ ਮਸਾਂ ਕਿਹਾ, "ਮੇਰੀ ਸਾਥਣ ਸਾਥ ਛੱਡ ਗਈ ਤੇ ਮੈਂ ਚਾਹ ਛੱਡ ਦਿੱਤੀ।"

ਗੱਲ ਮੇਰੇ ਪੱਲੇ ਨਾ ਪਈ। ਉਸ ਨੇ ਵੀ ਤਾੜ ਲਿਆ ਤੇ ਖੁਦ ਹੀ ਬੋਲ ਪਿਆ, "ਜੇ ਚਾਹ ਦੇ ਕੱਪ ਨਾਲ ਵੰਗਾਂ ਨਾ ਬੋਲਣ ਤਾਂ ਫੇਰ ਮੱਲਾ, ਚਾਹ ਦਾ ਵੀ ਕਾਹਦਾ ਲੁਤਫ?"

ਗੱਲ ਫੇਰ ਵੀ ਮੇਰੇ ਪੱਲੇ ਨਹੀਂ ਸੀ ਪਈ। ਚਾਹ ਦਾ ਕੱਪ...ਵੰਗਾਂ...? ਉਹ ਫੇਰ ਤਾੜ ਗਿਆ ਸੀ। ਮੇਰੀ ਉਲਝਣ ਨੂੰ ਭਾਂਪਦਿਆਂ ਉਹ ਦੱਸਣ ਲੱਗਾ, "ਅਸਲ ਵਿਚ ਮੈਂ ਵੰਗਾਂ ਦੀ ਛਣਕਾਰ 'ਤੇ ਲੱਗਾ ਹੋਇਆ ਸਾਂ।"

ਗੱਲ ਹੁਣ ਵੀ ਮੇਰੇ ਪੱਲੇ ਨਹੀਂ ਸੀ ਪਈ। ਮੈਂ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਝਾਕਿਆ ਤਾਂ ਉਹ ਬਹੁਤ ਹੀ ਪਿਆਰ ਨਾਲ ਬੋਲਿਆ, "ਬਹੁਤਾ ਭਮੱਤਰ ਨਾ। ਸੁਣਾਉਨਾਂ ਤੈਨੂੰ ਮਨ-ਬੀਤੀਆਂ। ਸੱਚ ਪੁੱਛੇਂ ਤਾਂ ਤੈਨੂੰ ਮਿਲ ਕੇ ਮੈਨੂੰ ਵੀ ਚਿੱਤੋਂ ਲੱਗਾ ਜਿਵੇਂ ਤੇਰੇ ਨਾਲ ਚਿਰਾਂ ਦੀ ਕੋਈ ਸਾਂਝ ਐ। ਲੈ ਸੁਣ।"

"ਮੈਂ ਵੀ ਤੇਰੇ ਵਾਂਗ ਇੱਕ ਅਧਿਆਪਕ ਸਾਂ। ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਨੌਕਰੀ ਕਰ ਕੇ ਰਿਟਾਇਰ ਹੋਇਆ। ਦੋ ਬੇਟੇ ਹੋਏ, ਉਹ ਵੀ ਹੌਲੀ-ਹੌਲੀ ਕੰਮ ਧੰਦਿਆਂ 'ਤੇ ਲੱਗ ਕੇ ਦੂਰ-ਦੁਰਾਡੇ ਸ਼ਹਿਰਾਂ ਵਿਚ ਵਸ ਗਏ। ਮੈਨੂੰ ਤੇ ਉਨ੍ਹਾਂ ਦੀ ਮਾਂ ਨੂੰ ਕਦੇ ਉਨ੍ਹਾਂ 'ਤੇ ਸ਼ਿਕਵਾ ਨਹੀਂ ਹੋਇਆ। ਅਸੀਂ ਦੋਵੇਂ ਆਪਣੇ ਹੀ ਘਰ 'ਚ ਪੂਰੀ ਤਰ੍ਹਾਂ ਆਜ਼ਾਦ ਰਹਿ ਕੇ ਹੀ ਖੁਸ਼ ਸਾਂ। ਹਾਂ ਸੱਚ! ਮੈਂ ਤਾਂ ਤੈਨੂੰ ਗੱਲ ਚਾਹ ਵਾਲੀ ਸੁਣਾਉਣੀ ਸੀ। ਉਸ ਦਾ ਨਾਂ ਸੀ ਗੁਰਪਿਆਰ ਤੇ ਮੇਰਾ ਗੁਰਦਿਆਲ। ਉਸ ਤੋਂ ਪਿਆਰਾ ਮੇਰੇ ਲਈ ਵੀ ਕੋਈ ਨਹੀਂ ਸੀ ਤੇ ਉਸ ਲਈ ਵੀ ਗੁਰੂ, ਦਿਆਲੂ, ਕ੍ਰਿਪਾਲੂ ਬੱਸ ਸਭ ਕੁਝ ਮੈਂ ਹੀ ਸਾਂ।

ਮੈਂ ਮੋਹ ਨਾਲ ਉਸ ਨੂੰ ਪਿਆਰੋ ਹੀ ਆਖਦਾ ਸਾਂ। ਪਿਆਰੋ ਦੀਆਂ ਵੰਗਾਂ ਨਾਲ ਮੇਰਾ ਅਟੁੱਟ ਰਿਸ਼ਤਾ ਸੀ। ਜਾਗਣ ਤੋਂ ਸੌਣ ਤੱਕ ਉਸ ਦੀਆਂ ਵੰਗਾਂ ਦਾ ਸੰਗੀਤ ਹੀ ਮੈਨੂੰ ਦੱਸਦਾ ਸੀ ਕਿ ਉਹ ਕੀ ਕੰਮ ਕਰ ਰਹੀ ਐ ਤੇ ਇਹ ਵੀ ਕਿ ਉਹਦੇ ਮਨ ਵਿਚ ਕੀ ਚੱਲ ਰਿਹਾ ਹੈ। ਉਹਦਾ ਗੁੱਸਾ, ਉਹਦਾ ਰੋਸਾ, ਉਹਦੀ ਖੁਸ਼ੀ, ਉਹਦੀ ਇੱਛਾ-ਗੱਲ ਕੀ ਉਸ ਦੀ ਹਰ ਗੱਲ ਮੈਂ ਉਸ ਦੀਆਂ ਵੰਗਾਂ ਦੇ ਬੋਲਾਂ ਤੋਂ ਹੀ ਝੱਟ ਸਮਝ ਲੈਂਦਾ ਸਾਂ। ਸਵੇਰੇ-ਸਵੇਰੇ ਜਦ ਉਹ ਰਸੋਈ ਵਿਚੋਂ ਮੇਰੇ ਵੱਲ ਤੁਰਦੀ ਤਾਂ ਮੈਨੂੰ ਕਮਰੇ ਦੇ ਅੰਦਰ ਹੀ ਬਿੜਕ ਲੱਗ ਜਾਂਦੀ, 'ਭਲਿਆ ਤੇਰੇ ਲਈ ਚਾਹ ਦੀ ਘੰਟੀ ਵੱਜ ਰਹੀ ਐ।'

ਜਦੋਂ ਉਹ ਪਲੇਟ 'ਚ ਰਖਿਆ ਚਾਹ ਦਾ ਕੱਪ ਮੇਰੇ ਸਿਰਹਾਣੇ ਕੋਲ ਪਏ ਨਿੱਕੇ ਜਿਹੇ ਸਟੂਲ 'ਤੇ ਰੱਖਣ ਲਗਦੀ ਤਾਂ ਉਸ ਦੀਆਂ ਕੂਹਣੀ ਵਲੋਂ ਗੁੱਟ ਵੱਲ ਨੂੰ ਖਿਸਕਦੀਆਂ ਵੰਗਾਂ 'ਚੋਂ ਇੱਕ ਖਾਸ ਲੈਅ ਮੇਰੇ ਕੰਨਾਂ ਤੱਕ ਆਉਂਦੀ ਤੇ ਮੈਨੂੰ ਚਾਹ ਦੇ ਕੱਪ 'ਚ ਕੋਮਲ-ਕੋਮਲ ਲਹਿਰਾਂ ਉਠਦੀਆਂ ਲਗਦੀਆਂ। ਕਿੰਨਾ ਹੀ ਚਿਰ ਮੈਂ ਪਿਆਲੀ ਵੱਲ ਦੇਖਦਾ ਰਹਿੰਦਾ। ਉਹ ਥੋੜ੍ਹਾ ਜਿਹਾ ਚਿਰ ਮੇਰੇ ਕੋਲ ਜਰੂਰ ਰੁਕਦੀ। ਫਿਰ ਮੁਸਕਰਾਉਂਦੀ ਹੋਈ ਚੁੱਪ-ਚਾਪ ਚਲੀ ਜਾਂਦੀ। ਮੈਂ ਪਿਆਲੀ ਚੱਕ ਕੇ ਉਸ ਵਿਚਲੀਆਂ ਲਹਿਰਾਂ ਨੂੰ ਨਿਹਾਰਦਾ ਚਾਹ ਦੀਆਂ ਚੁਸਕੀਆਂ ਲੈਣ ਲਗਦਾ। ਇਹ ਸਾਡਾ ਨਿੱਤ ਨੇਮ ਸੀ। ਜ਼ਿੰਦਗੀ ਸਾਡੇ ਦੋਹਾਂ ਦੇ ਆਪੂੰ ਸਹੇੜੇ ਨਿੱਕੇ-ਨਿੱਕੇ ਕੰਮਾਂ ਦੇ ਕੰਧੇੜੇ ਚੜ੍ਹੀ ਮਸਤ ਚਾਲ ਹੱਸਦੀ-ਖੇਡਦੀ ਤੁਰੀ ਜਾਂਦੀ ਸੀ। ਪਰ ਫੇਰ...।" ਉਹ ਪਲ ਭਰ ਲਈ ਬੋਲਣੋ ਰੁਕਿਆ।

"ਫੇਰ ਕੀ ਹੋਇਆ?" ਮੇਰੇ ਮੂੰਹੋਂ ਅਚਾਨਕ ਨਿਕਲਿਆ। ਆਪਣੇ ਮਨ ਦੀ ਕਾਹਲ ਮੈਂ ਲਕੋ ਨਾ ਸਕਿਆ।

"ਬੱਸ ਫੇਰ ਕੀ ਹੋਣਾ ਸੀ? ਭਾਣਾ ਵਰਤ ਗਿਆ। ਵੰਗਾਂ ਦਾ ਜਾਦੂ ਵੰਗਾਂ ਵਾਲੀ ਦੇ ਨਾਲ ਹੀ ਸਦਾ ਵਾਸਤੇ ਚਲਾ ਗਿਆ। ਬੱਸ ਓਦਣ ਤੋਂ ਆਪਾਂ ਵੀ ਚਾਹ ਨਾ ਪੀਣ ਦੀ ਸਹੁੰ ਖਾ ਲਈ। ਸੁਆਦ ਈ ਨੀਂ ਲਗਦੀ। ਮਹਿਕ ਈ ਨੀਂ ਆਉਂਦੀ।"

ਉਸ ਦੇ ਮਨ ਦੀ ਤਾਰ ਕਿਤੇ ਹੋਰ ਜੁੜ ਗਈ ਸੀ। ਮੈਂ ਲਗਾਤਾਰ ਉਸ ਦੇ ਚਿਹਰੇ ਵੱਲ ਟਿਕਟਿਕੀ ਲਾ ਕੇ ਵੇਖ ਰਿਹਾ ਸਾਂ। ਉਸ ਦੀਆਂ ਅੱਖਾਂ ਨਮ ਸਨ। ਮੇਰੀ ਤਾਂ ਜੁਬਾਨ ਹੀ ਠਾਕੀ ਗਈ। ਕੀ ਬੋਲਾਂ, ਕੀ ਕਹਾਂ? ਕੁਝ ਸੁੱਝ ਹੀ ਨਹੀਂ ਸੀ ਰਿਹਾ। ਥੋੜ੍ਹਾ ਸੰਭਲ ਕੇ ਮੇਰੀ ਚੁੱਪ ਦੇ ਸਵਾਲਾਂ ਦੇ ਜਵਾਬ ਉਹ ਖੁਦ ਹੀ ਦੇਣ ਲੱਗਾ, "ਇੱਕ ਵਾਰੀ ਤਾਂ ਚਿੱਤ ਡੋਲ ਗਿਆ ਸੀ ਪਰ ਹੌਲੀ ਹੌਲੀ ਸੰਭਲ ਗਿਆ। ਜੀਵਨ ਦੀਆਂ ਯਾਦਾਂ ਨੂੰ ਹੀ ਆਪਣਾ ਸਾਥੀ ਬਣਾ ਲਿਆ। ਉਨ੍ਹਾਂ ਨਾਲ ਹੀ ਮਨ ਪਰਚਾ ਛੱਡੀਦੈ। ਕਦੇ ਮਾਯੂਸੀ ਨਹੀਂ ਆਈ। ਅੱਜ ਤੇਰੇ ਬੋਲਾਂ 'ਚੋਂ ਵੰਗਾਂ ਦੀ ਲੈਅ ਦਾ ਭੁਲੇਖਾ ਪਿਆ ਸੀ। ਚਾਹ ਦਾ ਕੱਪ ਫੜਨ ਨੂੰ ਚਿੱਤ ਵੀ ਕੀਤਾ ਪਰ ਪਿਆਰੋ ਦਾ ਮੁੱਖ ਸਾਹਮਣੇ ਆ ਕੇ ਖੜ੍ਹ ਗਿਆ।" ਗੱਲ ਖਤਮ ਕਰਦਿਆਂ ਉਸ ਨੇ ਡੂੰਘਾ ਸਾਹ ਲਿਆ।

ਮੈਂ ਤਾਂ ਉਸ ਦੇ ਬਚਨਾਂ ਵਿਚ ਏਨਾ ਮੰਤਰ-ਮੁਗਧ ਹੋਇਆ ਬੈਠਾ ਸਾਂ ਕਿ ਮੈਨੂੰ ਪਤਾ ਹੀ ਨਾ ਲੱਗਾ ਕਿ ਗੱਡੀ ਚੱਲਣ ਦੀ ਵਿਸਲ ਵੱਜ ਗਈ ਹੈ। ਮੇਰੇ ਮੋਢੇ 'ਤੇ ਆਪਣਾ ਹੱਥ ਟਿਕਾਉਂਦਿਆਂ ਉਹ ਬੋਲਿਆ, "ਚੰਗਾ ਸਾਊ, ਗੱਡੀ ਚੱਲਣ ਵਾਲੀ ਐ, ਤੂੰ ਚੜ੍ਹ ਜਾ।"

"ਤੇ ਤੁਸੀਂ?" ਮੈਂ ਹੈਰਾਨੀ ਨਾਲ ਪੁੱਛਿਆ।

"ਬੱਸ, ਮੈਂ ਤਾਂ ਐਥੋਂ ਤੱਕ ਈ ਆਉਣਾ ਸੀ।" ਕਹਿੰਦਿਆਂ ਉਸ ਨੇ ਆਪਣਾ ਸੱਜਾ ਹੱਥ ਮੇਰੇ ਸਿਰ 'ਤੇ ਰੱਖ ਦਿੱਤਾ।

ਮੇਰੇ ਹੱਥ ਉਸ ਦੇ ਪੈਰਾਂ ਵੱਲ ਝੁਕ ਗਏ। ਉਸ ਨੇ ਮੈਨੂੰ ਆਪਣੀ ਨਿੱਘੀ ਬੁੱਕਲ ਵਿਚ ਲੈ ਲਿਆ। ਮੇਰਾ ਮਨ ਭਰ ਆਇਆ। ਮੈਂ ਉਸ ਵੱਲ ਵੇਖੇ ਬਿਨਾ ਹੀ ਫਟਾ ਫਟ ਗੱਡੀ 'ਚ ਚੜ੍ਹ ਗਿਆ। ਗੱਡੀ ਤੁਰ ਪਈ। ਮੈਂ ਬਾਰੀ ਵਿਚ ਖੜ੍ਹੇ ਨੇ ਤੱਕਿਆ ਉਹ ਉਸੇ ਥਾਂ ਮੇਰੇ 'ਤੇ ਨਿਗਾਹ ਟਿਕਾਈ ਖੜ੍ਹਾ ਐਨਕ ਉਤਾਂਹ ਚੁੱਕ ਕੇ ਅੱਖਾਂ 'ਚ ਆਏ ਹੰਝੂ ਪੂੰਝ ਰਿਹਾ ਸੀ। ਕੁਝ ਹੀ ਪਲਾਂ ਵਿਚ ਅਸੀਂ ਇੱਕ ਦੂਜੇ ਤੋਂ ਓਝਲ ਹੋ ਗਏ। ਬਾਰੀ ਵਿਚੋਂ ਆਪਣੇ ਕੈਬਿਨ ਵਿਚ ਜਾਣ ਨੂੰ ਮੇਰਾ ਮਨ ਨਹੀਂ ਮੰਨਿਆ। ਮੈਂ ਫਜ਼ੂਲ ਦੀ ਬਕਵਾਈ ਸੁਣਨ ਨਾਲੋਂ ਤਾਜ਼ਾ ਹੰਢਾਏ ਕੁਝ ਪਲਾਂ ਦੇ ਅਨਮੁੱਲੇ ਰਿਸ਼ਤਿਆਂ ਦੇ ਅਹਿਸਾਸ ਨੂੰ ਮਨ 'ਚ ਸਾਂਭ ਲੈਣਾ ਚਾਹੁੰਦਾ ਸਾਂ।

-0-

# ਉਡੀਕ

ਮੈਂ ਜਦ ਤੋਂ ਹੋਸ਼ ਸੰਭਾਲੀ, ਭੂਆ ਕਰਮੀ ਨੂੰ ਸਾਫ ਸੁਥਰੇ ਪਹਿਰਾਵੇ ਵਿਚ ਸਦਾ ਚੁੱਪ-ਚਾਪ, ਤੇਜ਼-ਤੇਜ਼ ਘੁੰਮਦੀ, ਕੰਮ ਕਰਦੀ, ਅੰਦਰ-ਬਾਹਰ ਸੰਵਾਰਦੀ ਦੇਖਿਆ। ਕਦੀ ਨਹੀਂ ਸੋਚਿਆ ਕਿ ਇਹ ਕੱਲਮ-ਕੱਲੀ ਕਿਹੜੇ ਰੁਝੇਵਿਆਂ ਵਿਚ ਰੁੱਝੀ ਰਹਿੰਦੀ ਹੈ! ਪਹਿਲਾਂ ਤਾਂ ਭੂਆ ਦੀ ਮਾਂ ਜਿਸ ਨੂੰ ਸਾਰਾ ਪਿੰਡ ਬੜੀ ਬੇਬੇ ਕਹਿੰਦਾ ਸੀ, ਜਿਉਂਦੀ ਸੀ। ਇਕ ਦਿਨ ਆਇਆ ਕਿ ਉਹ ਚੱਲ ਵਸੀ।

ਪਹਿਲਾਂ ਬਾਪੂ ਤੁਰ ਗਿਆ ਸੀ, ਹੁਣ ਬੇਬੇ। ਭੂਆ ਨੂੰ ਪਰਦੇਸ ਗਏ ਆਪਣੇ ਦੋ ਭਰਾਵਾਂ ਦੀ

ਕਿਰਪਾਲ ਕੌਰ
ਫੋਨ: 815-356-9535

ਉਡੀਕ ਸੀ। ਭੂਆ ਦੀਆਂ ਅੱਖਾਂ ਦੀ ਗਹਿਰਾਈ ਵਧ ਗਈ, ਪਰ ਚਾਲ ਉਹੀ ਰਹੀ। ਕਦੀ ਜਲਦੀ-ਜਲਦੀ ਟਾਹਲੀਆਂ ਵਾਲੇ ਖੂਹ ਨੂੰ ਜਾਂਦੀ ਦਿਸਦੀ। ਕਦੀ ਥੋੜ੍ਹਾ ਜਿਹਾ ਗੋਹਾ ਹੱਥ ਉਤੇ ਰੱਖ ਕੇ ਆਉਂਦੀ ਦਿਸਦੀ। ਘਰ ਆ ਕੇ ਮਿੱਟੀ ਦੀ ਡਲੀ ਕੁੱਟ ਕੇ ਭਿਉਂ ਦਿੰਦੀ। ਫਿਰ ਗੋਹੇ ਵਿਚ ਮਿਲਾ ਕੇ ਚੌਂਕਾ-ਚੁੱਲ੍ਹਾ ਲਿੰਪਣ ਲੱਗ ਪੈਂਦੀ। ਹਰ ਵਕਤ ਇਸ ਤਰ੍ਹਾਂ ਜਾਪਦਾ, ਭੂਆ ਦੇ ਘਰ ਕੋਈ ਖਾਸ ਪ੍ਰਾਹੁਣੇ ਆਉਣ ਵਾਲੇ ਹਨ।

ਕਈ ਵਾਰ ਭੂਆ ਟਾਹਲੀਆਂ ਵਾਲੇ ਖੂਹ 'ਤੇ ਜਾ ਕੇ ਦੂਰ ਦਰਖਤਾਂ ਓਹਲੇ ਲੁਕੀ ਜਰਨੈਲੀ ਸੜਕ ਵੱਲ ਤੱਕਣ ਲੱਗ ਪੈਂਦੀ। ਮੱਥੇ 'ਤੇ ਹੱਥ ਧਰ ਕੇ ਨੀਝ ਨਾਲ ਦੇਖਦੀ। ਕਿੰਨਾ-ਕਿੰਨਾ ਚਿਰ ਖੜ੍ਹੀ ਗਹੁ ਨਾਲ ਤੱਕਦੀ। ਉਧਰੋਂ ਕੋਲੋਂ ਕੋਈ ਲੰਘਦਾ ਬੁਲਾ ਲੈਂਦਾ ਜਾਂ ਪੁੱਛ ਲੈਂਦਾ, "ਔਣਾ ਕਿਸੇ ਨੇ? ਆਈ ਬਾਹਰੋਂ ਚਿੱਠੀ?" ਭੂਆ ਬੁੱਲ੍ਹਾਂ 'ਤੇ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕਰਦੀ ਉਸ ਵੱਲ ਦੇਖਦੀ, ਬੋਲਦੀ ਕੁਝ ਨਾ। ਪੁੱਛਣ ਵਾਲੇ ਵਿਚ ਅੱਗੇ ਕੋਈ ਹੋਰ ਸਵਾਲ ਕਰਨ ਦੀ ਹਿੰਮਤ ਨਾ ਰਹਿੰਦੀ। ਉਸ ਦੇ ਆਪਣੇ ਗਲ ਵਿਚ ਜਿਵੇਂ ਕੁਝ ਫਸ ਜਾਂਦਾ। ਭੂਆ ਦੀਆਂ ਅੱਖਾਂ ਵਿਚ ਉਸ ਦਾ ਗੁੰਮਿਆ ਅਤੀਤ ਤੇ ਉਸ ਦੀ ਭਾਲ ਦਾ ਘੋਲ ਦੇਖਣਾ ਤੇ ਸਹਾਰਨਾ ਪੁੱਛਣ ਵਾਲੇ ਲਈ ਬਹੁਤ ਮੁਸ਼ਕਿਲ ਹੁੰਦਾ। ਭੂਆ ਕੁਝ ਚਿਰ ਖੜ੍ਹੀ ਰਹਿੰਦੀ, ਫਿਰ ਘਰ ਪਰਤ ਆਉਂਦੀ। ਉਹਨੇ ਘਰ ਨੂੰ ਕਦੀ ਜਿੰਦਰਾ ਨਹੀਂ ਸੀ ਲਾਇਆ। ਸੰਗਲ ਵਾਲਾ ਕੁੰਡਾ ਅੜਾ ਦਿੰਦੀ।



ਇਕ ਦਿਨ ਮੈਂ ਚੁਬਾਰੇ ਦੀ ਖਿੜਕੀ ਵਿਚੋਂ ਦੇਖਿਆ, ਭੂਆ ਪਿੱਤਲ ਦੇ ਗਲਟੋਹ, ਗੜਵੇ, ਪਰਾਤਾਂ ਤੇ ਹੋਰ ਭਾਂਡੇ, ਖੱਟੀ ਲੱਸੀ ਨਾਲ ਮਲ-ਮਲ ਮਾਂਜ-ਚਮਕਾ ਰਹੀ ਸੀ। ਚੌਕਾ-ਚੁੱਲ੍ਹਾ, ਭੜੋਲੀ ਤੇ ਓਟੇ ਲਿੰਪੇ ਹੋਏ ਸਨ। ਧੁੱਪੇ ਮੰਜੇ 'ਤੇ ਦਰੀ ਖੇਸ ਸੁੱਕਣੇ ਪਾਏ ਹੋਏ ਸਨ। ਗੱਲ ਕੀ, ਚਾਰ ਵਜਦੇ ਨੂੰ ਭੂਆ ਦਾ ਘਰ ਸਜਿਆ-ਸੰਵਰਿਆ ਪੰਜਾਬੀ ਸਭਿਆਚਾਰ ਦੀ ਨੁਮਾਇਸ਼ ਦੀ ਝਲਕ ਮਾਰ ਰਿਹਾ ਸੀ। ਸਬਾਤ ਵਿਚ ਜੋ ਮੰਜੀ ਹਮੇਸ਼ਾ ਪਈ ਹੁੰਦੀ ਸੀ, ਉਹ ਕਿਸੇ ਵੇਲੇ ਰੰਗੀਲ ਹੋਵੇਗੀ, ਪਰ ਹੁਣ ਉਸ ਦੇ ਪਾਵਿਆਂ ਦਾ ਰੰਗ ਭੂਆ ਦੀ ਉਮਰ ਵਾਂਗ ਪੁਰਾਣਾ ਪੈ ਚੁੱਕਾ ਸੀ। ਸੁਤਲੀ ਦਾ ਲਾਲ ਤੇ ਖੱਟਾ ਰੰਗ ਭੂਆ ਦੀ ਚਾਲ ਵਾਂਗ ਅਜੇ ਚਮਕਦਾ ਸੀ। ਅੱਜ ਉਸ ਉਪਰ ਫੁੱਲਾਂ ਵਾਲੀ ਦਰੀ ਵਿਛੀ ਦਿਸਦੀ ਸੀ। ਦੋ ਫੁਲਕਾਰੀਆਂ ਵੀ ਸੁੱਕਣੀਆਂ ਪਾਈਆਂ ਸਨ। ਉਹ ਵੀ ਦਲਾਨ ਦੀ ਸੋਭਾ ਵਧਾ ਰਹੀਆਂ ਹੋਣਗੀਆਂ, ਮੈਥੋਂ ਰਿਹਾ ਨਾ ਗਿਆ। ਮੈਂ ਆਪਣੀ ਭੈਣ ਨੂੰ ਦਸ ਜਾ ਪਹੁੰਚੀ ਭੂਆ ਦੇ ਘਰ। ਭੂਆ ਦਲਾਨ ਵਿਚ ਮੰਜੇ 'ਤੇ ਕਰੋਸ਼ੀਏ ਨਾਲ ਬੁਣੀ ਵਛਾਈ ਵਿਛਾ ਰਹੀ ਸੀ। ਕਿੱਲੀ ਨਾਲ ਲਟਕਦੀ ਫੁਲਕਾਰੀ ਵੇਖ ਕੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਫੁਲਕਾਰੀ ਵਾਲੀ ਕੋਈ ਔਰਤ ਪਿੱਠ ਕਰ ਕੇ ਖੜ੍ਹੀ ਹੋਵੇ। ਮੈਂ ਹੌਲੀ ਜਿਹੇ ਕਿਹਾ, "ਭੂਆ ਜੀ!" ਭੂਆ ਨੇ ਪਿਛਾਂਹ ਤੱਕਿਆ ਤੇ ਮੈਨੂੰ ਖੜ੍ਹੀ ਦੇਖ ਉਸ ਦੀਆਂ ਅੱਖਾਂ ਵਿਚ ਅਨੋਖੀ ਚਮਕ, ਨੂਰ ਆ ਗਿਆ ਜੋ ਮੈਂ ਕਦੀ ਵੀ ਕਿਸੇ ਦੀਆਂ ਅੱਖਾਂ ਵਿਚ ਨਹੀਂ ਸੀ ਤੱਕਿਆ। ਇਹ ਨੂਰ ਕੇਵਲ ਅੱਖਾਂ ਵਿਚ ਨਹੀਂ, ਭੂਆ ਦੇ ਚਿਹਰੇ ਦਾ ਵੀ ਪਹੁ-ਫੁਟਾਲਾ ਸੀ, ਜਿਵੇਂ ਖੁਸ਼ੀਆਂ ਦਾ ਸੂਰਜ ਚੜ੍ਹਿਆ ਹੋਵੇ ਤੇ ਵਿਛੋੜੇ ਦੀ ਰਾਤ ਮੁੱਕ ਗਈ ਹੋਵੇ!

ਭੂਆ ਕੋਲ ਆ ਕੇ ਮੇਰੇ ਸਾਹਮਣੇ ਖੜ੍ਹੋ ਗਈ ਤੇ ਮੇਰੇ ਵੱਲ ਇਸ ਤਰ੍ਹਾਂ ਦੇਖਣ ਲੱਗੀ ਜਿਵੇਂ ਚਿਰਾਂ ਤੋਂ ਗੁੰਮੀ ਕੋਈ ਵਡਮੁੱਲੀ ਵਸਤ ਮਿਲ ਗਈ ਹੋਵੇ। ਫਿਰ ਭੂਆ ਨੇ ਘੁੱਟ ਕੇ ਮੈਨੂੰ ਆਪਣੇ ਸੀਨੇ ਨਾਲ ਲਾ ਲਿਆ ਤੇ ਕਹਿਣ ਲੱਗੀ, "ਧੀਏ, ਮੈਂ ਸਦਕੇ ਜਾਵਾਂ। ਜੀਂਦੀ ਰਹੁ, ਮੈਂ ਪਛਾਣ ਲਿਆ।" ਮੈਂ ਬੋਲੀ, "ਮੈਂ ਭੂਆ ਜੀ ਮੈਂ...।" ਭੂਆ ਨੇ ਮੇਰੇ ਮੂੰਹ ਮੂਹਰੇ ਹੱਥ ਕਰ ਦਿਤਾ। ਮੈਂ ਜਾਣਦੀ ਹਾਂ ਆਪਣੇ ਭਰਾ ਨੂੰ, ਸਦਾ ਹੀ ਲੁਕਣ ਮੀਚੀ ਚੱਲਦੀ ਉਸ ਦੀ। ਹੱਟੀ ਭੇਜੋ, ਹੱਥ ਪਿੱਛੇ ਕਰ ਕੇ ਆ ਜਾਣਾ। ਕਹਿਣਾ, ਸੌਦਾ ਮਿਲਿਆ ਨਹੀਂ।

ਮੈਂ ਫਿਰ ਬੋਲਣ ਦੀ ਕੋਸ਼ਿਸ਼ ਕੀਤੀ। ਭੂਆ ਨੇ ਬੋਲਣ ਨਹੀਂ ਦਿਤਾ। ਘੁੱਟ ਕੇ ਫਿਰ ਛਾਤੀ ਨਾਲ ਲਾ ਲਿਆ। ਭੂਆ ਰੋ ਰਹੀ ਸੀ। ਜਦ ਭੂਆ ਨੇ ਰੋ ਕੇ ਆਪਣੇ ਆਪ ਨੂੰ ਸੰਭਾਲਿਆ, ਮੈਂ ਦੇਖਿਆ, ਮੇਰੀਆਂ ਅੱਖਾਂ ਨੇ ਵੀ ਭੂਆ ਦਾ ਪੂਰਾ ਸਾਥ ਦਿਤਾ ਸੀ। ਮੇਰੇ ਅੱਥਰੂ ਮੂੰਹ ਤੋਂ ਹੋ ਕੇ ਮੇਰੀ ਗਰਦਨ ਵੀ ਗਿੱਲੀ ਕਰ ਚੁੱਕੇ ਸਨ।

ਫਿਰ ਭੂਆ ਬੋਲੀ, "ਹੈਂ, ਮੈਂ ਕਮਲੀ... ਕੁੜੀ ਨੂੰ ਦੁੱਧ ਦੇਣਾ ਭੁੱਲ ਗਈ। ਪਾਣੀ ਵੀ ਨਹੀਂ ਪੁੱਛਿਆ। ਧੀਏ ਤੂੰ ਬਹੁ ਮੰਜੀ 'ਤੇ, ਮੈਂ ਦੁੱਧ ਲਿਆਉਨੀਂ ਹਾਂ।"

"ਭੂਆ ਜੀ, ਮੈਨੂੰ ਲੋੜ ਨਹੀਂ। ਮੈਂ ਤੇ...।" ਭੂਆ ਨੇ ਮੇਰੀ ਗੱਲ ਫਿਰ ਪੂਰੀ ਨਾ ਹੋਣ ਦਿਤੀ। ਆਪਣੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਅਤੇ ਬੋਲੀ, "ਤੂੰ ਅੰਦਰ ਪੈ ਜਾ, ਥੱਕੀ ਹੋਵੇਂਗੀ। ਮੈਂ ਪਿੰਡ ਸ਼ੱਕਰ ਵੰਡ ਆਵਾਂ।" ਭੂਆ ਥਾਲ ਵਿਚ ਸ਼ੱਕਰ ਪਾ ਕੇ ਚਲੀ ਗਈ।

ਮੈਂ ਭੂਆ ਦਾ ਕੁੰਡਾ ਅੜਾ ਕੇ ਆਪਣੇ ਘਰ ਆ ਗਈ। ਮੇਰਾ ਮਨ ਐਨਾ ਉਦਾਸ ਸੀ ਕਿ ਮੈਂ ਜਾ ਕੇ ਚੁੱਪ-ਚਾਪ ਲੰਮੀ ਪੈ ਗਈ। ਸੋਚਿਆ, ਚੰਗਾ ਹੋਇਆ ਬੇਜੀ ਨੂੰ ਨਹੀਂ ਪਤਾ ਲੱਗਾ ਮੇਰੇ ਜਾਣ-ਆਉਣ ਦਾ। ਮੈਂ ਪਈ ਸੋਚਦੀ ਸੀ, ਭੂਆ ਕਿੰਨੀ ਉਦਾਸ ਹੈ, ਆਪਣੇ ਭਰਾਵਾਂ ਤੇ ਉਸ ਦੇ ਪਰਿਵਾਰ ਲਈ। ਭੂਆ ਆਪਣਾ ਘਰ ਹਮੇਸ਼ਾ ਲਿੰਪ-ਪੋਚ ਕੇ ਸਾਫ-ਸੁਥਰਾ ਰੱਖਦੀ ਹੈ, ਇਹ ਇਸ ਦੀ ਉਡੀਕ ਹੈ। ਸ਼ਾਇਦ ਇਸ ਆਪਣੀ ਉਮਰ, ਉਡੀਕ ਦੇ ਲੇਖੇ ਹੀ ਲਾਈ ਹੋਈ ਹੈ। ਇਸ ਦਾ ਦਿਨ ਉਡੀਕ ਨਾਲ ਸ਼ੁਰੂ ਹੁੰਦਾ ਹੈ ਤੇ ਦੂਸਰੇ ਦਿਨ ਦੀ ਉਡੀਕ ਨਾਲ ਛਿਪਦਾ ਹੈ।

ਸੋਚਦੇ-ਸੋਚਦੇ ਮੇਰੀ ਅੱਖ ਲੱਗ ਗਈ। ਜਾਗ ਆਉਣ 'ਤੇ ਮੈਨੂੰ ਜਿਵੇਂ ਨਿੰਮ੍ਹਾ ਜਿਹਾ ਸ਼ੋਰ, ਕਾਫੀ ਆਵਾਜ਼ਾਂ ਇਕੱਠੀਆਂ ਸੁਣੀਆਂ। ਮੈਂ ਉਠ ਕੇ ਖਿੜਕੀ ਵਿਚੋਂ ਬਾਹਰ ਦੇਖਿਆ, ਭੂਆ ਦੇ ਵਿਹੜੇ ਵਿਚ ਪਿੰਡ ਦੀਆਂ ਔਰਤਾਂ-ਮਰਦ ਇਕੱਠੇ ਹੋਏ ਸਨ। ਬੇਜੀ ਵੀ ਉਥੇ ਖੜ੍ਹੇ ਸਨ। ਮੈਂ ਉਠ ਕੇ ਉਧਰ ਦੌੜੀ। ਪਤਾ ਲੱਗਾ, ਜਮਾਂਦਾਰਨੀ ਨੇ ਆ ਕੇ ਭੂਆ ਨੂੰ ਆਵਾਜ਼ਾਂ ਦਿਤੀਆਂ, ਭੂਆ ਬੋਲੀ ਨਹੀਂ। ਉਸ ਦੇਖਿਆ, ਦਲਾਨ ਵਿਚ ਭੂਆ ਦਾ ਸਰੀਰ ਮੰਜੇ 'ਤੇ ਪਿਆ ਸੀ, ਪਰ ਭੂਆ ਜਾ ਚੁੱਕੀ ਸੀ। ਉਸ ਬਾਹਰ ਆ ਕੇ ਗੁਆਂਢਣਾਂ ਨੂੰ ਦੱਸਿਆ। ਸਾਰਾ ਪਿੰਡ ਇਕੱਠਾ ਹੋ ਗਿਆ। ਸਕੂਲ ਦੀ ਭੈਣ ਜੀ ਨੇ ਦੱਸਿਆ ਕਿ ਭੂਆ ਸ਼ੱਕਰ ਵੰਡਣ ਆਈ ਸੀ, ਉਸ ਮੇਰੇ ਕੋਲੋਂ ਆਪਣੇ ਭਰਾ ਨੂੰ ਚਿੱਠੀ ਲਿਖਵਾਈ ਸੀ। ਲਿਖਵਾਇਆ ਸੀ, "ਵੇ ਤੇਜਿਆ! ਤੈਨੂੰ ਨਾ ਕਦੀ ਭੈਣ ਯਾਦ ਆਈ, ਨਾ ਪਿੰਡ ਦੀਆਂ ਜੂਹਾਂ। ਬੇਬੇ ਬਾਪੂ ਤਾਂ ਬੇਗਾਨੇ ਮੋਢਿਆਂ 'ਤੇ ਚੜ੍ਹ ਪਲਾਹਾਂ ਥੱਲੇ ਚਲੇ ਗਏ। ਮੈਂ ਤਾਂ ਤੈਨੂੰ ਉਡੀਕਦੀ ਹਾਂ। ਛੋਟੇ ਹੁੰਦੇ ਨੂੰ ਮੈਂ ਘਨੇੜੀ ਚੁੱਕਦੀ ਸੀ। ਤੂੰ ਮੈਨੂੰ ਅਰਥੀ 'ਤੇ ਪਾ ਕੇ ਚੁੱਕੀਂ। ਹੋਰ ਕੁਝ ਨਹੀਂ ਲੋਚਦੀ। ਅੱਜ ਦਰਸ਼ਨ ਦੀ ਧੀ ਨੂੰ ਸੀਨੇ ਨਾਲ ਲਾ ਕੇ, ਉਸ ਨੂੰ ਤੇਰੀ ਧੀ ਸਮਝ ਸੀਨਾ ਠੰਢਾ ਕਰ ਲਿਆ।"

ਚਿੱਠੀ ਭੂਆ ਦੇ ਕੋਲ ਪਈ ਸੀ।

# ਧਰਤੀ ਦਾ ਆਵਾਰਾ ਪੁੱਤ ਚਾਰਲਸ ਡਾਰਵਿਨ

ਇਹ ਸਾਰਾ ਕੁਝ ਇੰਗਲੈਂਡ ਦੇ ਸ਼ਹਿਰ ਸ਼ਰੂਜ਼ਬਰੀ ਨੇੜੇ ਨਿੱਕੇ ਜਿਹੇ ਪਹਾੜ ਹੌਗਮੰਡ ਕੋਲ ਵਾਪਰ ਰਿਹਾ ਸੀ। ਜਿਥੇ ਇੰਨੀਆਂ ਪੁਰਾਣੀਆਂ ਚੱਟਾਨਾਂ ਸਨ, ਜਿਹੜੀਆਂ ਧਰਤੀ ਦੇ ਮੁੱਢਲੇ ਦਿਨਾਂ ਦੀ ਨਿਸ਼ਾਨਦੇਹੀ ਕਰਦੀਆਂ ਸਨ। ਸ਼ਰੂਜ਼ਬਰੀ ਦਾ ਨਿੱਕੀ ਜਿਹੀ ਉਮਰ ਦਾ ਮੁੰਡਾ ਚਾਰਲਸ ਡਾਰਵਿਨ ਇਨ੍ਹਾਂ ਚੱਟਾਨਾਂ ਨੂੰ ਆਪਣੇ ਨੰਗੇ ਹੱਥਾਂ ਨਾਲ ਛੂਹ ਬੈਠਾ। ਚੱਟਾਨਾਂ ਵਿਚ ਤਪਦਾ ਕਰੋੜਾਂ ਸਾਲਾਂ ਦਾ ਇਲਮ ਡੂੰਘੀ ਨੀਂਦ ਵਿਚੋਂ ਜਾਗ ਉਠਿਆ ਤੇ ਕਿੱਸਾ ਜਿਸ ਨੇ ਕਿਸੇ ਦਿਨ ਸ਼ੁਰੂ ਹੋਣਾ ਹੀ ਸੀ, ਸ਼ੁਰੂ ਹੋ ਗਿਆ।

ਡਾਰਵਿਨ ਦੇ ਸ਼ਹਿਰ ਦਾ ਮੈਲੀ ਜਿਹੀ ਦਾੜ੍ਹੀ ਤੇ ਮਧਰੇ ਜਿਹੇ ਕੱਦ ਵਾਲਾ ਬਜ਼ੁਰਗ, ਜਿਸ ਨੇ

**ਹਰਮਨ**
ਫੋਨ: 91-84375-46741

ਆਪਣੀ ਸਾਰੀ ਉਮਰ ਉਜਾੜਾਂ ਵਿਚੋਂ ਤੀਲ੍ਹੇ ਇਕੱਠੇ ਕਰਦਿਆਂ ਲੰਘਾ ਦਿਤੀ ਸੀ, ਰੋਜ਼ ਕਿਸੇ ਨੁੱਕਰ ਵਿਚ ਬੈਠਾ ਬੱਚਿਆਂ ਨੂੰ ਕੋਈ ਕਹਾਣੀ-ਨੁਮਾ ਗੱਲ ਸੁਣਾਉਂਦਾ। ਉਹਦੀ ਇਹ ਬਾਤ ਡਾਰਵਿਨ ਨੂੰ ਬੜੀ ਪਸੰਦ ਆਉਂਦੀ ਸੀ: 'ਕਹਿੰਦੇ, ਕੁਦਰਤ ਨੇ ਜਦੋਂ ਆਪਣੀਆਂ ਭਰਵੀਆਂ ਅੱਖਾਂ ਨਾਲ ਪਹਿਲੀ ਵਾਰੀ ਧਰਤੀ ਦਾ ਹੁਸਨ ਦੇਖਿਆ ਤੇ ਝਾੜੀਆਂ ਨਾਲ ਖਹਿੰਦੀਆਂ ਸੱਪਣੀਆਂ ਦੀ ਸਰਸਰਾਹਟ ਸੁਣੀ ਤਾਂ ਉਹ ਰੱਜ ਕੇ ਰੋਈ। ਉਹਦੀਆਂ ਅੱਖਾਂ ਦੇ ਪਾਣੀ ਨੇ ਰੇਤੇ-ਮਿੱਟੀ ਵਿਚ ਘੁਲ ਕੇ ਗਾਰੇ ਦੀ ਸਿਰਜਣਾ ਕੀਤੀ ਤੇ ਇਸੇ ਗਾਰੇ ਵਿਚੋਂ ਮਨੁੱਖਾਂ ਦੇ ਚੂਲਿਆਂ-ਚੱਪਣੀਆਂ ਨੇ ਆਕਾਰ ਲਿਆ। ਧੁੱਪ ਵਿਚ ਮਨੁੱਖ ਦੀ ਕੰਗਰੋੜ ਪੱਕਦੀ ਰਹੀ ਤੇ ਭਾਂਤ-ਭਾਂਤ ਦੇ ਪੰਛੀ ਉਹਦੇ ਸਿਰ ਤੋਂ ਉਡਦੇ ਗਏ।'

ਇਹ ਸਭ ਸੁਣਦੇ ਡਾਰਵਿਨ ਨੂੰ ਲੱਗਣ ਲੱਗਦਾ ਜਿਵੇਂ ਉਸ ਬਜ਼ੁਰਗ ਦੇ ਪੁਰਾਣੇ ਤੇ ਬਦਬੂਦਾਰ ਕੋਟ ਵਿਚੋਂ ਰੰਗ-ਬਿਰੰਗੇ ਤੋਤੇ ਤੇ ਸੱਪ ਨਿਕਲ-ਨਿਕਲ ਕੇ ਬਾਹਰ ਭੱਜ ਰਹੇ ਹੋਣ। ਬਾਤ ਸੁਣ ਕੇ ਉਹ ਇਕਦਮ ਜੰਗਲ ਵਾਲੇ ਪਾਸੇ ਭੱਜ ਜਾਂਦਾ ਤੇ ਆਪਣੇ ਪਿੰਡੇ ਉਤੇ ਰੇਤਾ ਮਲ ਕੇ ਉਹ ਥਾਂ ਲੱਭਣ ਲੱਗ ਜਾਂਦਾ ਜਿਥੇ ਉਚੇ ਰੁੱਖਾਂ ਦੀਆਂ ਟਾਹਣੀਆਂ ਵਿਚੋਂ ਚੱਪਾ ਕੁ ਧੁੱਪ ਡੁੱਲ੍ਹਦੀ ਹੁੰਦੀ ਸੀ। ਅਕਸਰ ਉਸ ਦਾ ਸਾਹ ਚੜ੍ਹਿਆ ਹੁੰਦਾ ਤੇ ਅਕਸਰ ਲੇਟੇ ਹੋਏ ਦਾ ਉਸ ਦਾ ਢਿੱਡ ਕਿਸੇ ਨਗਾਰੇ ਵਾਂਗੂੰ ਉਪਰ-ਥੱਲੇ ਵੱਜਦਾ। ਉਹਨੂੰ ਕੋਈ ਖਿਆਲ ਨਾ ਰਹਿੰਦਾ, ਕਦੋਂ ਉਹਦੇ ਪਿੰਡੇ 'ਤੇ ਚੜ੍ਹ ਕੇ ਨਿੱਕੇ-ਨਿੱਕੇ ਕੀਟ ਕਈ ਤਰ੍ਹਾਂ ਦੀਆਂ ਖੇਡਾਂ ਖੇਡਣ ਲੱਗਦੇ।


ਜਦੋਂ ਸਕੂਲ ਵਿਚ ਸਾਰੀ ਜਮਾਤ ਅਲਜਬਰੇ ਦੇ ਸੁਆਲ ਸਮਝ ਰਹੀ ਹੁੰਦੀ, ਡਾਰਵਿਨ ਆਪਣੀ ਕਿਸੇ ਕਪਲਨਾ ਵਿਚ ਗੁੰਮ ਉਨ੍ਹਾਂ ਜੰਗਲੀ ਚਿੜੀਆਂ ਦੀ ਗਰਦਨ ਉਤੇ ਬਣੇ ਨਿੱਕੇ-ਨਿੱਕੇ ਧੱਬਿਆਂ ਦੀ ਗਿਣਤੀ ਕਰ ਰਿਹਾ ਹੁੰਦਾ ਜਿਹੜੀਆਂ ਸਕੂਲੋਂ ਮੁੜਦੇ ਨੂੰ ਰੋਜ਼ ਉਸ ਨੂੰ ਪੁਰਾਣੇ ਰੁੱਖ ਦੇ ਮੁੱਢ ਕੋਲ ਬੈਠੀਆਂ ਮਿਲਦੀਆਂ। ਜਮਾਤ ਵਿਚ ਬੈਠਿਆਂ ਉਸ ਦੀਆਂ ਅੱਖਾਂ ਕਦੇ ਤਾਂ ਮਿਰਗਾਂ ਵਾਂਗੂੰ ਲਿਸ਼ਕਣ ਲੱਗ ਜਾਂਦੀਆਂ ਤੇ ਕਦੇ ਕਿਸੇ ਅਣਜਾਣੀ ਉਦਾਸੀ ਵਿਚ ਗੁਆਚ ਜਾਂਦੀਆਂ। ਚੜ੍ਹਦੀ ਜਵਾਨੀ ਦੇ ਮੁਢਲੇ ਸਾਲਾਂ ਵਿਚ ਉਹਨੇ ਆਪਣੇ ਭਰਾ ਨਾਲ ਮਿਲ ਕੇ ਘਰ ਦੇ ਗਾਰਡਨ ਦੀ ਨੁੱਕਰ ਵਿਚ ਨਿੱਕੀ ਜਿਹੀ ਪ੍ਰਯੋਗਸ਼ਾਲਾ ਵੀ ਬਣਾ ਲਈ ਸੀ ਜਿਥੇ ਉਹਨੇ ਰਸਾਇਣ ਵਿਗਿਆਨ ਦੇ ਮੁੱਢਲੇ ਸਿਧਾਂਤਾਂ ਬਾਰੇ ਜਾਣਿਆ। ਦਿਮਾਗ ਵਿਚ ਹੁੰਦੀ ਰਹਿੰਦੀ ਉਥਲ-ਪੁਥਲ ਉਹਦੀਆਂ ਨਾੜਾਂ ਵਿਚ ਬੇਚੈਨੀ ਬਣ ਕੇ ਨੱਸਦੀ ਰਹਿੰਦੀ। ਦੁਨੀਆਂ ਘੁੰਮਣ ਤੇ ਜੀਵ-ਜੰਤੂਆਂ ਦੀ ਅੱਥਰੀ ਦੁਨੀਆਂ ਬਾਰੇ ਜਾਣਨ ਦੇ ਸ਼ੌਕ ਅਤੇ ਪਿਤਾ ਵੱਲੋਂ ਰੋਜ਼ ਦੀਆਂ ਫਿਟਕਾਰਾਂ ਨੇ ਆਖਰ ਇੱਕ ਦਿਨ ਉਸ ਤੋਂ ਉਹਦਾ ਘਰ ਛੁਡਾ ਦਿੱਤਾ।

ਲਗਾਤਾਰ ਕਈ ਸਾਲ ਉਹ ਆਪਣੀ ਮਿੱਤਰ ਮੰਡਲੀ ਨਾਲ ਦੱਖਣੀ ਅਮਰੀਕਾ ਦੇ ਸੁਪਨਿਆਂ ਵਰਗੇ ਟਾਪੂਆਂ 'ਤੇ ਮੰਡਰਾਉਂਦਾ ਰਿਹਾ। ਹਰ ਵਕਤ ਬਾਰਿਸ਼ਾਂ ਨਾਲ ਗਿੱਲੇ ਰਹਿੰਦੇ ਤੇ ਚਿੱਕੜ ਨਾਲ ਭਰੇ ਜੰਗਲ ਉਸ ਦਾ ਨਵਾਂ ਘਰ ਬਣ ਗਏ। ਧਰਤੀ ਵਿਚ ਦੱਬੀਆਂ ਹਜ਼ਾਰਾਂ ਸਾਲ ਪੁਰਾਣੀਆਂ ਹੱਡੀਆਂ ਉਹਨੂੰ ਪਵਿੱਤਰ ਗ੍ਰੰਥਾਂ ਵਰਗੀਆਂ ਲੱਗੀਆਂ ਤੇ ਉਹਦਾ ਸਾਰਾ ਦਿਨ ਖੁਦਾਈ ਕਰਦਿਆਂ ਲੰਘ ਜਾਂਦਾ। ਉਹਨੂੰ ਜਾਪਦਾ ਜਿਵੇਂ ਹਰ ਅਵਸ਼ੇਸ਼ ਆਪਣੇ ਅੰਦਰ ਦੁਨੀਆਂ ਦੀ ਮਹਾਨ ਵਿੱਦਿਆ ਸੰਭਾਲੀ ਬੈਠਾ ਹੋਵੇ। ਜਦੋਂ ਸਮੁੰਦਰ ਵੱਲੋਂ ਠੰਢੀ ਹਵਾ ਦੇ ਬੁੱਲੇ ਆਉਂਦੇ, ਉਦੋਂ ਕਦੇ ਕਦੇ ਵਿਹਲ ਵਿਚ ਉਹਨੂੰ ਸ਼ੇਕਸਪੀਅਰ ਪੜ੍ਹਨਾ ਚੰਗਾ ਲੱਗਦਾ।

ਪੌਦਿਆਂ ਦੇ ਤਣਿਆਂ ਦੇ ਬਾਰੀਕ ਰੇਸ਼ਿਆਂ ਨੂੰ ਪਿਆਰ ਨਾਲ ਨੇੜਿਓਂ ਤੱਕਣ 'ਤੇ ਉਹਨੂੰ ਲੱਗਦਾ ਕਿ ਇਹ ਵੀ ਬੜੀਆਂ ਲੰਮੀਆਂ ਦਾਸਤਾਨਾਂ ਦੇ ਹਸੀਨ ਪਾਤਰ ਹਨ ਜਿਹੜੀਆਂ ਅੱਜ ਵੀ ਇਨ੍ਹਾਂ ਰੇਸ਼ਿਆਂ ਦੀਆਂ ਰਹੱਸਮਈ ਦੇਹਾਂ ਵਿਚ ਸੁਰੱਖਿਅਤ ਪਈਆਂ ਹਨ। ਕਿਸੇ ਵੀ ਸਭਿਅਤਾ ਦੀ ਮਹਾਨ ਕਿਤਾਬ ਪਹਿਲਾਂ ਇਨ੍ਹਾਂ ਰੇਸ਼ਿਆਂ ਵਿਚੋਂ ਗੁਜ਼ਰਦੀ ਹੈ ਤੇ ਫਿਰ ਛਾਪੇਖਾਨਿਆਂ ਵਿਚ ਉਤਰਦੀ ਹੈ।

ਇਨ੍ਹਾਂ ਟਾਪੂਆਂ ਤੋਂ ਇਲਾਵਾ ਜਿਹੜੀ ਧਰਤੀ ਦੀ ਵੀ ਡਾਰਵਿਨ ਨੂੰ ਸੱਦ ਪਈ, ਉਹ ਹਰ ਉਸ ਥਾਂ ਉਤੇ ਘੁੰਮਿਆ। ਸੁੱਕੇ ਹੋਏ ਪੱਤੇ, ਮੱਛੀਆਂ ਦੀ ਚਮੜੀ ਦੀਆਂ ਉਪਰਲੀਆਂ ਤਹਿਆਂ, ਚੀਲਾਂ ਵਰਗੇ ਕਿਸੇ ਪੰਛੀ ਦੇ ਖੰਭ, ਕਬੂਤਰਾਂ ਦੇ ਪੰਜੇ, ਸੱਪ ਤੇ ਬਾਘਾਂ ਦੇ ਜਬਾੜੇ ਦੀਆਂ ਬਣਤਰਾਂ ਉਸ ਦੀ ਪੋਟਲੀ ਵਿਚੋਂ ਬਾਹਰ ਖੁੱਲ੍ਹੇ ਅਸਮਾਨ ਵੱਲ ਝਾਕਦੀਆਂ ਤਾਂ ਡਾਰਵਿਨ ਮੁਸਕਰਾ ਪੈਂਦਾ। ਉਹ ਛੱਪੜ ਕਿਨਾਰੇ ਬੈਠਾ ਜੰਗਲੀ ਬੱਤਖਾਂ ਦੀਆਂ ਚੁੰਝਾਂ ਨੂੰ ਗਹੁ ਨਾਲ ਦੇਖਦਾ-ਪਰਖਦਾ ਤਾਂ ਸਾਰੀ ਪ੍ਰਿਥਵੀ ਦੇ ਪੌਣ-ਪਾਣੀਆਂ ਦੇ ਖਾ ਕੇ ਬੱਤਖਾਂ ਦੀ ਚੁੰਝ ਵਿਚੋਂ ਲੰਘਣ ਲੱਗਦੇ ਤੇ ਕੋਈ ਲੜੀ ਉਸ ਦੇ ਚੇਤਨ ਅਤੇ ਅਚੇਤ ਮਨ ਦੇ ਵਿਚਕਾਰ ਜੁੜਨ ਲੱਗਦੀ। ਜਦੋਂ ਕਾਫੀ ਸਾਲ ਦੀ ਆਵਾਰਗੀ ਪਿੱਛੋਂ ਡਾਰਵਿਨ ਘਰ ਪਰਤਿਆ ਤਾਂ ਉਹਦੀ ਖੋਪੜੀ ਪਹਿਲਾਂ ਵਰਗੀ ਨਾ ਰਹੀ। ਇਸ ਵਿਚ ਹੋਰ ਹਜ਼ਾਰਾਂ ਸਵਾਲ ਸਿਰ ਚੁੱਕਣ ਲੱਗੇ ਸਨ। ਉਸ ਦੇ ਵਹਿਮੀ ਪਿਤਾ ਨੂੰ ਤਾਂ ਇਉਂ ਵੀ ਲੱਗਦਾ ਜਿਵੇਂ ਡਾਰਵਿਨ ਦੇ ਸਿਰ ਦੀ, ਉਸ ਦੀ ਖੋਪੜੀ ਦੀ ਬਾਹਰੀ ਬਣਤਰ ਵਿਚ ਵੀ ਤਬਦੀਲੀ ਆ ਗਈ ਹੋਵੇ। ਮੱਥੇ ਉਤੇ ਹੱਥ ਮਾਰਦਾ ਉਹ ਆਪਣੇ ਪੁੱਤ ਦੀ ਕਿਸਮਤ ਨੂੰ ਕੋਸਦਾ। ਡਾਰਵਿਨ ਆਪਣੇ ਨਾਲ ਤਿੰਨ ਵੱਡ-ਆਕਾਰੀ ਕੱਛੂਕੁੰਮੇ ਵੀ ਲਿਆਇਆ ਸੀ ਜਿਨ੍ਹਾਂ ਵਿਚੋਂ ਇੱਕ ਦੀ ਮੌਤ 2007 ਵਿਚ ਆਸਟਰੇਲੀਆ ਦੇ ਚਿੜੀਆਘਰ ਵਿਚ ਹੋਈ।

ਜਦੋਂ ਘਰ ਦੇ ਮੈਂਬਰ ਕਿਸੇ ਪਾਰਟੀ ਵਿਚ ਸ਼ਿਰਕਤ ਕਰ ਰਹੇ ਹੁੰਦੇ ਜਾਂ ਜਸ਼ਨ ਦੇ ਮਾਹੌਲ ਵਿਚ ਨੱਚ ਰਹੇ ਹੁੰਦੇ ਤਾਂ ਡਾਰਵਿਨ ਮੁੰਡਿਆਂ ਦੀ ਭੀੜ ਨੂੰ ਕਿਸੇ ਸਮੁੰਦਰੀ ਜੀਵ ਦੇ ਲਾਰਵੇ ਦੇ ਰਹੱਸਮਈ ਢੰਗ ਨਾਲ ਪਾਣੀ ਵਿਚ ਤੈਰਨ ਬਾਰੇ ਦੱਸ ਰਿਹਾ ਹੁੰਦਾ। ਭਾਂਤ-ਭਾਂਤ ਦੇ ਸੁਆਲ ਉਹਨੂੰ ਟਿਕਣ ਨਾ ਦਿੰਦੇ। ਇਹ ਸਾਰੇ ਸੁਆਲ ਤੇ ਇਨ੍ਹਾਂ ਦੇ ਅਸਰਦਾਰ ਜਵਾਬ ਹੀ ਉਸ ਦੀ ਯੁੱਗ ਪਲਟਾਊ ਕਿਤਾਬ 'ਔਰਿਜਨ ਔਫ ਸਪੀਸੀਜ਼' ਦੇ ਰੂਪ ਵਿਚ ਦੁਨੀਆਂ ਸਾਹਮਣੇ ਆਏ ਤੇ ਸਾਰੇ ਜੱਗ ਸਾਹਮਣੇ ਡਾਰਵਿਨ ਨੇ ਐਲਾਨ ਕਰ ਦਿਤਾ ਕਿ ਸਾਨੂੰ ਕਿਸੇ ਰੱਬ ਨੇ ਸੱਤ ਦਿਨਾਂ ਵਿਚ ਨਹੀਂ ਸਾਜਿਆ। ਇਸ ਪ੍ਰਕਿਰਿਆ ਪਿੱਛੇ ਲੱਖਾਂ-ਕਰੋੜਾਂ ਸਾਲਾਂ ਦੀ ਤੋ



ਡਾਰਵਿਨ

ਹੌਲੀ-ਹੌਲੀ ਹੋ ਰਹੀ ਕ੍ਰਾਂਤੀਕਾਰੀ ਤਬਦੀਲੀ ਦਾ ਹੱਥ ਹੈ। ਮਨੁੱਖ ਦੇ ਮੌਜੂਦਾ ਸਰੂਪ ਦੀ ਕੋਈ ਤੰਦ ਵਣਮਾਨਸਾਂ ਨਾਲ ਜਾ ਜੁੜਦੀ ਹੈ। ਜੇ ਅਸੀਂ ਸਾਡੀ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ, ਸਿੱਧੀ ਪਿੱਠ, ਤੁਰ ਸਕਣ ਦੀ ਕਾਬਲੀਅਤ, ਸੋਹਣੀ ਤੋਰ ਦੀ ਗੱਲ ਕਰੀਏ ਤਾਂ ਇਸ ਪਿੱਛੇ ਉਨ੍ਹਾਂ ਵਣਮਾਨਸਾਂ ਦੀਆਂ ਪਿੰਜਣੀਆਂ, ਫੁਰਤੀਲੀਆਂ ਛਾਲਾਂ, ਪੌਣ-ਪਾਣੀਆਂ, ਧੁੱਪਾਂ-ਛਾਵਾਂ ਤੇ ਰੁੱਖਾਂ ਦੇ ਉਨ੍ਹਾਂ ਟਾਹਣਾਂ ਦੀ ਉਮਰਾਂ ਲੰਮੀ ਸਾਧਨਾ ਹੈ ਜਿਨ੍ਹਾਂ ਤੋਂ ਸਾਡੇ ਪੂਰਵਜ ਉਤਰ ਕੇ ਖੁੱਲ੍ਹੀਆਂ ਜ਼ਮੀਨਾਂ 'ਤੇ ਫਿਰਤ ਕਰਨ ਲੱਗੇ ਸਨ।

ਸਾਰਾ ਧਾਰਮਿਕ ਜਗਤ ਬੌਖਲਾ ਉਠਿਆ ਕਿ ਇਹ ਕੌਣ ਆ ਗਿਆ ਜੋ ਪਵਿਤਰ ਬਾਈਬਲ ਵਿਚ ਸੋਧਾਂ ਕਰਦਾ ਫਿਰਦਾ ਹੈ ਤੇ ਸਾਡੀਆਂ ਠੋਸ ਦਲੀਲਾਂ ਤੇ ਸ਼ਿਕਾਇਤਾਂ ਨੂੰ ਆਪਣੇ ਵਣਜਾਰਿਆਂ ਵਰਗੇ ਵਾਲਾਂ ਤੋਂ ਝਾੜ-ਝਾੜ ਕੇ ਹੇਠਾਂ ਸੁੱਟ ਰਿਹਾ ਹੈ?

ਗਲੀਆਂ ਵਿਚ ਪਾਦਰੀ, ਡਾਰਵਿਨ ਦੇ ਪਾਠਕਾਂ ਨੂੰ ਬਾਂਦਰ-ਬਾਂਦਰ ਕਹਿ ਕੇ ਛੇੜਦੇ। ਉਨ੍ਹਾਂ ਦਿਨਾਂ ਵਿਚ ਡਾਰਵਿਨ ਜੇਮਜ਼ ਹੋਲਮੈਨ ਦੇ ਟਰੈਵਲ ਨੋਟ ਪੜ੍ਹਦਾ ਰਹਿੰਦਾ ਸੀ ਜਿਨ੍ਹਾਂ ਨੇ ਡਾਰਵਿਨ ਨੂੰ ਧੁਰ ਅੰਦਰ ਤਕ ਛੋਹਿਆ ਤੇ ਆਤਮ-ਵਿਸ਼ਵਾਸ ਦੀ ਨਵੀਂ ਬੁਲੰਦੀ ਵੀ ਦਿੱਤੀ। ਉਹ ਅਕਸਰ ਕਹਿੰਦਾ ਰਹਿੰਦਾ ਕਿ ਭਾਰਤੀ ਸਮੁੰਦਰੀ ਖੇਤਰਾਂ ਦੇ ਜੀਵਾਂ, ਜਵਾਲਾਮੁਖੀਆਂ ਉਪਰ ਬਲਦੇ ਆਸਮਾਨਾਂ, ਅਰਬ ਦੇ ਰੇਤੇ ਦੀ ਚਮਕ, ਜ਼ੰਜ਼ੀਬਾਰ ਦੀ ਗਰਮੀ, ਸਿਲੋਨ ਦੀ ਦਾਲਚੀਨੀ ਵਿਚ ਭਿੱਜੀ ਹਵਾ, ਈਡਨਬਰਗ ਦੀਆਂ ਛਾਂਵਾਂ, ਰੂਸ ਦੀਆਂ ਜੇਲ੍ਹਾਂ ਦੀ ਕੁਸੈਲੀ ਤੇ ਉਦਾਸ ਫਿਜ਼ਾ ਨੂੰ ਕਿਸੇ ਨੇ ਇੰਨੇ ਸੋਹਣੇ ਢੰਗ ਨਾਲ ਨਹੀਂ ਬਿਆਨਿਆ ਜਿੰਨਾ ਹੋਲਮੈਨ ਨੇ। ਇਥੇ ਇਹ ਦੱਸਣਾ ਵੀ ਲਾਜ਼ਮੀ ਹੈ ਕਿ ਹੋਲਮੈਨ ਪੱਚੀ ਸਾਲਾਂ ਦੀ ਉਮਰ ਵਿਚ ਅੰਨ੍ਹਾ ਹੋ ਗਿਆ ਸੀ ਤੇ ਇਸ ਦੇ ਬਾਵਜੂਦ ਉਸ ਨੇ ਸੰਸਾਰ ਦਾ ਹਰ ਕੋਨਾ ਘੁੰਮਿਆ।

ਡਾਰਵਿਨ ਨੇ ਕਿਹਾ, ਸਾਡੇ ਸਭ ਦੇ ਸਰੀਰਾਂ 'ਤੇ ਅਫਰੀਕਾ ਦੇ ਜੰਗਲਾਂ ਦੇ ਨਿਸ਼ਾਨ ਹਨ ਤੇ ਉਹੀ ਕਦੇ ਸਾਡਾ ਪੁਰਾਣਾ ਰੈਣ ਬਸੇਰਾ ਸਨ। ਹੁਣ ਮੈਨੂੰ ਇਹ ਸਮਝਣਾ ਔਖਾ ਲੱਗ ਰਿਹਾ ਹੈ ਕਿ ਅਸੀਂ ਪਰਮਾਤਮਾ ਦੀ ਸ਼ਾਹਕਾਰ ਰਚਨਾ ਹਾਂ ਜਾਂ ਕਿਸੇ ਦੈਂਤ ਦੇ ਸਿੰਗਾਂ ਦੀ ਹੈਵਾਨੀਅਤ? ਅਸੀਂ ਮਨੁੱਖ ਆਪਣੇ ਆਪ ਦੇ ਵੈਰੀ, ਵਿਨਾਸ਼ਕ ਪਰਮਾਣੂ ਬੰਬਾਂ ਦੇ ਸਿਰਜਕ ਜਿਹੜੇ ਚੁਟਕੀ ਵਿਚ ਸਭ ਕੁਝ ਪਿਘਲਾ ਦੇਣ, ਆਪ ਬਣਾਈਆਂ ਮਸ਼ੀਨਾਂ ਦੇ ਹੀ ਗੁਲਾਮ ਤੇ ਧਰਤੀ ਦੇ ਪਾਣੀਆਂ ਦੇ ਵੈਰੀ ਹਾਂ। ਉਹ ਵੀ ਅਸੀਂ ਹਾਂ ਜੋ ਹੱਸ ਸਕਦੇ ਹਨ, ਨੱਚ ਸਕਦੇ ਹਨ, ਕੀੜਿਆਂ ਦੇ ਥੁੱਕ ਵਿਚੋਂ ਰੇਸ਼ਮ ਦੇ ਸਿਰਜਕ, ਉਜਾੜਾਂ ਵਿਚ ਵੀ ਸੁੰਦਰਤਾ ਦੇਖਣ ਵਾਲੇ, ਸਤਰੰਗੀ ਪੀਂਘ ਤੋਂ ਵੀ ਪਾਰ ਦੇ ਰੰਗ ਖੋਜਣ ਵਾਲੇ, ਉਹ ਜਿਨ੍ਹਾਂ ਨੇ ਜੱਗ ਦੀਆਂ ਆਵਾਜ਼ਾਂ ਨੂੰ ਆਪਣਾ ਸੰਗੀਤ ਦੇ ਕੇ ਨਿਖਾਰ ਦਿੱਤਾ, ਜਿਨ੍ਹਾਂ ਨੇ ਭਾਸ਼ਾ ਸਿਰਜ ਲਈ ਤਾਂ ਕਿ ਕੋਈ ਯਾਦ ਕੇਵਲ ਯਾਦ ਹੀ ਬਣ ਕੇ ਨਾ ਰਹਿ ਜਾਵੇ ਸਗੋਂ ਅੱਖਰਾਂ ਦੇ ਰੂਪ ਵਿਚ ਅੱਖਾਂ ਮੂਹਰੇ ਥਿਰਕਦੀ ਰਹੇ।

ਧਰਤੀਆਂ ਘੁਮੱਕੜ ਪੈਰਾਂ ਤੇ ਬਾਗੀ ਨੈਣਾਂ ਨੂੰ ਕਦੇ ਨਹੀਂ ਭੁੱਲਦੀਆਂ।

# ਆਦਰਸ਼ ਅਧਿਆਪਕ ਗਿਆਨੀ ਭਵਖੰਡਨ ਸਿੰਘ ਨੂੰ ਯਾਦ ਕਰਦਿਆਂ

**ਸ਼ਖਸੀਅਤਾਂ**

ਇਕ ਆਦਰਸ਼ ਅਧਿਆਪਕ ਉਹ ਹੁੰਦਾ ਹੈ ਜੋ ਮਿਹਨਤੀ, ਈਮਾਨਦਾਰ ਅਤੇ ਉਚ ਆਚਰਣ ਵਾਲਾ ਹੋਣ ਦੇ ਨਾਲ-ਨਾਲ ਆਪਣੇ ਵਿਸ਼ੇ ਵਿਚ ਪਰਪੱਕ ਹੋਵੇ ਅਤੇ ਵਿਦਿਆਰਥੀਆਂ ਨਾਲ ਬਿਨਾ ਭੇਦ-ਭਾਵ ਪਿਆਰ ਕਰਦਾ ਹੋਵੇ। ਅਜਿਹੇ ਹੀ ਇਕ ਆਦਰਸ਼ ਅਧਿਆਪਕ ਸਨ-ਗਿਆਨੀ ਭਵਖੰਡਨ ਸਿੰਘ ਜੋ ਕੌਮੀ ਉਸਰਈਆਂ ਦੀ ਉਸ ਸਮਰਪਿਤ ਸ਼੍ਰੇਣੀ 'ਚੋਂ ਸਨ ਜੋ ਅਲੋਪ ਹੋਣ ਦੇ ਕੰਢੇ 'ਤੇ ਹੈ। ਉਨ੍ਹਾਂ ਦਾ



**ਪ੍ਰੋ. ਹਰਗੁਣਪ੍ਰੀਤ ਸਿੰਘ**
ਫੋਨ: 91-94636-19353

ਜਨਮ 19 ਜਨਵਰੀ 1930 ਨੂੰ ਪਟਿਆਲਾ ਵਿਖੇ ਸ਼੍ਰੋਮਣੀ ਸਾਹਿਤਕਾਰ ਰਾਜ ਕਵੀ ਸ. ਬਲਵੰਤ ਸਿੰਘ ਗਜਰਾਜ ਅਤੇ ਸ੍ਰੀਮਤੀ ਰਤਨ ਕੌਰ ਦੇ ਘਰ ਹੋਇਆ। ਆਪ ਨੇ ਦਸਵੀਂ ਬੀ.ਐਨ. ਖਾਲਸਾ ਹਾਈ ਸਕੂਲ ਪਟਿਆਲਾ ਤੋਂ ਪਾਸ ਕਰਨ ਉਪਰੰਤ ਗਿਆਨੀ ਕੌਮੀ ਕਾਲਜ ਪਟਿਆਲਾ ਦੇ ਗਿਆਨੀ ਬੁੱਧ ਸਿੰਘ ਦੀ ਯੋਗ ਅਗਵਾਈ ਹੇਠ ਪਾਸ ਕੀਤੀ।

ਗਿਆਨੀ ਭਵਖੰਡਨ ਸਿੰਘ ਦੀ ਭਾਸ਼ਾ ਅਧਿਆਪਕ ਵਜੋਂ ਪਹਿਲੀ ਨਿਯੁਕਤੀ ਸੰਨ 1949 ਵਿਚ ਸਰਕਾਰੀ ਹਾਈ ਸਕੂਲ ਸਨੌਰ ਵਿਖੇ ਹੋਈ। ਉਨ੍ਹਾਂ ਨੇ ਨੌਕਰੀ ਦਾ ਬਹੁਤਾ ਸਮਾਂ ਸਨੌਰ, ਸਮਾਣਾ ਅਤੇ ਭੁੰਨਰਹੇੜੀ ਦੇ ਸਕੂਲਾਂ ਵਿਚ ਹੀ ਬਿਤਾਇਆ। ਸੰਨ 1988 ਵਿਚ ਸੇਵਾ ਮੁਕਤ ਹੋਣ ਤੱਕ ਲਗਭਗ 40 ਸਾਲਾਂ ਦੀ ਸੇਵਾ ਦੌਰਾਨ ਉਹ ਇਕ ਦਿਨ ਵੀ ਸਕੂਲ ਲੇਟ ਨਹੀਂ ਸਨ ਹੋਏ ਸਗੋਂ ਅੱਧਾ ਘੰਟਾ ਪਹਿਲਾਂ ਹੀ ਪੁੱਜ ਜਾਂਦੇ। ਉਨ੍ਹਾਂ ਦੀ ਆਪਣੇ ਵਿਸ਼ੇ ਉਤੇ ਪੂਰੀ ਪਕੜ ਸੀ ਅਤੇ ਵਿਦਿਆਰਥੀਆਂ ਦੀ ਸ਼ੁੱਧ ਤੇ ਸੁੰਦਰ ਲਿਖਾਈ ਉਤੇ ਬੜਾ ਜ਼ੋਰ ਦਿੰਦੇ ਸਨ। ਲੋੜ ਅਨੁਸਾਰ ਵੱਡੀਆਂ ਜਮਾਤਾਂ ਵਿਚ ਵੀ ਲਿਖਣਾ ਸਿਖਾਉਣ ਲਈ ਤਖਤੀਆਂ ਦੀ ਵਰਤੋਂ ਕਰਵਾ ਲੈਂਦੇ ਸਨ। ਆਪਣੇ ਵੱਲੋਂ ਕਰਵਾਈ ਗਈ ਮਿਹਨਤ ਅਤੇ ਵਿਦਿਆਰਥੀਆਂ ਦੀ ਯੋਗਤਾ ਉਤੇ ਉਨ੍ਹਾਂ ਨੂੰ ਇੰਨਾ ਭਰੋਸਾ ਸੀ ਕਿ ਸਕੂਲ ਦੀਆਂ ਸਾਲਾਨਾ ਪ੍ਰੀਖਿਆਵਾਂ ਸਮੇਂ ਨਿਧੜਕ ਹੋ ਕੇ ਆਖ ਦਿੰਦੇ, "ਮੇਰੇ ਵੱਲੋਂ ਕਰਵਾਏ ਗਏ ਸਿਲੇਬਸ ਵਿਚੋਂ ਜਿੱਥੋਂ ਮਰਜ਼ੀ ਬੱਚਿਆਂ ਦਾ ਟੈਸਟ ਲੈ ਲਵੋ।"

ਉਹ ਜਮਾਤ ਵਿਚ ਕਈ ਵਾਰੀ ਗੁਰਬਾਣੀ, ਬਾਬਾ ਫਰੀਦ ਜੀ ਦੇ ਸਲੋਕ ਅਤੇ ਹੋਰ ਸਾਹਿਤਕ ਕਵਿਤਾਵਾਂ ਆਪਣੀ ਸੁਰੀਲੀ ਆਵਾਜ਼ ਵਿਚ ਇਸ ਤਰ੍ਹਾਂ ਗਾ ਕੇ ਪੜ੍ਹਾਉਂਦੇ ਕਿ ਵਿਦਿਆਰਥੀ ਮੰਤਰ ਮੁਗਧ ਹੋ ਜਾਂਦੇ। ਭਾਵੇਂ ਉਹ ਪੰਜਾਬੀ ਭਾਸ਼ਾ ਦੇ ਅਧਿਆਪਕ ਸਨ ਪਰੰਤੂ ਇਤਿਹਾਸ ਅਤੇ ਭੂਗੋਲ ਪੜ੍ਹਾਉਣ ਵਿਚ ਵੀ ਉਨ੍ਹਾਂ ਦੀ ਖਾਸ ਮੁਹਾਰਤ ਸੀ। ਬਲੈਕ-ਬੋਰਡ ਉਤੇ ਬਿਨਾਂ ਕਿਤਾਬ 'ਚੋਂ ਦੇਖਿਆਂ ਬੜੀ ਆਸਾਨੀ ਨਾਲ ਕਿਸੇ ਵੀ ਦੇਸ਼ ਦਾ ਨਕਸ਼ਾ ਝੱਟਪੱਟ ਵਾਹ ਦਿੰਦੇ।

ਗਿਆਨੀ ਭਵਖੰਡਨ ਸਿੰਘ ਦੇ ਕੁਝ ਅਧਿਆਪਕ ਸਾਥੀ ਤਾਂ ਉਨ੍ਹਾਂ ਦੀ ਅਧਿਆਪਨ-ਕੁਸ਼ਲਤਾ ਤੋਂ ਇੰਨੇ ਪ੍ਰਭਾਵਿਤ ਸਨ ਕਿ ਆਪਣੇ ਖਾਲੀ ਪੀਰੀਅਡਾਂ ਵਿਚ ਕਈ ਵਾਰ ਉਨ੍ਹਾਂ ਦੀ ਜਮਾਤ ਵਿਚ ਵਿਦਿਆਰਥੀਆਂ ਨਾਲ ਹੀ ਵਿਦਿਆਰਥੀ ਬਣ ਕੇ ਬੈਠ ਜਾਂਦੇ ਸਨ। ਪ੍ਰਭਾਵਸ਼ਾਲੀ ਬੁਲਾਰੇ ਹੋਣ ਸਦਕਾ ਕਈ ਵਾਰ ਸਕੂਲ ਦੀ ਸਵੇਰ ਸਭਾ ਵਿਚ ਵਿਦਿਆਰਥੀਆਂ ਵਿਚ ਨੈਤਿਕ ਕਦਰਾਂ ਕੀਮਤਾਂ ਉਪਜਾਉਣ ਹਿਤ ਪ੍ਰੇਰਨਾਮਈ ਭਾਸ਼ਣ ਦਿੰਦੇ। ਖੇਡ ਅਧਿਆਪਕਾਂ ਦੇ ਛੁੱਟੀ 'ਤੇ ਹੋਣ ਦੀ ਸੂਰਤ ਵਿਚ ਬੱਚਿਆਂ ਨੂੰ ਪੀ.ਟੀ. ਵੀ ਕਰਵਾ ਦਿੰਦੇ ਸਨ। ਸਨੌਰ ਵਿਖੇ ਜਦੋਂ ਉਨ੍ਹਾਂ ਨੂੰ ਲਾਇਬਰੇਰੀ ਦਾ ਇੰਚਾਰਜ ਬਣਾਇਆ ਗਿਆ ਤਾਂ ਲਾਇਬਰੇਰੀ ਨੂੰ ਇੰਨੇ ਸੁਚੱਜ ਨਾਲ ਸੈਟ ਕੀਤਾ ਕਿ ਹੋਰ ਸਕੂਲਾਂ ਦੇ ਮੁਖੀਆਂ ਤੋਂ ਇਲਾਵਾ ਕਈ ਉਚ ਕੋਟੀ ਦੇ ਸਿੱਖਿਆ ਸ਼ਾਸਤਰੀ ਵੀ ਲਾਇਬਰੇਰੀ ਦੇਖਣ ਆਏ।



ਗਿਆਨੀ ਭਵਖੰਡਨ ਸਿੰਘ

ਗਿਆਨੀ ਭਵਖੰਡਨ ਸਿੰਘ ਪੂਰੇ ਸੇਵਾ ਕਾਲ ਦੌਰਾਨ ਪੂਰੀ ਦਿਲਚਸਪੀ ਅਤੇ ਸੁਹਿਰਦਤਾ ਨਾਲ ਆਪਣੀ ਡਾਇਰੀ ਲਿਖਦੇ ਰਹੇ। ਇਤਨੀ ਸੁੰਦਰ ਡਾਇਰੀ ਲਿਖਦੇ ਕਿ ਇਕ ਵਾਰੀ ਪ੍ਰਿੰਸੀਪਲ ਹਰਨਾਮ ਸਿੰਘ ਨੇ ਡਾਇਰੀ ਉਤੇ ਉਸੇ ਤਰ੍ਹਾਂ 'ਵੈਰੀ ਗੁੱਡ' ਲਿਖ ਕੇ ਖੁਸ਼ੀ ਪ੍ਰਗਟਾਈ ਜਿਵੇਂ ਅਧਿਆਪਕ ਬੱਚਿਆਂ ਦੀਆਂ ਕਾਪੀਆਂ ਉਤੇ ਲਿਖਦੇ ਹਨ। ਆਪਣੀ ਸੁੰਦਰ ਲਿਖਤ ਨਾਲ ਉਹ ਜ਼ਿਲ੍ਹਾ ਅਤੇ ਰਾਜ ਪੱਧਰ ਦੇ ਖੇਡ ਤੇ ਵਿਗਿਆਨ ਮੇਲਿਆਂ ਵਿਚ ਸਰਟੀਫਿਕੇਟ ਭਰਨ ਵਿਚ 10-10 ਬੰਦਿਆਂ ਜਿੰਨਾ ਕੰਮ ਇਕੱਲਿਆਂ ਹੀ ਕਰ ਲੈਂਦੇ।

ਸਮਾਣੇ ਵਿਚ ਹੈਡਮਾਸਟਰ ਸ. ਬਸ਼ੇਸ਼ਰ ਸਿੰਘ ਦੀ ਅਗਵਾਈ ਹੇਠ ਕੰਮ ਕਰਦਿਆਂ ਸਾਥੀ ਅਧਿਆਪਕਾਂ ਸੁਖਬੀਰ ਸਿੰਘ ਅਤੇ ਹਰਭਜਨ ਸਿੰਘ ਨਾਲ ਰਲ ਕੇ ਬਿਨਾ ਕਿਸੇ ਫੀਸ ਤੋਂ ਛੁੱਟੀਆਂ ਵਿਚ ਵੀ ਕਲਾਸਾਂ ਲੈ ਕੇ ਅਜਿਹੀ ਕਲਾ ਵਰਤਾਈ ਕਿ ਸ਼ੈਡਾਂ ਹੇਠ ਪੜ੍ਹਨ ਵਾਲੇ ਬੱਚੇ ਚੰਗੇ-ਚੰਗੇ ਸ਼ਹਿਰੀ ਸਕੂਲਾਂ ਦੇ ਬੱਚਿਆਂ ਨੂੰ ਪਛਾੜ ਕੇ ਮੈਰਿਟ ਸੂਚੀ ਵਿਚ ਆਏ। ਉਹ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਭਾਲਣ, ਸੁਆਰਨ, ਨਿਖਾਰਨ ਤੇ ਉਸਾਰਨ ਲਈ ਹਮੇਸ਼ਾਂ ਤਤਪਰ ਰਹਿੰਦੇ। ਲੋੜ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਕਰਵਾਉਣ ਲਈ ਕਦੇ-ਕਦੇ ਕੁਟਾਪਾ ਵੀ ਚਾੜ੍ਹ ਦਿੰਦੇ ਪਰੰਤੂ ਕਿਉਂਕਿ ਅਜਿਹਾ ਉਨ੍ਹਾਂ ਦੇ ਸੁਧਾਰ ਲਈ ਹੀ ਕਰਦੇ ਸਨ, ਇਸ ਲਈ ਬੱਚਿਆਂ ਨੂੰ ਕਦੇ ਵੀ ਬੁਰਾ ਨਹੀਂ ਸੀ ਲੱਗਦਾ। ਵਿਦਿਆਰਥੀ ਹਮੇਸ਼ਾਂ ਹੀ ਉਨ੍ਹਾਂ ਨੂੰ ਪਿਤਾ ਦੇ ਸਮਾਨ ਪਿਆਰ ਕਰਦੇ ਸਨ।

ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਵਿਦਿਆਰਥੀਆਂ ਉਤੇ ਤਾਂ ਅਸਰ ਪਾਉਂਦੀ ਹੀ ਸੀ ਬਲਕਿ ਕਈ ਸੂਝਵਾਨ ਸਾਹਿਤਕਾਰਾਂ-ਪ੍ਰੋ. ਨਰਿੰਦਰ ਸਿੰਘ ਕਪੂਰ, ਪ੍ਰੋ. ਕੁਲਵੰਤ ਸਿੰਘ ਗਰੇਵਾਲ ਅਤੇ ਪ੍ਰੋ. ਕਿਰਪਾਲ ਕਜ਼ਾਕ ਵੀ ਉਨ੍ਹਾਂ ਦੇ ਪਟਿਆਲਾਸ਼ਾਹੀ ਪਹਿਰਾਵੇ, ਉਚੇ ਕੱਦ ਅਤੇ ਬਾਦਸ਼ਾਹੀ ਦਿੱਖ ਤੋਂ ਬੜੇ ਪ੍ਰਭਾਵਿਤ ਸਨ। ਪ੍ਰਸਿੱਧ ਫਿਲਮ ਅਦਾਕਾਰ ਓਮ ਪੁਰੀ, ਸਾਬਕਾ ਸਿੰਚਾਈ ਅਤੇ ਪੇਂਡੂ ਵਿਕਾਸ ਮੰਤਰੀ ਪੰਜਾਬ ਲਾਲ ਸਿੰਘ, ਸਾਬਕਾ ਡਾਇਰੈਕਟਰ ਯੂਥ ਵੈਲਫੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਸਤੀਸ਼ ਕੁਮਾਰ ਵਰਮਾ ਅਤੇ ਆਲ ਇੰਡੀਆ ਰੇਡੀਓ ਪਟਿਆਲਾ ਦੇ ਸਟੇਸ਼ਨ ਡਾਇਰੈਕਟਰ ਅਮਰਜੀਤ ਸਿੰਘ ਵੜੈਚ ਆਦਿ ਗਿਆਨੀ ਭਵਖੰਡਨ ਸਿੰਘ ਦੇ ਕੁਝ ਮੁੱਖ ਸ਼ਾਗਿਰਦਾਂ ਵਿਚੋਂ ਹਨ। ਉਨ੍ਹਾਂ ਦੀ ਮਿੱਤਰ ਮੰਡਲੀ ਵਿਚ ਪ੍ਰੋ. ਜੋਗਿੰਦਰ ਕੌਸ਼ਲ, ਤਹਿਸੀਲਦਾਰ ਹਰਭਜਨ ਸਿੰਘ ਗਰੇਵਾਲ, ਪ੍ਰੋ. ਬਲਦੇਵ ਕੌਸ਼ਲ, ਡਾ. ਗੁਰਚਰਨ ਸਿੰਘ ਅਤੇ ਨਾਥ ਵਾਚ ਕੰਪਨੀ ਵਾਲੇ ਰਾਜ ਕੁਮਾਰ ਵੀ ਸ਼ਾਮਲ ਸਨ ਜਿਨ੍ਹਾਂ ਦੀ ਦੋਸਤੀ ਅੰਤਮ ਪਲਾਂ ਤੱਕ ਨਿਭੀ।

ਅੱਜ ਕੱਲ੍ਹ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਗੁਰਦਿਆਲ ਕੌਰ ਅਤੇ ਦੋ ਪੁੱਤਰ ਪਟਿਆਲਾ ਵਿਖੇ ਆਪਣੇ ਪਰਿਵਾਰ ਸਮੇਤ ਸੁਖੀ ਜੀਵਨ ਬਤੀਤ ਕਰ ਰਹੇ ਹਨ। ਵੱਡਾ ਬੇਟਾ ਰੁਪਇੰਦਰ ਸਿੰਘ ਅੰਗਰੇਜ਼ੀ ਦੇ ਲੈਕਚਰਾਰ ਵਜੋਂ ਸਿੱਖਿਆ ਵਿਭਾਗ ਤੋਂ ਅਤੇ ਛੋਟਾ ਬੇਟਾ ਸਰੂਪਇੰਦਰ ਸਿੰਘ ਸੁਪਰਡੈਂਟ ਵਜੋਂ ਪੰਜਾਬ ਪਾਵਰ ਕੌਮ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦਾ ਇਕ ਪੋਤਾ (ਇਸ ਰਚਨਾ ਦਾ ਲੇਖਕ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਅਤੇ ਐਮ.ਫਿਲ. ਪੱਤਰਕਾਰੀ ਤੇ ਜਨਸੰਚਾਰ (ਗੋਲਡ ਮੈਡਲਿਸਟ) ਕਰਨ ਉਪਰੰਤ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਪਿਛਲੇ ਦੋ ਸਾਲਾਂ ਤੋਂ ਪੱਤਰਕਾਰੀ ਵਿਸ਼ੇ ਵਿਚ ਅਧਿਆਪਕ ਰਹਿ ਚੁੱਕਾ ਹੈ। ਭਾਵੇਂ ਗਿਆਨੀ ਭਵਖੰਡਨ ਸਿੰਘ ਵੀਹ ਸਾਲ ਪਹਿਲਾਂ 17 ਜੁਲਾਈ 1996 ਨੂੰ ਅਲਵਿਦਾ ਆਖ ਗਏ ਸਨ ਪਰੰਤੂ ਉਹ ਆਪਣੀ ਪ੍ਰਭਾਵਸ਼ਾਲੀ ਸ਼ਖਸੀਅਤ ਸਦਕਾ ਆਪਣੇ ਪਰਿਵਾਰ, ਵਿਦਿਆਰਥੀਆਂ ਅਤੇ ਮਿੱਤਰ-ਪਿਆਰਿਆਂ ਦੀ ਯਾਦ ਵਿਚ ਅੱਜ ਵੀ ਜਿਉਂਦੇ ਹਨ।

# ਪੰਜਾਬਣ ਬਣੀ ਭੂਮੀ



ਅਦਾਕਾਰਾ ਭੂਮੀ ਪੜਨੇਕਰ ਆਪਣੀ ਨਵੀਂ ਫਿਲਮ 'ਮਨਮਰਜ਼ੀਆਂ' ਵਿਚ ਪੰਜਾਬਣ ਦਾ ਕਿਰਦਾਰ ਨਿਭਾਅ ਰਹੀ ਹੈ। ਸਮੀਰ ਸ਼ਰਮਾ ਵਲੋਂ ਨਿਰਦੇਸ਼ਤ ਇਸ ਫਿਲਮ ਵਿਚ ਆਯੂਸ਼ਮਾਨ ਖੁਰਾਣਾ ਦੀ ਮੁੱਖ ਭੂਮਿਕਾ ਹੈ ਅਤੇ ਇਨ੍ਹਾਂ ਦੋਵਾਂ ਤੋਂ ਇਲਾਵਾ 'ਮਸਾਨ' ਫਿਲਮ ਵਾਲਾ ਅਦਾਕਾਰ ਵਿੱਕੀ ਕੌਸ਼ਲ ਵੀ ਫਿਲਮ ਵਿਚ ਅਹਿਮ ਕਿਰਦਾਰ ਨਿਭਾਅ ਰਿਹਾ ਹੈ। ਇਹ ਫਿਲਮ ਸਤੰਬਰ ਵਿਚ ਰਿਲੀਜ਼ ਹੋਣੀ ਹੈ। ਇਸ ਤੋਂ ਪਹਿਲਾਂ ਭੂਮੀ ਪੜਨੇਕਰ ਦੀ ਸਿਰਫ਼ ਇਕ ਫਿਲਮ ਹੀ ਆਈ ਹੈ। ਇਸ ਫਿਲਮ ਦਾ ਨਾਂ ਹੈ- 'ਦਮ ਲਗਾ ਕੇ ਹਾਈਸ਼ਾ'। ਇਸ ਫਿਲਮ ਵਿਚ ਵੀ ਭੂਮੀ ਦਾ ਹੀਰੋ ਆਯੂਸ਼ਮਾਨ ਖੁਰਾਣਾ ਹੀ ਸੀ। ਇਸ ਫਿਲਮ ਨਾਲ ਭੂਮੀ ਦੀ ਬੱਲੇ-ਬੱਲੇ ਹੋ ਗਈ ਸੀ। ਦਰਅਸਲ ਅਦਾਕਾਰੀ ਵਾਲੇ ਪਾਸੇ ਆਉਣ ਦਾ ਭੂਮੀ ਦਾ ਕੋਈ ਖਿਆਲ ਨਹੀਂ ਸੀ, ਉਹ ਤਾਂ ਪਿਛਲੇ ਪੰਜ-ਸੱਤ ਸਾਲਾਂ ਤੋਂ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰ ਰਹੀ ਸੀ, ਪਰ ਜਦੋਂ 'ਦਮ ਲਗਾ ਕੇ ਹਾਈਸ਼ਾ' ਫਿਲਮ ਲਈ ਹੀਰੋਇਨ ਦੀ ਤਲਾਸ਼ ਸ਼ੁਰੂ ਹੋਈ ਤਾਂ ਫਿਲਮ ਨਿਰਮਾਤਾ ਨੂੰ ਭੂਮੀ ਦਾ ਚੇਤਾ ਆ ਗਿਆ।

ਫਿਲਮ ਵਿਚ ਨਾਇਕਾ ਦਾ ਕਿਰਦਾਰ ਮੋਟੀ ਤੇ ਘਰੇਲੂ ਔਰਤ ਦਾ ਸੀ ਅਤੇ ਭੂਮੀ ਦੀ ਫਿੱਗਰ ਇਸ ਮੁਤਾਬਕ ਐਨ ਫਿੱਟ ਬੈਠਦੀ ਜਾਪਦੀ ਸੀ। ਜਿਨ੍ਹਾਂ ਲੋਕਾਂ ਨੇ ਇਹ ਫਿਲਮ ਦੇਖੀ ਹੈ, ਉਹ ਜਾਣਦੇ ਹਨ ਕਿ ਆਪਣੇ ਕਿਰਦਾਰ ਵਿਚ ਭੂਮੀ ਪੜਨੇਕਰ ਨੇ ਕਿੰਨੀ ਜਾਨ ਪਾ ਦਿਤੀ ਸੀ। ਇਸ ਫਿਲਮ ਲਈ ਉਸ ਨੂੰ ਬਹੁਤ ਸਾਰੇ ਇਨਾਮ-ਸਨਮਾਨ ਵੀ ਮਿਲੇ। ਹੁਣ ਆਪਣੀ ਨਵੀਂ ਫਿਲਮ ਲਈ ਉਹਨੇ ਆਪਣਾ ਭਾਰ ਕਾਫ਼ੀ ਘਟਾ ਲਿਆ ਹੈ ਅਤੇ ਪਤਲੀ ਹੋ ਗਈ ਹੈ। ਉਹ ਆਖਦੀ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਫਿਲਮਾਂ ਬਣਾਉਣ ਦੀ ਦੌੜ ਵਿਚ ਕਦੀ ਵੀ ਨਹੀਂ ਪਵੇਗੀ, ਸਗੋਂ ਵਧੀਆ ਅਤੇ ਚੋਣਵੀਆਂ ਫਿਲਮਾਂ ਹੀ ਕਰੇਗੀ। ਉਸ ਨੂੰ ਕਈ ਵੱਡੇ ਬੈਨਰਾਂ ਵਲੋਂ ਫਿਲਮਾਂ ਦੀਆਂ ਪੇਸ਼ਕਸ਼ਆਂ ਹੋਈਆਂ ਹਨ। -0-



*ਅੱਜ ਦੀ ਭੂਮੀ ਪੜਨੇਕਰ ਅਤੇ (ਸੱਜੇ) ਫਿਲਮ 'ਦਮ ਲਗਾ ਕੇ ਹਈਸ਼ਾ' ਵਾਲੀ ਭੂਮੀ।*

# ਰੁਲ ਗਏ ਬੁਧੀਆ ਸਿੰਘ ਦੀ ਕਹਾਣੀ



ਸਾਲ 2006 ਵਿਚ ਪੁਰੀ ਤੋਂ ਭੁਵਨੇਸ਼ਵਰ ਤੱਕ 65 ਕਿਲੋਮੀਟਰ ਮੈਰਾਥਨ ਦੌੜਨ ਵਾਲੇ ਪੰਜ ਸਾਲਾ ਜੁਆਕ ਬੁਧੀਆ ਸਿੰਘ ਨੇ ਸਭ ਦਾ ਧਿਆਨ ਖਿੱਚਿਆ ਸੀ। ਉਸ ਨੇ ਇਹ ਦੌੜ ਰਿਕਾਰਡ 7 ਘੰਟੇ 2 ਮਿੰਟ ਵਿਚ ਪੂਰੀ ਕਰ ਕੇ ਲਿਮਕਾ ਬੁੱਕ ਆਫ਼ ਰਿਕਾਰਡਸ ਵਿਚ ਆਪਣਾ ਨਾਂ ਦਰਜ ਕਰਵਾ ਲਿਆ ਸੀ, ਪਰ ਅੱਜ ਉੜੀਸਾ ਦਾ ਇਹ ਜੁਆਕ ਰੁਲਿਆ ਪਿਆ ਹੈ। ਉਸ ਦੇ ਜੀਵਨ ਦੀ ਇਹ ਕਹਾਣੀ ਹੁਣ ਉੜੀਆ ਫਿਲਮਸਾਜ਼ ਸੋਮੇਂਦਰ ਪਾਢੀ ਨੇ ਫਿਲਮ 'ਬੁਧੀਆ ਸਿੰਘ' (ਦੂਰਾਂਤੋ) ਬਣਾਈ ਹੈ।

ਗੁਰਬਤ ਮਾਰੇ ਪਰਿਵਾਰ ਨੇ ਬੁੱਧੀਆ ਨੂੰ 800 ਰੁਪਏ ਵਿਚ ਵੇਚ ਦਿਤਾ ਸੀ, ਪਰ ਬਿਰਾਂਚੀ ਦਾਸ ਨਾਂ ਦੇ ਕੋਚ ਨੇ ਉਸ ਦੀ ਪ੍ਰਤਿਭਾ ਨੂੰ ਪਛਾਣਿਆ। ਬਾਅਦ ਵਿਚ ਹਾਲਾਤ ਇਉਂ ਬਦਲੇ ਕਿ ਬਿਰਾਂਚੀ ਦਾਸ ਦਾ ਕਤਲ ਹੋ ਗਿਆ, ਨਾਲ ਹੀ ਬੁਧੀਆ ਲਾਵਾਰਿਸ ਹੋ ਗਿਆ। ਉਸ ਦੀ ਮਾਂ ਸੁਕਾਂਤੀ ਸਿੰਘ ਨੇ ਆਪਣੇ ਪੁੱਤਰ ਲਈ ਵਸੀਲੇ ਜੁਟਾਉਣ ਦਾ ਯਤਨ ਕੀਤਾ ਅਤੇ ਉਸ ਨੂੰ ਹੋਸਟਲ ਤੱਕ ਪਹੁੰਚਣ ਵਿਚ ਕਾਮਯਾਬ ਵੀ ਹੋਈ, ਪਰ ਉਥੇ ਬੁੱਧੀਆ ਨੂੰ ਕੋਈ ਵਿਸ਼ੇਸ਼ ਮਹੱਤਵ ਨਾ ਮਿਲਿਆ। ਹਾਲ ਹੀ ਵਿਚ ਉਸ ਦੇ ਹੋਸਟਲ ਵਿਚੋਂ ਭੱਜਣ ਦੀ ਕਹਾਣੀ ਵੀ ਅਖ਼ਬਾਰਾਂ ਵਿਚ ਛਪੀ ਸੀ। ਇਸ ਫਿਲਮ ਵਿਚ ਨਿਰਦੇਸ਼ਕ ਸੋਮੇਂਦਰ ਪਾਢੀ ਨੇ ਬੁੱਧੀਆ ਦੀ ਕਹਾਣੀ ਨੂੰ ਮਾਰਮਿਕ ਢੰਗ ਨਾਲ ਪੇਸ਼ ਕੀਤਾ। ਫਿਲਮ ਵਿਚ ਕੋਚ ਦਾ ਕਿਰਦਾਰ ਅਦਾਕਾਰ ਮਨੋਜ ਬਾਜਪਾਈ ਅਤੇ ਬੁਧੀਆ ਦਾ ਕਿਰਦਾਰ ਮਯੂਰ ਪਤੋਲੇ ਨੇ ਨਿਭਾਇਆ ਹੈ। ਇਹ ਫਿਲਮ 63ਵੇਂ ਫਿਲਮ ਮੇਲੇ ਵਿਚ ਸਰਵੋਤਮ ਬਾਲ ਫਿਲਮ ਦਾ ਕੌਮੀ ਪੁਰਸਕਾਰ ਹਾਸਲ ਕਰ ਚੁੱਕੀ ਹੈ। -0-



*ਅਸਲੀ ਬੁਧੀਆ ਸਿੰਘ ਅਤੇ (ਉਪਰ) ਬੁਧੀਆ ਬਣਿਆ ਅਦਾਕਾਰ ਮਯੂਰ।*

# ਦਿਲਾਂ ਦੀ ਬੋਲੀ ਸਮਝਦੀ ਫਿਲਮ: ਦਿਲ ਸੇ


**ਆਵਾਜ਼ ਦੇ ਕਹਾਂ ਹੈ... -54-**



ਕੁਲਦੀਪ ਕੌਰ
ਫੋਨ: +91-98554-04330

ਜੇ ਇਹ ਸਾਬਿਤ ਕਰਨਾ ਹੋਵੇ ਕਿ ਦਿਲ ਦੀ ਆਪਣੀ ਹੀ ਭਾਸ਼ਾ ਹੁੰਦੀ ਹੈ ਤਾਂ ਫਿਲਮ 'ਦਿਲ ਸੇ' ਦੇ ਗਾਣੇ 'ਐ ਅਜਨਬੀ ਤੂੰ ਭੀ ਕਭੀ, ਆਵਾਜ਼ ਦੇ ਕਹੀਂ ਸੇ' ਦੀ ਮਦਦ ਲਈ ਜਾ ਸਕਦੀ ਹੈ। ਇਸ ਗੀਤ ਦੇ ਬੋਲ ਗੁਲਜ਼ਾਰ ਦੇ ਹਨ ਅਤੇ ਇਸ ਨੂੰ ਏ.ਆਰ. ਰਹਿਮਾਨ ਦੀਆਂ ਖੂਬਸੂਰਤ ਧੁਨਾਂ ਵਿਚ ਇੰਨੀ ਬਾਰੀਕੀ ਨਾਲ ਪਰੋਇਆ ਗਿਆ ਸੀ ਕਿ ਗੀਤ ਖਤਮ ਹੋਣ ਤੋਂ ਬਾਅਦ ਵੀ ਖਤਮ ਨਹੀਂ ਹੁੰਦਾ। ਇਸ ਦੀ ਗੂੰਜ ਦਰਸ਼ਕ ਆਪਣੇ ਕੰਨਾਂ ਵਿਚ ਲਗਾਤਾਰ ਗੂੰਜਦੀ ਮਹਿਸੂਸ ਕਰਦਾ ਹੈ।

ਇਹ ਫਿਲਮ ਕਸ਼ਮੀਰ ਦੇ ਪਿਛੋਕੜ ਵਿਚ ਬਣੀ ਪ੍ਰੇਮ ਕਹਾਣੀ ਹੈ। ਫਿਲਮ ਵਿਚ ਦਿੱਲੀ ਬੈਠ ਕੇ ਕਸ਼ਮੀਰ 'ਤੇ ਤਬਸਰਾ ਕਰਨ ਵਾਲਿਆਂ ਲਈ ਵੱਖਰੀ ਤਰ੍ਹਾਂ ਦਾ ਬਿਰਤਾਂਤ ਹੈ। ਮੀਡੀਆ ਅਕਸਰ ਕਸ਼ਮੀਰ ਦੇ ਮਸਲੇ ਨੂੰ ਰਾਸ਼ਟਰੀਵਾਦ ਦੇ ਸੌੜੇ ਲੈਂਜ਼ਾਂ ਵਿਚੋਂ ਦੇਖਦਾ ਹੈ ਅਤੇ ਜ਼ਮੀਨੀ ਹਕੀਕਤਾਂ ਨੂੰ ਦਰਕਿਨਾਰ ਕਰ ਦਿੰਦਾ ਹੈ। ਇਸ ਫਿਲਮ ਦੀ ਮੁੱਖ ਕਿਰਦਾਰ ਸੁਨੱਖੀ ਕਸ਼ਮੀਰਨ ਮੇਘਨਾ (ਮਨੀਸ਼ਾ ਕੋਇਰਾਲਾ) ਹੈ ਜੋ ਪੂਰੀ ਸ਼ਿੱਦਤ ਨਾਲ ਆਪਣੇ ਜਹਾਦੀ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਕੋਸ਼ਿਸ਼ ਕਰ ਰਹੀ ਹੈ। ਉਹ ਆਪਣੇ ਗਰੁੱਪ ਦੇ ਸਾਥੀਆਂ ਨਾਲ 'ਦਿੱਲੀ ਨੂੰ ਹਿਲਾ ਕੇ ਰੱਖ ਦੇਣ ਵਾਲੀ ਵਾਰਦਾਤ' ਦੀ ਤਿਆਰੀ ਕਰ ਰਹੀ ਹੈ। ਇਕ ਰਾਤ ਅਚਾਨਕ ਕਿਸੇ ਸੁੰਨ-ਮਸਾਣ ਰੇਲਵੇ ਸ਼ਟੇਸ਼ਨ 'ਤੇ ਉਸ ਦਾ ਸਾਹਮਣਾ ਅਮਰ (ਸ਼ਾਹਰੁਖ ਖਾਨ) ਨਾਲ ਹੁੰਦਾ ਹੈ। ਉਸ ਨੂੰ ਅਮਰ ਦਾ ਖੁਸ਼ਮਿਜਾਜ਼ ਸੁਭਾਅ ਚੰਗਾ ਤਾਂ ਲੱਗਦਾ ਹੈ, ਪਰ ਉਹ ਆਪਣੇ ਕੰਮ ਪ੍ਰਤੀ ਇੰਨੀ ਸਮਰਪਿਤ ਹੈ ਕਿ ਉਸ ਨੂੰ ਅਮਰ ਨਾਲ ਗੱਲਬਾਤ ਕਰਨ ਵਿਚ ਵੀ ਕੋਈ ਦਿਲਚਸਪੀ ਨਹੀਂ। ਇਸੇ ਕਾਰਨ ਅਮਰ ਦੀ ਉਸ ਵਿਚ ਦਿਲਚਸਪੀ ਵਧ ਜਾਂਦੀ ਹੈ ਤੇ ਉਹ ਉਸ ਦਾ ਪਿੱਛਾ ਕਰਨ ਲੱਗ ਪੈਂਦਾ ਹੈ। ਹੁਣ ਮੇਘਨਾ ਸਾਹਮਣੇ ਧਰਮ-ਸੰਕਟ ਖੜ੍ਹਾ ਹੋ ਜਾਂਦਾ ਹੈ। ਉਸ ਕੋਲ ਪੂਰਾ ਕਰਨ ਲਈ ਇਕ ਖਤਰਨਾਕ ਕੰਮ ਹੈ ਅਤੇ ਇਸ ਵਿਚ ਪਿਆਰ ਵਰਗੀ ਨਾਜ਼ੁਕ ਸ਼ੈਅ ਲਈ ਚਾਹੁੰਦੇ ਹੋਏ ਵੀ ਜਗ੍ਹਾ ਨਹੀਂ।






*ਫਿਲਮ 'ਦਿਲ ਸੇ' ਵਾਲਾ ਫਿਲਮਸਾਜ਼ ਮਣੀ ਰਤਨਮ ਅਤੇ (ਸੱਜੇ) ਫਿਲਮ ਦਾ ਇਕ ਭਾਵਪੂਰਤ ਦ੍ਰਿਸ਼।*

ਫਿਲਮ ਵਿਚ ਮੇਘਨਾ ਦਾ ਕਿਰਦਾਰ ਬਹੁਤ ਗੁੰਝਲਦਾਰ ਹੈ। ਉਹ ਦਿਲ ਤੇ ਦਿਮਾਗ ਦੇ ਫੈਸਲਿਆਂ ਵਿਚ ਉਲਝੀ ਕੁੜੀ ਹੈ ਜਿਸ ਨੂੰ ਇਹ ਵੀ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਉਸ ਕੋਲ ਜ਼ਿੰਦਗੀ ਦੇ ਕੁਝ ਦਿਨ ਹੀ ਬਚੇ ਹਨ। ਦੂਜੇ ਪਾਸੇ ਅਮਰ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਹੁਣ ਜੋ ਮਰਜ਼ੀ ਹੋ ਜਾਵੇ, ਜ਼ਿੰਦਗੀ ਮੇਘਨਾ ਤੋਂ ਹੀ ਸ਼ੁਰੂ ਹੁੰਦੀ ਹੈ ਅਤੇ ਉਸੇ 'ਤੇ ਖਤਮ। ਉਹ ਮੇਘਨਾ ਦਾ ਪਿੱਛਾ ਕਰਦਿਆਂ ਲੱਦਾਖ ਪਹੁੰਚ ਜਾਂਦਾ ਹੈ।

ਫਿਲਮਸਾਜ਼ ਮਣੀ ਰਤਨਮ ਦੀਆਂ ਬਾਕੀ ਫਿਲਮਾਂ ਵਾਂਗ ਇਹ ਫਿਲਮ ਵੀ ਖੂਬਸੂਰਤ ਕਹਾਣੀ ਰਾਹੀਂ ਜ਼ਮੀਨੀ ਹਕੀਕਤਾਂ ਬਿਆਨ ਕਰਦੀ ਹੈ। ਮੇਘਨਾ ਨਾਲ ਬਚਪਨ ਵਿਚ ਇੱਕ ਫੌਜੀ ਦੁਆਰਾ ਜਬਰ ਜਨਾਹ ਕੀਤਾ ਗਿਆ ਹੈ ਜਿਸ ਦਾ ਸਦਮਾ ਉਸ ਦੀ ਮਾਸੂਮੀਅਤ ਤੇ ਵਿਸ਼ਵਾਸ ਖੋਹ ਲੈਂਦਾ ਹੈ। ਉਸ ਦੇ ਸਾਥੀਆਂ ਦੇ ਵੀ ਇਸ ਤਰ੍ਹਾਂ ਦੇ ਕਈ ਸਦਮੇ ਹਨ ਜਿਨ੍ਹਾਂ ਦਾ ਬਦਲਾ ਉਹ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਨਾਲ ਲੈਣਾ ਚਾਹੁੰਦੇ ਹਨ। ਇਕ ਰਾਤ ਮੇਘਨਾ ਫਿਰ ਗਾਇਬ ਹੋ ਜਾਂਦੀ ਹੈ ਤੇ ਅਮਰ ਹੈਰਾਨ-ਪਰੇਸ਼ਾਨ ਰਹਿ ਜਾਂਦਾ ਹੈ।

ਉਧਰ, ਜਦੋਂ ਮੇਘਨਾ ਦੇ ਗਰੁੱਪ ਦੇ ਬੰਦੇ ਕਾਰਵਾਈ ਲਈ ਦਿੱਲੀ ਆਉਂਦੇ ਹਨ ਤਾਂ ਮੇਘਨਾ ਟਿਕਾਣੇ ਦੀ ਤਲਾਸ਼ ਵਿਚ ਅਮਰ ਦੇ ਘਰ ਆਉਂਦੀ ਹੈ। ਅਮਰ ਦੀ ਪ੍ਰੀਤੀ (ਪ੍ਰੀਤੀ ਜ਼ਿੰਟਾ) ਨਾਲ ਮੰਗਣੀ ਹੋ ਰਹੀ ਹੈ। ਇਸ ਦੌਰਾਨ ਕਾਰਵਾਈ ਦਾ ਦਿਨ ਨਜ਼ਦੀਕ ਆ ਜਾਂਦਾ ਹੈ। ਕੁਝ ਸਬੂਤਾਂ ਦੇ ਆਧਾਰ 'ਤੇ ਪੁਲਿਸ ਦੁਆਰਾ ਅਮਰ ਨੂੰ ਵੀ ਦਹਿਸ਼ਤਗਰਦ ਕਰਾਰ ਦਿੱਤਾ ਜਾਂਦਾ ਹੈ। ਇਸ ਫਿਲਮ ਦਾ ਅੰਤ ਤਰਾਸਦੀ ਦੇ ਰੂਪ ਵਿਚ ਹੁੰਦਾ ਹੈ। ਇਸ ਦਾ ਇਸ ਤੋਂ ਬਿਨਾਂ ਵੀ ਕੁਝ ਅੰਤ ਹੋ ਸਕਦਾ ਹੈ? ਇਸ ਦੀਆਂ ਸੰਭਾਵਨਾਵਾਂ ਕੀ ਹੋ ਸਕਦੀਆਂ ਹਨ? ਜੇ ਇਹੀ ਕਹਾਣੀ ਹੁਣ ਵਾਪਰੇ, ਤਾਂ ਵੀ ਇਸ ਦੇ ਅੰਤ ਨੂੰ ਬਦਲਣ ਦੀ ਸਿਆਸਤ ਦੂਰ-ਦੂਰ ਤੱਕ ਨਹੀਂ ਦਿਸਦੀ ਹੈ। -0-



# ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ

ਕਿਆ ਹੁਆ ਅਗਰ ਮਿਟ ਜਾਏਂ ਅਪਨੇ ਵਤਨ ਕੇ ਵਾਸਤੇ। ਬੁਲਬੁਲੇਂ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ।
ਗਾਜੀਓਂ ਮੇ ਬੂ ਰਹੇਗੀ ਜਬ ਤਲਕ ਈਮਾਨ ਕੀ, ਲੰਡਨ ਮੇ ਖੜਕੇਗੀ ਤੇਗ ਹਿੰਦੋਸਤਾਨ ਕੀ। -ਸ਼ਹੀਦ ਊਧਮ ਸਿੰਘ



# ਸ਼ਹੀਦ ਊਧਮ ਸਿੰਘ ਦਾ 76ਵਾਂ ਸ਼ਹੀਦੀ ਸਮਾਗਮ

## 31 ਜੁਲਾਈ 2016, ਐਤਵਾਰ

*ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ*

## ਸਥਾਨ: ਗਦਰ ਮੈਮੋਰੀਅਲ ਹਾਲ

(5 ਵੁਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116)

**ਉਦਘਾਟਨ:** ਵੈਂਕਟੇਸ਼ਨ ਅਸ਼ੋਕ (ਕੌਂਸਲ ਜਨਰਲ ਆਫ ਇੰਡੀਆ, ਸੈਨ ਫਰਾਂਸਿਸਕੋ)

**Free Food & Tea - Free Entry and Parking**

### ਬੁਲਾਰੇ

ਡਾ. ਗੁਰਦੇਵ ਖੁਸ਼ (Professor Plant Sciences)
ਚਰਨ ਸਿੰਘ ਜੱਜ (ਆਰਗੇਨਾਈਜ਼ਰ), ਪ੍ਰਿੰ. ਵੀਰ ਸਿੰਘ ਰੰਧਾਵਾ
ਡਾ. ਉਜਾਗਰ ਸਿੰਘ, ਡਾ. ਹਰਦਮ ਸਿੰਘ ਆਜ਼ਾਦ ਹਿਊਸਟਨ
ਡਾ. ਪਾਲ ਨਕੋਦਰ, ਡਾ. ਹਰਪਾਲ ਸਿੰਘ, ਡਾ. ਗੁਰੁਮੇਲ ਸਿੰਘ ਸਿੱਧੂ,
ਡਾ. ਪ੍ਰਭਵੀਰ ਸਿੰਘ ਰੌਨੀ, ਡਾ. ਦਿਲਜੀਤ ਸਿੰਘ
ਸ. ਗੁਰਭਜਨ ਸਿੰਘ ਗਿੱਲ (ਸਾਬਕਾ ਪ੍ਰਧਾਨ), ਦਲਵਿੰਦਰ ਸਿੰਘ ਧੂਤ
ਅਟਾਰਨੀ ਨਰੇਸ਼ਵਰ ਸਿੰਘ ਵਿਰਦੀ, ਡਾ. ਪਰਗਟ ਸਿੰਘ ਹੁੰਦਲ

### ਸੈਮੀਨਾਰ

*ਕੁਰਬਾਨੀਆਂ ਦੇ ਰਸ ਨਾਲ ਭਰੇ ਗੀਤ ਅਤੇ ਕਵਿਤਾਵਾਂ*
ਅਨੂਪ ਸਿੰਘ ਚੀਮਾ ਤੇ ਤਰਲੋਕ ਸਿੰਘ ਕੈਲੀਫੋਰਨੀਆ ਮਿਊਜ਼ਿਕ ਗਰੁਪ
ਪੰਮੀ ਮਾਨ, ਸੁਲਤਾਨ ਅਖਤਰ ਅਤੇ ਸਾਥੀ
**ਕਵਿਤਾਵਾਂ:** ਸੁਖਵਿੰਦਰ ਕੰਬੋਜ, ਤਾਰਾ ਸਾਗਰ, ਨੀਲਮ ਸੈਣੀ, ਮਨਜੀਤ ਸੇਖੋਂ, ਦਿਲਬੀਰ ਸਿੰਘ ਨਿੱਝਰ, ਮਹਿੰਦਰ ਸਿੰਘ ਘੱਗ, ਜੀਵਨ ਰੱਤੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਰਮੇਲ ਕੌਰ, ਸੁਰਿੰਦਰ ਸੀਰਤ, ਕੁਲਵਿੰਦਰ ਸਿੰਘ, ਜਗਜੀਤ ਨੌਸ਼ਹਿਰਵੀ, ਕਮਲਦੇਵ ਪਾਲ ਤੇ ਰੇਸ਼ਮ ਸਿੱਧੂ।

## ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਨਿੱਘਾ ਸੱਦਾ

**ਸਨਮਾਨਯੋਗ ਦਾਨਿਸ਼ਵਰ ਸਹਿਯੋਗੀ:** ਸ. ਬਹਾਦਰ ਸਿੰਘ, ਸ. ਦਿਲਜੀਤ ਸਿੰਘ, ਸ. ਹਰਜਿੰਦਰ ਸਿੰਘ, ਸ. ਬਲਰਾਜ ਸਿੰਘ ਪੰਨੂੰ, ਸ. ਦਿਲਜੀਤ ਸਿੰਘ (ਓਰੇਗਾਨ); ਪ੍ਰੋ. ਸੰਪੂਰਨ ਸਿੰਘ, ਸ. ਹੀਰਾ ਲਾਲ ਸਿੰਘ ਚਮਦਲ, ਸ. ਮਨੋਹਰ ਸਿੰਘ ਮਾਨ, ਸ. ਅਮਨ ਸਿੰਘ ਸਿੱਧੂ, ਸ. ਤੀਰਥ ਸਿੰਘ ਖਹਿਰਾ, ਸ. ਬਖਸ਼ੀਸ਼ ਸਿੰਘ ਜੋਸਨ (ਹਿਊਸਟਨ), ਸ. ਬੰਤ ਸਿੰਘ (ਪ੍ਰਧਾਨ), ਸ. ਬਲਬੀਰ ਸਿੰਘ (ਸਕੱਤਰ), ਸ. ਕਸ਼ਮੀਰ ਸਿੰਘ, ਸ. ਸੁਰਿੰਦਰ ਸਿੰਘ ਸਿੱਧੂ (ਜੈਕਸਨ, ਮਿਸੀਸਿਪੀ); ਸ. ਨਿਰੰਜਣ ਸਿੰਘ, ਸ. ਹਰਮਿੰਦਰ ਸਿੰਘ, ਸ. ਮਨਜਿੰਦਰ ਸਿੰਘ ਸਿਆਟਲ; ਸ. ਗੁਰਮੀਤ ਸਿੰਘ ਖਿੰਡਾ, ਸ. ਸੋਨੂੰ ਖਿੰਡਾ (ਰੈਡ ਬਲੱਫ); ਸ. ਨਿਰਮਲ ਸਿੰਘ ਚੰਦੀ, ਸ. ਕਰਨੈਲ ਸਿੰਘ ਟਰਲਕ, ਸ. ਸੁੱਚਾ ਸਿੰਘ ਕੰਬੋਜ, ਸ. ਤਰਲੋਚਨ ਸਿੰਘ, ਸ. ਜਸਵੀਰ ਸਿੰਘ ਕੰਬੋਜ (ਫਰਿਜ਼ਨੋ); ਸ. ਜਰਨੈਲ ਸਿੰਘ, ਸ. ਹਰੀ ਸਿੰਘ (ਲੈਥਰੂਪ); ਸ. ਸੰਤੋਖ ਸਿੰਘ ਜੱਜ, ਸ. ਸੁਰਜੀਤ ਸਿੰਘ ਜੱਜ, ਸ. ਹਰਜਿੰਦਰ ਸਿੰਘ ਜੱਜ, ਸ. ਮਹਿੰਦਰ ਸਿੰਘ, ਮਾਸਟਰ ਮੁਖਤਿਆਰ ਸਿੰਘ, ਸ. ਮੋਹਨ ਸਿੰਘ (ਟਰੇਸੀ); ਸ. ਰਤਨ ਸਿੰਘ, ਸ. ਗੁਰਬਿੰਦਰ ਸਿੰਘ, ਸ. ਮਹਿੰਗਾ ਸਿੰਘ ਸਰਪੰਚ, ਸ. ਅਵਤਾਰ ਸਿੰਘ (ਪ੍ਰਧਾਨ ਫਰੀਮਾਂਟ); ਸ. ਅਵਤਾਰ ਸਿੰਘ ਡੋਡ, ਸ. ਅਵਤਾਰ ਸਿੰਘ ਦੋਸਾਂਝ, ਸ. ਕੁਲਦੀਪ ਸਿੰਘ ਸੰਘੇੜਾ, ਡਾ. ਸੁਰਿੰਦਰ ਸਿੰਘ ਸੈਣੀ, ਸ. ਰੋਜਰ ਸਿੰਘ ਸੈਣੀ, ਸ. ਸਤਨਾਮ ਸਿੰਘ ਚੀਮਾ, ਸ. ਕੁਲਵਿੰਦਰ ਸਿੰਘ ਚੀਮਾ, ਸ. ਖੁਸ਼ਪਾਲ ਸਿੰਘ ਭੁੱਲਰ, ਸ. ਅਮਿਤੋਜ ਸਿੰਘ, ਸ. ਬਲਕਾਰ ਸਿੰਘ ਨਿਊ ਟੀਕ; ਜਸਵੰਤ ਸਿੰਘ ਜੱਸਾ, ਹਰਮੀਤ ਸਿੰਘ (ਮਾਊਨਟੇਨ ਪੀਜ਼ਾ), ਮਾਸਟਰ ਧਰਮਪਾਲ ਉਗੀ, ਕੁਲਵੰਤ ਸਿੰਘ ਨਿਊ ਯਾਰਕ, ਸ. ਹਰਵੰਤ ਸਿੰਘ ਰਤਨਪਾਲ, ਸੁਖਦੇਵ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਕੰਵਰ ਕਸ਼ਮੀਰ ਸਿੰਘ, ਸਾਹਿਲ ਸਿੰਘ, ਜੋਬਨ ਸਿੰਘ, ਐਸ ਪੀ ਸਿੰਘ।

### -------- ਸਨਮਾਨ ਕਮੇਟੀ --------

ਬਲਵਿੰਦਰ ਸਿੰਘ ਡੁਲਕੂ, ਡਾ. ਸੁਰਿੰਦਰ ਸਿੰਘ ਸੈਣੀ, ਅਵਤਾਰ ਸਿੰਘ ਦੋਸਾਂਝ, ਗੁਰਦੀਪ ਸਿੰਘ ਗਿੱਲ, ਸੰਤੋਖ ਸਿੰਘ ਜੱਜ, ਮਾਸਟਰ ਮੁਖਤਿਆਰ ਸਿੰਘ, ਮਹਿੰਦਰ ਸਿੰਘ ਟਰੇਸੀ।

### ਜਥੇਬੰਦੀ ਦੇ ਸੰਚਾਲਕ

ਗੁਲਿੰਦਰ ਸਿੰਘ ਗਿੱਲ (ਪ੍ਰਧਾਨ) ਫੋਨ: 916-844-5310
ਗੁਰਮੀਤ ਸਿੰਘ ਖਿੰਡਾ (ਮੀਤ ਪ੍ਰਧਾਨ) ਫੋਨ: 530-301-9963
ਰਤਨ ਸਿੰਘ (ਮੀਤ ਪ੍ਰਧਾਨ) ਫੋਨ: 510-825-8473
ਜਨਕ ਰਾਜ ਸਿਧਰਾ (ਸਕੱਤਰ) ਫੋਨ: 916-607-9287
ਜਗਮੀਤ ਸਿੰਘ ਜੋਸਨ ਤੇ ਗੁਰਬਿੰਦਰ ਸਿੰਘ (ਪ੍ਰਚਾਰ ਸਕੱਤਰ)

ਮਦਨ ਲਾਲ (ਚੇਅਰਮੈਨ) ਫੋਨ: 916-508-8939
ਸੰਤੋਖ ਸਿੰਘ ਜੱਜ (ਵਾਈਸ ਚੇਅਰਮੈਨ) ਫੋਨ: 925-487-4679
ਕੁਲਦੀਪ ਸਿੰਘ ਖਿੰਡਾ (ਵਾਈਸ ਚੇਅਰਮੈਨ) ਫੋਨ: 530-200-0725
ਬਲਵਿੰਦਰ ਸਿੰਘ ਡੁਲਕੂ (ਖਜ਼ਾਨਚੀ) ਫੋਨ: 916-289-5956
ਗੁਰਦੀਪ ਸਿੰਘ ਗਿੱਲ (ਖਜ਼ਾਨਚੀ) ਫੋਨ: 916-752-6778

Ad Sponsored By Punjab Times

# ਸਿੱਖ ਸਪੋਰਟਸ ਐਸੋਸੀਏਸ਼ਨ, ਯੂ ਐਸ ਏ

# 10ਵਾਂ ਸਾਲਾਨਾ ਖੇਡ ਮੁਕਾਬਲਾ

## 23 ਅਤੇ 24 ਜੁਲਾਈ 2016

**ਜੇਮਜ਼ ਲੋਗਨ ਹਾਈ ਸਕੂਲ 1800 H st., Union City, CA**

**Field Hocky: Shorty Garcia Park: 33940 7th Street, Union City, CA**



## ਅਮਰੀਕਾ-ਭਾਰਤ ਕਬੱਡੀ ਕੱਪ

ਬਾਸਕਿਟਬਾਲ ਕੱਪ
ਵਾਲੀਬਾਲ ਕੱਪ
ਫਲੈਗ ਫੁਟਬਾਲ ਕੱਪ
ਸਾਕਰ ਕੱਪ
ਟੈਨਿਸ ਕੱਪ
ਫੀਲਡ ਹਾਕੀ ਕੱਪ

## Open Kabaddi Cup


Basketball Cup
Volleyball Cup
Flag Football Cup
Soccer Cup
Tennis Cup
Field Hockey Cup













# Sikh Sports Association, USA

Info: www.sikhsports.com Ph: 866-499-0032